ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 11 | Issue 42 | 22 October 2021 to 28 October 2021 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

5 ਵਿਸ਼ੇਸ਼ ਰਿਪੋਰਟ
ਕੈਪਟਨ ਭਾਜਪਾ ਦੀ ਨੀਤੀ ਅਨੁਸਾਰ ਪੰਜਾਬ ਦੀ ਸਿਆਸਤ ਵਿਚ ਸਰਗਰਮ ਹੋਣਗੇ



9 ਵਿਸ਼ੇਸ਼ ਰਿਪੋਰਟ
ਨਿਹੰਗ ਆਗੂ ਨੇ ਖੇਤੀ ਮੰਤਰੀ ਤੋਮਰ ਨਾਲ ਮੀਟਿੰਗ ਦੀ ਗੱਲ ਕਬੂਲੀ



16 ਵਾਤਾਵਰਣ
ਪੰਜਾਬ ਦੀ ਖੇਤੀਬਾੜੀ ਨੂੰ ਦਰੁਸਤ ਕਰਨ ਦੀ ਲੋੜ



22 ਇਤਿਹਾਸ
ਨਿਹੰਗ ਸਿੰਘਾਂ ਦਾ ਇਤਿਹਾਸ



# ਪੰਜਾਬ ਦੀ ਅਜੋਕੀ ਰਾਜਨੀਤਕ ਸਥਿਤੀ ਸਪੱਸ਼ਟ ਨਹੀਂ

## ✪ ਭਾਜਪਾ ਕੈਪਟਨ ਨੂੰ ਲੱਗੀ ਉਭਾਰਨ ਤੇ ਕੈਪਟਨ ਰਾਹੀਂ ਕਿਸਾਨੀ ਮਸਲਾ ਹੱਲ ਕਰਵਾਉਣ ਦੀ ਸੰਭਾਵਨਾ

## ✪ ਕੈਪਟਨ ਨੇ ਭਾਜਪਾ ਨਾਲ ਸਾਂਝ ਪਾ ਕੇ ਪੰਜਾਬੀਆਂ ਦੀ ਪਿੱਠ 'ਚ ਮਾਰਿਆ ਛੁਰਾ -ਰੰਧਾਵਾ

**ਜਲੰਧਰ/ਏ.ਟੀ.ਨਿਊਜ਼:** ਕੈਪਟਨ ਅਮਰਿੰਦਰ ਸਿੰਘ ਹਾਲੇ ਤੱਕ ਸਿਆਸੀ ਤੌਰ ਉਪਰ ਡਗਮਗਾਏ ਹੋਏ ਹਨ।ਹੁਣ ਉਹਨਾਂ ਨੇ ਆਪਣੀ ਰਾਜਨੀਤੀ ਬਚਾਉਣ ਲਈ ਭਾਜਪਾ ਦਾ ਸਹਾਰਾ ਟੋਲਿਆ ਹੈ। ਉਨਾਂ ਦੀ ਸਭ ਤੋਂ ਪਹਿਲੀ ਕੋਸ਼ਿਸ਼ ਕਿਸਾਨ ਅੰਦੋਲਨ ਤੇ ਕੇਂਦਰ ਸਰਕਾਰ ਦਰਮਿਆਨ ਸਮਝੌਤਾ ਕਰਵਾਉਣ ਦਾ ਕ੍ਰੈਡਿਟ ਲੈਣ ਦੀ ਹੈ। ਜਾਣਕਾਰੀ ਅਨੁਸਾਰ ਪਹਿਲਾਂ ਪਹਿਲ ਲਖੀਮਪੁਰ ਖੀਰੀ ਕਾਂਡ ਤੇ ਕਿਸਾਨ ਆਗੂ ਰਾਕੇਸ਼ ਟਿਕੈਤ ਵਲੋਂ ਛੇਤੀ-ਛੇਤੀ ਸਮਝੌਤਾ ਕਰਵਾਉਣ ਦਾ ਕਾਰਨ ਵੀ ਇਹ ਸੀ ਕਿ ਕਿਸਾਨਾਂ ਤੇ ਸਰਕਾਰ ਦਾ ਟਕਰਾਅ ਕੰਟਰੋਲ ਤੋਂ ਬਾਹਰ ਨਾ ਹੋ ਜਾਵੇ। ਲਖੀਮਪੁਰ ਖੀਰੀ ਘਟਨਾ ਤੋਂ ਬਾਅਦ ਸਿੰਘੂ ਬਾਰਡਰ 'ਤੇ ਵਾਪਰਿਆ ਕਾਂਡ ਵੀ ਸਮਝੌਤੇ ਦੇ ਰਾਹ ਵਿਚ ਰੋੜਾ ਬਣਿਆ। ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਇਸ ਵੇਲੇ ਕਿਸਾਨ ਅੰਦੋਲਨ ਨੂੰ ਸੰਭਾਲਦੀ-ਸੰਭਾਲਦੀ ਥੱਕ ਚੁੱਕੀ ਹੈ ਅਤੇ ਉੱਤਰ ਪ੍ਰਦੇਸ਼ ਦੀਆਂ ਚੋਣਾਂ ਕਾਰਨ ਦੀਵਾਲੀ ਤੋਂ ਪਹਿਲਾਂ ਮਾਮਲੇ ਨੂੰ ਹੱਲ ਕਰਨ ਦੀ ਗੱਲ ਲਗਭਗ ਸਿਰੇ ਚੜ ਚੁੱਕੀ ਹੈ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਜਪਾ ਇਸ ਸਮਝੌਤੇ ਨੂੰ ਉੱਤਰ ਪ੍ਰਦੇਸ਼ ਅਤੇ ਪੰਜਾਬ ਵਿਚ ਚੋਣ ਫਾਇਦੇ ਲਈ ਵਰਤਣਾ ਚਾਹੁੰਦੀ ਹੈ।



ਸਾਬਕ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਾਂਗਰਸੀ ਮੁੱਖ ਮੰਤਰੀ ਹੁੰਦੇ ਹੋਏ ਵੀ ਕਈ ਵਾਰ ਕਾਂਗਰਸ ਦੇ ਅਧਿਕਾਰਤ ਸਟੈਂਡ ਤੋਂ ਉਲਟ ਜਾ ਕੇ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਬੋਲੀ ਬੋਲਦੇ ਰਹੇ ਹਨ। ਉਹ ਪ੍ਰਧਾਨ ਮੰਤਰੀ ਦੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੇ ਕਾਫੀ 'ਨੇੜੇ' ਦੱਸੇ ਜਾਂਦੇ ਹਨ। ਇਸ ਲਈ ਜਦੋਂ ਹੁਣ ਉਨਾਂ ਦੇ ਆਪਣੇ ਲਫਜ਼ਾਂ ਵਿਚ ਕਿ ਉਨਾਂ ਨੂੰ ਬੇਇੱਜ਼ਤੀ ਕਰਕੇ ਕਾਂਗਰਸ ਵਿਚੋਂ ਜਾਣ ਲਈ ਮਜਬੂਰ ਕੀਤਾ ਗਿਆ ਤਾਂ ਭਾਜਪਾ ਜੋ ਅਕਾਲੀ ਦਲ ਨਾਲ ਸਮਝੌਤਾ ਟੁੱਟਣ ਤੋਂ ਬਾਅਦ 'ਅਛੂਤ' ਬਣ ਕੇ ਰਹਿ ਗਈ ਸੀ, ਲਈ ਕੈਪਟਨ ਤੋਂ ਵਧੀਆ ਹੋਰ ਕੋਈ ਵੀ ਧਿਰ ਸਮਝੌਤਾ ਕਰਨ ਲਈ ਨਹੀਂ ਹੋ ਸਕਦੀ। ਇਸੇ ਲਈ ਭਾਜਪਾ ਕਿਸਾਨਾਂ ਨਾਲ ਸਮਝੌਤਾ ਕਰਵਾਉਣ ਦਾ ਸਿਹਰਾ ਕੈਪਟਨ ਸਿਰ ਬੰਨ ਕੇ ਆਪਣੀ ਬੇੜੀ ਪਾਰ ਲਾਉਣ ਦੀ ਕੋਸ਼ਿਸ਼ ਵਿਚ ਹੈ। ਉਹ ਕੈਪਟਨ ਨੂੰ ਪੰਜਾਬ ਵਿਚ ਹੀ ਨਹੀਂ, ਪੱਛਮੀ ਉੱਤਰ ਪ੍ਰਦੇਸ਼ ਵਿਚ ਵੀ ਵਰਤ ਸਕਦੀ ਹੈ। ਜਾਣਕਾਰੀ ਅਨੁਸਾਰ ਕਿਸਾਨ ਨੇਤਾ ਕਿਸੇ ਕੀਮਤ 'ਤੇ ਸਮਝੌਤਾ ਕਰਵਾਉਣ ਦਾ ਸਿਹਰਾ ਕੈਪਟਨ ਨੂੰ ਨਹੀਂ ਲੈਣ ਦੇਣਗੇ। ਕਿਉਂਕਿ ਚਾਹੇ ਕਿਸਾਨ ਨੇਤਾ ਅਜੇ ਮੰਨਣ ਜਾਂ ਨਾ ਮੰਨਣ, ਪਰ ਸਚਾਈ ਇਹੀ ਹੈ ਕਿ ਮੋਰਚੇ ਵਿਚ ਜਿੱਤ ਤੋਂ ਬਾਅਦ ਕਿਸਾਨ ਨੇਤਾਵਾਂ ਦੀਆਂ ਆਪਣੀਆਂ ਰਾਜਨੀਤਕ ਇੱਛਾਵਾਂ ਵੀ ਘੱਟ ਨਹੀਂ। ਇਸ ਲਈ ਕੈਪਟਨ ਨੂੰ ਕਿਸੇ ਸਮਝੌਤੇ ਦਾ ਸਿਹਰਾ ਲੈਣ ਦੇਣਾ ਉਨਾਂ ਨੂੰ ਸੂਤ ਨਹੀਂ ਬੈਠਦਾ।ਪੰਜਾਬ ਦੀ ਸਿਆਸਤ ਇਸ ਵੇਲੇ ਜਿੰਨੀ ਉਲਝਣ ਭਰੀ ਹੈ ਸ਼ਾਇਦ ਇਸ ਤੋਂ ਪਹਿਲਾਂ ਚੋਣਾਂ ਦਰਮਿਆਨ ਏਨੀ ਭੰਬਲਭੂਸੇ ਵਾਲੀ ਸਥਿਤੀ ਕਦੇ ਵੀ ਨਹੀਂ ਸੀ। ਬਾਕੀ ਸਫ਼ਾ 31 'ਤੇ

## ਸਿੱਧੂ ਤੇ ਕੈਪਟਨ ਦਾ ਟਕਰਾਅ

ਕੈਪਟਨ ਅਮਰਿੰਦਰ ਸਿੰਘ ਨੇ ਨਵੀਂ ਪਾਰਟੀ ਬਣਾਉਣ ਦਾ ਐਲਾਨ ਮਗਰੋਂ ਭਾਜਪਾ ਨਾਲ ਜਾਣ ਦੇ ਸੰਕੇਤ ਦਿੱਤੇ ਤਾਂ ਉਨਾਂ ਦੇ ਵਿਰੋਧੀਆਂ ਨੇ ਉਨਾਂ ਨੂੰ ਜਮ ਕੇ ਘੇਰਿਆ।ਨਵਜੋਤ ਸਿੰਘ ਸਿੱਧੂ ਨੇ ਕੈਪਟਨ ਅਮਰਿੰਦਰ ਸਿੰਘ ਨੂੰ 'ਤਿੰਨ ਕਾਲੇ ਕਾਨੂੰਨਾਂ ਦਾ ਨਿਰਮਾਤਾ' ਆਖਦੇ ਹੋਏ ਇਲਜ਼ਾਮ ਲਗਾਏ ਕਿ ਉਨਾਂ ਨੇ ਪੰਜਾਬ ਦੇ ਕਿਸਾਨਾਂ ਨੂੰ, ਛੋਟੇ ਵਪਾਰੀਆਂ ਅਤੇ ਮਜ਼ਦੂਰਾਂ ਨੂੰ ਤਬਾਹ ਕੀਤਾ ਹੈ ਤਾਂ ਕਿ ਇਕ ਦੋ ਵੱਡੇ ਉਦਯੋਗਿਕ ਘਰਾਣਿਆਂ ਨੂੰ ਫਾਇਦਾ ਮਿਲ ਸਕੇ। ਬਾਕੀ ਸਫ਼ਾ 31 'ਤੇ

## ਰੰਧਾਵਾ, ਕੈਪਟਨ ਤੇ ਸਿੱਧੂ ਆਪਸ ਵਿਚ ਫਸੇ

### ਰੰਧਾਵਾ ਨੇ ਕੈਪਟਨ ਨੂੰ ਮੋੜ ਬੰਬ ਕਾਂਡ ਵਿਚ ਘੇਰਿਆ

ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਭਾਜਪਾ ਨਾਲ ਪਾਈ ਜਾ ਰਹੀ ਸਾਂਝ ਬਾਰੇ ਗੱਲ ਕਰਦਿਆਂ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਕੈਪਟਨ ਨੇ ਅਜਿਹਾ ਕਰਕੇ ਪੰਜਾਬੀਆਂ ਦੀ ਪਿੱਠ ਵਿਚ ਛੁਰਾ ਮਾਰਿਆ ਹੈ ਤੇ ਇਤਿਹਾਸ 'ਚ ਉਨਾਂ ਦਾ ਨਾਮ ਗੱਦਾਰਾਂ ਦੀ ਸੂਚੀ ਵਿਚ ਦਰਜ ਹੋਵੇਗਾ। ਉਨਾਂ ਕਿਹਾ ਕਿ ਦੇਸ਼ ਦੀ ਏਕਤਾ-ਅਖੰਡਤਾ ਤੇ ਧਰਮ ਨਿਰਪੱਖ ਸੋਚ ਨੂੰ ਢਾਅ ਲਗਾਉਣ ਵਾਲੀਆਂ ਸ਼ਕਤੀਆਂ ਨੂੰ ਦੇਸ਼ ਭਗਤੀ ਦੀ ਗੱਲ ਕਰਨ ਦਾ ਕੋਈ ਹੱਕ ਨਹੀਂ ਹੈ। ਉਨਾਂ ਕਿਹਾ ਕਿ ਸਾਰੀ ਜ਼ਿੰਦਗੀ ਕੈਪਟਨ ਅਮਰਿੰਦਰ ਸਿੰਘ ਭਾਜਪਾ ਦੀ ਫ਼ਿਰਕੂ ਸੋਚ ਦਾ ਵਿਰੋਧ ਕਰਦੇ ਰਹੇ ਤੇ ਹੁਣ ਉਮਰ ਦੇ ਆਖਰੀ ਪੜਾਅ 'ਚ ਆ ਕੇ ਭਾਜਪਾ ਨਾਲ ਗਲਵਕੜੀ ਪਾ ਕੇ ਬਜ਼ਰ ਗਲਤੀ ਕਰ ਰਹੇ ਹਨ। ਸਾਲ ੨੦੦੨ ਤੋਂ ਲੈ ਕੇ ਉਨਾਂ ਨੇ ਕੈਪਟਨ ਅਮਰਿੰਦਰ ਸਿੰਘ ਦਾ ਡਟ ਕੇ ਸਾਥ ਦਿੱਤਾ ਤੇ ਇੱਥੋਂ ਤੱਕ ਕਿ ਉਨਾਂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਤੇ ਮੁੱਖ ਮੰਤਰੀ ਦੇ ਅਹੁਦੇ 'ਤੇ ਬਿਠਾਉਣ ਤੱਕ ਹਰ ਕਦਮ 'ਤੇ ਕੈਪਟਨ ਦੀ ਹਮਾਇਤ ਕੀਤੀ ਪਰ ਜਿਸ ਤਰਾਂ ਕੈਪਟਨ ਨੇ ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਤੇ ਗਲਤੀਆਂ 'ਤੇ ਪਰਦਾ ਪਾਉਣ ਲਈ ਪੰਜਾਬ ਦੇ ਹਿੱਤ ਭਾਜਪਾ ਨੂੰ ਵੇਚ ਦਿੱਤੇ ਹਨ, ਉਸਦੀ ਕਿਸੇ ਨੂੰ ਵੀ ਆਸ ਨਹੀਂ ਸੀ। ਉਨਾਂ ਕਿਹਾ ਕਿ ਹਾਲਾਂਕਿ ਕੈਪਟਨ ਵਲੋਂ ਪਿਛਲੇ ਸਾਢੇ ਚਾਰ ਸਾਲ ਤੋਂ ਲਗਾਤਾਰ ਸਰਹੱਦ ਪਾਰ ਤੋਂ ਡਰੋਨ ਰਾਹੀਂ ਹਥਿਆਰਾਂ ਤੇ ਨਸ਼ਿਆਂ ਦੀ ਸਪਲਾਈ ਦਾ ਢੰਡੋਰਾ ਪਿੱਟ ਕੇ ਸੂਬੇ ਦੇ ਹੱਕਾਂ ਦਾ ਗਲਾ ਘੁੱਟਣ ਲਈ ਗਰਾਊਂਡ ਤਿਆਰ ਕੀਤੀ ਜਾ ਰਹੀ ਸੀ ਤੇ ਅੱਜ ਉਹੀ ਹੋਇਆ, ਕੇਂਦਰ ਦੀ ਭਾਜਪਾ ਸਰਕਾਰ ਨੇ ਸੂਬੇ ਦੇ ਅੱਧੇ ਤੋਂ ਵੱਧ ਹਿੱਸੇ 'ਤੇ ਅਸਿੱਧੇ ਤੌਰ 'ਤੇ ਆਪਣਾ ਕਬਜ਼ਾ ਕਰ ਲਿਆ ਹੈ। ਉਨਾਂ ਕਿਹਾ ਕਿ ਰਾਜ ਵਿਚ ਸਰਹੱਦ ਤੋਂ ੫੦ ਕਿਲੋਮੀਟਰ ਦਾ ਖ਼ੇਤਰ ਬੀ.ਐਸ.ਐਫ. ਦੇ ਹਵਾਲੇ ਕਰ ਦੇਣ ਨਾਲ ਰਾਜ ਦੇ ਲੋਕਾਂ ਦੇ ਅਧਿਕਾਰ ਖੋਹੇ ਜਾਣਗੇ ਅਤੇ ਜਵਾਨਾਂ ਦੀ ਲੋਕਾਂ ਦੀ ਜ਼ਿੰਦਗੀ 'ਚ ਦਖਲ ਅੰਦਾਜ਼ੀ ਵਧੇਗੀ। ਬਾਕੀ ਸਫ਼ਾ 31 'ਤੇ

## ਅਮਰੀਕੀ ਕਮਿਸ਼ਨ ਦੀ ਦਲੀਲ, ਬੰਗਲਾਦੇਸ਼ 'ਚ ਹਿੰਦੂਆਂ 'ਤੇ ਹਮਲੇ 'ਗੰਭੀਰ ਤੇ ਪ੍ਰੇਸ਼ਾਨ' ਕਰਨ ਵਾਲੇ

### ✪ ਬੰਗਲਾਦੇਸ਼ੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਕੱਟੜਪੰਥੀ ਅਨਸਰਾਂ 'ਤੇ ਕਾਰਵਾਈ ਕਰਨ ਲਈ ਕਿਹਾ, ਬੰਗਲਾਦੇਸ਼ 'ਚ ਹਿੰਦੂਆਂ ਦੇ 66 ਘਰਾਂ ਨੂੰ ਅੱਗ ਲਗਾਈ ✪ ਆਸਟ੍ਰੇਲੀਆ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਭਗਵਾਂ ਅਤਿਵਾਦੀ ਹਰਿਆਣਾ ਸਰਕਾਰ ਦਾ ਹੀਰੋ

**ਵਾਸ਼ਿੰਗਟਨ/ਏ.ਟੀ.ਨਿਊਜ਼ :** ਧਾਰਮਿਕ ਸੁਤੰਤਰਤਾ 'ਤੇ ਇਕ ਅਮਰੀਕੀ ਕਮਿਸ਼ਨ ਦੇ ਪ੍ਰਧਾਨ ਨਾਦਿਨ ਮੇਂਜਾ ਨੇ ਕਿਹਾ ਕਿ ਉਹ ਬੰਗਲਾਦੇਸ਼ ਵਿਚ ਘੱਟਗਿਣਤੀ ਹਿੰਦੂ ਫਿਰਕੇ 'ਤੇ ਹੋਏ ਹਮਲਿਆਂ ਨਾਲ 'ਗੰਭੀਰ ਤੌਰ 'ਤੇ ਪ੍ਰੇਸ਼ਾਨ' ਹਨ। ਇਸ ਦੇ ਨਾਲ ਹੀ ਅਮਰੀਕੀ ਕਮਿਸ਼ਨ ਨੇ ਬੰਗਲਾਦੇਸ਼ੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਹਿੰਦੂ ਵਿਰੋਧੀ ਭਾਵਨਾਵਾਂ ਨੂੰ ਉਤਸ਼ਾਹਿਤ ਕਰਨ ਵਾਲੇ ਕੱਟੜਪੰਥੀ ਅਨਸਰਾਂ 'ਤੇ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਉਨਾਂ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵੱਲੋਂ ਨੀਮ ਫ਼ੌਜੀ ਦਸਤਿਆਂ ਨੂੰ ਭੇਜ ਕੇ ਹਿੰਸਾ ਦੇ ਗੰਭੀਰ ਅਪਰਾਧਾਂ ਨੂੰ ਰੋਕਣ ਦੀ ਕਾਰਵਾਈ ਦੀ ਸ਼ਲਾਘਾ ਕਰਦੇ ਹਨ। ਹਾਲਾਂਕਿ, ਅਸੀਂ ਬੰਗਲਾਦੇਸ਼ੀ ਸਰਕਾਰ ਨੂੰ ਦੇਸ਼ ਵਿਚ ਹਿੰਦੂ ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ਵਾਲੇ ਕੱਟੜਪੰਥੀ ਅਨਸਰਾਂ 'ਤੇ ਕਾਰਵਾਈ ਕਰਨ ਦੀ ਅਪੀਲ ਕਰਦੇ ਹਨ। ਇਸ ਦੀ ਕਮਿਸ਼ਨਰ ਅਨੁਰੀਮਾ ਭਾਰਗਵ ਨੇ ਕਿਹਾ ਕਿ ਹਿੰਦੂ ਪੂਜਾ ਸਥਾਨਾਂ 'ਤੇ ਵਿਆਪਕ ਹਮਲਿਆਂ ਤੇ







ਅਪਵਿੱਤਰਤਾ ਤੋਂ ਖ਼ਾਸ ਤੌਰ 'ਤੇ ਪ੍ਰੇਸ਼ਾਨ ਹਨ। ਉਨਾਂ ਕਿਹਾ ਕਿ ਫਿਰਕੂ ਹਿੰਸਾ ਵਿਚ ਸੈਂਕੜੇ ਲੋਕ ਜ਼ਖ਼ਮੀ ਹੋਏ ਹਨ ਤੇ ਕੁਝ ਦੀ ਮੌਤ ਹੋ ਗਈ ਹੈ। ਇਸ ਦੌਰਾਨ ਇਕ ਅਮਰੀਕੀ ਕੂਟਨੀਤਕ ਪੀਟਰ ਡੀ ਹਾਸ ਨੇ ਕਿਹਾ ਕਿ ਦਸ ਲੱਖ ਰੋਹਿੰਗਿਆ ਸ਼ਰਨਾਰਥੀਆਂ ਨੂੰ ਆਪਣੇ ਇੱਥੇ ਸ਼ਰਨ ਦੇਣ ਦੀ ਉਦਾਰਤਾ ਲਈ ਉਹ ਸ਼ੇਖ ਹਸੀਨਾ ਸਰਕਾਰ ਦੀ ਸ਼ਲਾਘਾ ਕਰਦੇ ਹਨ। ਉਨਾਂ ਸੈਨੇਟ ਦੀ ਵਿਦੇਸ਼ੀ ਸਬੰਧਾਂ ਦੀ ਕਮੇਟੀ ਨੂੰ ਕਿਹਾ ਕਿ ਪਿਛਲੇ ਪੰਜ ਦਹਾਕਿਆਂ ਤੋਂ ਅਮਰੀਕਾ ਬੰਗਲਾਦੇਸ਼ ਦਾ ਭਰੋਸੇਯੋਗ ਦੋਸਤ ਹੈ।

**ਘਟਨਾ ਦਾ ਬਿਰਤਾਂਤ**

ਜ਼ਿਕਰਯੋਗ ਹੈ ਕਿ ਬੰਗਲਾਦੇਸ਼ ਹਾਲੀਆ ਹੋਈਆਂ ਫਿਰਕੂ ਝੜਪਾਂ ਵਿਚ ਪਿਛਲੇ ਦਿਨੀਂ ਦੁਰਗਾ ਪੂਜਾ ਦੌਰਾਨ ਬੰਗਲਾਦੇਸ਼ ਦੇ ਕਈ ਜ਼ਿਲਿਆਂ ਵਿਚ ਜਨੂੰਨੀਆਂ ਨੇ ਕਈ ਦੁਰਗਾ ਪੰਡਾਲਾਂ ਅਤੇ ਹਿੰਦੂ ਭਾਈਚਾਰੇ ਦੇ ਘਰਾਂ ਤੇ ਦੁਕਾਨਾਂ 'ਤੇ ਹਮਲੇ ਕੀਤੇ । ਜਾਨੀ ਨੁਕਸਾਨ ਵੀ ਕੀਤਾ । ਘੱਟੋ ਘੱਟ ਸੱਤ ਲੋਕ ਮਾਰੇ ਗਏ ਹਨ। ਬੰਗਲਾਦੇਸ਼ 'ਚ 13 ਅਕਤੂਬਰ ਤੋਂ ਹਿੰਦੂ ਮੰਦਰਾਂ 'ਤੇ ਹਮਲੇ ਹੋ ਰਹੇ ਹਨ। ਬਾਕੀ ਸਫ਼ਾ 31 'ਤੇ

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਸਤਿੰਦਰ ਸਰਤਾਜ ਦਾ ਪੰਜਾਬੀ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਨ ਦਾ ਵਿਸ਼ਵ ਦੌਰਾ

**ਕੈਲੇਫੋਰਨੀਆ/ਏ.ਟੀ.ਨਿਊਜ਼** ਅਮਰੀਕਾ ਦੀ ਧਰਤੀ 'ਤੇ ਸਤਿੰਦਰ ਸਰਤਾਜ ਦਾ ਰੀਜੁਵੇਨੇਸ਼ਨ ਟੂਰ ਦਾ ਆਗਾਜ਼, 2215 ਬ੍ਰੌਡਵੇਅ ਰੈੱਡ ਵੁੱਡ ਸਿਟੀ, ਸੀ.ਏ ਬੇ ਏਰੀਆ ਵਿਚ ਹੋ ਰਿਹਾ ਹੈ। ਪੰਜਾਬੀਆਂ ਦੀ ਸ਼ਾਨ ਸਤਿੰਦਰ ਸਰਤਾਜ ਸੁਰਾਂ ਦਾ ਉਹ ਬਾਦਸ਼ਾਹ ਹੈ ਜਿਸ ਦੀ ਗਾਇਕੀ ਵਿੱਚ ਰੂਹਾਨੀਅਤ ਦਾ ਅਜਿਹਾ ਪ੍ਰਕਾਸ਼ ਪੈਦਾ ਹੁੰਦਾ ਹੈ ਜਿਸ ਦੇ ਚਾਨਣ ਵਿੱਚ ਰੂਹ ਖਿਲ ਉੱਠਦੀ ਹੈ । ਸਤਿੰਦਰ ਸਰਤਾਜ ਦੀ ਗਾਇਕੀ ਆਪਣੇ ਆਪ ਵਿਚ ਇਕ ਵਿਲੱਖਣਤਾ ਦਾ ਝਲਕਾਰਾ ਪਾਉਂਦੀ ਹੈ । ਸੂਫ਼ੀਆਨਾ ਅੰਦਾਜ਼ ਅਤੇ ਸ਼ੁੱਧ ਸ਼ਬਦਾਂ ਦਾ ਉਚਾਰਣ ਸਰਤਾਜ ਦੀ ਗਾਇਕੀ ਨੂੰ ਚਾਰ ਚੰਨ ਲਾ ਦਿੰਦਾ ਹੈ । ਸੁਣਨ ਵਾਲੇ ਸਰੋਤੇ ਵੀ ਆਪਣੇ ਆਪ ਨੂੰ ਉਸ ਸਮੇਂ ਵਿਚ ਮਹਿਸੂਸ ਕਰਦੇ ਹਨ, ਜਿਸ ਦਾ ਜ਼ਿਕਰ ਸਤਿੰਦਰ ਸਰਤਾਜ ਆਪਣੇ ਗੀਤਾਂ ਵਿੱਚ ਕਰਦਾ ਹੈ।

ਦੇਸ਼ ਵਿਦੇਸ਼ਾਂ ਵਿਚ ਵੱਸਣ ਵਾਲੇ ਸਾਡੇ ਪੰਜਾਬੀਆਂ ਨੂੰ ਹਮੇਸ਼ਾ ਹੀ ਸਤਿੰਦਰ ਸਰਤਾਜ ਦੀ ਵਧੀਆ ਲੇਖਣੀ ਨੂੰ ਸੁਣਨ ਦੀ ਉਡੀਕ ਰਹਿੰਦੀ ਹੈ। ਕਲਮਬੱਧ ਕੀਤੇ ਸ਼ਬਦਾਂ ਨੂੰ ਜਦੋਂ ਸਰਤਾਜ ਆਪਣੀ ਸੁਰੀਲੀ ਆਵਾਜ਼ ਰਾਹੀਂ ਸਰੋਤਿਆਂ





ਤਕ ਪਹੁੰਚਾਉਂਦਾ ਹੈ ਤਦ ਇਹ ਗੀਤ ਸੁਣਨ ਵਾਲਿਆਂ ਦੀ ਜ਼ੁਬਾਨ ਦੇ ਆਪ ਮੁਹਾਰੇ ਹਰਫ਼ ਬਣ ਜਾਂਦੇ ਹਨ । ਸੁਰਾਂ ਦੇ ਇਸ ਬਾਦਸ਼ਾਹ ਨੂੰ ਅਕਾਲ ਪੁਰਖ ਵੱਲੋਂ ਕਲਮ ਅਤੇ ਸੁਰਾਂ ਦੀ ਦਾਤ ਬਖਸ਼ਿਸ਼ ਹੋਈ ਹੈ । ਗੁਰਮੁਖੀ ਦੀ ਸੇਵਾ ਕਰਨ ਵਾਲੇ ਸਿੱਖ ਕੌਮ ਦੇ ਇਸ ਅਨਮੋਲ ਹੀਰੇ ਨੂੰ ਪ੍ਰਤੱਖ ਸੁਣਨ ਦੇ ਲਈ ਹਰ ਕੋਈ ਤਤਪਰ ਰਹਿੰਦਾ ਹੈ ਕਿਉਂਕਿ ਸਰਤਾਜ ਦੇ ਗੀਤਾਂ ਵਿੱਚ ਪੰਜਾਬ ਦੀ ਵਿਰਾਸਤ ਝਲਕਦੀ ਹੈ। ਅਜੋਕੇ ਸਮੇਂ ਦੀ ਭਾਰਤੀ ਰਾਜਨੈਤਿਕ ਸਿਆਸਤ ਦਾ ਪ੍ਰਗਟਾਵਾ, ਕਿਸਾਨੀ ਸੰਘਰਸ਼ ਨੂੰ ਬਿਆਨ ਕਰਦੇ ਗੀਤਾ ਨੂੰ ਇਕ ਵੱਖਰੇ ਅੰਦਾਜ਼ ਵਿੱਚ ਪੇਸ਼ ਕੀਤਾ ਜਾਂਦਾ ਹੈ । ਸਤਿੰਦਰ ਸਰਤਾਜ ਦੀ ਇਹ ਪੇਸ਼ਕਾਰੀ ਹੀ ਲੋਕਾਂ ਦਾ ਮਨ ਮੋਹ ਲੈਂਦੀ ਹੈ । ਇਕ ਸਾਫ ਸੁਥਰੀ ਗਾਇਕੀ ਦੇ ਨਾਲ ਨਾਲ ਸੱਭਿਆਚਾਰਕ ਪੱਖ, ਸੂਫ਼ੀਆਨਾ ਸੋਚ, ਵਿਰਾਸਤ ਦੀ ਸੰਭਾਲ ਅਤੇ ਸਿੱਖ ਕੌਮ ਵਾਲੋ ਜੋ ਮੱਲਾਂ ਦੁਨੀਆ ਵਿਚ ਮਾਰੀਆਂ ਹਨ ਇਨ੍ਹਾਂ ਸਭ ਨੂੰ ਇਕ ਪਲੇਟਫਾਰਮ ਉੱਤੇ ਜਾ ਕੇ ਆਮ ਲੋਕਾਂ ਦੇ ਸਾਹਮਣੇ ਰੱਖਣਾ ਇੱਕ ਚੁਣੌਤੀਪੂਰਨ ਕੰਮ ਹੁੰਦਾ ਹੈ ਜਿਸ ਨੂੰ ਸਤਿੰਦਰ ਸਰਤਾਜ ਬੜੇ ਹੀ ਸੁਚੱਜੇ ਢੰਗ ਨਾਲ ਨਿਭਾ ਲੈਂਦਾ ਹੈ। ਸਤਿੰਦਰ ਸਰਤਾਜ ਦੀ ਲਾਈਵ ਪੇਸ਼ਕਾਰੀ ਨੂੰ ਵੇਖਣ ਲਈ ਹਰ ਇਕ ਪੰਜਾਬੀ ਉਡੀਕ ਕਰਦਾ ਹੈ, ਆਪਣੇ ਸਰੋਤਿਆਂ ਦੀ ਉਡੀਕ ਨੂੰ ਖ਼ਤਮ ਕਰਨ ਦੇ ਲਈ ਹੀ ਰੀਜੁਵੇਨੇਸ਼ਨ ਟੂਰ ਦਾ ਆਗਾਜ਼ ਸਰਤਾਜ ਵਲੋਂ ਕੀਤਾ ਗਿਆ ਹੈ। ਜਿਸ ਦਾ ਮਕਸਦ ਪੰਜਾਬੀ ਸੱਭਿਆਚਾਰ ਨੂੰ ਕੋਵਿਡ ਤੋਂ ਬਾਅਦ ਮੁੜ ਸੁਰਜੀਤ ਕਰਨਾ ਹੈ।

## ਆਖਿਰਕਾਰ ਹੱਤਿਆ ਦੇ ਦੋਸ਼ੀ ਸਮਿਥ ਨੂੰ ਲਾਇਆ ਜ਼ਹਿਰ ਦਾ ਟੀਕਾ, ਤਕਰੀਬਨ 30 ਸਾਲਾਂ ਬਾਅਦ ਪੀੜਤ ਪਰਿਵਾਰ ਨੂੰ ਮਿਲਿਆ ਨਿਆਂ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ:** ਬਹੁਤ ਹੀ ਬੇਰਹਿਮੀ ਨਾਲ 30 ਸਾਲ ਪਹਿਲਾਂ ਹੋਈ ਹੱਤਿਆ ਦੇ ਦੋਸ਼ੀ ਵਿਲੀ ਬੀ ਸਮਿੱਥ ਨੂੰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੀ ਸਜ਼ਾ ਦਿੱਤੀ ਗਈ। ਸੁਪਰੀਮ ਕੋਰਟ ਵੱਲੋਂ ਦੋਸ਼ੀ ਦੁਆਰਾ ਆਖਿਰੀ ਪਲਾਂ ਵਿਚ ਆਪਣੀ ਮੌਤ ਦੀ ਸਜ਼ਾ ਵਿਰੁੱਧ ਦਾਇਰ ਕੀਤੀ ਗਈ ਅਪੀਲ ਨੂੰ ਰੱਦ ਕਰਨ ਉਪਰੰਤ ਅਟਮੋਰ, ਅਲਾਬਾਮਾ ਦੀ ਜੇਲ ਵਿਚ ਸਮਿੱਥ ਨੂੰ ਸੁਣਾਈ ਮੌਤ ਦੀ ਸਜ਼ਾ ਉਪਰ ਅਮਲ ਕੀਤਾ ਗਿਆ। ਅਟਰਾਨੀ ਜਨਰਲ ਦੇ ਦਫਤਰ ਅਨੁਸਾਰ ਸਮਿੱਥ ਨੂੰ ਸਥਾਨਕ ਸਮੇ ਅਨੁਸਾਰ ਸਵੇਰੇ 9.47 ਵਜੇ ਜ਼ਹਿਰੀਲਾ ਟੀਕਾ ਲਗਾਇਆ ਗਿਆ। ਸਮਿੱਥ ਨੂੰ 1991 ਵਿਚ 22 ਸਾਲਾ ਸ਼ਰਮਾ ਰੂਥ ਜੌਹਨਸਨ ਨੂੰ ਲੁੱਟਮਾਰ ਕਰਨ ਉਪਰੰਤ ਚੋਰੀ ਕੀਤੀ ਹੋਈ ਕਾਰ ਦੀ ਡਿੱਗੀ ਵਿਚ ਬੰਦ ਕਰਕੇ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ। ਜਾਂਚਕਾਰ ਅਧਿਕਾਰੀਆਂ ਅਨੁਸਾਰ ਸਮਿਥ ਨੇ ਸ਼ਰਮਾ ਰੂਥ ਦੀ ਹੱਤਿਆ ਕਰਨ




ਉਪਰੰਤ ਕਾਰ ਨੂੰ ਅੱਗ ਲਾ ਦਿੱਤੀ ਤਾਂ ਜੋ ਸਾਰੇ ਸਬੂਤਾਂ ਨੂੰ ਨਸ਼ਟ ਕੀਤਾ ਜਾ ਸਕੇ। ਲੰਬੀ ਕਾਨੂੰਨੀ ਲੜਾਈ ਉਪਰੰਤ ਇਸਤਗਾਸਾ ਪੱਖ ਦੋਸ਼ੀ ਦਾ ਜੁਰਮ ਸਾਬਤ ਕਰਨ ਵਿਚ ਸਫਲ ਰਿਹਾ। ਅਟਾਰਨੀ ਜਨਰਲ ਸਟੀਵ ਮਾਰਸ਼ਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸ਼ਰਮਾ ਜੌਹਨਸਨ ਪਰਿਵਾਰ ਨੂੰ ਨਿਆਂ ਵਾਸਤੇ 29 ਸਾਲ 11 ਮਹੀਨੇ 25 ਦਿਨ ਉਡੀਕ ਕਰਨੀ ਪਈ ਪਰੰਤੂ ਆਖਿਰਕਾਰ ਦੋਸ਼ੀ ਨੂੰ ਉਸ ਦੇ ਅੰਜਾਮ ਤੱਕ ਪਹੁੰਚਾਇਆ ਗਿਆ ਤੇ ਉਸ ਨੂੰ ਕੀਤੇ ਗੁਨਾਹ ਲਈ ਸਜ਼ਾ ਮਿਲੀ। ਇਥੇ ਜਿਕਰਯੋਗ ਹੈ ਕਿ ਇਸ ਸਾਲ ਫਰਵਰੀ ਵਿਚ ਸਮਿੱਥ ਨੇ ਦਾਇਰ ਪਟੀਸ਼ਨ ਵਿਚ ਕਿਹਾ ਸੀ ਕਿ ਉਸ ਦੇ ਅਧਿਆਤਮਿਕ ਸਲਾਹਕਾਰ ਦੀ ਹਾਜਰੀ ਵਿਚ ਮੌਤ ਦੀ ਸਜ਼ਾ ਉਪਰ ਅਮਲ ਕੀਤਾ ਜਾਵੇ ਜਿਸ 'ਤੇ ਸੁਪਰੀਮ ਕੋਰਟ ਨੇ ਮੌਤ ਦੀ ਸਜ਼ਾ ਉਪਰ ਅਮਲ ਰੋਕ ਦਿੱਤਾ ਸੀ। ਬਾਅਦ ਵਿਚ ਅਲਾਬਾਮਾ ਸਟੇਟ ਦੁਆਰਾ ਦੋਸ਼ੀ ਦੀ ਇੱਛਾ ਅਨੁਸਾਰ ਸਜ਼ਾ ਉਪਰ ਅਮਲ ਕਰਨ ਵਿਰੁੱਧ ਦਾਇਰ ਦਰਖਾਸਤ 'ਤੇ ਸੰਘੀ ਅਦਾਲਤ ਨੇ ਦੋਸ਼ੀ ਦੀ ਅਪੀਲ ਰੱਦ ਕਰ ਦਿੱਤੀ ਸੀ।

## ਸਟੇਟ ਡਿਪਾਰਟਮੈਂਟ ਲਈ ਧਾਰਮਿਕ ਨੇਤਾਵਾਂ ਦੇ ਵ.ਫਦ ਨੇ ਈਕੋਸਿੱਖ ਦੇ ਚੇਅਰਮੈਨ ਡਾਕਟਰ ਰਾਜਵੰਤ ਸਿੰਘ ਸਿੱਖ ਨੂੰ ਸ਼ਾਮਿਲ ਕੀਤਾ

**ਵਾਸ਼ਿੰਗਟਨ, ਡੀ.ਸੀ (ਰਾਜ ਗੋਗਨਾ):** ਈਕੋਸਿੱਖ ਨੇ ਅਮਰੀਕੀ ਸਟੇਟ ਡਿਪਾਰਟਮੈਂਟ ਦੇ ਨੁਮਾਇੰਦੇ ਨਾਲ ਪਹੁੰਚ ਕੀਤੀ ਤਾਂ ਜੋ ਪ੍ਰੈਜ਼ੀਡੈਂਟ ਬਾਈਡਨ ਧਰਤੀ ਦੇ ਵੱਧ ਰਹੇ ਤਾਪਮਾਨ ਬਾਰੇ ਸੰਸਾਰ ਭਰ ਦੇ ਨੇਤਾਵਾਂ ਨਾਲ ਹੋਣ ਜਾ ਰਹੀ ਵਿਸ਼ਵ ਕਾਨਫਰੰਸ ਮੌਕੇ ਠੋਸ ਕਦਮ ਚੁੱਕਣ। ਵੱਖ-ਵੱਖ ਧਰਮਾਂ ਦੇ ਸਾਂਝੇ ਵਫਦ ਚ ਸਿੱਖ ਧਰਮ ਦੀ ਨੁਮਾਇੰਦਗੀ ਕੀਤੀ। ਇਹ ਰੈਲੀ ਚ ਪੋਪ ਫਰਾਂਸਿਸ ਵਲੋਂ ਬੀਤੇ ਦਿਨੀਂ ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਵਲੋਂ ਵਾਤਾਵਰਨ ਸੰਭਾਲ ਲਈ ਵੈਟੀਕਨ ਕਰਵਾਏ ਗਏ ਇਕੱਠ ਦੇ ਸੰਦੇਸ਼ ਨੂੰ ਦੁਬਾਰਾ ਦ੍ਰਿੜ ਕਰਵਾਇਆ ਗਿਆ। ਵੈਟੀਕਨ ਦੀ ਮੀਟਿੰਗ ਚ ਵੀ ਈਕੋਸਿੱਖ ਸ਼ਾਮਿਲ ਸੀ। ਜੈਸੀ ਯੌਂਗ, ਜੋਹਨ ਕੈਰੀ ਦੇ ਮੁੱਖ ਸਲਾਹਕਾਰ ਨੇ ਇਸ ਮੌਕੇ ਸਟੇਟ ਡਿਪਾਰਟਮੈਂਟ ਦੇ ਨੁਮਾਇੰਦੇ ਨੇ ਇਹਨਾਂ ਨੇਤਾਵਾਂ ਤੋਂ ਪੱਤਰ ਹਾਸਿਲ ਕੀਤਾ ਜੋ ਕਿ ਬਾਈਡਨ ਅਤੇ ਜੋਹਨ ਕੈਰੀ ਨੂੰ ਸੌਂਪਿਆਂ ਜਾਵੇਗਾ। ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਵਲੋਂ ਤਾਪਮਾਨ ਲਈ ਖਾਸ ਦੂਤ ਜੌਨ ਕੈਰੀ ਨੂੰ ਨਿਯੁਕਤ ਕੀਤਾ ਗਿਆ ਹੈ ਯੂ. ਐਨ ਵਾਤਾਰਵਨ ਕਾਨਫਰੰਸ ਜਿਹੜੀ ਕਿ 31 ਅਕਤੂਬਰ ਤੋਂ 12 ਨਵੰਬਰ ਤੱਕ ਸਕਾਟਲੈਂਡ ਦੇ ਗਲਾਸਗੋਅ ਸ਼ਹਿਰ ਵਿੱਚ ਹੋਵੇਗੀ ਇਹ ਧਰਤੀ ਦੇ ਵੱਧਦੇ ਜਾਂਦੇ ਤਾਪਮਾਨ ਨੂੰ ਢੱਲ੍ਹ ਪਾਉਣ ਲਈ ਆਖਰੀ ਆਸ ਦੀ ਕਿਰਨ ਹੈ।




ਇਸ ਮੌਕੇ ਈਕੋਸਿੱਖ ਦੇ ਪ੍ਰਧਾਨ ਡਾ.ਰਾਜਵੰਤ ਸਿੰਘ ਨੇ ਕਿਹਾ ਕਿ "ਇਹ ਸਾਡੇ ਸਾਰਿਆਂ ਦੀ ਜਿੰਮੇਵਾਰੀ ਬਣਦੀ ਹੈ ਕਿ ਅਸੀਂ ਮੌਜੂਦਾ ਸੰਕਟ ਦੇ ਹੱਲ ਲਈ ਕਾਰਜ ਕਰੀਏ, ਇਹ ਜਰੂਰੀ ਹੈ ਕਿ ਅਸੀਂ ਸਿਆਸੀ ਆਗੂਆਂ ਦੀ ਵਾਤਾਵਰਨ ਦੇ ਮਸਲੇ ਨੂੰ ਲੈ ਕੇ ਜਵਾਬਦੇਹੀ ਯਕੀਨੀ ਬਣਾਈਏ"। ਡਾ ਸਿੰਘ ਜੋ ਕਿ ਪੋਪ ਫਰਾਂਸਿਸ ਵਲੋਂ ਜਾਰੀ ਕੀਤੀ ਗਈ ਅਪੀਲ ਵਿੱਚ ਸ਼ਾਮਲ ਸਨ ਨੇ ਅੱਗੇ ਕਿਹਾ " ਸੰਸਾਰ ਦੇ ਧਰਮਾਂ ਨੂੰ ਹਾਲੇ ਆਪਣੀ ਸਮਰੱਥਾ ਦਾ ਅਹਿਸਾਸ ਨਹੀਂ ਹੈ, ਇਹ ਸਮਾਗਮ ਇਸ ਪ੍ਰਤੀ ਇੱਕ ਚੰਗੀ ਪਹਿਲ ਹੈ। ਇਸ ਰੈਲੀ ਵਿੱਚ ਵੱਖ ਵੱਖ ਧਰਮਾਂ ਦੇ 2 ਦਰਜਨ ਤੋਂ ਵੱਧ ਧਾਰਮਿਕ ਆਗੂਆਂ ਅਤੇ 40 ਜਥੇਬੰਦੀਆਂ ਨੇ ਹਿੱਸਾ ਲਿਆ ਉਹਨਾਂ ਅਮਰੀਕੀ ਸਟੇਟ ਡਿਪਾਰਟਮੈਂਟ ਅਤੇ ਵਿਸ਼ਵ ਦੇ ਰਾਜਨੀਤਕ ਆਗੂਆਂ ਨੂੰ ਅਪੀਲ ਕੀਤੀ ਕੇ ਉਹ ਸੰਸਾਰ ਨੂੰ ਵਾਤਾਵਰਨ ਸੰਕਟ ਵਿਚੋਂ ਕੱਢਣ ਲਈ ਠੋਸ ਕਦਮ ਚੁੱਕਣ। ਉਹਨਾਂ ਵਾਰੋ ਵਾਰੀ "ਧਰਮ ਅਤੇ ਵਿਗਿਆਨ: ਵਾਤਾਰਵਰਨ ਕਾਨਫਰੰਸ ਲਈ ਅਪੀਲ" ਦਸਤਾਵੇਜ ਵਿੱਚੋਂ ਵਾਰੋ-ਵਾਰੀ ਮੁੱਖ ਵਿਚਾਰ ਪੜ੍ਹੇ। ਇਹ ਦਸਤਾਵੇਜ ਪੋਪ ਫਰਾਂਸਿਸ ਵਲੋਂ ਬੀਤੇ ਦਿਨੀਂ ਜਾਰੀ ਕੀਤਾ ਗਿਆ ਸੀ ਈਕੋਸਿੱਖ ਸੰਸਥਾ ਪਿਛਲੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਪੰਜਾਬ, ਭਾਰਤ ਅਤੇ ਉੱਤਰੀ ਅਮਰੀਕਾ ਵਿੱਚ ਵਾਤਾਵਰਨ ਸੰਭਾਲ ਲਈ ਕਾਰਜ ਕਰ ਰਹੀ ਹੈ ਅਤੇ ਵਾਇਟ ਹਾਊਸ, ਯੂਨਾਈਟਿਡ ਨੇਸ਼ਨਜ਼ ਅਤੇ ਵਰਲਡ ਇਕਨਾਮਿਕ ਫੋਰਮ ਵਰਗੇ ਅਦਾਰਿਆਂ ਨਾਲ ਧਰਤੀ ਦੇ ਵਧ ਰਹੇ ਤਾਪਮਾਨ ਦੇ ਮੁੱਦੇ ਤੇ ਯਤਨਸ਼ੀਲ ਹੈ। ਜਿਕਰਯੋਗ ਹੈ ਕਿ ਈਕੋਸਿੱਖ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਉੱਤੇ 10 ਲੱਖ ਰੁੱਖ ਲਾਉਣ ਦਾ ਅਹਿਦ ਪੂਰਾ ਕਰਨ ਲਈ ਪੰਜਾਬ ਅਤੇ ਹੋਰ ਰਾਜਾਂ 'ਚ ਗੁਰੂ ਨਾਨਕ ਪਵਿੱਤਰ ਜੰਗਲ ਲਗਾਏ ਜਾ ਰਹੇ ਹਨ। 40 ਤੋਂ ਵੱਧ ਪ੍ਰਜਾਤੀਆਂ ਦੇ 550 ਰੁੱਖਾਂ ਵਾਲੇ ਇਹ ਜੰਗਲ 200 ਗਜ ਥਾਂ 'ਚ ਲਗਾਏ ਜਾਂਦੇ ਹਨ ਈਕੋਸਿੱਖ ਵਲੋਂ ਸੰਗਤ ਦੇ ਸਹਿਯੋਗ ਨਾਲ ਹੁਣ ਤੱਕ 350 ਤੋਂ ਵੱਧ ਗੁਰੂ ਨਾਨਕ ਜੰਗਲ ਲਗਾਏ ਜਾ ਚੁੱਕੇ ਹਨ।

## ਸ਼ਿਕਾਗੋ ਦੇ ਤੀਸਰੇ ਹਿੱਸੇ ਤੋਂ ਵਧ ਪੁਲਿਸ ਅਫਸਰਾਂ ਨੇ ਕੋਵਿਡ ਵੈਕਸੀਨ ਸਬੰਧੀ ਆਦੇਸ਼ ਨੂੰ ਮੰਨਣ ਤੋਂ ਕੀਤੀ ਨਾਂਹ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-** ਸ਼ਿਕਾਗੋ ਦੇ ਤਕਰੀਬਨ 4500 ਪੁਲਿਸ ਅਫਸਰਾਂ ਨੇ ਕੋਵਿਡ ਵੈਕਸੀਨ ਸਬੰਧੀ ਜਾਰੀ ਆਦੇਸ਼ ਦੀ ਉਲੰਘਣਾ ਕਰਦੇ ਹੋਏ 15 ਅਕਤੂਬਰ ਤੱਕ ਵੈਕਸੀਨ ਬਾਰੇ ਸਥਿੱਤੀ ਰਿਪੋਰਟ ਨਹੀਂ ਦਿੱਤੀ ਹੈ। ਇਸ ਦਾ ਅਰਥ ਹੈ ਕਿ ਸ਼ਹਿਰ ਦੇ ਕੁਲ 12,770 ਪੁਲਿਸ ਅਫਸਰਾਂ ਵਿਚੋਂ 35% ਅਫਸਰਾਂ ਨੂੰ ਜਬਰਨ ਬਿਨਾਂ ਤਨਖਾਹ ਛੁੱਟੀ ਉਪਰ ਭੇਜਿਆ ਜਾ ਸਕਦਾ ਹੈ। ਸਿਟੀ ਕੌਂਸਲ ਵੱਲੋਂ ਜਾਰੀ ਰਲੀਜ ਅਨੁਸਾਰ 64% ਪੁਲਿਸ ਅਫਸਰਾਂ ਜਿਨਾਂ ਨੇ ਰਿਪੋਰਟ ਦਿੱਤੀ ਹੈ, ਵਿਚੋਂ ਬਹੁਤਿਆਂ ਨੇ ਕਿਹਾ ਹੈ ਕਿ ਉਹ ਵੈਕਸੀਨ ਲਵਾ ਚੱਕੇ ਹਨ। 6894 ਪੁਲਿਸ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਵੈਕਸੀਨ ਲਵਾ ਰਹੇ ਹਨ ਜਦ ਕਿ 1333 ਨੇ ਕਿਹਾ ਹੈ ਕਿ ਉਨਾਂ ਨੇ ਵੈਕਸੀਨ ਨਹੀਂ ਲਵਾਈ। ਇਸ ਤਰਾਂ ਸ਼ਿਕਾਗੋ ਦੇ ਅੱਧੇ ਪੁਲਿਸ ਅਫਸਰਾਂ ਨੂੰ ਬਿਨਾਂ ਕਮਾਈ ਛੁੱਟੀ 'ਤੇ ਭੇਜਿਆ ਜਾ ਸਕਦਾ ਹੈ। ਉਂਝ ਜਿਨਾਂ ਨੇ ਵੈਕਸੀਨ ਨਹੀਂ ਲਵਾਈ ਪਰ ਉਹ ਸ਼ਿਕਾਗੋ ਪੁਲਿਸ ਵਿਭਾਗ ਵਿਚ ਕੰਮ ਕਰਦੇ ਰਹਿਣਾ ਚਹੁੰਦੇ ਹਨ, ਨੂੰ ਹਫਤੇ ਵਿਚ ਦੋ ਵਾਰ ਕੋਵਿਡ-19 ਦੀ ਟੈਸਟ ਰਿਪੋਰਟ ਦੇਣੀ ਪਵੇਗੀ।

### ਮਾਮਲਾ ਇੰਟਰਨੈੱਟ 'ਤੇ ਦਲਿਤਾਂ ਉਪਰ ਟਿੱਪਣੀ ਕਰਨ ਦਾ

## ਕ੍ਰਿਕਟਰ ਯੁਵਰਾਜ ਸਿੰਘ ਗ੍ਰਿ.ਫਤਾਰ



**ਹਾਂਸੀ/ਏ.ਟੀ.ਨਿਊਜ਼ :** ਇੰਟਰਨੈੱਟ ਮੀਡੀਆ 'ਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਟਿੱਪਣੀ ਕਰਨ ਦੇ ਮਾਮਲੇ ਵਿਚ ਲੰਘੇ ਸ਼ਨਿਚਰਵਾਰ ਨੂੰ ਕ੍ਰਿਕਟਰ ਯੁਵਰਾਜ ਸਿੰਘ ਨੂੰ ਪੁਲਿਸ ਨੇ ਗ੍ਰਿ.ਫਤਾਰ ਕਰ ਕੇ ਤਫ਼ਤੀਸ਼ ਵਿਚ ਸ਼ਾਮਲ ਕੀਤਾ ਜਿਸ ਤੋਂ ਬਾਅਦ ਯੁਵਰਾਜ ਸਿਘ ਨੂੰ ਪੁਲਿਸ ਵੱਲੋਂ ਫਾਰਗ਼ ਕਰ ਦਿੱਤਾ ਗਿਆ। ਯੁਵਰਾਜ ਸਿੰਘ ਦੀ ਗ੍ਰਿ.ਫਤਾਰੀ ਨੂੰ ਲੈ ਕੇ ਪਹਿਲਾਂ ਪੁਲਿਸ ਨੇ ਮਾਮਲਾ ਜਨਤਕ ਨਹੀਂ ਕੀਤਾ ਪਰ ਹੁਣ ਇਸ ਦੀ ਜਾਣਕਾਰੀ ਬਾਹਰ ਨਿਕਲ ਆਈ। ਇਸ ਮਾਮਲੇ ਵਿਚ ਯੁਵਰਾਜ ਸਿੰਘ ਪਹਿਲਾਂ ਹੀ ਹਾਈਕੋਰਟ ਤੋਂ ਜ਼ਮਾਨਤ ਲੈ ਚੁੱਕੇ ਹਨ। ਕੋਰਟ ਨੇ ਯੁਵਰਾਜ ਸਿੰਘ ਨੂੰ ਹੁਕਮ ਦਿੱਤੇ ਕਿ ਉਹ ਹਾਂਸੀ ਵਿਚ ਦਰਜ ਮਾਮਲੇ ਵਿਚ ਤਫ਼ਤੀਸ਼ ਵਿਚ ਸ਼ਾਮਲ ਹੋਣ। ਹੁਣ ਇਹ ਮਾਮਲਾ ਕੋਰਟ ਵਿਚ ਵਿਚਾਰ ਅਧੀਨ ਹੈ। ਬੀਤੇ ਸਾਲ ਜੂਨ ਮਹੀਨੇ ਯੁਵਰਾਜ ਖਿਲਾਫ਼ ਸੋਸ਼ਲ ਐਕਟੀਵਿਸਟ ਰਜਤ ਕਲਸਨ ਨੇ ਪੁਲਿਸ ਵਿਚ ਸ਼ਿਕਾਇਤ ਦਰਜ ਕਰਵਾਈ ਸੀ।

ਪੁਲਿਸ ਵੱਲੋਂ ਮਾਮਲੇ ਵਿਚ ਕਾਰਵਾਈ ਕਰਨ ਖਿਲਾਫ਼ ਸ਼ਿਕਾਇਤਕਰਤਾ ਨੇ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਯੁਵਰਾਜ ਸਿੰਘ 'ਤੇ ਦੋਸ਼ ਹੈ ਕਿ ਬੀਤੇ ਸਾਲ ਉਨਾਂ ਰੋਹਿਤ ਸ਼ਰਮਾ ਤੋਂ ਲਾਈਵ ਚੈਟ 'ਚ ਯੁਜਵਿੰਦਰ ਚਹਿਲ 'ਤੇ ਇਤਰਾਜ਼ਯੋਗ ਟਿੱਪਣੀ ਕੀਤੀ ਸੀ। ਇਸ ਮਾਮਲੇ ਵਿਚ ਨੈਸ਼ਨਲ ਅਲਾਇੰਸ ਤੇ ਦਲਿਤ ਹਿਊਮਨ ਰਾਈਟਸ ਦੇ ਕਨਵੀਨਰ ਰਜਤ ਕਲਸਨ ਨੇ ਹਾਂਸੀ ਪੁਲਿਸ ਸੁਪਰਡੈਂਟ ਨੂੰ ਸ਼ਿਕਾਇਤ ਦਿੱਤੀ ਸੀ।

ਪੁਲਿਸ ਨੇ ਸ਼ਿਕਾਇਤ ਵਿਚ ਦਿੱਤੀ ਗਈ ਸੀਡੀ ਦੀ ਲੈਬ ਵਿਚ ਜਾਂਚ ਕਰਵਾਈ ਸੀ। ਲੰਬੀ ਜਾਂਚ ਤੋਂ ਬਾਅਦ ਇਸੇ ਸਾਲ 14 ਫਰਵਰੀ ਨੂੰ ਹਾਂਸੀ ਪੁਲਿਸ ਨੇ ਯੁਵਰਾਜ ਸਿੰਘ 'ਤੇ ਐੱਸਸੀ ਐੱਸਟੀ ਐਕਟ ਤਹਿਤ ਹੋਰ ਧਾਰਾਵਾਂ ਤਹਿਤ ਮਾਮਲੇ ਦਰਜ ਕੀਤਾ ਸੀ। ਜਿਸ ਤੋਂ ਬਾਅਦ ਯੁਵਰਾਜ ਸਿੰਘ ਨੇ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ ਜਿਸ ਤੋਂ ਬਾਅਦ ਕੋਰਟ ਨੇ ਉਨਾਂ ਨੂੰ ਜ਼ਮਾਨਤ ਦੇ ਦਿੱਤੀ ਸੀ ਤੇ ਤਫ਼ਤੀਸ਼ ਵਿਚ ਸ਼ਾਮਲ ਹੋਣ ਦੇ ਹੁਕਮ ਦਿੱਤੇ।

## ਮੈਰੀ ਕਾਮ ਰਾਸ਼ਟਰੀ ਚੈਂਪੀਅਨਸ਼ਿਪ ਵਿਚ ਹਿੱਸਾ ਨਹੀਂ ਲਵੇਗੀ



**ਨਵੀਂ ਦਿੱਲੀ/ਏ.ਟੀ.ਨਿਊਜ਼:** ਛੇ ਵਾਰ ਦੀ ਵਿਸ਼ਵ ਚੈਂਪੀਅਨ ਐੱਮਸੀ ਮੈਰੀ ਕਾਮ ਹਿਸਾਰ ਵਿਚ ਹੋਣ ਵਾਲੀ ਆਗਾਮੀ ਰਾਸ਼ਟਰੀ ਮਹਿਲਾ ਮੁੱਕੇਬਾਜ਼ੀ ਚੈਂਪੀਅਨਸ਼ਿਪ 'ਚ ਹਿੱਸਾ ਨਹੀਂ ਲਵੇਗੀ। ਟੋਕੀਓ ਓਲੰਪਿਕ 'ਚ ਪ੍ਰੀ-ਕੁਆਰਟਰ ਫਾਈਨਲ ਤਕ ਹੀ ਪਹੁੰਚਣ ਵਾਲੀ 38 ਸਾਲਾ ਮੈਰੀ ਕਾਮ ਦਸੰਬਰ ਵਿਚ ਹੋਣ ਵਾਲੀ ਵਿਸ਼ਵ ਚੈਂਪੀਅਨਸ਼ਿਪ ਲਈ ਅਭਿਆਸ ਕਰ ਰਹੀ ਹੈ।

# ਬੇਅਦਬੀ ਦੇ ਦੋਸ਼ੀ ਲਖਬੀਰ ਦੀ ਘਰਵਾਲੀ ਤੇ ਬੱਚੀਆਂ ਦੀ ਇਕ ਲੱਖ ਦੀ ਮਾਲੀ ਸਹਾਇਤਾ ਕੀਤੀ

## ✪ ਪਰਿਵਾਰ ਨੇ ਮਾਲੀ ਸਹਾਇਤਾ ਵਾਸਤੇ ਪੰਥ ਦਾ ਸ਼ੁਕਰੀਆ ਕੀਤਾ ✪ ਲਖਬੀਰ ਦੇ ਘਰ ਪਰਿਵਾਰ ਦੀ ਕੋਈ ਥਾਂ ਨਹੀਂ, ਬੱਚੀਆਂ ਨਸ਼ੇੜੀ ਲਖਬੀਰ ਤੋਂ ਪੀੜਤ : ਰਠੌਰ

**ਤਰਨਤਾਰਨ/ਏ.ਟੀ.ਨਿਊਜ਼ :** ਸਿੱਖ ਪੰਥ ਦੇ ਸਹਿਯੋਗ ਨਾਲ ਸਿੰਘੂ ਬਾਰਡਰ 'ਤੇ ਬੇਅਦਬੀ ਕਰਨ ਕਰਕੇ ਕਤਲ ਹੋਣ ਵਾਲੇ ਲਖਬੀਰ ਟੀਟੂ ਦੀਆਂ ਤਿੰਨ ਬੱਚੀਆਂ ਨੂੰ ਇਕ ਲੱਖ ਰੁਪਏ ਦੀ ਮਦਦ ਕੀਤੀ ਗਈ ਹੈ। ਇਸ ਦੌਰਾਨ ਲਖਬੀਰ ਟੀਟੂ ਦੇ ਸਾਲੇ ਸੁਖਚੈਨ ਸਿੰਘ ਨੇ ਕਿਹਾ ਕਿ ਟੀਟੂ ਨੂੰ ਉਸ ਦੇ ਕੀਤੇ ਦੀ ਸਜ਼ਾ ਮਿਲੀ ਹੈ। ਪਰ ਨਾਲ ਹੀ ਉਸ ਨੇ ਇਹ ਮੰਗ ਵੀ ਕੀਤੀ ਕਿ ਇਸ ਗੱਲ ਦੀ ਪੜਤਾਲ ਹੋਣੀ ਚਾਹੀਦੀ ਹੈ ਕਿ ਲਖਬੀਰ ਟੀਟੂ ਨੂੰ ਸਿੰਘੂ ਬਾਰਡਰ ਕੌਣ ਲੈ ਕੇ ਗਿਆ।

ਸੁਖਚੈਨ ਸਿੰਘ ਨੇ ਗੱਲਬਾਤ ਦੌਰਾਨ ਕਿਹਾ, 'ਲਖਬੀਰ ਸਿੰਘ ਨੇ ਆਪਣੀ ਕੀਤੀ ਦਾ ਫਲ ਪਾਇਆ। ਜੇ ਬੇਅਦਬੀ ਕੀਤੀ ਸੀ ਤਾਂ ਕੀਤੀ ਦਾ ਫਲ ਪਾਇਆ। ਗੱਲ ਇਹ ਹੈ ਕਿ ਉਹ ਬੰਦਾ ਕਿਵੇਂ ਸਿੰਘੂ ਬਾਰਡਰ 'ਤੇ ਪਹੁੰਚਿਆ। ਕੋਈ ਕਿਵੇਂ ਉਸ ਨੂੰ ਲੈ ਕੇ ਗਿਆ। ਇਹ ਵੀ ਕੰਮ ਬਹੁਤ ਵਧੀਆ ਹੋਇਆ ਤਾਂ ਕਿ ਆਉਣ ਵਾਲੇ ਸਮੇਂ 'ਚ ਕੋਈ ਹੋਰ ਬੇਅਦਬੀ ਨਾ ਕਰ ਸਕੇ। ਇਸ ਗੱਲ ਦਾ ਸਾਨੂੰ ਵੀ ਦੁੱਖ ਹੈ। ਜੋ ਸਾਡੇ ਮਹਾਰਾਜ ਗੁਰੂ ਦੀ ਬੇਅਦਬੀ ਕਰਦੇ, ਇਹ ਗੱਲ ਸਹਿਣ ਨਹੀਂ ਹੋ ਸਕਦੀ। ਅਸੀਂ ਪੰਥ ਦੇ ਨਾਲ ਖੜੇ ਹਾਂ।'

ਇਸ ਮੌਕੇ ਸਿੱਖ ਅਤੇ ਸਮਾਜਿਕ ਕਾਰਕੁੰਨ ਗੰਗਵੀਰ ਸਿੰਘ ਰਾਠੌਰ ਅਤੇ ਸੰਨੀ ਸਿੰਘ ਖਾਲਸਾ ਮੰਗਲਵਾਰ ਸ਼ਾਮ ਨੂੰ ਪਿੰਡ ਲੱਧੇਵਾਲ ਜ਼ਿਲਾ ਅੰਮ੍ਰਿਤਸਰ ਪਹੁੰਚੇ।

ਜ਼ਿਕਰਯੋਗ ਹੈ ਕਿ ਲਖਬੀਰ ਟੀਟੂ ਦੀ ਘਰਵਾਲੀ ਅਤੇ ਤਿੰਨ ਬੱਚੀਆਂ ਉਸ ਤੋਂ ਸਤਾਈਆਂ ਹੋਈਆਂ ਪਿਛਲੇ ਪੰਜ ਸਾਲ ਤੋਂ ਆਪਣੇ ਨਾਨਕੇ ਪਿੰਡ ਲੱਧੇਵਾਲ ਰਹਿ ਰਹੀਆਂ ਸਨ। ਇਸ ਦੌਰਾਨ ਉਨਾਂ ਦਾ ਇਕ ਦੋ ਸਾਲ ਦਾ ਭਰਾ ਬਿਮਾਰੀ ਕਾਰਨ ਪੂਰਾ ਹੋ ਗਿਆ। ਲਖਬੀਰ ਇਨਾਂ ਪੰਜਾਂ ਸਾਲਾਂ 'ਚ ਸਿਰਫ ਇਕ ਵਾਰ ਆਪਣੇ ਮੁੰਡੇ ਦੇ ਸਸਕਾਰ ਵਾਸਤੇ ਲੱਧੇਵਾਲ ਆਇਆ।

ਗੰਗਵੀਰ ਸਿੰਘ ਰਾਠੌਰ ਨੇ ਦੱਸਿਆ, 'ਲਖਬੀਰ ਦੇ ਬੇਅਦਬੀ ਕਾਂਡ ਵਿਚ ਕਤਲ ਹੋਣ ਪਿੱਛੇ ਜੋ ਤਾਕਤਾਂ ਨੇ, ਉਨਾਂ ਦੀ ਪਹਿਚਾਣ ਕਰਨ ਵਾਸਤੇ ਨਾ ਹੀ ਕੋਈ ਖਾਸ ਪੜਤਾਲ ਅਤੇ ਨਾ ਹੀ ਕਿਸੇ ਧਿਰ ਵਲੋਂ ਕੋਈ ਅਜਿਹੀ ਮੰਗ ਜ਼ੋਰ ਸ਼ੋਰ ਨਾਲ ਕੀਤੀ ਜਾ ਰਹੀ ਹੈ।'

ਉਨਾਂ ਕਿਹਾ ਕਿ 'ਪਰ ਸਾਨੂੰ ਅਖ਼ਬਾਰਾਂ ਦੀਆਂ ਖ਼ਬਰਾਂ ਪੜ ਕੇ ਪਤਾ ਚੱਲਿਆ ਕਿ ਲਖਬੀਰ ਦੀਆਂ ਤਿੰਨ ਬੱਚੀਆਂ ਅਤੇ ਉਸ ਦੀ ਪਤਨੀ ਉਸ ਤੋਂ ਪਹਿਲਾਂ ਹੀ ਬਹੁਤ ਦੁਖੀ ਸਨ। ਲਖਬੀਰ ਦੀ ਪਤਨੀ ਪਿਛਲੇ ਪੰਜ ਸਾਲਾਂ ਤੋਂ ਆਪਣੀਆਂ ਬੱਚੀਆਂ ਨਾਲ ਆਪਣੇ ਪੇਕੇ ਘਰ ਰਹਿ ਰਹੀ ਹੈ। ਇਸ ਦੌਰਾਨ ਲਖਬੀਰ ਨੇ ਉਨਾਂ ਦੀ ਕੋਈ ਸਾਰ ਨਹੀਂ ਲਈ। ਲਖਬੀਰ ਦੇ ਸਾਲੇ ਸੁਖਚੈਨ ਸਿੰਘ ਨੇ ਇਨਾਂ ਖਬਰਾਂ ਦੀ ਪ੍ਰੋੜਤਾ ਕੀਤੀ। ਲਖਬੀਰ ਦੇ ਬੇਅਦਬੀ ਕਾਂਡ 'ਚ ਸ਼ਾਮਲ ਹੋਣ ਦੀਆਂ ਖਬਰਾਂ ਨੇ ਇਨਾਂ ਦੁਖਿਆਰੀਆਂ ਮਾਵਾਂ ਧੀਆਂ ਵਾਸਤੇ ਹੋਰ ਮੁਸੀਬਤ ਖੜੀ ਕਰ



ਦਿੱਤੀ ਹੈ। ਇਨਾਂ ਦੀ ਜ਼ਿੰਦਗੀ ਪਹਿਲਾਂ ਹੀ ਐਨੀ ਦੁਸ਼ਵਾਰ ਸੀ ਕਿ ਲਖਬੀਰ ਦੇ ਸਸਕਾਰ ਵਾਲੇ ਦਿਨ ਵੀ ਇਨਾਂ ਆਪਣੇ ਨਾਨਕੇ ਘਰ ਆ ਕੇ ਪਾਣੀ ਪੀਤਾ। ਲਖਬੀਰ ਦੇ ਘਰ ਇਨਾਂ ਦੀ ਕੋਈ ਥਾਂ ਨਹੀਂ ਸੀ।'

ਰਾਠੌਰ ਦਾ ਕਹਿਣਾ ਸੀ ਕਿ, 'ਇਹ ਇਤਿਹਾਸਕ ਸਚਾਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਤੀਰ ਪਿੱਛੇ ਲੱਗੇ ਸੋਨੇ ਲੱਗਿਆ ਹੁੰਦਾ ਸੀ। ਤਾਂ ਕਿ ਵੈਰੀ ਦੀ ਮੌਤ ਤੋਂ ਬਾਅਦ ਉਸ ਦੇ ਟੱਬਰ ਦਾ ਗੁਜ਼ਾਰਾ ਹੋ ਸਕੇ। ਗੁਰੂ ਸਾਹਿਬ ਦੀ ਇਸੇ ਸਿੱਖਿਆ ਤੋਂ ਪ੍ਰੇਰਨਾ ਲੈ ਕੇ ਤਿਲ ਫੁੱਲ ਇਕੱਠੇ ਕਰਕੇ ਪੰਥ ਵਲੋਂ ਬੱਚੀਆਂ ਦੀ ਇਕ ਲੱਖ ਰੁਪਏ ਨਾਲ ਸਹਾਇਤਾ ਕੀਤੀ ਜਾਂਦੀ ਹੈ। ਸਮਾਂ ਆਉਣ 'ਤੇ ਹੋਰ ਮਦਦ ਵੀ ਕੀਤੀ ਜਾਵੇਗੀ। ਲਖਬੀਰ ਦੀ ਘਰਵਾਲੀ ਦਾ ਪੇਕਾ ਪਰਿਵਾਰ ਅੰਮ੍ਰਿਤਧਾਰੀ ਹੈ ਤੇ ਬੱਚੀਆਂ ਲੋੜਵੰਦ ਵੀ ਨੇ। ਪਰਿਵਾਰ ਖਿਲਾਫ ਕੋਈ ਮੰਦਭਾਵਨਾ ਰੱਖਣ ਦੀ ਕੋਈ ਤੁਕ ਨਹੀਂ ਬਣਦੀ।'

ਇਸ ਸਹਾਇਤਾ ਸਬੰਧੀ ਕਿਸੇ ਵੀ ਗਲਤ ਫਹਿਮੀ ਨੂੰ ਸਾਫ ਕਰਦਿਆਂ ਉਨਾਂ ਕਿਹਾ, 'ਅਸੀਂ ਸਾਫ ਕਰਨਾ ਚਾਹੁੰਦੇ ਹਾਂ ਕਿ ਇਹ ਵੀ ਲੱਗ ਸਕਦਾ ਕਿ ਅਸੀਂ ਕਿਤੇ ਇਸ ਪਰਿਵਾਰ ਦੀ ਮਦਦ ਕਰਕੇ ਅਜਿਹੇ ਲੋਕਾਂ ਦਾ ਹੌਂਸਲਾ ਤਾਂ ਨਹੀਂ ਵਧਾ ਰਹੇ ਜਿਹੜੇ ਬੇਅਦਬੀ ਕਰ ਸਕਦੇ ਨੇ। ਮੈਂ ਸਾਫ ਕਰਨਾ ਚਾਹੁੰਦਾ ਕਿ ਅਸੀਂ ਇਨਾਂ ਬੱਚੀਆਂ ਦੀ ਮਦਦ ਤਾਂ ਕਰਨਾ ਚਾਹੁੰਦੇ ਹਾਂ ਕਿਉਂਕਿ ਇਹ ਵੀ ਲਖਬੀਰ ਤੋਂ ਪੀੜਤ ਸਨ। ਇਨਾਂ ਦੇ ਮੂੰਹ ਵਿਚ ਕਦੇ ਲਖਬੀਰ ਨੇ ਬੁਰਕੀ ਨਹੀਂ ਪਾਈ। ਪਰ ਹੁਣ ਕੁੱਝ ਲੋਕ ਇਨਾਂ ਬੱਚੀਆਂ ਨੂੰ ਲਖਬੀਰ ਵਾਸਤੇ ਹਮਦਰਦੀ ਪੈਦਾ ਕਰਨ ਲਈ ਵਰਤ ਰਹੇ ਹਨ। ਮੈਂ ਅਜਿਹੇ ਲੋਕਾਂ ਨੂੰ ਕਹਾਂਗਾ ਕਿ ਇਨਾਂ ਬੱਚੀਆਂ ਦਾ ਸਹਾਰਾ ਆਪਣੀ ਸਿਆਸਤ ਕਰਨ ਵਾਸਤੇ ਨਾ ਲਵੋ। ਇਨਾਂ ਬੱਚੀਆਂ ਦੀ ਸਹਾਇਤਾ ਕਰੋ। ਇਸ ਵਾਸਤੇ ਨਹੀਂ ਕਿ ਲਖਬੀਰ ਦੋਸ਼ੀ ਸੀ ਜਾਂ ਨਿਰਦੋਸ਼। ਪਰ ਇਸ ਲਈ ਕਿਉਂਕਿ ਇਹ ਬੱਚੀਆਂ ਲਖਬੀਰ ਤੋਂ ਪੀੜਤ ਰਹੀਆਂ ਹਨ। ਬਾਕੀ ਸਿੰਘੂ ਬਾਰਡਰ ਦੀ ਘਟਨਾ ਬਾਰੇ ਸਾਡੇ ਉਹੀ ਵਿਚਾਰ ਹਨ ਜੋ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਪ੍ਰਗਟ ਕੀਤੇ ਹਨ।'

ਪਰਿਵਾਰ ਨੇ ਇੱਕ ਲੱਖ ਰੁਪਏ ਦੀ ਮਾਲੀ ਸਹਾਇਤਾ ਵਾਸਤੇ ਪੰਥ ਦਾ ਸ਼ੁਕਰੀਆ ਕੀਤਾ।

## ਫਿਲਾਡੈਲਫੀਆ ਵਿਚ ਰੇਲ ਗੱਡੀ ਵਿਚ ਜਬਰ ਜਨਾਹ, ਹੋਰ ਯਾਤਰੀ ਮੂਕ ਦਰਸ਼ਕ ਬਣੇ ਰਹੇ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਫਿਲਾਡੈਲਫੀਆ ਵਿਚ ਇਕ ਟਰਾਂਜਿਟ ਰੇਲ ਗੱਡੀ ਵਿਚ ਇਕ ਔਰਤ ਨਾਲ ਜਬਰ ਜਨਾਹ ਹੋਣ ਦੀ ਘਟਨਾ ਵਾਪਰੀ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਘਟਨਾ ਸਮੇ ਹੋਰ ਯਾਤਰੀ ਮੂਕ ਦਰਸ਼ਕ ਬਣੇ ਰਹੇ। ਉਨਾਂ ਨੇ ਨਾ ਦਖਲ ਦਿੱਤਾ ਤੇ ਨਾ ਹੀ ਪੁਲਿਸ ਨੂੰ ਫੋਨ ਕੀਤਾ। ਪਬਲਿਕ ਟਰਾਂਜਿਟ ਅਥਾਰਿਟੀ (ਸੇਪਟਾ) ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕਥਿਤ ਜਬਰ ਜਨਾਹ ਦੀ ਘਟਨਾ ਦੱਖਣੀ ਪੂਰਬੀ ਪੈਨਸਿਲਵਾਨੀਆ ਟਰਾਂਸਪੋਰਟੇਸ਼ਨ ਅਥਾਰਿਟੀ ਦੀ ਮਰਕਟ ਫਰੈਂਕ ਫੋਰਡ ਪੱਟੜੀ ਉਪਰ ਵਾਪਰੀ ਹੈ। ਇਹ ਇਕ ਬਹੁਤ ਘਿਣਾਉਣਾ ਜੁਰਮ ਹੈ। ਸੇਪਟਾ ਨੇ ਕਿਹਾ ਹੈ ਕਿ ਗੱਡੀ ਵਿਚ ਮੌਕੇ ਉਪਰ ਮੌਜੂਦ ਹੋਰ ਯਾਤਰੀ ਗੱਡੀ ਰੋਕ ਸਕਦੇ ਸਨ ਜਾਂ ਪੁਲਿਸ ਨੂੰ ਫੋਨ ਕਰ ਸਕਦੇ ਸਨ ਪ੍ਰੰਤੂ ਕਿਸੇ



ਨੇ ਵੀ ਅਜਿਹੀ ਕਰਨ ਦੀ ਹਿੰਮਤ ਨਹੀਂ ਕੀਤੀ। ਸੇਪਟਾ ਦੇ ਬੁਲਾਰੇ ਐਂਡਰੀਊ ਬੁਸ਼ ਨੇ ਕਿਹਾ ਹੈ ਕਿ ਸੇਪਟਾ ਦੇ ਇਕ ਮੁਲਾਜ਼ਮ ਵੱਲੋਂ ਘਟਨਾ ਬਾਰੇ 911 ਉਪਰ ਸੂਚਿਤ ਕਰਨ ਉਪਰੰਤ ਤੁਰੰਤ ਕਾਰਵਾਈ ਕਰਦਿਆਂ ਪੁਲਿਸ ਨੇ ਸ਼ੱਕੀ ਦੋਸ਼ੀ ਨੂੰ ਹਿਰਾਸਤ ਵਿਚ ਲੈ ਲਿਆ ਜਿਸ ਦੀ ਪਛਾਣ 35 ਸਾਲਾ ਫਿਸਟਨ ਐਮ ਨਗਾਇ ਵਜੋਂ ਹੋਈ ਹੈ। ਉਸ ਵਿਰੁੱਧ ਜਬਰ ਜਨਾਹ, ਸਮੇਤ ਹੋਰ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

## ਉਡਾਨ ਭਰਨ ਸਮੇਂ ਜਹਾਜ਼ ਹਾਦਸਾਗ੍ਰਸਤ, ਲੱਗੀ ਅੱਗ, ਯਾਤਰੀ ਵਾਲ ਵਾਲ ਬਚੇ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :-** ਹੋਸਟਨ ਦੇ ਹਵਾਈ ਅੱਡੇ ਉਪਰ ਜਹਾਜ਼ ਜਿਸ ਵਿਚ 20 ਤੋਂ ਵਧ ਯਾਤਰੀ ਸਵਾਰ ਸਨ, ਹਾਦਸਾਗ੍ਰਸਤ ਹੋ ਗਿਆ ਤੇ ਉਸ ਨੂੰ ਅੱਗ ਲੱਗ ਗਈ, ਪ੍ਰੰਤੂ ਦੋ ਯਾਤਰੀ ਮਾਮੂਲੀ ਜ਼ਖਮੀ ਹੋਣ ਤੋਂ ਇਲਾਵਾ ਹੋਰ ਕਿਸੇ ਨੂੰ ਵੀ ਕੋਈ ਨੁਕਸਾਨ ਨਹੀਂ ਪੁੱਜਾ ਤੇ ਉਹ ਵਾਲ ਵਾਲ ਬਚ ਗਏ। ਸਥਾਨਕ ਅਧਿਕਾਰੀਆਂ ਨੇ ਕਿਹਾ ਹੈ ਕਿ ਮੈਕਡੋਨਲ ਡੌਗਲਸ-87 ਜਹਾਜ਼ ਨੂੰ ਲੱਗੀ ਅੱਗ ਉਪਰ ਕਾਬੂ ਪਾਉਣ ਤੋਂ ਪਹਿਲਾਂ ਹੀ ਸਾਰੇ ਯਾਤਰੀ ਤੇ ਅਮਲੇ ਦੇ ਮੈਂਬਰ ਸੁਰੱਖਿਅਤ ਬਾਹਰ ਆ ਗਏ। ਦੋ ਯਾਤਰੀ ਮਾਮੂਲੀ ਜ਼ਖਮੀ ਹੋਏ ਹਨ ਜਿਨਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਟੈਕਸਾਸ



ਦੇ ਜਨਤਿਕ ਸੁਰੱਖਿਆ ਵਿਭਾਗ ਦੇ ਬੁਲਾਰੇ ਸਾਰਜੈਂਟ ਸਟੀਫਨ ਵੁੱਡਰਡ ਨੇ ਮੌਕੇ ਉਪਰ ਪੁੱਜੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਵਾਈ ਅੱਡੇ ਉਪਰ ਤਕਰਬੀਨ 500 ਫੁੱਟ ਦੌੜਨ ਤੋਂ ਬਾਅਦ ਪੱਟੜੀ ਦੇ ਅੰਤ ਵਿਚ ਜਹਾਜ਼ ਉਡਾਨ ਨਹੀਂ ਭਰ ਸਕਿਆ ਤੇ ਉਹ ਨਿਯੰਤਰਣ ਤੋਂ ਬਾਹਰ ਹੋ ਕੇ ਖੇਤਾਂ ਵਿਚ ਜਾ ਵੜਿਆ। ਉਪਰੰਤ ਉਸ ਨੂੰ ਅੱਗ ਲੱਗ ਗਈ। ਜਹਾਜ਼ ਵਿਚ 18 ਯਾਤਰੀ, ਦੋ ਪਾਇਲਟ ਤੇ ਇਕ ਹੋਰ ਮੁਲਾਜ਼ਮ ਸਵਾਰ ਸੀ। ਜਹਾਜ਼ ਨੇ ਬੋਸਟਨ ਜਾਣਾ ਸੀ। ਹਾਦਸੇ ਦੀ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਵੱਲੋਂ ਜਾਂਚ ਕੀਤੀ ਜਾਵੇਗੀ।

## ਅਦਾਲਤ ਵਲੋਂ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ

**ਡਮਟਾਲ/ਏ.ਟੀ.ਨਿਊਜ਼ :** ਦਿੱਲੀ ਦੀ ਅਦਾਲਤ ਵਲੋਂ ਪਿੰਡ ਛੰਨੀ ਬੇਲੀ ਵਿਖੇ ਨਸ਼ਾ ਤਸਕਰਾਂ ਦੀ ਕਰੋੜਾਂ ਦੀ ਜਾਇਦਾਦ ਜ਼ਬਤ ਕਰਨ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਅਦਾਲਤ ਨੇ ਕਰੀਬ 5 ਕਰੋੜ, 96 ਲੱਖ, 67 ਹਜ਼ਾਰ, 79 ਰੁਪਏ ਦੀ ਜਾਇਦਾਦ ਨੂੰ ਜ਼ਬਤ ਕਰਨ ਦਾ ਫ਼ੈਸਲਾ ਸੁਣਾਇਆ ਹੈ ਜਦਕਿ ਨਸ਼ਾ ਤਸਕਰਾਂ ਨਾਲ ਨਾਜਾਇਜ਼ ਕਾਰੋਬਾਰ 'ਚ ਜੁੜੇ 2 ਹੋਰ ਲੋਕਾਂ ਦੀ ਕਰੋੜਾਂ ਦੀ ਜਾਇਦਾਦ ਨੂੰ ਵੀ ਜ਼ਬਤ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਥਾਣਾ ਡਮਟਾਲ ਤਹਿਤ ਨਸ਼ੇ ਦੇ ਕਾਰੋਬਾਰ ਲਈ ਪ੍ਰਦੇਸ਼ ਭਰ 'ਚ ਮਸ਼ਹੂਰ ਪਿੰਡ ਛੰਨੀ ਬੇਲੀ ਵਿਖੇ ਨਸ਼ਾ ਤਸਕਰ ਪਰਮਿੰਦਰ ਉਰਫ਼ ਗੋਬਿੰਦਾ ਪੁੱਤਰ ਸੁਰਜਣ ਸਿੰਘ ਤੇ ਉਸ ਦੀ ਮਾਤਾ ਰਾਜ ਕੁਮਾਰੀ ਪਤਨੀ ਸੁਰਜਣ ਸਿੰਘ ਨੂੰ ਸਾਲ 2020 'ਵਿਚ ਦੋ ਵੱਖ-ਵੱਖ ਮਾਮਲਿਆਂ' 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਥਾਣਾ ਡਮਟਾਲ ਦੇ ਇੰਚਾਰਜ ਹਰੀਸ਼ ਗੁਲੇਰੀਆ ਵਲੋਂ ਕੀਤੀ ਜਾਂਚ ਵਿਚ ਪਰਮਿੰਦਰ ਉਰਫ਼ ਗੋਬਿੰਦਾ ਤੇ ਉਸ ਦੀ ਮਾਤਾ ਰਾਜ ਕੁਮਾਰੀ ਸਮੇਤ ਦੋ ਹੋਰ ਸਾਥੀ ਸ਼ੇਰਾ ਨੰਦ ਤੇ ਮੰਗਤ ਰਾਮ ਵਾਸੀ ਛੰਨੀ ਬੇਲੀ ਦੀ ਕਰੋੜਾਂ ਦੀ ਚੱਲ/ਅਚੱਲ ਜਾਇਦਾਦ ਨੂੰ ਵੀ ਇਸ ਕੇਸ ਨਾਲ ਜੋੜ ਦਿੱਤਾ ਗਿਆ ਸੀ । ਡੀ.ਐਸ.ਪੀ. ਨੂਰਪੁਰ ਸੁਰੇਂਦਰ ਸ਼ਰਮਾ ਨੇ ਦੱਸਿਆ ਕਿ ਜਲਦ ਹੀ ਜਾਇਦਾਦ ਨੂੰ ਕਬਜ਼ੇ 'ਚ ਲਿਆ ਜਾਵੇਗਾ।

## ਕਿਸਾਨ ਮੋਰਚੇ 'ਚੋਂ ਯੋਗੇਂਦਰ ਯਾਦਵ ਮਹੀਨੇ ਲਈ ਮੁਅੱਤਲ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਸਵਰਾਜ ਅਭਿਆਨ ਦੇ ਮੁਖੀ ਤੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂਆਂ 'ਚੋਂ ਇਕ ਯੋਗੇਂਦਰ ਯਾਦਵ ਨੂੰ ਇਕ ਮਹੀਨੇ ਲਈ ਮੋਰਚੇ ਵਿਚੋਂ ਮੁਅੱਤਲ ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਯੋਗੇਂਦਰ ਯਾਦਵ ਲਖੀਮਪੁਰ ਖੀਰੀ ਹਿੰਸਾ ਵਿੱਚ ਮਾਰੇ ਗਏ



ਭਾਜਪਾ ਵਰਕਰ ਸ਼ੁਭਮ ਮਿਸ਼ਰਾ ਦੇ ਘਰ ਪਰਿਵਾਰ ਨਾਲ ਦੁੱਖ ਜ਼ਾਹਰ ਕਰਨ ਗਏ ਸਨ ਤੇ ਉਦੋਂ ਤੋਂ ਹੀ ਕਿਸਾਨਾਂ ਵਲੋਂ ਉਨਾਂ ਦਾ ਵਿਰੋਧ ਕੀਤਾ ਜਾ ਰਿਹਾ ਸੀ ਤੇ ਕਾਰਵਾਈ ਮੰਗੀ ਜਾ ਰਹੀ ਸੀ। ਇਸ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਨੇ ਵੱਡੀ ਕਾਰਵਾਈ ਕਰਦਿਆਂ ਯੋਗੇਂਦਰ ਨੂੰ ਇਕ ਮਹੀਨੇ ਲਈ ਮੁਅੱਤਲ ਕਰ ਦਿੱਤਾ। ਮੁਅੱਤਲੀ ਲਈ ਯਾਦਵ ਵਲੋਂ ਕੀਤੇ ਟਵੀਟ ਨੂੰ ਆਧਾਰ ਬਣਾਇਆ ਗਿਆ ਹੈ, ਜੋ ਉਨਾਂ ਲਖੀਮਪੁਰ ਖੀਰੀ ਹਿੰਸਾ 'ਚ ਮਾਰੇ ਗਏ ਭਾਜਪਾ ਵਰਕਰ ਸ਼ੁਭਮ ਮਿਸ਼ਰਾ ਦੇ ਪਰਿਵਾਰ ਨਾਲ ਮੁਲਾਕਾਤ ਮਗਰੋਂ ਕੀਤਾ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Malkeet Singh** Manager: **Pardeep Singh** Asst. Editor: **Balwinderpal Singh, Sarbjeet Kaur Sarb** Online Interview Host: **Balraj Pannu** Proof Editor: **Prabhjot Kaur**

Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਕੈਪਟਨ ਭਾਜਪਾ ਦੀ ਨੀਤੀ ਅਨੁਸਾਰ ਪੰਜਾਬ ਦੀ ਸਿਆਸਤ ਵਿਚ ਸਰਗਰਮ ਹੋਣਗੇ

## ✪ ਕੈਪਟਨ ਵਲੋਂ ਕਿਸਾਨ ਮਸਲੇ ਦੇ ਛੇਤੀ ਹੱਲ ਦਾ ਸੰਕੇਤ ✪ ਭਾਜਪਾ ਨੂੰ ਫਿਰਕੂ ਅਤੇ ਮੁਸਲਿਮ ਵਿਰੋਧੀ ਪਾਰਟੀ ਮੰਨਣ ਤੋਂ ਕੀਤਾ ਇਨਕਾਰ ✪ ਨਵੀਂ ਪਾਰਟੀ ਬਣਾਉਣ ਅਤੇ ਭਾਜਪਾ ਤੇ ਅਕਾਲੀ ਦਲ (ਸੰਯੁਕਤ) ਨਾਲ ਗੱਠਜੋੜ ਦੀ ਵੀ ਗੱਲ ਆਖੀ

**ਚੰਡੀਗੜ/ਏ.ਟੀ.ਨਿਊਜ਼ :** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਿੱਲੀ ਵਿਖੇ ਗੱਲਬਾਤ ਕਰਦਿਆਂ ਆਪਣੀ ਭਵਿੱਖ ਦੀ ਰਾਜਨੀਤੀ ਦੀ ਵਿਆਖਿਆ ਕਰਦਿਆਂ ਕਿਹਾ ਕਿ ਉਹ ਛੇਤੀ ਹੀ ਆਪਣੀ ਇਕ ਵੱਖਰੀ ਸਿਆਸੀ ਪਾਰਟੀ ਬਣਾਉਣ ਜਾ ਰਹੇ ਹਨ ਤੇ ਪੰਜਾਬ ਵਿਚ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਭਾਜਪਾ ਅਤੇ ਬਾਗੀ ਅਕਾਲੀ ਆਗੂਆਂ ਸ. ਸੁਖਦੇਵ ਸਿੰਘ ਢੀਂਡਸਾ ਅਤੇ ਸ. ਰਣਜੀਤ ਸਿੰਘ ਬ੍ਰਹਮਪੁਰਾ ਦੇ ਅਕਾਲੀ ਦਲ (ਸੰਯੁਕਤ) ਨਾਲ ਚੋਣ ਗੱਠਜੋੜ ਕਰ ਸਕਦੇ ਹਨ, ਪ੍ਰੰਤੂ ਉਨਾਂ ਇਹ ਵੀ ਕਿਹਾ ਕਿ ਭਾਜਪਾ ਨਾਲ ਚੋਣ ਗੱਠਜੋੜ ਕਿਸਾਨ ਅੰਦੋਲਨ ਸੰਬੰਧੀ ਕੋਈ ਤਸੱਲੀਬਖਸ਼ ਫ਼ੈਸਲਾ ਹੋਣ 'ਤੇ ਨਿਰਭਰ ਕਰੇਗਾ। ਉਨਾਂ ਕਿਹਾ ਕਿ ਕਿਸਾਨਾਂ ਨਾਲ ਉਨਾਂ ਦੀਆਂ ਮੰਗਾਂ ਸਬੰਧੀ ਗੱਲ ਹੋ ਰਹੀ ਹੈ ਅਤੇ ਉਹ ਵੀ ਇਸ ਲਈ ਯਤਨਸ਼ੀਲ ਹਨ ਅਤੇ ਉਹ ਵੀ ਕੋਸ਼ਿਸ਼ ਕਰ ਰਹੇ ਹਨ ਕਿ ਕਿਸਾਨ ਮਸਲੇ ਦਾ ਕੋਈ ਤਸੱਲੀਬਖਸ਼ ਹੱਲ ਨਿਕਲੇ। ਕੈਪਟਨ ਨੇ ਆਸ ਪ੍ਰਗਟਾਈ ਕਿ ਕਿਸਾਨ ਦੀਆਂ ਮੰਗਾਂ ਸਬੰਧੀ ਛੇਤੀ ਹੀ ਕੋਈ ਗੱਲਬਾਤ ਸਿਰੇ ਚੜ ਸਕਦੀ ਹੈ। ਕੈਪਟਨ ਨੇ ਗੱਲਬਾਤ ਦੌਰਾਨ ਇਹ ਵੀ ਕਿਹਾ



ਕਿ ਉਹ ਇਹ ਮਹਿਸੂਸ ਨਹੀਂ ਕਰਦੇ ਕਿ ਭਾਜਪਾ ਇਕ ਫਿਰਕੂ ਜਮਾਤ ਹੈ ਜਾਂ ਮੁਸਲਮਾਨ ਵਿਰੋਧੀ ਹੈ ਅਤੇ ਨਾ ਹੀ ਭਾਜਪਾ ਨਾਲ ਗੱਠਜੋੜ ਕਰਨ ਵਿਚ ਉਨਾਂ ਲਈ ਕੋਈ ਵਿਚਾਰਧਾਰਕ ਮੱਤਭੇਦ ਹੈ। ਉਨਾਂ ਕਿਹਾ ਕਿ ਭਾਜਪਾ ਵੀ ਮੇਰੇ ਵਾਂਗ ਪੰਜਾਬ ਨਾਲ ਖੜੀ ਹੈ। ਕੈਪਟਨ, ਜੋ ਕਿ ਪਹਿਲਾਂ ਹੀ ਕਾਂਗਰਸ ਛੱਡਣ ਦਾ ਐਲਾਨ ਕਰ ਚੁੱਕੇ ਹਨ ਅਤੇ ਮੁੱਖ ਮੰਤਰੀ ਦੇ ਅਹੁਦੇ ਤੋਂ ਉਤਰਨ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਦੇਸ਼ ਦੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨਾਲ ਵੀ ਕੁਝ ਮੀਟਿੰਗਾਂ ਕਰ ਚੁੱਕੇ ਹਨ, ਨੇ ਗੱਲਬਾਤ ਦੌਰਾਨ ਸਿੰਘੂ ਬਾਰਡਰ ਵਿਖੇ ਇਕ ਨੌਜਵਾਨ ਨੂੰ ਨਿਹੰਗਾਂ ਵਲੋਂ ਕਤਲ ਕੀਤੇ ਜਾਣ ਦੀ ਘਟਨਾ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਬੇਹੱਦ ਮੰਦਭਾਗੀ ਘਟਨਾ ਹੈ, ਪ੍ਰੰਤੂ ਮੈਨੂੰ ਇਹ ਬੇਅਦਬੀ ਨਾਲ ਜੁੜੀ ਘਟਨਾ ਨਜ਼ਰ ਨਹੀਂ ਆਉਂਦੀ, ਕਿਉਂਕਿ ਇਸ ਥਾਂ 'ਤੇ ਕਾਫੀ ਲੋਕ ਹਾਜ਼ਰ ਸਨ ਅਤੇ ਮੈਨੂੰ ਸ਼ੱਕ ਹੈ ਕਿ ਨਿਹੰਗ, ਜੋ ਸੁੱਖਨਿਧਾਨ ਲੈਂਦੇ ਹਨ, ਨੂੰ ਉਕਸਾ ਕੇ ਘਟਨਾ ਲਈ ਵਰਤ ਲਿਆ ਗਿਆ ਹੈ। ਸਾਬਕਾ ਮੁੱਖ ਮੰਤਰੀ ਨੇ ਪੰਜਾਬ ਦੀ ਸੁਰੱਖਿਆ ਸਥਿਤੀ 'ਤੇ ਵੀ ਚਿੰਤਾ ਪ੍ਰਗਟਾਈ ਅਤੇ ਕਿਹਾ ਕਿ ਜਿਸ ਰਫ਼ਤਾਰ ਅਤੇ ਮਾਤਰਾ ਵਿਚ ਸਰਹੱਦ ਪਾਰੋਂ ਪਾਕਿਸਤਾਨੀ ਏਜੰਸੀ ਆਈ.ਐਸ.ਆਈ. ਹਥਿਆਰਾਂ ਅਤੇ ਨਸ਼ਿਆਂ ਦੀਆਂ ਖੇਪਾਂ ਭੇਜ ਰਹੀ ਹੈ, ਉਹ ਵੱਡੀ ਚਿੰਤਾ ਦਾ ਵਿਸ਼ਾ ਹੈ ਤੇ ਪਾਕਿਸਤਾਨੀ ਏਜੰਸੀ ਪਿਸਤੌਲ, ਗਰਨੇਡ, ਏ.ਕੇ.-47 ਡਰੋਨਾਂ ਰਾਹੀਂ ਸੁੱਟ ਕੇ ਲੋਕਾਂ ਨੂੰ ਹਥਿਆਰਬੰਦ ਕਰਨ ਦੀ ਕੋਸ਼ਿਸ ਕਰ ਰਹੀ ਹੈ, ਜਿਸ ਵੱਲ ਧਿਆਨ ਦਿੱਤਾ ਜਾਣਾ ਅਤਿ ਜ਼ਰੂਰੀ ਹੈ। ਕੈਪਟਨ ਅਮਰਿੰਦਰ ਸਿੰਘ, ਜੋ ਇਨਾਂ ਦਿਨਾਂ ਦੌਰਾਨ ਦਿੱਲੀ ਵਿਖੇ ਹਨ, ਸਬੰਧੀ ਚਰਚਾ ਹੈ ਕਿ ਉਹ ਭਾਜਪਾ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਦਰਮਿਆਨ ਗੱਲਬਾਤ ਰਾਹੀਂ ਕਿਸਾਨ ਮਸਲਿਆਂ ਅਤੇ ਖੇਤੀ ਕਾਨੂੰਨਾਂ ਨੂੰ ਲੈ ਕੇ ਚੱਲ ਰਹੇ ਟਕਰਾਅ ਦਾ ਹੱਲ ਲੱਭਣ ਲਈ ਕੋਸ਼ਿਸ਼ਾਂ ਕਰ ਰਹੇ ਹਨ ਤੇ ਇਸ ਮੰਤਵ ਲਈ ਉਨਾਂ ਵਲੋਂ ਕੁਝ ਕਿਸਾਨ ਆਗੂਆਂ ਤੋਂ ਇਲਾਵਾ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਨਾਲ ਵੀ ਬਕਾਇਦਾ ਰਾਬਤਾ ਰੱਖਿਆ ਜਾ ਰਿਹਾ ਹੈ। ਚਰਚਾ ਇਹ ਵੀ ਹੈ ਕਿ ਕੈਪਟਨ ਖੇਤੀ ਕਾਨੂੰਨਾਂ ਦੇ ਮੁੱਦੇ ਦਾ ਹੱਲ ਹੋਣ ਤੋਂ ਤੁਰੰਤ ਬਾਅਦ ਆਪਣੀ ਨਵੀਂ ਸਿਆਸੀ ਪਾਰਟੀ ਦੇ ਗਠਨ ਦਾ ਐਲਾਨ ਕਰਨਾ ਚਾਹੁੰਦੇ ਹਨ।

# ਲਖੀਮਪੁਰ ਮਾਮਲੇ 'ਚ ਸੁਪਰੀਮ ਕੋਰਟ ਯੋਗੀ ਸਰਕਾਰ ਤੋਂ ਔਖੀ

## ਦੇਰੀ ਨਾਲ ਰਿਪੋਰਟ ਦਾਖ਼ਲ ਕਰਵਾਉਣ 'ਤੇ ਕੀਤੀ ਝਾੜ-ਝੰਬ

**ਨਵੀਂ ਦਿੱਲੀ/ਏ.ਟੀ.ਨਿਊਜ਼ :** ਲਖੀਮਪੁਰ ਖੀਰੀ ਹਿੰਸਾ ਮਾਮਲੇ 'ਚ ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਵਲੋਂ ਸਥਿਤੀ ਰਿਪੋਰਟ ਦਾਖ਼ਲ ਕਰਵਾਉਣ ਵਿਚ ਹੋਈ ਦੇਰੀ 'ਤੇ ਸੂਬਾ ਸਰਕਾਰ ਦੀ ਝਾੜ-ਝੰਬ ਕਰਦਿਆਂ ਕਿਹਾ ਕਿ ਅਦਾਲਤ ਰਾਤ 1 ਵਜੇ ਤੱਕ ਇੰਤਜ਼ਾਰ ਕਰਦੀ ਰਹੀ ਜਦਕਿ ਰਿਪੋਰਟ ਹੁਣੇ (ਸੁਣਵਾਈ ਤੋਂ ਕੁਝ ਦੇਰ ਪਹਿਲਾਂ) ਮਿਲੀ ਹੈ ਜਦਕਿ ਪਿਛਲੀ ਸੁਣਵਾਈ ਵਿਚ ਹੀ ਕਿਹਾ ਗਿਆ ਸੀ ਕਿ ਘੱਟੋ-ਘੱਟ ਇਕ ਦਿਨ ਪਹਿਲਾਂ ਸਥਿਤੀ ਰਿਪੋਰਟ ਦਾਖ਼ਲ ਕੀਤੀ ਜਾਵੇ। ਸੂਬਾ ਸਰਕਾਰ ਵਲੋਂ ਪੇਸ਼ ਹੋਏ ਵਕੀਲ ਹਰੀਸ਼ ਸਾਲਵੇ ਨੇ ਮਾਮਲੇ ਦੀ ਸੁਣਵਾਈ ਸ਼ੁੱਕਰਵਾਰ ਤੱਕ ਟਾਲਣ ਦੀ ਅਪੀਲ ਕੀਤੀ ਪਰ ਅਦਾਲਤ ਨੇ ਇਸ ਨੂੰ ਖ਼ਾਰਜ ਕਰਦਿਆਂ ਰਿਪੋਰਟ ਨੂੰ ਨਾਲੋ-ਨਾਲ ਪੜਦਿਆਂ ਸੁਣਵਾਈ ਕੀਤੀ। ਚੀਫ਼ ਜਸਟਿਸ ਐੱਨ.ਵੀ. ਰਮੰਨਾ ਅਤੇ ਹਿਮਾ ਕੋਹਲੀ ਦੇ ਬੈਂਚ ਨੇ ਸੁਣਵਾਈ ਕਰਦਿਆਂ ਕਿਹਾ ਕਿ ਉੱਤਰ ਪ੍ਰਦੇਸ਼ ਸਰਕਾਰ ਘਟਨਾ ਦੀ ਜਾਂਚ ਤੋਂ ਆਪਣੇ ਪੈਰ ਪਿੱਛੇ ਖਿੱਚ ਰਹੀ ਹੈ। ਅਦਾਲਤ ਨੇ ਸਿਰਫ 44 ਲੋਕਾਂ ਦੀ ਗਵਾਹੀ ਲੈਣ 'ਤੇ ਵੀ ਸੂਬਾ ਸਰਕਾਰ ਨੂੰ ਸਵਾਲ ਪੁੱਛਦਿਆਂ ਕਿਹਾ ਕਿ ਬਾਕੀ ਚਸ਼ਮਦੀਦਾਂ ਦੀ ਗਵਾਹੀ ਕਿਉਂ ਨਹੀਂ ਲਈ ਗਈ। ਇਸ ਦੇ ਨਾਲ ਹੀ ਅਦਾਲਤ ਨੇ ਸੁਰੱਖਿਆ ਯਕੀਨੀ



ਬਣਾਉਣ ਦੇ ਸੂਬਾ ਸਰਕਾਰ ਨੂੰ ਆਦੇਸ਼ ਦਿੱਤੇ, ਜਿਸ 'ਤੇ ਸਾਲਵੇ ਨੇ ਕਿਹਾ ਕਿ ਪੁੱਛਗਿੱਛ ਦਾ ਅਮਲ ਜਾਰੀ ਹੈ। ਅਦਾਲਤ ਨੇ ਹੁਣ ਤੱਕ ਹੋਈਆਂ ਗ੍ਰਿਫ਼ਤਾਰੀਆਂ ਅਤੇ ਪ੍ਰਸ਼ਾਸਨ ਵਲੋਂ ਚੁੱਕੇ ਹੋਰ ਕਦਮਾਂ ਦਾ ਵੇਰਵਾ ਮੰਗਦਿਆਂ ਕਿਹਾ ਕਿ ਹੁਣ ਤੱਕ ਕਿੰਨੇ ਲੋਕ ਨਿਆਂਇਕ ਹਿਰਾਸਤ ਵਿਚ ਹਨ ਅਤੇ ਕਿੰਨੇ ਪੁਲਿਸ ਹਿਰਾਸਤ 'ਚ, ਜਿਸ 'ਤੇ ਉੱਤਰ ਪ੍ਰਦੇਸ਼ ਸਰਕਾਰ ਵਲੋਂ ਦੱਸਿਆ ਗਿਆ ਕਿ 4 ਦੋਸ਼ੀ ਪੁਲਿਸ ਹਿਰਾਸਤ ਵਿਚ ਅਤੇ 6 ਦੋਸ਼ੀ ਪਹਿਲਾਂ ਪੁਲਿਸ ਹਿਰਾਸਤ 'ਚ ਸਨ ਅਤੇ ਹੁਣ ਨਿਆਂਇਕ ਹਿਰਾਸਤ ਵਿਚ ਹਨ। ਅਦਾਲਤ ਨੇ ਹਿਰਾਸਤ ਵਿਚ ਰੱਖੇ ਵਿਅਕਤੀਆਂ ਬਾਰੇ ਪੁੱਛਦਿਆਂ ਕਿਹਾ ਕਿ ਜੋ ਦੋਸ਼ੀ ਇਸ ਵੇਲੇ ਨਿਆਂਇਕ ਹਿਰਾਸਤ ਵਿਚ ਹਨ ਕੀ ਉਨਾਂ ਦੀ ਪੁਲਿਸ ਹਿਰਾਸਤ ਦੀ ਲੋੜ ਨਹੀਂ ਹੈ? ਜਿਸ 'ਤੇ ਸੂਬਾ ਸਰਕਾਰ ਨੇ 70 ਤੋਂ ਜ਼ਿਆਦਾ ਵੀਡੀਓ ਮਿਲਣ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨਾਂ ਤੋਂ ਪੁੱਛਗਿੱਛ ਹੋ ਚੁੱਕੀ ਹੈ। ਅਦਾਲਤ ਨੇ ਮੈਜਿਸਟ੍ਰੇਟ ਦੇ ਸਾਹਮਣੇ ਛੇਤੀ ਤੋਂ ਛੇਤੀ ਪੀੜਤਾਂ ਦੇ ਬਿਆਨ ਦਰਜ ਕਰਵਾਉਣ ਲਈ ਵੀ ਕਿਹਾ। ਸੁਪਰੀਮ ਕੋਰਟ ਨੇ ਮਾਮਲੇ ਦੀ ਸੁਣਵਾਈ 26 ਅਕਤੂਬਰ ਤੱਕ ਲਈ ਅੱਗੇ ਪਾ ਦਿੱਤੀ।

# ਨਸ਼ੇ ਦੇ ਵੱਡੇ ਤਸਕਰਾਂ ਨੂੰ ਬਚਾ ਰਿਹੈ ਹੈ ਕੇਂਦਰ : ਰੰਧਾਵਾ



**ਦੀਨਾਨਗਰ/ਏ.ਟੀ.ਨਿਊਜ਼ :** ਸੂਬੇ ਦੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਵੱਡਾ ਹਮਲਾ ਕੀਤਾ ਹੈ। ਉਨਾਂ ਨੇ ਦੋਸ਼ ਲਾਏ ਹਨ ਕਿ ਨਸ਼ੇ ਦੇ ਮਾਮਲੇ ਵਿਚ ਸੂਬੇ ਨੂੰ ਬਦਨਾਮ ਕਰਨ ਵਾਲੀ ਕੇਂਦਰ ਸਰਕਾਰ ਨਸ਼ੇ ਦੇ ਵੱਡੇ ਮਗਰਮੱਛਾਂ ਦੀ ਸਰਪ੍ਰਸਤੀ ਕਰ ਰਹੀ ਹੈ। ਉਨਾਂ ਨੇ ਕੇਂਦਰ ਸਰਕਾਰ ਵੱਲੋਂ ਬੀਐੱਸਐੱਫ ਦੇ ਅਧਿਕਾਰ ਖੇਤਰ ਵਿਚ ਵਾਧਾ ਕਰਨ ਦਾ ਸਖ਼ਤ ਵਿਰੋਧ ਕਰਦਿਆਂ ਕਿਹਾ ਕਿ ਕੇਂਦਰ ਬੀਐੱਸਐੱਫ ਨੂੰ 50 ਕਿਲੋਮੀਟਰ ਤਕ ਕਾਰਵਾਈ ਦੀਆਂ ਸ਼ਕਤੀਆਂ ਦੇਣ ਦੀ ਬਜਾਏ ਸਰਹੱਦ 'ਤੇ ਪੁਖ਼ਤਾ ਪ੍ਰਬੰਧ ਕਰੇ ਤਾਂ ਕਿ ਡਰੋਨਾਂ ਜਾਂ ਹੋਰਨਾਂ ਤਰੀਕਿਆਂ ਨਾਲ ਨਸ਼ਾ ਜਾਂ ਹਥਿਆਰ ਭਾਰਤ ਵਿਚ ਦਾਖ਼ਲ ਨਾ ਹੋ ਸਕਣ। ਉਨਾਂ ਨੇ ਆਖਿਆ ਕਿ ਪੰਜਾਬੀਆਂ ਨੂੰ ਕਿਸੇ ਕੋਲੋਂ ਦੇਸ਼ਭਗਤੀ ਦੇ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਕਿਉਂਕਿ ਸਰਹੱਦੀ ਖੇਤਰ ਦੇ ਲੋਕਾਂ ਵਿਚ ਦੇਸ਼ਭਗਤੀ ਦੀ ਭਾਵਨਾ ਹੋਰਨਾਂ ਨਾਲੋਂ ਵੱਧ ਹੈ।

# ਮਨਜਿੰਦਰ ਸਿਰਸਾ ਵਲੋਂ ਗੁਰਦੁਆਰਿਆਂ ਦੇ ਫੰਡਾਂ ਦੀ ਦੁਰਵਰਤੋਂ ਬੰਦ ਕੀਤੀ ਜਾਏ ਨਹੀਂ ਤਾ ਹੋਵੇਗਾ ਸਖ਼ਤ ਵਿਰੋਧ ਮੁਜਾਹਿਰਾ: ਸ਼੍ਰੋਮਣੀ ਅਕਾਲੀ ਦਲ ਦਿੱਲੀ

## ਪੰਜਾਬੀ ਭਾਸ਼ਾ ਪੜ੍ਹਨ ਤੇ ਲਿਖਣ ਵਿਚ ਫੇਲ੍ਹ ਹੋਏ ਸਿਰਸਾ ਨੂੰ ਡੀਐਸਜੀਐਮਸੀ ਚਲਾਉਣ ਦਾ ਕੋਈ ਹੱਕ ਨਹੀਂ



**ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ:** ਦਿੱਲੀ ਹਾਈਕੋਰਟ ਨੇ ਡੀਐਸਜੀਐਮਸੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੂੰ ਕਮੇਟੀ ਚੋਂ ਬਾਹਰ ਨਿਕਾਲੇ ਜਾਣ ਦੇ ਮਾਮਲੇ ਦੀ ਸੁਣਵਾਈ ਕਰਦੇ ਹੋਏ ਫੈਸਲੇ ਦੀ ਤਰੀਕ ਅਗਲੇ ਮਹੀਨੇ ਦੇ ਦਿੱਤੀ ਹੈ। ਦੱਸਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ, ਦਿੱਲੀ ਦੇ ਮੁੱਖੀ ਮਨਜਿੰਦਰ ਸਿੰਘ ਸਿਰਸਾ ਨੂੰ ਪਿਛਲੀ ਡੀਐਸਜੀਐਮਸੀ ਚੋਣਾਂ ਵਿੱਚ ਹਰਵਿੰਦਰ ਸਿੰਘ ਸਰਨਾ ਨੇ ਉਨ੍ਹਾਂ ਦੇ ਪੰਜਾਬੀ ਬਾਗ ਵਾਰਡ ਵਿੱਚ ਹਰਾਇਆ ਸੀ। ਇਸ ਤੋਂ ਬਾਅਦ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਸਿਰਸਾ ਨੇ ਸ਼੍ਰੋਮਣੀ ਕਮੇਟੀ ਸੀਟ ਲਈ ਪਿੱਛਲੇ ਦਰਵਾਜ਼ੇ ਰਾਹੀਂ ਐਂਟਰੀ ਕੀਤੀ। ਪਰ ਸਿਰਸਾ ਡੀਐਸਜੀਐਮਸੀ ਵੱਲੋਂ ਕਰਵਾਏ ਗੁਰਮੁਖੀ ਟੈਸਟ ਵਿੱਚ ਫੇਲ ਹੋ ਗਿਆ। ਹੁਣ ਮਾਮਲਾ ਅਦਾਲਤ ਤੱਕ ਪਹੁੰਚ ਗਿਆ ਹੈ, ਜਿੱਥੇ ਸਿਰਸਾ 'ਤੇ ਸੁਣਵਾਈ ਦਾ ਡਰ ਘੁੰਮ ਰਿਹਾ ਹੈ।

ਇਸ ਸਮੁੱਚੇ ਮਾਮਲੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਹਰਵਿੰਦਰ ਸਿੰਘ ਸਰਨਾ ਨੇ ਜਵਾਬ ਦਿੱਤਾ। ਸਰਨਾ ਅਨੁਸਾਰ ਅਦਾਲਤ ਦੀ ਤਰੀਕ ਵਧਾਏ ਜਾਣ ਕਾਰਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਾਫੀ ਨੁਕਸਾਨ ਹੋ ਰਿਹਾ ਹੈ। ਸਿਰਸਾ ਅਤੇ ਇਸ ਦੀ ਪਾਰਟੀ ਦੇ ਲੋਕ ਰੋਜ਼ਾਨਾ 24 ਲੱਖ ਰੁਪਏ ਤੋਂ ਵੱਧ ਖਰਚ ਕਰਕੇ ਆਪਣੀ ਸਿਆਸੀ ਜਾਨ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਹੁਣ ਦਿੱਲੀ ਗੁਰਦੁਆਰਾ ਦੀ ਨਵੀਂ ਕਮੇਟੀ ਬਣਾਈ ਜਾਣੀ ਹੈ। ਬਾਦਲ ਸਿਰਸੇ ਨਾਲ ਮਿਲ ਕੇ ਬਹੁਤ ਵੱਡੀ ਰਕਮ ਉਡਾ ਰਹੇ ਹਨ। ਸਿਰਸਾ ਨੇ ਆਪਣੇ ਮੈਂਬਰਾਂ ਨੂੰ 5 ਸਿਤਾਰਾ ਮਹਿੰਗੇ ਰਿਜ਼ੋਰਟਸ ਵਿੱਚ ਬਿਠਾਇਆ, ਜਿਸ 'ਤੇ ਕਰੋੜਾਂ ਰੁਪਏ ਉੱਡ ਰਹੇ ਹਨ ਜੋ ਕਿ ਕਾਫ਼ੀ ਸ਼ਰਮਨਾਕ ਹੈ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁਖੀ ਹਰਵਿੰਦਰ ਸਰਨਾ ਦਾ ਕਹਿਣਾ ਹੈ ਕਿ ਬਾਦਲਾਂ ਨੂੰ ਸੰਗਤ ਨੇ ਨਕਾਰ ਦਿੱਤਾ ਸੀ। ਉਹ ਚੋਣਾਂ ਵਿਚ ਬੁਰੀ ਤਰ੍ਹਾਂ ਹਾਰ ਗਏ ਸਨ। ਜਿਨ੍ਹਾਂ ਨੂੰ ਪੰਜਾਬੀ ਭਾਸ਼ਾ ਪੜ੍ਹਨਾ ਤੇ ਲਿਖਣਾ ਵੀ ਨਹੀਂ ਆਉਂਦਾ। ਕੀ ਉਹਨਾਂ ਨੂੰ ਡੀਐਸਜੀਐਮਸੀ ਚਲਾਉਣ ਦਾ ਹੱਕ ਹੈ?

ਸਰਨਾ ਨੇ ਬਾਦਲਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਗੁਰਦੁਆਰੇ ਦੇ ਫੰਡਾਂ ਦੀ ਦੁਰਵਰਤੋਂ ਰੋਕਣ, ਨਹੀਂ ਤਾਂ ਉਨ੍ਹਾਂ ਨੂੰ ਦਿੱਲੀ ਤੋਂ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ।

# ਬੇਅਦਬੀ ਦੇ ਦੋਸ਼ੀ ਨੂੰ ਸੋਧਣ ਵਾਲਾ ਸਰਬਜੀਤ ਸਿੰਘ ਮੋਨੇ ਤੋਂ ਬਣਿਆ ਸੀ ਨਿਹੰਗ

**ਬਟਾਲਾ/ਏ.ਟੀ.ਨਿਊਜ਼ :** ਦਿੱਲੀ ਦੇ ਬਾਰਡਰ 'ਤੇ ਲੰਘੇ ਦਿਨੀਂ ਧਾਰਮਿਕ ਗ੍ਰੰਥ ਦੀ ਬੇਅਦਬੀ ਕਰਨ ਵਾਲੇ ਲਖਬੀਰ ਸਿੰਘ ਦਾ ਕਤਲ ਕਰਨ ਵਾਲੇ ਨਿਹੰਗ ਸਰਬਜੀਤ ਸਿੰਘ ਦੇ ਪਿਛੋਕੜ ਸਬੰਧੀ ਹੈਰਾਨੀਜਨਕ ਗੱਲਾਂ ਸਾਹਮਣੇ ਆਈਆਂ ਹਨ। ਕਰੀਬ ਦੋ ਸਾਲ ਪਹਿਲਾਂ ਘਰੋਂ ਗਿਆ ਤੇ ਥੋੜਾ ਸਮਾਂ ਪਹਿਲਾਂ ਨਿਹੰਗ ਬਣਿਆ ਸਰਬਜੀਤ ਸਿੰਘ ਪਹਿਲਾਂ ਕਲੀਨਸ਼ੇਵ ਸੀ। ਉਹ ਬਟਾਲਾ ਦੀ ਸੁਖਮਨੀ ਕਲੋਨੀ 'ਚ ਮਾਮਾ ਜੱਗਾ ਸਿੰਘ ਦੇ ਘਰ ਰਹਿੰਦਾ ਸੀ। ਸਰਬਜੀਤ ਸਿੰਘ ਨੂੰ ਇੱਕ ਮਹੀਨੇ ਦੀ ਉਮਰ ਵਿੱਚ ਨਾਨਕਾ ਪਰਿਵਾਰ ਆਪਣੇ ਕੋਲ ਲੈ ਆਇਆ ਸੀ। ਪਰਿਵਾਰਕ ਜੀਅ ਦਿੱਲੀ ਵਾਲੀ ਘਟਨਾ ਤੋਂ ਹੈਰਾਨ ਹਨ। ਉਨਾਂ ਲਖਬੀਰ ਸਿੰਘ ਨੂੰ ਦਿੱਤੀ ਸਜ਼ਾ ਨੂੰ ਜਾਇਜ਼ ਵੀ ਠਹਿਰਾਇਆ ਹੈ। ਪਰਿਵਾਰਕ ਜੀਆਂ ਨੇ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਦੀ ਮੰਗ ਕੀਤੀ ਹੈ। ਸਰਬਜੀਤ ਸਿੰਘ ਦੀ ਨਾਨੀ ਬਚਨ ਕੌਰ



ਨੇ ਦੱਸਿਆ ਕਿ ਸਰਬਜੀਤ ਪਿੰਡ ਵਿੱਠਵਾਂ (ਸ੍ਰੀ ਹਰਗੋਬਿੰਦਪੁਰ) ਤੋਂ ਹੈ, ਪਰ ਸਿਰਫ਼ ਇੱਕ ਮਹੀਨੇ ਦੀ ਉਮਰ ਵਿੱਚ ਉਹ ਉਸ ਨੂੰ ਨਾਨਕੇ ਘਰ ਪਿੰਡ ਖੁਜਾਲਾ ਲੈ ਆਏ ਸਨ। ਉਹ ਬਚਪਨ ਤੋਂ ਸਾਊ ਸੁਭਾਅ ਦਾ ਸੀ ਪਰ ਧੱਕੇਸ਼ਾਹੀ ਤੇ ਅਨਿਆਂ ਬਰਦਾਸ਼ਤ ਨਹੀਂ ਸੀ ਕਰਦਾ। ਮਾਮੀ ਪਲਵਿੰਦਰ ਕੌਰ ਨੇ ਦੱਸਿਆ ਕਿ 2007 ਵਿੱਚ ਉਸ ਦਾ ਵਿਆਹ ਕਰ ਦਿੱਤਾ ਪਰ ਉਸ ਦੇ ਅੱਖੜ ਸੁਭਾਅ ਕਾਰਨ ਪਤਨੀ ਨਾਲ ਕਰੀਬ ਦੋ ਸਾਲਾਂ ਬਾਅਦ ਹੀ ਤਲਾਕ ਹੋ ਗਿਆ ਸੀ। ਕਰੀਬ ਦੋ ਸਾਲ ਪਹਿਲਾਂ ਉਹ ਨਾਂਦੇੜ ਸਾਹਿਬ ਸਮੇਤ ਹੋਰ ਗੁਰਧਾਮਾਂ 'ਤੇ ਅਕਸਰ ਜਾਂਦਾ ਰਿਹਾ। ਮਾਮਾ ਜੱਗਾ ਸਿੰਘ ਨੇ ਦੱਸਿਆ ਕਿ ਉਨਾਂ ਨੂੰ ਟੀ ਵੀ ਚੈਨਲਾਂ ਤੋਂ ਹੀ ਘਟਨਾ ਸਬੰਧੀ ਜਾਣਕਾਰੀ ਮਿਲੀ ਹੈ। ਉਨਾਂ ਦੱਸਿਆ ਕਿ ਦੋ ਦਿਨ ਪਹਿਲਾਂ ਬਟਾਲਾ ਪੁਲਿਸ ਨੇ ਸਰਬਜੀਤ ਸਿੰਘ ਦੇ ਅਤੀਤ ਸਣੇ ਹੋਰ ਵੇਰਵੇ ਇਕੱਤਰ ਕੀਤੇ। ਜੱਗਾ ਸਿੰਘ ਮੁਲਜ਼ਮ ਲਖਬੀਰ ਸਿੰਘ ਵੱਲੋਂ ਜਿਹੜੇ ਹੋਰ ਨਾਵਾਂ ਦਾ ਖ਼ੁਲਾਸਾ ਕੀਤਾ ਗਿਆ ਹੈ, ਦੀ ਭਾਲ 'ਤੇ ਜ਼ੋਰ ਦਿੱਤਾ।

# ਦੇਸ਼ ਭਗਤ ਕਦੇ ਪੰਥ-ਪ੍ਰਸਤ ਨਹੀਂ ਹੋ ਸਕਦਾ : ਦਲ ਖਾਲਸਾ

**ਜਲੰਧਰ /ਏ.ਟੀ.ਨਿਊਜ਼:** ਦਲ ਖਾਲਸਾ ਦਾ ਮੰਨਣਾ ਹੈ ਕਿ ਜਿਹੜਾ ਵਿਅਕਤੀ ਭਾਜਪਾ ਦੀ ਨਜਰ ਵਿੱਚ ਦੇਸ਼ ਭਗਤ ਹੈ ਉਹ ਕਦੇ ਪੰਥ-ਪ੍ਰਸਤ ਅਤੇ ਪੰਜਾਬ-ਹਿਤੈਸ਼ੀ ਨਹੀਂ ਹੋ ਸਕਦਾ।

ਸਿੱਖ ਜਥੇਬੰਦੀ ਨੇ ਇਹ ਟਿੱਪਣੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਉਣ ਵਾਲੀਆਂ ਅਸੈਂਬਲੀ ਚੋਣਾਂ ਵਿੱਚ ਭਾਜਪਾ ਨਾਲ ਹੱਥ ਮਿਲਾਉਣ ਦੇ ਕੀਤੇ ਐਲਾਨ ਦੇ ਜੁਆਬ ਵਿੱਚ ਹਿੰਦੂਤਵੀ ਪਾਰਟੀ ਵਲੋਂ ਅਮਰਿੰਦਰ ਨੂੰ ਭਾਰਤ ਦਾ ਸੱਚਾ ਦੇਸ਼ ਭਗਤ ਆਖਣ 'ਤੇ ਆਪਣੇ ਪ੍ਰਤੀਕਰਮ ਵਜੋਂ ਕੀਤੀ ਹੈ।

ਦਲ ਖ਼ਾਲਸਾ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਭਾਜਪਾ ਨਾਲ ਹੱਥ ਮਿਲਾਉਣ ਵਾਲਾ ਵਿਅਕਤੀ ਕਦੇ ਵੀ ਪੰਜਾਬ ਜਾਂ ਪੰਥ ਹਿਤੈਸ਼ੀ ਨਹੀਂ ਹੋ ਸਕਦਾ।

ਉਨਾਂ ਸਖਤ ਟਿਪਣੀ ਕਰਦਿਆਂ ਕਿਹਾ ਕਿ ਫਾਸੀਵਾਦੀ ਤੇ ਫਿਰਕੂ ਸੋਚ ਵਾਲੀ ਭਾਜਪਾ ਦੀ ਦੇਸ਼ ਭਗਤੀ ਦੀ ਪਰਿਭਾਸ਼ਾ 'ਤੇ ਖਰਾ ਉਤਰਣ ਵਾਲਾ ਵਿਅਕਤੀ ਆਪਣੇ ਖ਼ਿੱਤੇ, ਧਰਮ, ਵਿਸ਼ਵਾਸ ਅਤੇ ਵੱਖਰੀ ਪਛਾਣ ਪ੍ਰਤੀ ਵਫ਼ਾਦਾਰ ਨਹੀਂ ਹੋ ਸਕਦਾ। ਉਨਾਂ ਕਿਹਾ ਕਿ ਪੰਥ ਪ੍ਰਸਤਾਂ ਦੀ ਨਜ਼ਰ ਵਿੱਚ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਜਾਂ ਬਾਦਲ ਦੀ ਅਗਵਾਈ ਵਾਲਾ ਅਕਾਲੀ ਦਲ ਸਾਰੇ ਇੱਕੋ ਡਾਲ ਦੇ ਪੰਛੀ ਹਨ।

ਉਨਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਕੈਪਟਨ ਹਮੇਸ਼ਾ ਹੀ ਪੰਜਾਬ ਵਿੱਚ ਭਾਰਤੀ ਨਿਜਾਮ ਦੇ ਚਹੇਤੇ ਰਹੇ ਹਨ ਕਿਉਂਕਿ



ਅਮਰਿੰਦਰ ਨਾ ਸਿਰਫ ਪੁਲਿਸ ਤੇ ਸੁਰਖਿਆ ਏਜੰਸੀਆਂ ਰਾਹੀ ਸਿੱਖਾਂ ਦੀਆਂ ਜਾਇਜ਼ ਇੱਛਾਵਾਂ ਨੂੰ ਦਬਾਉਣ ਵਿੱਚ ਸਹਾਈ ਹੋਏ, ਬਲਕਿ ਭਾਜਪਾ ਦੇ ਪਾਕਿਸਤਾਨ ਅਤੇ ਮੁਸਲਿਮ ਵਿਰੋਧੀ ਬਿਰਤਾਂਤ ਨੂੰ ਪ੍ਰਚਾਰਣ-ਪ੍ਰਸਾਰਣ ਵਿੱਚ ਵੀ ਮਦਦਗਾਰ ਰਹੇ ਹਨ।

ਪਰਮਜੀਤ ਮੰਡ ਨੇ ਕੈਪਟਨ ਅਮਰਿੰਦਰ 'ਤੇ ਭਾਜਪਾ ਸਰਕਾਰ ਦੀ ਸੁਰਖਿਆ ਨੀਤੀ ਨੂੰ ਵਡਿਆਉਣ ਤੇ ਪ੍ਰਚਾਰਣ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਪੰਜਾਬ ਦੇ ਲੋਕ ਭਾਜਪਾ ਨਾਲ ਤੁਹਾਡੇ ਰਿਸ਼ਤੇ ਨੂੰ ਭਲੀਭਾਂਤ ਸਮਝਦੇ ਹਨ।

ਕੈਪਟਨ ਨੂੰ ਸੰਬੋਧਨ ਹੁੰਦਿਆਂ ਮੰਡ ਨੇ ਕਿਹਾ ਕਿ ਤੁਸੀਂ ਵਾਰ-ਵਾਰ ਪਾਕਿਸਤਾਨ ਖਿਲਾਫ਼ ਬਿਆਨਬਾਜ਼ੀ ਕਰਕੇ ਕਰਤਾਰਪੁਰ ਲਾਂਘੇ ਦੇ ਨਿਰਮਾਣ ਵਿੱਚ ਅੜਿੱਕੇ ਖੜੇ ਕੀਤੇ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਕੈਨੇਡਾ ਦੇ ਜਸਟਿਨ ਟਰੂਡੋ ਦੇ ਖਿਲਾਫ ਬੋਲ-ਕੁਬੋਲ ਬੋਲੇ, ਭਾਰਤੀ ਹਥਿਆਰਬੰਦ ਫੌਜਾਂ ਦੁਆਰਾ ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਵੀ ਜਾਇਜ਼ ਠਹਿਰਾਇਆ, ਖਾਸ ਕਰਕੇ ਉਸ ਗੈਰ-ਮਨੁੱਖੀ ਕਾਰੇ ਬਾਰੇ ਤੁਹਾਡਾ ਨਜ਼ਰੀਆ ਬਿਲਕੁਲ ਭਾਜਪਾ ਵਾਲਾ ਹੀ ਸੀ ਜਿਸ ਵਿੱਚ ਭਾਰਤੀ ਫੌਜ ਦੇ ਅਧਿਕਾਰੀ ਨੇ ਆਪਣੀ ਜੀਪ ਦੇ ਅੱਗੇ ਇੱਕ ਕਸ਼ਮੀਰੀ ਨੂੰ ਢਾਲ ਵਜੋਂ ਬੰਨਿਆ ਸੀ।

ਮੰਡ ਨੇ ਕਿਹਾ ਕਿ ਕੈਪਟਨ ਦੇ ਇਹ ਸਾਰੇ ਬਿਆਨ ਭਾਜਪਾ ਅਤੇ ਦਿੱਲੀ ਦੇ ਹਾਕਮਾਂ ਨੂੰ ਖੁਸ਼ ਕਰਨ ਲਈ ਸਨ ।

# ਕੇਂਦਰ ਪ੍ਰਵਾਸੀ ਪੰਜਾਬੀਆਂ ਦੀ ਸਹੂਲਤ ਵੱਲ ਨਹੀਂ ਦੇ ਰਿਹਾ ਧਿਆਨ

## ਕੈਨੇਡਾ, ਆਸਟ੍ਰੇਲੀਆ ਤੇ ਅਮਰੀਕਾ ਲਈ ਚੰਡੀਗੜ ਤੋਂ ਸਿੱਧੀ ਫਲਾਈਟ ਹਾਲੇ ਵੀ ਸੁਪਨਾ

**ਚੰਡੀਗੜ/ਏ.ਟੀ.ਨਿਊਜ਼ :** ਭਾਰਤ ਵਿਚ ਜਿਹੜੇ ਏਅਰਪੋਰਟਸ 'ਤੇ ਤੇਜ਼ੀ ਨਾਲ ਯਾਤਰੀਆਂ ਦੀ ਗਿਣਤੀ ਵਿਚ ਇਜ਼ਾਫ਼ਾ ਹੋ ਰਿਹਾ ਹੈ, ਉਨਾਂ ਵਿਚ ਚੰਡੀਗੜ ਇੰਟਰਨੈਸ਼ਨਲ ਏਅਰਪੋਰਟ ਦਾ ਨੰਬਰ ਮੋਹਰੀ ਹੈ। ਕੋਰੋਨਾ ਕਾਲ ਤੋਂ ਪਹਿਲਾਂ ਏਅਰਪੋਰਟ ਤੋਂ ਹਰ ਸਾਲ ਡੇਢ ਲੱਖ ਯਾਤਰੀਆਂ ਦਾ ਇਜ਼ਾਫ਼ਾ ਹੋ ਰਿਹਾ ਸੀ। ਸਾਲ 2003 ਵਿਚ ਜਿੱਥੇ ਚੰਡੀਗੜ ਇੰਟਰਨੈਸ਼ਨਲ ਫਲਾਈਟ 'ਤੇ ਯਾਤਰੀ ਗਿਣਤੀ ਤਿੰਨ ਲੱਖ ਦੇ ਕਰੀਬ ਸੀ, ਉੱਥੇ ਹੀ ਸਾਲ 2018 ਵਿਚ ਇਹ ਗਿਣਤੀ 20 ਲੱਖ ਪਹੁੰਚ ਗਈ ਸੀ।

ਬਾਵਜੂਦ ਕੈਨੇਡਾ, ਯੂਰਪ, ਅਮਰੀਕਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਲਈ ਹੁਣ ਤਕ ਇੰਟਰਨੈਸ਼ਨਲ ਫਲਾਈਟ ਸ਼ੁਰੂ ਨਹੀਂ ਹੋਈ ਹੈ। ਪਹਿਲਾਂ ਜਿੱਥੇ ਏਅਰਪੋਰਟ ਅਥਾਰਟੀ ਇਨਾਂ ਦੇਸ਼ਾਂ ਲਈ ਫਲਾਈਟਸ ਸ਼ੁਰੂ ਨਾ ਹੋਣ ਪਿੱਛੇ ਛੋਟੇ ਰਨਵੇ ਨੂੰ ਵਜਾ ਦੱਸਦਾ ਸੀ, ਉੱਥੇ ਹੀ ਸਾਲ 2019 ਵਿਚ ਹੀ ਰਨਵੇ ਦੀ ਲੰਬਾਈ ਨੂੰ 12,500 ਕਰ ਦਿੱਤਾ ਸੀ, ਪਰ ਅਜੇ ਤਕ ਇਨਾਂ ਦੇਸ਼ਾਂ ਲਈ ਕੋਈ ਸਿੱਧੀ ਫਲਾਈਟ ਏਅਰਪੋਰਟ ਤੋਂ ਸ਼ੁਰੂ ਨਹੀਂ ਹੋਈ ਹੈ

ਪੰਜਾਬ ਅਤੇ ਹਰਿਆਣਾ ਦਾ ਰਾਜਧਾਨੀ ਚੰਡੀਗੜ ਤੋਂ ਉਕਤ ਦੇਸ਼ਾਂ ਲਈ ਸਿੱਧੀ ਫਲਾਈਟ ਨਾ ਹੋਣਾ ਹੈਰਾਨੀ ਦੀ ਗੱਲ ਹੈ। ਕਿਉਂਕਿ ਪੰਜਾਬ ਦੇ ਜ਼ਿਆਦਾਤਰ ਲੋਕ ਉਕਤ ਦੇਸ਼ਾਂ ਵਿਚ ਰਹਿੰਦੇ ਹਨ। ਅਜਿਹੇ ਵਿਚ ਜੇਕਰ ਚੰਡੀਗੜ ਤੋਂ ਸਿੱਧੀ ਫਲਾਈਟ ਦੀ ਸਹੂਲਤ ਦਿੱਤੀ ਜਾਵੇ ਤਾਂ ਏਅਰਪੋਰਟ 'ਤੇ ਯਾਤਰੀਆਂ ਦੀ ਗਿਣਤੀ ਵਿਚ ਕਈ ਗੁਣਾ ਇਜ਼ਾਫ਼ਾ ਹੋ ਜਾਵੇਗਾ।

ਸਾਬਕਾ ਨਾਗਰਿਕ ਅਤੇ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਆਪਣੇ ਚੰਡੀਗੜ ਦੌਰਿਆਂ ਦੌਰਾਨ ਹਮੇਸ਼ਾ ਇਸ ਗੱਲ ਦਾ ਭਰੋਸਾ ਦਿੱਤਾ ਕਿ ਜਲਦ ਤੋਂ ਜਲਦ ਉਹ ਜਹਾਜ਼ ਕੰਪਨੀਆਂ ਨਾਲ ਗੱਲਬਾਤ ਕਰ ਕੇ ਚੰਡੀਗੜ ਇੰਟਰਨੈਸ਼ਨਲ ਏਅਰਪੋਰਟ ਤੋਂ ਕੈਨੇਡਾ, ਯੂਰਪ, ਅਮਰੀਕਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਲਈ ਫਲਾਈਟ ਸ਼ੁਰੂ ਕਰਵਾਉਣਗੇ। ਬਾਵਜੂਦ ਇਨਾਂ ਦੇਸ਼ਾਂ ਲਈ ਕੋਈ ਇੰਟਰਨੈਸ਼ਨਲ ਫਲਾਈਟ ਸ਼ੁਰੂ ਨਹੀਂ ਹੋ ਸਕੀ। ਕਾਂਗਰਸੀ ਆਗੂ ਰਾਹੁਲ ਗਾਂਧੀ ਸਾਲ ੨੦੧੯ ਵਿਚ ਜਦੋਂ ਪਵਨ ਬਾਂਸਲ ਲਈ ਵੋਟਾਂ ਮੰਗਣ ਆਏ ਸਨ, ਉਦੋਂ ਉਨਾਂ ਨੇ ਵੀ ਇਸ ਨੂੰ ਮੁੱਦਾ ਬਣਾ ਕੇ ਮੋਦੀ ਸਰਕਾਰ ਉੱਪਰ ਨਿਸ਼ਾਨਾ ਵਿੰਨਿਆ ਸੀ। ਉਨਾਂ ਕਿਹਾ ਸੀ ਕਿ ਚੰਡੀਗੜ ਤੋਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਨੂੰ ਫਲਾਈਟ ਸ਼ੁਰੂ ਨਾ ਹੋਣ ਪਿੱਛੇ ਉਨਾਂ ਨੂੰ ਕੋਈ ਸਾਜ਼ਿਸ਼ ਲਗਦੀ ਹੈ।

ਫਿਲਹਾਲ ਸਿਰਫ਼ ਦੁਬਈ ਤੇ ਸ਼ਾਰਜਾਹ ਲਈ ਸਿੱਧੀ ਫਲਾਈਟ ਮੌਜੂਦਾ ਸਮੇਂ ਚੰਡੀਗੜ ਇੰਟਰਨੈਸ਼ਨਲ ਏਅਰਪੋਰਟ ਤੋਂ ਸਿਰਫ਼ ਦੋ ਫਲਾਈਟਸ ਹਨ। ਇਹ ਫਲਾਈਟ ਦੁਬਈ ਤੇ ਸ਼ਾਰਜਾਹ




ਲਈ ਹਨ। ਇਸ ਤੋਂ ਇਲਾਵਾ ਚੰਡੀਗੜ ਇੰਟਰਨੈਸ਼ਨਲ ਏਅਰਪੋਰਟ ਤੋਂ 20 ਹੋਰ ਸ਼ਹਿਰਾਂ ਲਈ ਸਿੱਧੀ ਫਲਾਈਟ ਹੈ। ਅਹਿਮਦਾਬਾਦ, ਦਿੱਲੀ, ਮੁੰਬਈ, ਕੋਲਕਾਤਾ, ਲਖਨਊ, ਸ੍ਰੀਨਗਰ, ਅਹਿਮਦਾਬਾਦ, ਗੋਆ, ਬੈਂਗਲੁਰੂ, ਹੈਦਰਾਬਾਦ, ਕੁੱਲੂ, ਪੁਣੇ ਤੇ ਸ਼ਿਮਲਾ ਵਰਗੇ ਸ਼ਹਿਰਾਂ ਲਈ ਏਅਰਪੋਰਟ ਤੋਂ ਸਿੱਧੀ ਫਲਾਈਟ ਹੈ। ਖਾਸ ਗੱਲ ਇਹ ਹੈ ਕਿ ਇਸ ਵਿਚ 17 ਫਲਾਈਟਸ ਇਕੱਲੀਆਂ ਦਿੱਲੀ ਲਈ ਹਨ, ਕਿਉਂਕਿ ਦਿੱਲੀ ਏਅਰਪੋਰਟ ਤੋਂ ਰੀਜਨ ਦੇ ਲੋਕ ਹੋਰਨਾਂ ਦੇਸ਼ਾਂ ਲਈ ਫਲਾਈਟ ਫੜਦੇ ਹਨ।

ਲੱਖ ਲੋਕ ਕਰਦੇ ਹਨ ਹਰ ਸਾਲ ਇਨਾਂ ਦੇਸ਼ਾਂ ਦੀ ਯਾਤਰਾ ਉੱਥੇ ਹੀ ਟੂਰ ਐਂਡ ਟਰੈਵਲਜ਼ ਕੰਪਨੀਆਂ ਦਾ ਕਹਿਣਾ ਹੈ ਕਿ ਕੈਨੇਡਾ, ਅਮਰੀਕਾ, ਯੂਰਪ, ਆਸਟ੍ਰੇਲੀਆ-ਨਿਊਜ਼ੀਲੈਂਡ, ਦੁਬਈ, ਸਿੰਗਾਪੁਰ ਤੇ ਥਾਈਲੈਂਡ ਵਰਗੇ ਦੇਸ਼ਾਂ ਵਿਚ ਸੀਜਨ ਦੇ ਲੱਖਾਂ ਲੋਕ ਕੰਮ ਕਰਦੇ ਹਨ। ਲੱਖਾਂ ਵਿਦਿਆਰਥੀ ਪੜਾਈ ਕਰਨ ਵਿਦੇਸ਼ ਜਾ ਰਹੇ ਹਨ। ਰੀਜਨ ਦੇ ਲੋਕਾਂ ਦੀ ਖਰਚ ਕਰਨ ਦੀ ਸਮਰੱਥਾ ਹੈ, ਜਹਾਜ਼ ਕੰਪਨੀਆਂ ਨੂੰ ਗ੍ਰੋਥ ਲਈ ਅਪਾਰ ਸੰਭਾਵਨਾ ਹਨ। ਉਨਾਂ ਨੂੰ ਚੰਡੀਗੜ ਏਅਰਪੋਰਟ ਤੋਂ ਕੌਮਾਂਤਰੀ ਫਲਾਈਟਸ ਸ਼ੁਰੂ ਕਰਨੀਆਂ ਚਾਹੀਦੀਆਂ ਹਨ।

ਏਅਰਪੋਰਟ ਤੋਂ ਵੱਧ ਤੋਂ ਵੱਧ ਫਲਾਈਟਸ ਸ਼ੁਰੂ ਹੋਣ, ਇਸ ਦੇ ਲਈ ਏਅਰਪੋਰਟ ਅਥਾਰਿਟੀ ਵੱਲੋਂ ਜਹਾਜ਼ ਕੰਪਨੀਆਂ ਨੂੰ ਕਈ ਵਾਰ ਸੱਦਾ ਦਿੱਤਾ ਗਿਆ। ਫਲਾਈਟਸ ਸ਼ੁਰੂ ਕਰਨਾ ਇਕ ਕਮਰਸ਼ੀਅਲ ਫ਼ੈਸਲਾ ਹੈ, ਜਹਾਜ਼ ਕੰਪਨੀਆਂ ਕਈ ਤਰਾਂ ਦੀ ਖੋਜ ਤੋਂ ਬਾਅਦ ਇਹ ਫ਼ੈਸਲਾ ਲੈਂਦੀਆਂ ਹਨ। ਇਸ ਲਈ ਇਨਾਂ ਦੇਸ਼ਾਂ ਦੀਆਂ ਫਲਾਈਟਸ ਕਦੋਂ ਤਕ ਸ਼ੁਰੂ ਹੋਣਗੀਆਂ ਇਸ ਬਾਰੇ ਫਿਲਹਾਲ ਕੁਝ ਨਹੀਂ ਕਿਹਾ ਜਾ ਸਕਦਾ।



# ਮਾਮਲਾ ਡੇਰਾ ਪ੍ਰਬੰਧਕ ਰਹੇ ਰਣਜੀਤ ਸਿੰਘ ਦੀ ਹੱਤਿਆ ਦਾ

## ✪ 19 ਸਾਲ ਬਾਅਦ ਆਇਆ ਫ਼ੈਸਲਾ ✪ ਸੌਦਾ ਸਾਧ ਸਮੇਤ 5 ਨੂੰ ਉਮਰ ਕੈਦ ✪ ਡੇਰਾ ਮੁਖੀ ਨੂੰ 31 ਲੱਖ ਤੇ ਹੋਰਾਂ ਦੋਸ਼ੀਆਂ ਨੂੰ 50-50 ਹਜ਼ਾਰ ਰੁਪਏ ਜੁਰਮਾਨਾ

**ਚੰਡੀਗੜ/ਏ.ਟੀ.ਨਿਊਜ਼ :** ਡੇਰਾ ਸਿਰਸਾ ਦੇ ਪ੍ਰਬੰਧਕ ਰਹੇ ਰਣਜੀਤ ਸਿੰਘ ਦੀ ਹੱਤਿਆ ਦੇ ਮਾਮਲੇ 'ਚ ਸੀਬੀਆਈ. ਅਦਾਲਤ ਨੇ ਡੇਰਾ ਮੁਖੀ ਸਮੇਤ 5 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਕੇਸ 'ਚ ਰਾਮ ਰਹੀਮ ਤੋਂ ਇਲਾਵਾ ਬਾਕੀ ਚਾਰ ਦੋਸ਼ੀਆਂ ਵਿਚ ਜਸਬੀਰ ਸਿੰਘ, ਅਵਤਾਰ ਸਿੰਘ, ਕ੍ਰਿਸ਼ਨ ਲਾਲ ਅਤੇ ਸਬਦਿਲ ਦਾ ਨਾਂ ਸ਼ਾਮਿਲ ਹੈ। ਪੰਚਕੂਲਾ ਵਿਚ ਸੀਬੀਆਈ. ਦੇ ਵਿਸ਼ੇਸ਼ ਜੱਜ ਡਾ. ਸੁਸ਼ੀਲ ਕੁਮਾਰ ਗਰਗ ਨੇ ਡੇਰਾ ਮੁਖੀ 'ਤੇ 31 ਲੱਖ ਤੇ ਬਾਕੀ ਚਾਰ ਦੋਸ਼ੀਆਂ 'ਤੇ 50-50 ਹਜ਼ਾਰ ਦਾ ਜੁਰਮਾਨਾ ਲਗਾਇਆ। ਇਸ ਦੇ ਇਲਾਵਾ ਡੇਰਾ ਮੁਖੀ ਦੇ ਗੰਨਮੈਨ ਰਹੇ ਸਬਦਿਲ ਸਿੰਘ ਨੂੰ ਆਰਮਜ਼ ਐਕਟ ਤੇ ਧਾਰਾ 506 ਦੇ ਤਹਿਤ ਦੋਸ਼ੀ ਠਹਿਰਾਏ ਜਾਣ 'ਤੇ ਉਸ ਨੂੰ ਤਿੰਨ ਸਾਲ ਦੀ ਸਜ਼ਾ ਤੇ 25 ਹਜ਼ਾਰ ਵਾਧੂ ਜੁਰਮਾਨੇ ਦੀ ਸਜ਼ਾ ਵੀ ਸੁਣਾਈ ਹੈ। ਜ਼ਿਕਰਯੋਗ ਹੈ ਕਿ ਡੇਰਾ ਮੁਖੀ ਰਾਮ ਰਹੀਮ ਨੂੰ ਇਸ ਤੋਂ ਪਹਿਲਾਂ ਪੱਤਰਕਾਰ ਰਾਮ ਚੰਦਰ ਛਤਰਪਤੀ ਹੱਤਿਆਕਾਂਡ ਵਿਚ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ ਦੋ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਮਾਮਲੇ ਵਿਚ ਵੀ ਡੇਰਾ ਮੁਖੀ ਨੂੰ 10-10 ਸਾਲ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਅਦਾਲਤ ਦਾ ਫੈਸਲਾ ਆਉਣ ਦੇ ਬਾਅਦ ਸੀ.ਬੀ.ਆਈ. ਦੇ ਵਕੀਲ ਐਚ.ਪੀ.ਐਸ. ਵਰਮਾ ਨੇ ਸਪੱਸ਼ਟ ਕੀਤਾ ਕਿ ਰਾਮ ਰਹੀਮ ਨੂੰ ਉਮਰ ਕੈਦ ਮਤਲਬ ਮੌਤ ਤੱਕ ਜੇਲ ਵਿਚ ਰਹਿਣਾ ਹੋਵੇਗਾ। ਸਜ਼ਾ ਸੁਣਾਏ ਜਾਣ ਦੇ ਨਾਲ ਹੀ ਡੇਰਾ ਮੁਖੀ ਹਾਰਡਕੋਰ ਕੈਦੀ ਦੀ ਸ਼੍ਰੇਣੀ 'ਚ ਆ ਗਿਆ ਹੈ। ਅਗਲੇ ਪੰਜ ਸਾਲ ਤੱਕ ਰਾਮ ਰਹੀਮ ਨੂੰ ਆਮ ਕੈਦੀ ਨੂੰ ਮਿਲਣ ਵਾਲੀ ਪੈਰੋਲ ਤੇ ਫਰਲੋ ਵਰਗੀ ਸੁਵਿਧਾ ਨਹੀਂ ਮਿਲ ਸਕੇਗੀ। ਡੇਰਾ ਮੁਖੀ ਰਾਮ ਰਹੀਮ ਇਸ ਤੋਂ ਪਹਿਲਾਂ ਪੱਤਰਕਾਰ ਛਤਰਪਤੀ ਹੱਤਿਆ ਕਾਂਡ 'ਚ ਵੀ ਉਮਰ ਕੈਦ ਦੀ ਸਜ਼ਾ ਭੁਗਤ ਰਿਹਾ ਹੈ। ਇਸ ਦੇ ਇਲਾਵਾ ਦੋ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਮਾਮਲੇ ਵਿਚ 20 ਸਾਲ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਹੁਣ ਤੱਕ ਉਹ ਪੈਰੋਲ ਤੇ ਫਰਲੋ ਦਾ ਹੱਕਦਾਰ ਸੀ ਅਤੇ ਉਸ ਨੇ ਕਈ ਵਾਰ ਪੈਰੋਲ ਹਾਸਲ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ ਪਰ ਸੁਰੱਖਿਆ ਕਾਰਨਾਂ ਕਰਕੇ ਉਸ ਦੀ ਪੈਰੋਲ ਦੀ ਅਰਜ਼ੀ ਖਾਰਜ ਕਰ ਦਿੱਤੀ ਜਾਂਦੀ ਸੀ, ਪਰ ਹੁਣ ਉਹ ਪੈਰੋਲ ਤੇ ਫਰਲੋ ਦੇ ਨਿਯਮਾਂ ਤਹਿਤ ਪੰਜ ਸਾਲ ਤੱਕ ਇਸ ਸੁਵਿਧਾ ਦੇ ਕਾਬਲ ਨਹੀਂ ਮੰਨਿਆ ਜਾਵੇਗਾ।

10 ਜੁਲਾਈ, 2002 ਨੂੰ ਡੇਰਾ ਸਿਰਸਾ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ ਕੁਰੂਕਸ਼ੇਤਰ ਦੇ ਰਣਜੀਤ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਡੇਰਾ ਪ੍ਰਬੰਧਕਾਂ ਨੂੰ ਸ਼ੱਕ ਸੀ ਕਿ ਰਣਜੀਤ ਸਿੰਘ ਨੇ ਹੀ ਸਾਧਵੀ ਜਿਨਸੀ ਸ਼ੋਸ਼ਣ ਮਾਮਲੇ 'ਵਿਚ ਆਪਣੀ ਭੈਣ ਤੋਂ ਗੁੰਮਨਾਮ ਚਿੱਠੀ ਲਿਖਵਾਈ। ਪੁਲਿਸ ਜਾਂਚ ਤੋਂ ਅਸੰਤੁਸ਼ਟ ਰਣਜੀਤ ਸਿੰਘ ਦੇ ਪਿਤਾ ਨੇ ਜਨਵਰੀ 2003 ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਪਟੀਸ਼ਨ ਦਾਇਰ ਕਰਕੇ ਆਪਣੇ ਪੁੱਤਰ ਦੀ ਹੱਤਿਆ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕੀਤੀ, ਜਿਸ ਨੂੰ ਹਾਈਕੋਰਟ ਨੇ ਮਨਜ਼ੂਰ ਕਰ ਲਿਆ। ਰਾਮ ਰਹੀਮ ਦੇ ਇਲਾਵਾ 5 ਲੋਕਾਂ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ। 2007 ਵਿਚ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਦੋਸ਼ੀਆਂ 'ਤੇ ਦੋਸ਼ ਤੈਅ ਕੀਤੇ ਅਤੇ 8 ਅਕਤੂਬਰ 2021 ਨੂੰ ਉਨਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਜਦਕਿ ਇਕ ਦੋਸ਼ੀ ਇੰਦਰਸੇਨ ਦੀ ਟ੍ਰਾਇਲ ਦੌਰਾਨ ਪਿਛਲੇ ਮੌਤ ਹੋ ਗਈ ਸੀ। ਉਨਾਂ ਦੱਸਿਆ ਕਿ ਰਣਜੀਤ ਸਿੰਘ ਹੱਤਿਆ ਕਾਂਡ ਵਿਚ ਜੋ ਸਜ਼ਾ ਸੁਣਾਈ ਗਈ ਹੈ, ਉਹ ਪਹਿਲੇ ਸੁਣਾਈ ਜਾ ਚੁੱਕੀ ਛਤਰਪਤੀ ਹੱਤਿਆ ਕਾਂਡ ਦੀ ਸਜ਼ਾ ਦੇ ਨਾਲ ਹੀ





ਚੱਲੇਗੀ। ਉੱਧਰ ਫੈਸਲਾ ਆਉਣ ਦੇ ਬਾਅਦ ਅਦਾਲਤ ਵਿਚ ਮੌਜੂਦ ਮ੍ਰਿਤਕ ਰਣਜੀਤ ਸਿੰਘ ਦੇ ਪੁੱਤਰ ਜਗਸੀਰ ਸਿੰਘ ਨੇ ਅਦਾਲਤ ਦੇ ਫੈਸਲੇ 'ਤੇ ਸੰਤੁਸ਼ਟੀ ਪ੍ਰਗਟਾਈ। ਜ਼ਿਕਰਯੋਗ ਹੈ ਕਿ ਰਣਜੀਤ ਸਿੰਘ ਹੱਤਿਆ ਮਾਮਲੇ ਵਿਚ 19 ਸਾਲਾਂ ਬਾਅਦ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਵਲੋਂ ਦੋਸ਼ੀਆਂ ਸਜ਼ਾ ਸੁਣਾਈ ਗਈ ਹੈ। ਇਸ ਤੋਂ ਪਹਿਲਾਂ ਬੀਤੀ 8 ਅਕਤੂਬਰ ਨੂੰ ਦੋਸ਼ੀ ਰਾਮ ਰਹੀਮ, ਕ੍ਰਿਸ਼ਨ ਲਾਲ, ਅਵਤਾਰ, ਜਸਵੀਰ ਅਤੇ ਸਬਦਿਲ ਨੂੰ ਪੰਚਕੂਲਾ ਦੀ ਵਿਸ਼ੇਸ਼ ਸੀ. ਬੀ. ਆਈ. ਅਦਾਲਤ ਨੇ ਆਈ. ਪੀ. ਸੀ. ਦੀ ਧਾਰਾ 302 (ਕਤਲ) ਅਤੇ 120 ਬੀ (ਅਪਰਾਧਿਕ ਸਾਜ਼ਿਸ਼) ਦਾ ਦੋਸ਼ੀ ਠਹਿਰਾਇਆ ਸੀ।

**3 ਲੋਕਾਂ ਦੀ ਗਵਾਹੀ ਰਹੀ ਅਹਿਮ**

ਰਣਜੀਤ ਸਿੰਘ ਹੱਤਿਆਕਾਂਡ 'ਚ ਤਿੰਨ ਲੋਕਾਂ ਦੀ ਗਵਾਹੀ ਮਹੱਤਵਪੂਰਨ ਰਹੀ। ਇਸ ਵਿਚ 2 ਚਸ਼ਮਦੀਦ ਗਵਾਹਾਂ ਸੁਖਦੇਵ ਸਿੰਘ ਅਤੇ ਜੋਗਿੰਦਰ ਸਿੰਘ ਨੇ ਅਦਾਲਤ ਨੂੰ ਦੱਸਿਆ ਕਿ ਉਨਾਂ ਨੇ ਦੋਸ਼ੀਆਂ ਨੂੰ ਰਣਜੀਤ ਸਿੰਘ 'ਤੇ ਗੋਲੀ ਚਲਾਉਂਦੇ ਹੋਏ ਦੇਖਿਆ। ਤੀਸਰਾ ਗਵਾਹ ਡੇਰਾ ਬੱਸੀ ਦਾ ਡਰਾਈਵਰ ਖੱਟਾ ਸਿੰਘ ਰਿਹਾ। ਖੱਟਾ ਸਿੰਘ ਅਨੁਸਾਰ ਉਸ ਦੇ ਸਾਹਮਣੇ ਹੀ ਰਣਜੀਤ ਸਿੰਘ ਨੂੰ ਮਾਰਨ ਦੀ ਸਾਜਿਸ਼ ਰਚੀ ਗਈ। ਖੱਟਾ ਸਿੰਘ ਦੇ ਬਿਆਨ ਅਨੁਸਾਰ ਡੇਰਾ ਮੁਖੀ ਨੇ ਉਸ ਦੇ ਸਾਹਮਣੇ ਹੀ ਰਣਜੀਤ ਸਿੰਘ ਨੂੰ ਮਾਰਨ ਲਈ ਕਿਹਾ। ਉਸ ਦੀ ਗਵਾਹੀ ਦੇ ਆਧਾਰ 'ਤੇ ਹੀ ਪੰਜਾਂ ਨੂੰ ਦੋਸ਼ੀ ਠਹਿਰਾਇਆ ਗਿਆ। ਸੀ.ਬੀ.ਆਈ. ਅਦਾਲਤ ਦੇ ਜੱਜ ਡਾ. ਸੁਸ਼ੀਲ ਕੁਮਾਰ ਗਰਗ ਨੇ ਸ਼ਾਮ ਕਰੀਬ ਸਾਢੇ ਚਾਰ ਵਜੇ ਸਜ਼ਾ ਦਾ ਐਲਾਨ ਕੀਤਾ।

**ਸਜ਼ਾ ਸੁਣਾਉਣ ਤੋਂ ਪਹਿਲਾਂ ਜੱਜ ਨੂੰ ਕੀਤੀ ਗਈ ਸੀ ਧਮਕੀ ਭਰੀ ਈਮੇਲ।** ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਜ਼ਾ ਸੁਣਾਏ ਜਾਣ ਤੋਂ ਪਹਿਲਾਂ ਇਕ ਈਮੇਲ ਆਉਣ ਨਾਲ ਤਰਥੱਲੀ ਮਚ ਗਈ। ਇਸ ਈਮੇਲ ਬਾਰੇ ਸੀਬੀਆਈ ਦੇ ਵਿਸ਼ੇਸ਼ ਜੱਜ ਨੇ ਗੁਰਮੀਤ ਰਾਮ ਰਹੀਮ ਤੋਂ ਵੀ ਪੁੱਛਿਆ ਪਰ ਉਸ ਨੇ ਕੋਈ ਜਾਣਕਾਰੀ ਹੋਣ ਤੋਂ ਇਨਕਾਰ ਕਰ ਦਿੱਤਾ। ਇਹ ਈਮੇਲ ਸੈਸ਼ਨ ਜੱਜ ਦੀ ਈਮੇਲ 'ਤੇ ਆਈ ਸੀ। ਭਰੋਸੇਯੋਗ ਸੂਤਰਾਂ ਅਨੁਸਾਰ ਇਕ ਈਮੇਲ ਡਾ. ਮੋਹਿਤ ਗੁਪਤਾ ਜਿਸ ਦਾ ਪਤਾ ਡੇਰਾ ਸੱਚਾ ਸੌਦਾ ਦਾ ਦੱਸਿਆ ਗਿਆ। ਇਸ ਨਾਮ ਤੋਂ ਪਹਿਲਾਂ ਵੀ ਕਈ ਈਮੇਲ ਆ ਚੁੱਕੀਆਂ ਸਨ ਜਿਨਾਂ ਵਿਚ ਗਵਾਹੀਆਂ ਬਾਰੇ ਵੀ ਟਿੱਪਣੀਆਂ ਕੀਤੀਆਂ ਜਾਂਦੀਆਂ ਸਨ। ਜੱਜ ਨੇ ਇਸ ਬਾਰੇ ਵਕੀਲਾਂ ਤੋਂ ਪੁੱਛਿਆ ਅਤੇ ਉਸ ਤੋਂ ਬਾਅਦ ਰਾਮ ਰਹੀਮ ਤੋਂ ਪੁੱਛਿਆ। ਜੱਜ ਨੇ ਰਾਮ ਰਹੀਮ ਤੋਂ ਪੁੱਛਿਆ ਕਿ ਕੀ ਤੁਸੀਂ ਡਾ. ਮੋਹਿਤ ਗੁਪਤਾ ਨੂੰ ਜਾਣਦੇ ਹੋ। ਇਹ ਵਿਅਕਤੀ ਡੇਰੇ ਵਿਚ ਰਹਿੰਦਾ ਹੈ। ਰਾਮ ਰਹੀਮ ਨੇ ਇਸ ਬਾਰੇ ਕੋਈ ਵੀ ਜਾਣਕਾਰੀ ਹੋਣ ਤੋਂ ਇਨਕਾਰ ਕਰ ਦਿੱਤਾ। ਵਿਸ਼ੇਸ਼ ਜੱਜ ਨੇ ਕਿਹਾ ਕਿ ਅੱਜ ਡਾ. ਮੋਹਿਤ ਗੁਪਤਾ ਦੀ ਇਕ ਈਮੇਲ ਆਈ ਜਿਸ ਵਿਚ ਧਮਕੀ ਦੀ ਬੋਅ ਆ ਰਹੀ ਹੈ। ਬਚਾਅ ਪੱਖ ਦੇ ਵਕੀਲ ਅਜੇ ਬਰਮਨ ਨੇ ਦੱਸਿਆ ਕਿ ਇਸ ਬਾਰੇ ਪਹਿਲਾਂ ਹਾਈ ਕੋਰਟ 'ਚ ਸ਼ਿਕਾਇਤ ਹੋ ਚੁੱਕੀ ਹੈ ਅਤੇ ਉਸ ਨੂੰ 50 ਹਜ਼ਾਰ ਰੁਪਏ ਜੁਰਮਾਨਾ ਲਾਇਆ ਜਾ ਚੁੱਕਾ ਹੈ। ਉਨਾਂ ਡਾ. ਮੋਹਿਤ ਗੁਪਤਾ ਬਾਰੇ ਜਾਣਕਾਰੀ ਹੋਣ ਤੋਂ ਇਨਕਾਰ ਕਰ ਦਿੱਤਾ।

ਉਥੇ ਸੋਮਵਾਰ ਨੂੰ ਸੁਣਵਾਈ ਦੌਰਾਨ ਇਕ ਦੋਸ਼ੀ ਅਵਤਾਰ ਸਿੰਘ ਨੇ ਕਿਹਾ ਕਿ ਉਹ ਮਾਮਲੇ ਵਿਚ ਬੇਕਸੂਰ ਹਨ। ਉਸ ਨੇ ਚਾਰ ਲੋਕਾਂ ਦੇ ਨਾਂ ਵੀ ਕੋਰਟ ਵਿਚ ਲਏ ਜਿਸ 'ਤੇ ਜੱਜ ਨੇ ਪੁੱਛਿਆ ਕਿ ਉਨਾਂ ਪਹਿਲਾਂ ਕਿਉਂ ਨਹੀਂ ਨਾਂ ਲਏ ਤਾਂ ਉਸ ਨੇ ਕਿਹਾ ਕਿ ਉਨਾਂ ਨੂੰ ਪਹਿਲਾਂ ਬੋਲਣ ਦਾ ਮੌਕਾ ਨਹੀਂ ਮਿਲਿਆ। ਦੋਸ਼ੀ ਕ੍ਰਿਸ਼ਨ ਲਾਲ ਨੇ ਕਿਹਾ ਕਿ ਉਹ ਤਾਂ ਬਾਬੇ ਦੇ ਚੇਲੇ ਹਨ, ਉਨਾਂ ਕੁਝ ਨਹੀਂ ਕੀਤਾ।

**19 ਸਾਲ ਬਾਅਦ ਦੀਵਾਲੀ ਮਨਾਏਗਾ ਰਣਜੀਤ ਸਿੰਘ ਦਾ ਪੁੱਤਰ ਜਗਸੀਰ**

**ਪੰਚਕੂਲਾ/ਏ.ਟੀ.ਨਿਊਜ਼ :** 'ਉਦੋਂ ਮੈਂ 7 ਸਾਲ ਦਾ ਸੀ, ਅੱਜ ੨੭ ਦਾ ਹੋ ਗਿਆ ਹਾਂ। ਲਗਪਗ 19 ਸਾਲ ਮੈਂ ਦੀਵਾਲੀ ਨਹੀਂ ਮਨਾਈ, ਪਰ ਇਸ ਵਾਰ ਦੀਵਾਲੀ ਜ਼ਰੂਰ ਮਨਾਵਾਂਗਾ।' ਇਹ ਕਹਿਣਾ ਹੈ ਕਿ ਰਣਜੀਤ ਸਿੰਘ ਦੇ ਪੁੱਤਰ ਜਗਸੀਰ ਦਾ। ਪਿਤਾ ਦੇ ਕਾਤਲਾਂ ਨੂੰ ਉਮਰ ਕੈਦ ਦੀ ਸਜ਼ਾ ਮਿਲਣ ਤੋਂ ਬਾਅਦ ਪਹਿਲੀ ਵਾਰ ਮੀਡੀਆ ਨਾਲ ਗੱਲਬਾਤ ਵਿਚ ਜਗਸੀਰ ਨੇ ਕਿਹਾ ਕਿ ਉਹ ਗਰੈਜੂਏਟ ਹੈ ਤੇ ਹੁਣ ਖੇਤੀਬਾੜੀ ਕਰਦਾ ਹੈ। ਜਗਸੀਰ ਦੇ ਮੁਤਾਬਕ ਉਸ ਦੇ ਦਾਦਾ ਨੇ ਆਪਣੇ ਪੁੱਤਰ ਦੇ ਕਾਤਲਾਂ ਨੂੰ ਸਜ਼ਾ ਦਿਵਾਉਣ ਲਈ ਜੋ ਸੰਘਰਸ਼ ਸ਼ੁਰੂ ਕੀਤਾ ਸੀ, ਉਹ ਅੱਜ ਪੂਰਾ ਹੋ ਗਿਆ। ਕਾਸ਼! ਮੇਰੇ ਦਾਦਾ ਆਪਣੀਆਂ ਅੱਖਾਂ ਨਾਲ ਇਹ ਨਿਆਂ ਦੇਖ ਪਾਉਂਦੇ। 2016 ਵਿਚ ਉਨਾਂ ਦੀ ਮੌਤ ਹੋ ਗਈ ਸੀ। ਜਗਸੀਰ ਨੇ ਕਿਹਾ ਕਿ ਸਾਨੂੰ ਅਦਾਲਤ ਉਪਰ ਪੂਰਾ ਭਰੋਸਾ ਸੀ। ਕਈ ਵਾਰ ਡਰ ਵੀ ਲੱਗਾ ਕਿ ਇੰਨੇ ਤਾਕਤਵਰ ਆਦਮੀ ਨਾਲ ਪੰਗਾ ਲਿਆ ਹੈ, ਕੁਝ ਹੋਵੇਗਾ ਵੀ ਜਾਂ ਨਹੀਂ, ਪਰ ਸਾਨੂੰ ਅੱਜ ਬਹੁਤ ਖੁਸ਼ੀ ਹੈ। ਜਗਸੀਰ ਨੇ ਦੱਸਿਆ ਕਿ ਗੋਲੀਆਂ ਦੀ ਆਵਾਜ਼ ਸੁਣ ਕੇ ਅਤੇ ਪਿਤਾ ਦੇ ਛੱਲਣੀ ਹੋਏ ਚਿਹਰੇ ਦੀ ਯਾਦ ਆਉਂਦੇ ਹੀ ਅੱਜ ਵੀ ਰੌਂਗਟੇ ਖੜੇ ਹੋ ਜਾਂਦੇ ਹਨ। ਪਿਤਾ ਦੀ ਮੌਤ ਦਾ ਫ਼ੈਸਲਾ ਆਇਆ ਹੈ, ਇਸ ਲਈ ਹੁਣ ਆਪਣੇ ਇਸ ਦੁੱਧ ਨੂੰ ਸਭ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ। ਵਾਰਦਾਤ ਦੇ ਸਮੇਂ ਉਹ 7 ਸਾਲ ਦਾ ਸੀ ਅਤੇ ਕੋਚਿੰਗ ਤੋਂ ਕਲਾਸ ਖਤਮ ਹੋਣ ਤੋਂ ਬਾਅਦ ਘਰ ਪਹੁੰਚਿਆ ਸੀ। ਮਾਂ ਨੇ ਦੱਸਿਆ ਕਿ ਪਿਤਾ ਜੀ ਖੇਤ ਵਿਚ ਕੰਮ ਕਰ ਰਹੇ ਮਜ਼ਦੂਰਾਂ ਲਈ ਚਾਹ ਲੈ ਕੇ ਗਏ ਹਨ। ਇਸ ਤੋਂ ਬਾਅਦ ਉਹ ਖੇਡਣ 'ਚ ਮਸਤ ਹੋ ਗਿਆ। ਕੁਝ ਦੇਰ ਬਾਅਦ ਸੂਚਨਾ ਮਿਲੀ ਕਿ ਪਿੰਡ ਵਿਚ ਕਿਸੇ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਮਾਂ ਸਮੇਤ ਘਰ ਦੇ ਹੋਰ ਮੈਂਬਰ ਸੂਚਨਾ ਤੋਂ ਬਾਅਦ ਖੇਤ ਵੱਲ ਭੱਜੇ। ਉਹ ਇਸ ਗੱਲ ਤੋਂ ਕਾਫੀ ਪ੍ਰੇਸ਼ਾਨ ਹੋ ਗਿਆ ਅਤੇ ਖੇਤ ਵੱਲ ਚੱਲ ਪਿਆ। ਖੇਤ ਨੇੜੇ ਪਹੁੰਚਿਆ ਤਾਂ ਦੇਖਿਆ ਕਿ ਉਥੇ ਭੀੜ ਜਮਾਂ ਸੀ ਅਤੇ ਮਾਂ ਰੋ ਰਹੀ ਸੀ। ਨਾਲ ਹੀ ਦਾਦਾ ਜੋਗਿੰਦਰ ਸਿੰਘ ਪਰੇਸ਼ਾਨ ਖੜੇ ਸਨ ਅਤੇ ਮਾਂ ਨੂੰ ਹੌਂਸਲਾ ਦੇ ਰਹੇ ਸਨ।

ਮਾਂ ਵੀ ਰੋ ਰਹੀ ਸੀ, ਉਹ ਕੋਲ ਗਿਆ ਅਤੇ ਮਾਂ ਨੂੰ ਪੁੱਛਿਆ, ਕੀ ਹੋਇਆ। ਮਾਂ ਨੇ ਉਸ ਨੂੰ ਗਲੇ ਲਗਾ ਲਿਆ, ਬੋਲੀ, 'ਬੇਟਾ ਪਾਪਾ ਚਲੇ ਗਏ ਅਤੇ ਰੋਣ ਲੱਗੀ। ਇਹ ਦ੍ਰਿਸ਼ ਅੱਜ ਵੀ ਉਸ ਦੇ ਜ਼ਿਹਨ ਵਿਚ ਹੈ।

**ਡੇਰੇ ਵਿਚ ਪੱਸਰੀ ਰਹੀ ਸੁੰਨ**

ਰਣਜੀਤ ਕਤਲ ਕੇਸ 'ਚ ਡੇਰਾ ਮੁਖੀ ਸਣੇ ਪੰਜ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਮਗਰੋਂ ਡੇਰੇ ਵਿੱਚ ਸੁੰਨ ਪਸਰ ਗਈ। ਡੇਰੇ ਦੀ ਸੱਚ ਮਾਰਕੀਟ ਬੰਦ ਕਰ ਦਿੱਤੀ ਗਈ। ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਜ਼ਿਲਾ ਪ੍ਰਸ਼ਾਸਨ ਵੱਲੋਂ ਸੁਰੱਖਿਆ ਦਾ ਸਖ਼ਤ ਇੰਤਜ਼ਾਮ ਕੀਤੇ ਗਏ ਸਨ। ਡੇਰੇ ਨੂੰ ਜਾਣ ਵਾਲੇ ਰਾਹਾਂ 'ਤੇ ਪੁਲੀਸ ਵੱਲੋਂ ਨਾਕੇ ਲਾ ਕੇ ਵਾਹਨਾਂ ਦੀ ਚੈਕਿੰਗ ਕਰਨ ਮਗਰੋਂ ਹੀ ਅੱਗੇ ਜਾਣ ਦੀ ਇਜਾਜ਼ਤ ਦਿੱਤੀ ਗਈ।

**ਅਦਾਲਤ ਦੇ ਫ਼ੈਸਲੇ ਦਾ ਸਵਾਗਤ ਕੀਤਾ**

ਮਰਹੂਮ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਭਾਵੇਂ ਫ਼ੈਸਲਾ ਕਾਫ਼ੀ ਲੰਬੇ ਸਮੇਂ ਮਗਰੋਂ ਆਇਆ ਹੈ ਪਰ ਦੇਰ ਨਾਲ ਆਏ ਇਸ ਫ਼ੈਸਲੇ ਨੇ ਪੀੜਤ ਦੇ ਜ਼ਖ਼ਮਾਂ 'ਤੇ ਮਰਹਮ ਲਾਈ ਹੈ। ਉਨਾਂ ਕਿਹਾ ਕਿ ਚੰਗਾ ਹੁੰਦਾ ਜੇ ਇਹ ਫ਼ੈਸਲਾ ਰਣਜੀਤ ਦੇ ਪਿਤਾ ਦੇ ਜਿਉਂਦੇ ਰਹਿੰਦੇ ਆ ਜਾਂਦਾ ਜਿਨਾਂ ਨੇ ਇਸ ਕੇਸ ਨੂੰ ਸ਼ਿਦਕ ਨਾਲ ਲੜਿਆ ਸੀ।

# ਦੁਨਿਆਵੀ ਅਦਾਲਤ ਨੇ ਸੌਦੇ ਸਾਧ ਨੂੰ ਅਪਰਾਧੀ ਮੰਨ ਕੇ ਦਿੱਤੀ ਤੀਜੀ ਵਾਰ ਉਮਰ ਕੈਦ

## ਸ੍ਰੀ ਅਕਾਲ ਤਖ਼ਤ ਤੋਂ ਉਸਨੂੰ ਮੁਆਫੀਨਾਮਾ ਦੇਣ ਤੇ ਦਿਵਾਉਣ ਵਾਲਿਉ ਹੁਣ ਤਾਂ 'ਅੰਦਰਲਾ ਸੱਚ' ਬੋਲ ਦਿਉ : ਤਰਲੋਚਨ ਸਿੰਘ ਦੁਪਾਲਪੁਰ

**ਕੈਲੀਫੋਰਨੀਆ/ਏ.ਟੀ.ਨਿਊਜ਼ :** ਗੁਰਮੀਤ ਰਾਮ ਰਹੀਮ ਨੂੰ ਪੰਚਕੂਲਾ ਦੀ ਸੀ.ਬੀ.ਆਈ ਅਦਾਲਤ ਵਲੋਂ ਰਣਜੀਤ ਸਿੰਘ ਕਤਲ ਕੇਸ ਵਿਚ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ 'ਤੇ ਟਿੱਪਣੀ ਕਰਦਿਆਂ ਪ੍ਰਵਾਸੀ ਪੰਜਾਬੀ ਲੇਖਕ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਤਰਲੋਚਨ ਸਿੰਘ ਦੁਪਾਲਪੁਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਅਤੇ ਉਨਾਂ ਤੋਂ ਪਹਿਲੇ ਸਾਬਕਾ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਹੁਣ ਜਦ ਉਕਤ ਸੌਦੇ ਸਾਧ ਨੂੰ ਦੁਨਿਆਵੀ ਅਦਾਲਤ ਨੇ ਤੀਸਰੇ ਕੇਸ ਵਿਚ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਤਾਂ ਸਮੁੱਚਾ ਸਿੱਖ ਜਗਤ ਤੁਹਾਥੋਂ 'ਅੰਦਰਲਾ ਸੱਚ' ਸੁਣਨ ਦੀ ਤਵੱਜੋ ਕਰ ਰਿਹਾ ਹੈ ਕਿ ਉਹ ਕਿਹੜੀ ਮਜ਼ਬੂਰੀ ਸੀ ਜਾਂ ਉਹ ਕਿਹੜੀ 'ਮਹਾਨ ਹਸਤੀ' ਸੀ ਜਿਸਦੇ ਆਖੇ ਲੱਗ ਕੇ ਇੰਨੇ ਵੱਡੇ ਘੋਰ ਅਪਰਾਧੀ ਨੂੰ ਤਖ਼ਤ ਸਾਹਿਬ 'ਤੇ ਬਿਨਾਂ ਪੇਸ਼ ਹੋਇਆਂ ਹੀ ਮੁਆਫੀਨਾਮਾ ਦੇ ਦਿੱਤਾ ਗਿਆ ਸੀ ?

ਆਪਣੇ ਲਿਖਤੀ ਬਿਆਨ ਵਿਚ ਸਰਦਾਰ ਦੁਪਾਲਪੁਰ ਨੇ ਲਿਖਿਆ ਹੈ ਕਿ ਪੰਚਕੂਲਾ ਅਦਾਲਤ ਵਲੋਂ ਸੌਦੇ ਸਾਧ ਨੂੰ ਸਖ਼ਤ ਸਜ਼ਾ ਸੁਣਾਏ ਜਾਣ 'ਤੇ ਬੇਸ਼ੱਕ ਸਿੱਖ ਪੰਥ ਵਲੋਂ ਖੁਸ਼ੀ ਜਾਹਰ ਕੀਤੀ ਜਾ ਰਹੀ ਹੈ, ਕਿਉਂਕਿ ਬਰਗਾੜੀ ਦੀ ਬਿਅਦਬੀ, ਬਹਿਬਲ ਕਲਾਂ ਤੇ ਕੋਟਕਪੂਰੇ ਹੋਏ ਗੋਲ਼ੀ ਕਾਂਡ ਜਿਹੇ ਸੰਗੀਨ ਜ਼ੁਰਮਾਂ ਦੇ ਪਿੱਛੇ ਪੁਆੜੇ ਦੀ ਜੜ ਇਹੋ ਅਖੌਤੀ ਸਾਧ ਸੀ, ਪਰ ਸਮੂਹ ਗੁਰੂ ਨਾਨਕ ਨਾਮਲੇਵਾ ਦੇ ਮਨ ਚਿੱਤ ਵਿਚ ਮੁਆਫੀਨਾਮੇ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੋਈ ਬੇਹੁਰਮਤੀ ਦਾ ਦਰਦ ਕੰਡੇ ਵਾਂਗ ਚੁਭਦਾ ਆ ਰਿਹਾ ਹੈ। ਇਹ ਮੁਆਫੀਨਾਮਾ ਦੇਣ ਤੇ



ਦਿਵਾਉਣ ਵਾਲ਼ੇ ਸਾਰੇ ਸ਼ਖ਼ਸ਼ 'ਸੁੱਖ ਨਾਲ' ਜਿਉਂਦੇ ਜਾਗਦੇ ਹਨ, ਪਰ ਸਿਤਮ ਦੀ ਗੱਲ ਹੈ ਕਿ ਕਈ ਸਿੱਖ ਜਥੇਬੰਦੀਆਂ ਅਤੇ ਨਾਮੀ ਸਿੱਖ ਆਗੂ ਅਨੇਕਾਂ ਵਾਰ ਲਿਖਤੀ ਮੈਮੋਰੰਡਮ ਦੇ ਦੇ ਕੇ ਅੰਦਰਲੀ ਹਕੀਕਤ ਜਾਨਣ ਲਈ ਬੇਨਤੀਆਂ ਕਰਦੇ ਆ ਰਹੇ ਹਨ। ਪਰ ਨਾ ਹੀ ਕਦੇ ਵਰਤਮਾਨ ਤੇ ਨਾ ਹੀ ਕਦੇ ਸਾਬਕਾ ਜਥੇਦਾਰ ਨੇ ਸੱਚ ਦੱਸਣ ਦੀ ਜ਼ਹਿਮਤ ਉਠਾਈ ਹੈ। ਹੈਰਾਨੀ ਦੀ ਗੱਲ ਹੈ ਕਿ ਇਹੋ ਜਥੇਦਾਰ ਸਾਹਿਬਾਨ ਸਰਕਾਰਾਂ 'ਤੇ ਦੋਸ਼ ਲਾਉਂਦੇ ਰਹਿੰਦੇ ਹਨ ਕਿ ਉਹ ਸਿੱਖਾਂ ਨੂੰ ਕਦੇ ਇਨਸਾਫ ਨਹੀਂ ਦਿੰਦੇ ਪਰ ਖੁਦ ਆਪ ਉਹ ਸਿੱਖ ਧਰਮ ਦੀਆਂ ਸਰਬਉੱਚ ਪਦਵੀਆਂ 'ਤੇ ਬਿਰਾਜਮਾਨ ਹੋਣ ਦੇ ਬਾਵਜੂਦ ਸਿੱਖਾਂ ਦੇ ਸਵਾਲਾਂ ਪ੍ਰਤੀ ਘੇਸਲ ਮਾਰੀ ਰੱਖਦੇ ਹਨ। ਸੌਦੇ ਸਾਧ ਵਾਲ਼ੇ ਮੁਆਫੀਨਾਮੇ ਵੇਲੇ ਦੇ ਘਟਨਾਕ੍ਰਮ ਦੇ ਵੇਰਵਿਆਂ ਦੀ ਯਾਦ ਦੁਆਉਂਦਿਆਂ ਸਰਦਾਰ ਦੁਪਾਲਪੁਰ ਨੇ ਬਿਆਨ ਦੇ ਅਖੀਰ ਵਿਚ ਲਿਖਿਆ ਕਿਉਂ ਦੋ ਸਰਕਾਰੀ ਕੋਠੀਆਂ ਵਿਚ ਸਿੰਘ ਸਾਹਿਬਾਨ ਨੂੰ ਬੁਲਾ ਕੇ ਹਦਾਇਤਾਂ ਦੇਣ ਵਾਲ਼ੇ, ਮਿਲੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਵਾਲ਼ੇ, ਹੰਗਾਮੀਂ ਤੌਰ 'ਤੇ ਦਿੱਲੀਓਂ ਹਵਾਈ ਜਹਾਜ਼ ਰਾਹੀਂ ਸ੍ਰੀ ਅੰਮ੍ਰਿਤਸਰ ਪਹੁੰਚ ਕੇ ਮੁਆਫੀਨਾਮੇ ਦੀ 'ਵਾਹ ਵਾਹ' ਕਰਨ ਵਾਲ਼ੇ ਅਤੇ ਗੁਰੂ ਕੀ ਗੋਲਕ ਵਿਚੋਂ ਨੱਬੇ ਲੱਖ ਰੁਪਏ ਦੇ ਇਸ਼ਤਿਹਾਰ ਛਪਾਉਣ ਵਾਲ਼ੇ ਸਾਰੇ ਹੀ ਭਦਰਪੁਰਸ਼ਾਂ ਨੂੰ ਹੁਣ ਦੁਨਿਆਵੀ ਅਦਾਲਤ ਦਾ ਫੈਸਲਾ ਸੁਣਕੇ ਸ਼ਾਇਦ ਸੰਗ ਹੱਯਾ ਆ ਗਈ ਹੋਵੇ ਤਾਂ ਉਹ ਬਰਾਏ ਮਿਹਰਬਾਨੀ ਬਰਗਾੜੀ ਬੇਅਦਬੀ ਕਾਂਡ ਦੇ ਅੰਦਰਲੇ ਤੱਥ ਜ਼ਰੂਰ ਉਜਾਗਰ ਕਰ ਦੇਣ। ਅਜਿਹਾ ਕਰਨ ਨਾਲ ਉਹ ਕੌਮ ਦੀ ਖਿਦਮਤ ਹੀ ਕਰ ਰਹੇ ਹੋਣਗੇ।

# ਦਰਪਣ ਝੂਠ ਨਹੀਂ ਬੋਲਦਾ

## ਸਿੰਘੂ ਬਾਰਡਰ ਬੇਅਦਬੀ ਦੀ ਘਟਨਾ ਬਾਰੇ ਅਕਾਲ ਤਖਤ ਦੇ ਜਥੇਦਾਰ ਦਾ ਪੰਥਕ ਸਟੈਂਡ

ਜਦੋਂ ਪੰਥ ਵਿਰੋਧੀਆਂ ਨੇ ਸਿੰਘੂ ਬਾਰਡਰ ਦੇ ਬੇਅਦਬੀ ਦੋਸ਼ੀ ਦੇ ਕਤਲ ਬਾਅਦ ਦਲਿਤ ਨਰੇਟਿਵ ਖੜਾ ਕਰਕੇ ਸਿੱਖਾਂ ਵਿਰੁਧ ਜ਼ਹਿਰੀਲੀ ਮੁਹਿੰਮ ਛੇੜੀ ਹੈ ਤਾਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਲੋਂ ਖਾਲਸਾ ਪੰਥ ਦੇ ਹੱਕ ਵਿਚ ਸਹੀ ਹੱਕੀ ਸਟੈਂਡ ਲੈਣਾ ਵੱਡੀ ਗੱਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਬੀਤੇ ਦਿਨ ਸਿੰਘੂ ਬਾਰਡਰ 'ਤੇ ਵਾਪਰੀ ਘਟਨਾ ਨੂੰ ਕਾਨੂੰਨ ਦੇ ਰਾਜ ਦੀ ਅਸਫਲਤਾ ਦਾ ਸਿੱਟਾ ਕਰਾਰ ਦਿੰਦਿਆਂ ਇਸ ਘਟਨਾ ਦੇ ਵਿਸਤ੍ਰਿਤ ਪਹਿਲੂਆਂ ਤੇ ਪਿਛੋਕੜ ਦੀ ਗੰਭੀਰਤਾ ਨਾਲ ਜਾਂਚ ਕਰਕੇ ਸਾਰੀ ਸੱਚਾਈ ਸਾਹਮਣੇ ਲਿਆਉਣ ਦੀ ਮੰਗ ਕੀਤੀ ਹੈ ਤਾਂ ਜੋ ਦੁਨੀਆ ਸਾਹਮਣੇ ਸਿੱਖ ਕੌਮ ਦਾ ਸਹੀ ਪੱਖ ਪੇਸ਼ ਕੀਤਾ ਜਾ ਸਕੇ। ਇਸ ਦੇ ਨਾਲ ਉਨਾਂ ਸਰਕਾਰ ਤੇ ਪੁਲਿਸ ਨੂੰ ਵੀ ਕਿਹਾ ਕਿ ਸਿੰਘੂ ਬਾਰਡਰ ਘਟਨਾ ਦੀ ਧਾਰਮਿਕ ਸੰਵੇਦਨਸ਼ੀਲਤਾ ਤੇ ਭਾਵਨਾਤਮਕ ਗੰਭੀਰਤਾ ਨੂੰ ਵੇਖਦਿਆਂ ਇਸ ਨੂੰ ਸਿਰਫ ਅਮਨ ਤੇ ਕਾਨੂੰਨ ਦੇ ਮਸਲੇ ਵਜੋਂ ਨਾ ਲਿਆ ਜਾਵੇ। ਉਨਾਂ ਮੀਡੀਆ ਨੂੰ ਵੀ ਸਿੰਘੂ ਬਾਰਡਰ ਦੀ ਘਟਨਾ ਦੇ ਅਧੂਰੇ ਪੱਖ ਦਿਖਾ ਕੇ ਸਿੱਖਾਂ ਦਾ ਅਕਸ ਖ਼ਰਾਬ ਕਰਨ ਤੋਂ ਗੁਰੇਜ਼ ਕਰਨ ਦੀ ਨਸੀਹਤ ਦਿੰਦਿਆਂ ਆਖਿਆ ਕਿ ਮੀਡੀਆ ਦਾ ਕੰਮ ਹਰੇਕ ਪੱਖ ਨੂੰ ਪੇਸ਼ ਕਰਕੇ ਸਿੱਟਾ ਕੱਢਣ ਦਾ ਫੈਸਲਾ ਪਾਠਕਾਂ 'ਤੇ ਛੱਡਣਾ ਹੁੰਦਾ ਹੈ ਨਾ ਕਿ ਖੁਦ ਹੀ ਜੱਜ ਬਣ ਕੇ ਫੈਸਲਾ ਸੁਣਾਉਣਾ।

ਗਿਆਨੀ ਹਰਪ੍ਰੀਤ ਸਿੰਘ ਨੇ ਆਖਿਆ ਕਿ ਸਿੰਘੂ ਬਾਰਡਰ ਵਿਖੇ 15 ਅਕਤੂਬਰ ਨੂੰ ਤੜਕੇ ਵਾਪਰੀ ਘਟਨਾ ਦੇ ਪਿਛੋਕੜ ਵਿਚ ਪਿਛਲੇ ਪੰਜ-ਛੇ ਸਾਲਾਂ ਦੌਰਾਨ ਪੰਜਾਬ ਵਿਚ 400 ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਵਾਪਰ ਚੁੱਕੀਆਂ ਘਟਨਾਵਾਂ ਹਨ ਜਿਨਾਂ ਵਿਚ ਕਾਨੂੰਨ ਕਿਸੇ ਇਕ ਵੀ ਦੋਸ਼ੀ ਨੂੰ ਅਜਿਹੀ ਮਿਸਾਲੀ ਸਜ਼ਾ ਨਹੀਂ ਦੇ ਸਕਿਆ ਜੋ ਸਿੱਖਾਂ ਦੇ ਜ਼ਖ਼ਮਾਂ 'ਤੇ ਮਰਹੱਮ ਲਗਾਉਣ ਦਾ ਕੰਮ ਕਰਦੀ। ਉਨਾਂ ਕਿਹਾ ਕਿ ਸਿੱਖਾਂ ਲਈ ਆਪਣੇ ਜਾਗਤ-ਜੋਤ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉੱਪਰ ਕੁਝ ਵੀ ਨਹੀਂ ਹੈ ਪਰ ਜਿਸ ਤਰਾਂ ਪਿਛਲੇ ਸਮੇਂ ਤੋਂ ਲਗਾਤਾਰ ਬੇਅਦਬੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ ਅਤੇ ਦੋਸ਼ੀਆਂ ਨੂੰ ਮਾਨਸਿਕ ਰੋਗੀ ਕਹਿ ਕੇ ਪੂਰੀ ਸਾਜ਼ਿਸ਼ ਨੂੰ ਨੰਗਾ ਕਰਨ ਤੋਂ ਕਾਨੂੰਨ ਵਿਵਸਥਾ ਅਸਮਰੱਥਾ ਜਤਾਉਂਦੀ ਆ ਰਹੀ ਹੈ, ਉਸ ਨਾਲ ਸਿੱਖਾਂ ਦੀ ਕਾਨੂੰਨ ਪ੍ਰਤੀ ਭਰੋਸੇ ਦੀ ਭਾਵਨਾ ਨੂੰ ਭਾਰੀ ਠੇਸ ਪਹੁੰਚੀ ਹੈ।ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਸਿੱਖਾਂ ਲਈ ਅਸਹਿਣਯੋਗ ਘਟਨਾਵਾਂ ਦੇ ਮਾਮਲੇ ਵਿਚ ਸਿੱਖਾਂ ਨੂੰ ਇਨਸਾਫ਼ ਦੇਣ ਵਿਚ ਭਾਰਤੀ ਨਿਆਂਪਾਲਿਕਾ ਦੀ ਅਸਫਲਤਾ ਵਿਚੋਂ ਹੀ ਸਿੰਘੂ ਬਾਰਡਰ ਦੀ ਘਟਨਾ ਦਾ ਜਨਮ ਹੋਇਆ ਹੈ। ਉਨਾਂ ਕਿਹਾ ਕਿ ਕਿਸੇ ਨਿਰਪੱਖ ਏਜੰਸੀ ਕੋਲੋਂ ਸਿੰਘੂ ਬਾਰਡਰ ਦੀ ਘਟਨਾ ਦੇ ਸਾਰੇ ਪਹਿਲੂਆਂ ਤੋਂ ਬਾਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ ਅਤੇ ਕਿਸੇ ਵੀ ਤਰਾਂ ਦੀ ਸਾਜ਼ਿਸ਼ ਤੇ ਇਸ ਦੇ ਪਿੱਛੇ ਕੰਮ ਕਰਦੀਆਂ ਤਾਕਤਾਂ ਦੇ ਮਕਸਦ ਨੂੰ ਬੇਪਰਦ ਕੀਤਾ ਜਾ ਸਕੇ।

ਇਸ ਮੌਕੇ ਉਨਾਂ ਇਹ ਵੀ ਖ਼ਦਸ਼ਾ ਪ੍ਰਗਟ ਕੀਤਾ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਲਾਂਬੂ ਲਾਉਣ ਦੀਆਂ ਕੋਝੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਉੱਥੇ ਇਨਾਂ ਘਟਨਾਵਾਂ ਪਿੱਛੇ ਪੰਜਾਬ ਵਿਚ ਫਿਰਕੂ ਤੇ ਜਾਤੀਵਾਦ ਦਾ ਬਿਖੇੜਾ ਖੜਾ ਕਰਕੇ ਭਾਈਚਾਰਕ ਖਾਨਾਜੰਗੀ ਵਾਲੇ ਹਾਲਾਤ ਪੈਦਾ ਕਰਨ ਦੀਆਂ ਚਾਲਾਂ ਵੀ ਹੋ ਸਕਦੀਆਂ ਹਨ।

**ਮਾਇਆਵਤੀ ਦਾ ਪੰਥ ਵਿਰੋਧੀ ਵਰਤਾਰਾ**

ਬਹੁਜਨ ਸਮਾਜ ਪਾਰਟੀ (ਬਸਪਾ) ਦੀ ਪ੍ਰਧਾਨ ਮਾਇਆਵਤੀ ਨੇ ਸਿੱਖ ਪੰਥ ਵਿਰੁਧ ਦਲਿਤ ਪਤਾ ਖੇਡਦਿਆਂ ਕਤਲ ਹੋਏ ਬੇਅਦਬੀ ਦੇ ਦੋਸ਼ੀ ਦੇ ਪਰਿਵਾਰ ਨੂੰ ਪੰਜਾਹ ਲਖ ਦੀ ਮਦਦ ਦੇਣ ਲਈ ਪੰਜਾਬ ਸਰਕਾਰ ਨੂੰ ਕਿਹਾ ਕਿ ਦਿੱਲੀ ਸਿੰਘੂ ਬਾਰਡਰ 'ਤੇ ਪੰਜਾਬ ਦੇ ਇੱਕ ਅਨੁਸੂਚਿਤ ਜਾਤੀ ਦੇ ਨੌਜਵਾਨ ਲਖਬੀਰ ਸਿੰਘ ਦਾ ਬੇਰਹਿਮੀ ਨਾਲ ਕਤਲ ਬਹੁਤ ਹੀ ਦੁਖਦਾਈ ਅਤੇ ਸ਼ਰਮਨਾਕ ਹੈ ਤੇ ਦਲਿਤ ਸਮਾਜ ਉਪਰ



ਹਮਲਾ ਹੈ ਅਤੇ ਬਸਪਾ ਕੇਂਦਰ ਸਰਕਾਰ ਤੋਂ ਇਸ ਮਾਮਲੇ ਵਿਚ ਸੀਬੀਆਈ ਵੱਲੋਂ ਜਾਂਚ ਦੀ ਮੰਗ ਕਰਦੀ ਹੈ। ਸੋਸ਼ਲ ਮੀਡੀਆ ਉਪਰ ਸਿੱਖਾਂ ਵਲੋਂ ਮਾਇਆਵਤੀ ਦਾ ਤਿੱਖਾ ਵਿਰੋਧ ਹੋ ਰਿਹਾ ਹੈ।ਸਿੱਖ ਆਖ ਰਹੇ ਹਨ ਮਾਇਆਵਤੀ ਅਜਿਹਾ ਕਰਕੇ ਬੇਅਦਬੀ ਦੇ ਦੋਸ਼ੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ ਤੇ ਸਿੱਖਾਂ ਵਿਰੁਧ ਦਲਿਤ ਪੱਤਾ ਖੇਡ ਰਹੀ ਹੈ।

**ਸੁਪਰੀਮ ਕੋਰਟ ਦੀ ਹਾਈਕੋਰਟ ਨੂੰ ਸਹੀ ਹਦਾਇਤ**

**ਕਿਹਾ ਕਿ ਖੁਫ਼ੀਆ, ਸੁਰੱਖਿਆ ਏਜੰਸੀਆਂ ਨੂੰ ਆਰ.ਟੀ.ਆਈ. ਦੇ ਦਾਇਰੇ 'ਚ ਲਿਆਓ**

ਸੁਪਰੀਮ ਕੋਰਟ ਨੇ ਦਿੱਲੀ ਹਾਈਕੋਰਟ ਨੂੰ ਨਿਰਦੇਸ਼ ਦਿੱਤਾ



ਹੈ ਕਿ ਉਹ ਜਲਦ ਇਸ ਬਾਰੇ ਫ਼ੈਸਲਾ ਕਰੇ ਕਿ ਭਾਰਤ ਦੀਆਂ ਖੁਫ਼ੀਆ ਤੇ ਸੁਰੱਖਿਆ ਏਜੰਸੀਆਂ 'ਤੇ ਸੂਚਨਾ ਦਾ ਅਧਿਕਾਰ ਕਾਨੂੰਨ (ਆਰ. ਟੀ. ਆਈ.) ਲਾਗੂ ਹੋ ਸਕਦਾ ਹੈ ਜਾਂ ਨਹੀਂ । ਅਸਲ ਵਿਚ ਦਿੱਲੀ ਹਾਈਕੋਰਟ ਨੇ ਹਾਲ ਹੀ 'ਚ ਇਕ ਮਾਮਲੇ ਦੀ ਸੁਣਵਾਈ ਦੌਰਾਨ ਸਰਕਾਰੀ ਵਿਭਾਗ ਨੂੰ ਆਦੇਸ਼ ਦਿੱਤਾ ਸੀ ਕਿ ਆਰ.ਟੀ.ਆਈ. ਐਕਟ ਤਹਿਤ ਉਹ ਜਾਂਚ ਏਜੰਸੀ 'ਚ ਸੀਨੀਆਰਤਾ ਤੇ ਤਰੱਕੀ ਨਾਲ ਜੁੜੀਆਂ ਜਾਣਕਾਰੀਆਂ ਜਾਂਚ ਏਜੰਸੀ ਦੇ ਕਰਮਚਾਰੀ ਨੂੰ ਮੁਹੱਈਆ ਕਰਵਾਏ। ਜਸਟਿਸ ਐਮ.ਆਰ. ਸ਼ਾਹ ਤੇ ਜਸਟਿਸ ਏ.ਐਸ. ਬੋਪੰਨਾ ਦੇ ਬੈਂਚ ਨੇ ਕਿਹਾ ਕਿ ਹਾਈਕੋਰਟ ਨੇ ਜੋ ਨਿਰਦੇਸ਼ ਦਿੱਤੇ ਹਨ, ਉਹ ਸਰਕਾਰੀ ਵਿਭਾਗ ਦੇ ਇਤਰਾਜ਼ਾਂ ਨੂੰ ਸੁਣੇ ਬਗੈਰ ਹੀ ਜਾਰੀ ਕੀਤੇ ਗਏ। ਇਹ ਵੀ ਸੁਣਿਆ ਜਾਣਾ ਚਾਹੀਦਾ ਸੀ ਕਿ ਆਰ.ਟੀ.ਆਈ. ਐਕਟ ਸੁਰੱਖਿਆ ਤੇ ਖੁਫ਼ੀਆ ਏਜੰਸੀਆਂ 'ਤੇ ਲਾਗੂ ਹੁੰਦਾ ਹੈ ਜਾਂ ਨਹੀਂ । ਬੈਂਚ ਨੇ ਕਿਹਾ ਕਿ ਹਾਈਕੋਰਟ ਨੂੰ ਪਹਿਲਾਂ ਸੰਗਠਨ ਜਾਂ ਵਿਭਾਗ ਲਈ ਆਰ.ਟੀ.ਆਈ. ਐਕਟ ਦੇ ਲਾਗੂ ਹੋਣ ਦੇ ਸਬੰਧ ਵਿਚ ਇਸ ਮੁੱਦੇ 'ਤੇ ਫ਼ੈਸਲਾ ਕਰਨਾ ਚਾਹੀਦਾ ਸੀ । ਬੈਂਚ ਨੇ ਉਕਤ ਕਾਰਵਾਈ 8 ਹਫ਼ਤਿਆਂ ਦੇ ਸਮੇਂ ਵਿਚਾਲੇ ਪੂਰੀ ਕਰਨ ਲਈ ਕਿਹਾ ਹੈ ।

ਸੁਪਰੀਮ ਕੋਰਟ ਦੀ ਹਦਾਇਤ ਮਹਤਵਪੂਰਨ ਹੈ ਕਿਉਂਕਿ ਇਸ ਨਾਲ ਮਨੁੱਖੀ ਅਧਿਕਾਰ ਕਾਇਮ ਰਹਿ ਸਕਣਗੇ। ਫੋਰਸਾਂ ਕਾਨੂੰਨ ਅਗੇ ਜੁਆਬਦੇਹ ਹੋਣਗੀਆਂ।

**ਲਾਹੌਰ ਵਿਚ 'ਪੰਜਾਬੀ ਪੜਾਓ' ਵਿਸ਼ੇ 'ਤੇ ਸੈਮੀਨਾਰ ਤੇ ਰੋਸ ਰੈਲੀ**

ਪਾਕਿਸਤਾਨ ਵਿਚ ਲਾਹੌਰ ਦੀ ਸ਼ਿਮਲਾ ਪਹਾੜੀ ਸਥਿਤ ਪ੍ਰੈੱਸ ਕਲੱਬ 'ਚ 'ਪੰਜਾਬੀ ਪੜਾਓ' ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਵਿਚ ਪੰਜਾਬੀ ਭਾਸ਼ਾ ਸਨੇਹੀ ਵੱਡੀ ਗਿਣਤੀ 'ਚ ਸ਼ਾਮਿਲ ਹੋਏ ਤੇ ਉਨਾਂ ਸਾਂਝੇ ਤੌਰ 'ਤੇ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਸੂਬਾ ਸਰਕਾਰ ਨੂੰ ਲਹਿੰਦੇ ਪੰਜਾਬ ਵਿਚ ਪ੍ਰਾਇਮਰੀ ਸਕੂਲਾਂ ਤੋਂ ਲੈ ਕੇ ਯੂਨੀਵਰਸਿਟੀ ਪੱਧਰ 'ਤੇ ਪੰਜਾਬੀ ਨੂੰ ਲਾਜ਼ਮੀ ਕਰਨ ਦੇ ਅਦਾਲਤ ਵਲੋਂ ਦਿੱਤੇ ਫ਼ੈਸਲੇ ਨੂੰ ਜਲਦ ਲਾਗੂ ਕਰਨ ਦੀ ਅਪੀਲ ਕੀਤੀ । ਲਾਹੌਰ ਪ੍ਰੈੱਸ ਕਲੱਬ ਦੇ ਬਾਹਰ ਵੱਖ-ਵੱਖ ਜਥੇਬੰਦੀਆਂ ਸਮੇਤ 36 ਜ਼ਿਲਿਆਂ ਤੋਂ ਪਹੁੰਚੇ ਪੰਜਾਬੀ ਵਿਦਵਾਨਾਂ, ਸਾਹਿਤਕਾਰਾਂ, ਪੱਤਰਕਾਰਾਂ, ਵਕੀਲਾਂ ਤੇ ਗੀਤਕਾਰਾਂ ਵਲੋਂ ਮਾਂ-ਬੋਲੀ ਪੰਜਾਬੀ ਨੂੰ ਉਸ ਦਾ ਬਣਦਾ ਹੱਕ, ਸਨਮਾਨ ਤੇ ਇਨਸਾਫ਼ ਦਿਵਾਉਣ ਲਈ ਵਿਸ਼ਾਲ ਪੱਧਰ 'ਤੇ ਰੋਸ ਮੁਜ਼ਾਹਰਾ ਕੀਤਾ ਗਿਆ । ਪੰਜਾਬੀ ਪ੍ਰਚਾਰ ਸੰਸਥਾ ਦੇ ਜਨਰਲ ਸਕੱਤਰ ਬਾਬਰ ਜਲੰਧਰੀ ਨੇ ਦੱਸਿਆ ਕਿ ਰੋਸ ਪ੍ਰਦਰਸ਼ਨ ਤੇ ਸੈਮੀਨਾਰ ਦੌਰਾਨ ਅਹਿਮਦ ਰਜ਼ਾ, ਪ੍ਰੋ. ਤਾਰਿਕ ਜ਼ਟਾਲਾ, ਦੀਪ ਸਈਦਾ, ਗਜ਼ਾਲਾ ਨਜ਼ਾਮਦੀਨ ਨੇ ਕਿਹਾ ਕਿ ਲਹਿੰਦੇ ਪੰਜਾਬ ਵਿਚ 75.23 ਫ਼ੀਸਦੀ ਲੋਕਾਂ ਦੁਆਰਾ ਪੰਜਾਬੀ ਬੋਲੇ ਜਾਣ ਦੇ ਬਾਵਜੂਦ ਪੰਜਾਬੀ ਨੂੰ ਪ੍ਰਮੁੱਖ ਭਾਸ਼ਾ ਦਾ ਸਥਾਨ ਨਹੀਂ ਦਿੱਤਾ ਜਾ ਸਕਿਆ ਹੈ । ਉਨਾਂ ਮੰਗ ਕੀਤੀ ਕਿ ਪਾਕਿ ਦੇ ਹੋਰ ਸੂਬਿਆਂ ਵਾਂਗ ਸੂਬਾ ਪੰਜਾਬ 'ਚ ਮਾਂ-ਬੋਲੀ ਨੂੰ ਲਾਜ਼ਮੀ ਕੀਤਾ ਜਾਵੇ, ਪ੍ਰਾਇਮਰੀ ਤੋਂ ਹਾਈ ਸਕੂਲ, ਕਾਲਜਾਂ ਤੇ ਯੂਨੀਵਰਸਿਟੀ ਵਿਚ ਪੰਜਾਬੀ ਵਿਸ਼ੇ ਦੇ ਅਧਿਆਪਕਾਂ ਦੀ ਭਰਤੀ ਕੀਤੀ ਜਾਵੇ, ਕਾਲਜਾਂ ਵਿਚ ਪੰਜਾਬੀ ਪ੍ਰੋਫੈਸਰਾਂ ਦੀਆਂ ਖ਼ਾਲੀ ਪਈਆਂ ਅਸਾਮੀਆਂ ਭਰੀਆਂ ਜਾਣ, ਪਾਕਿ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਨਾ ਕਰਦਿਆਂ ਪੰਜਾਬ ਦੇ ਸਕੂਲਾਂ ਵਿਚ ਨਰਸਰੀ ਜਮਾਤ ਤੋਂ ਗ੍ਰੈਜੂਏਸ਼ਨ ਦੀ ਪੜਾਈ ਤੱਕ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਲਾਗੂ ਕੀਤਾ ਜਾਵੇ, ਪੰਜਾਬ ਅਸੈਂਬਲੀ ਵਿਚ ਪੰਜਾਬੀ ਬੋਲਣ 'ਤੇ ਲਗਾਈ ਪਾਬੰਦੀ ਨੂੰ ਖ਼ਤਮ ਕੀਤਾ ਜਾਵੇ ਤੇ ਸਕੂਲੀ ਪੰਜਾਬੀ ਪੁਸਤਕਾਂ ਵਿਚ ਬਾਬਾ ਬੁੱਲਾ ਸ਼ਾਹ, ਸ਼ਾਹ ਹੁਸੈਨ, ਬਾਬਾ ਗੁਰੂ ਨਾਨਕ ਦੇਵ ਜੀ, ਸ਼ੇਖ਼ ਫ਼ਰੀਦ, ਵਾਰਿਸ ਸ਼ਾਹ ਆਦਿ ਦੇ ਪੰਜਾਬੀ ਸੂਫ਼ੀ ਕਲਾਮ ਸ਼ਾਮਿਲ ਕੀਤੇ ਜਾਣ। ਪ੍ਰਸਿੱਧ ਕਵੀ ਬਾਬਾ ਨਜ਼ਮੀ, ਵਿਸ਼ੇਸ਼ ਤੌਰ 'ਤੇ ਪਹੁੰਚੇ ਬਰਿਸਟਰ ਇਤਹਾਦ ਅਹਸਨ, ਅਫ਼ਜ਼ਲ ਸਾਹਿਰ, ਮੁਦਸਰ ਇਕਬਾਲ ਬੱਟ ਨੇ ਵੀ ਸੂਬੇ ਦੇ ਲੋਕਾਂ ਅੱਗੇ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਉਸਾਰੂ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਤੇ ਕਿਹਾ ਕਿ ਪੰਜਾਬੀ ਭਾਸ਼ਾ ਨਾਲ ਹੀਣਭਾਵਨਾ ਜੋੜ ਦਿੱਤੀ ਗਈ ਹੈ, ਜਿਸ ਕਾਰਨ ਨਵੀਂ ਪੀੜੀ ਪੰਜਾਬੀ ਭਾਸ਼ਾ ਤੋਂ ਆਪਣੀ ਦੂਰੀ ਬਣਾ ਰਹੀ ਹੈ। ਲਾਹੌਰ ਦੇ ਅਦੀਬਾਂ ਪੰਜਾਬੀ ਪਿਆਰਿਆਂ ਦਾ ਇਹ ਸੰਘਰਸ਼ ਯੋਗ ਫੈਸਲਾ ਹੈ।ਇਸ ਨਾਲ ਹੀ ਪੰਜਾਬੀ ਭਾਸ਼ਾ ਬੋਲੀ ਦੀ ਮੁਹਿੰਮ ਅੱਗੇ ਤੁਰ ਸਕੇਗੀ। ਸਮੂਹ ਪੰਜਾਬੀ ਪਿਆਰਿਆਂ ਨੂੰ ਇਸ ਦਾ ਸਵਾਗਤ ਕਰਨਾ ਬਣਦਾ ਹੈ।

# ਚਾਰ ਸੌ ਸਾਲਾ ਬੰਦੀ ਛੋੜ ਸ਼ਤਾਬਦੀ ਨੂੰ ਸਮਰਪਿਤ ਨਗਰ ਕੀਰਤਨ 3 ਨਵੰਬਰ ਤੋਂ

**ਖਡੂਰ ਸਾਹਿਬ/ਏ.ਟੀ.ਨਿਊਜ਼ :** ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ 52 ਰਾਜਪੂਤ ਰਾਜਿਆਂ ਨੂੰ ਰਿਹਾਅ ਕਰਵਾਉਣ ਤੋਂ ਬਾਅਦ ਦੀਵਾਲੀ ਮੌਕੇ ਸ੍ਰੀ ਅਮ੍ਰਿਤਸਰ ਸਾਹਿਬ ਵਿਖੇ ਪਹੁੰਚਣ ਦੀ ਯਾਦ ਵਿਚ ਗੁਰਦੁਆਰਾ ਦਾਤਾ ਬੰਦੀ ਛੋੜ ਕਿਲਾ ਗਵਾਲੀਅਰ ਤੋਂ ਨਗਰ ਕੀਰਤਨ 27 ਨਵੰਬਰ ਨੂੰ 52 ਮੋਟਰਸਾਈਕਲਾਂ ਦੇ ਕਾਫਲੇ ਦੇ ਰੂਪ ਵਿਚ ਆਰੰਭ ਹੋਵੇਗਾ ਅਤੇ 3 ਨਵੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪਹੁੰਚੇਗਾ। ਇਸ ਨਗਰ ਕੀਰਤਨ ਦਾ ਪ੍ਰੋਗਰਾਮ ਕੌਮਾਂਤਰੀ ਤੌਰ 'ਤੇ ਜਾਣੇ ਪਹਿਚਾਣੇ ਵਾਤਾਵਰਣ ਪ੍ਰੇਮੀ ਬਾਬਾ ਸੇਵਾ ਸਿੰਘ ਜੀ ਦੀ ਪ੍ਰੇਰਣਾ ਸਦਕਾ ਉਲੀਕਿਆ ਗਿਆ ਹੈ। ਯਾਦ ਰਹੇ ਇਹ ਇਤਿਹਾਸਕ ਨਗਰ ਕੀਰਤਨ ਬੰਦੀ ਛੋੜ ਦਿਵਸ ਦੀ 400 ਸਾਲਾ ਸ਼ਤਾਬਦੀ ਨੂੰ ਸਮਰਪਿਤ ਹੋਵੇਗਾ ।

ਯਾਦ ਰਹੇ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜਹਾਂਗੀਰ ਬਾਦਸ਼ਾਹ ਵਲੋਂ ਗਵਾਲੀਅਰ ਦੇ ਕਿਲੇ ਵਿਚ ਕੈਦ ਕੀਤੇ 52 ਰਾਜਿਆਂ ਨੂੰ ਰਿਹਾ ਕਰਵਾ ਕੇ ਦੀਵਾਲੀ ਮੌਕੇ ਸ੍ਰੀ ਅਮ੍ਰਿਤਸਰ ਸਾਹਿਬ ਵਿਖੇ ਪਹੁੰਚੇ ਸਨ। ਇਹ ਨਗਰ ਕੀਰਤਨ ਉਸ ਇਤਿਹਾਸਕ ਘਟਨਾ ਦੀ ਯਾਦ ਨੂੰ ਤਾਜ਼ਾ ਕਰੇਗਾ।



ਜ਼ਿਕਰ ਯੋਗ ਹੈ ਕਿ ਦਾਤਾ ਬੰਦੀ ਛੋੜ ਦਿਵਸ ਦੀ 400 ਸਾਲਾ ਸ਼ਤਾਬਦੀ ਬੀਤੀ 4,5 ਅਤੇ 6 ਅਕਤੂਬਰ ਨੂੰ ਗੁਦੁਆਰਾ ਕਿਲਾ ਗਵਾਲੀਅਰ ਵਿਖੇ ਸਮੂਹ ਖਾਲਸਾ ਪੰਥ ਵਲੋਂ ਬੜੀ ਸ਼ਰਧਾ ਭਾਵਨਾ ਨਾ ਮਨਾਈ ਗਈ ਹੈ। ਇਸੇ ਦੌਰਾਨ ਬਾਬਾ ਬੁੱਢਾ ਜੀ ਵਲੋਂ ਇਤਿਹਾਸਕ ਤੌਰ 'ਤੇ ਸ਼ੁਰੂ ਕੀਤੀ ਗਈ ਸ਼ਬਦ ਚੌਂਕੀ ਯਾਤਰਾ ਦੀ ਯਾਦ ਵਿਚ ਇਕ ਪੈਦਲ ਯਾਤਰਾ 6 ਸਤੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸ਼ੁਰੂ ਹੋ ਕੇ 3 ਅਕਤੂਬਰ ਨੂੰ ਗੁਰਦੁਆਰਾ ਦਾਤਾ ਬੰਦੀ ਛੋੜ ਕਿਲਾ ਗਵਾਲੀਅਰ ਪਹੁੰਚੀ ਸੀ।

3 ਨਵੰਬਰ ਨੂੰ ਗਵਾਲੀਅਰ ਤੋਂ ਸ਼ੁਰੂ ਹੋਣ ਵਾਲਾ ਨਗਰ ਕੀਰਤਨ ਰਸਤੇ ਵਿਚ 8 ਪੜਾਅ ਕਰੇਗਾ। ਪਹਿਲਾ ਪੜਾਅ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਗੁਰੂ ਕਾ ਤਾਲ ਆਗਰਾ (ਯੂ.ਪੀ) ਅਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪਹੁੰਚਣ ਤੋਂ ਪਹਿਲਾਂ ਆਖਰੀ ਪੜਾਅ ਸ੍ਰੀ ਗੁਰੂ ਅਰਜਨ ਦੇਵ ਪਬਲਿਕ ਸਕੂਲ ਕਰਤਾਰਪੁਰ ਸਾਹਿਬ ਵਿਖੇ ਹੋਵੇਗਾ। ਇਸ ਤੋਂ ਇਲਾਵਾ ਰਸਤੇ ਦੇ ਪੜਾਅ ਫਰੀਦਾਬਾਦ, ਦਿੱਲੀ, ਕਰਨਾਲ, ਸ੍ਰੀ ਫਤਹਿਗੜ ਸਾਹਿਬ ਅਤੇ ਗੁਰਦੁਆਰਾ ਰੇਰੂ ਸਾਹਿਬ ਸਾਹਨੇਵਾ ਵਿਖੇ ਹੋਣਗੇ ।

# ਪਤਿਤ ਸਿੱਖ ਦੀ ਅਰਦਾਸ ਮਾਮਲੇ 'ਚ ਗਿਆਨੀ ਹਰਪ੍ਰੀਤ ਸਿੰਘ ਨੂੰ ਸਲਾਹ

## ਤਖਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਕੁਲਵੰਤ ਸਿੰਘ ਨੇ ਕਿਹਾ ਜਥੇਦਾਰ ਪਤਿਤ ਦੀ ਅਰਦਾਸ ਨਹੀਂ ਕਰ ਸਕਦਾ

**ਅੰਮ੍ਰਿਤਸਰ/ਏ.ਟੀ.ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਪੁੱਤਰ ਨਵਜੀਤ ਸਿੰਘ ਦੇ ਅਨੰਦ ਕਾਰਜ ਦੀ ਅਰਦਾਸ ਕਰਨ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਨੂੰ ਕਿਹਾ ਕਿ ਤਖ਼ਤ ਤੋਂ ਬਾਹਰ ਜਥੇਦਾਰ ਪਤਿਤ ਦੀ ਵੀ ਅਰਦਾਸ ਕਰ ਸਕਦਾ ਹੈ। ਜਾਣਕਾਰੀ ਦਿੰਦੇ ਬਾਵਾ ਗਰਦੀਪ ਸਿੰਘ ਨੇ ਕਿਹਾ ਕਿ ਉਨਾਂ ਵੱਲੋਂ ਇਸ ਮਾਮਲੇ ਵਿਚ ਇਕ ਪੱਤਰ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਨੂੰ ਭੇਜਿਆ ਗਿਆ ਸੀ, ਜਿਸ 'ਤੇ ਬਾਬਾ ਕੁਲਵੰਤ ਸਿੰਘ ਵੱਲੋਂ ਨਾਂਦੇੜ ਪਹੁੰਚੇ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਸਮੇਂ ਗੱਲਬਾਤ ਕੀਤੀ ਤਾਂ ਗਿਆਨੀ ਹਰਪ੍ਰੀਤ



ਸਿੰਘ ਵੱਲੋਂ ਬਾਬਾ ਕੁਲਵੰਤ ਸਿੰਘ ਨੂੰ ਸਪੱਸ਼ਟ ਕੀਤਾ ਕਿ ਤਖ਼ਤ ਸਾਹਿਬ ਤੋਂ ਬਾਹਰ ਜਥੇਦਾਰ ਕਿਸੇ ਵੀ ਪਤਿਤ ਦੀ ਅਰਦਾਸ ਕਰ ਸਕਦਾ ਹੈ। ਉਨਾਂ ਕਿਹਾ ਕਿ ਬਾਬਾ ਕੁਲਵੰਤ ਸਿੰਘ ਵੱਲੋਂ ਇਸ ਸਬੰਧੀ ਜਲਦ ਹੀ ਲਿਖਤੀ ਫੈਸਲਾ ਭੇਜਣ ਬਾਰੇ ਕਿਹਾ ਗਿਆ ਹੈ। ਉਨਾਂ ਕਿਹਾ ਕਿ ਜੇਕਰ ਇਹ ਰੁਝਾਣ ਸ਼ੁਰੂ ਹੋ ਗਿਆ ਤਾਂ ਆਉਣ ਵਾਲੇ ਸਮੇਂ 'ਚ ਪਤਿਤਪੁਣੇ ਨੂੰ ਠੱਲ ਪਾਉਣੀ ਹੋਰ ਵੀ ਮੁਸ਼ਕਿਲ ਹੋ ਜਾਵੇਗੀ। ਉਨਾਂ ਜਥੇਦਾਰ ਨੂੰ ਅਪੀਲ ਕੀਤੀ ਕਿ ਪਤਿਤ ਸਿੱਖ ਦੀ ਅਰਦਾਸ ਤਖਤ ਸਾਹਿਬ ਅਤੇ ਤਖਤ ਸਾਹਿਬ ਦੇ ਨੁਮਾਇੰਦਿਆਂ ਵੱਲੋਂ ਨਹੀਂ ਹੋਣੀ ਚਾਹੀਦੀ। ਉਨਾਂ ਕਿਹਾ ਕਿ ਜਿਸ ਤਰਾਂ ਪਤਿਤਪੁਣੇ ਨੂੰ ਰੋਕਣ ਲਈ ਪਹਿਲਾਂ ਵੀ ਜਥੇਦਾਰ ਅਰਦਾਸ ਨਹੀਂ ਕਰਦੇ ਇਸ ਫੈਸਲੇ ਨੂੰ ਹੀ ਲਾਗੂ ਰੱਖਣਾ ਚਾਹੀਦਾ ਹੈ।

# ਨਿਹੰਗ ਆਗੂ ਨੇ ਖੇਤੀ ਮੰਤਰੀ ਤੋਮਰ ਨਾਲ ਮੀਟਿੰਗ ਦੀ ਗੱਲ ਕਬੂਲੀ

## ✪ ਧਰਨੇ ਵਾਲੀ ਥਾਂ ਖਾਲੀ ਕਰਨ ਬਦਲੇ ਭਾਜਪਾ ਆਗੂਆਂ ਵੱਲੋਂ ਦਸ ਲੱਖ ਦੀ ਪੇਸ਼ਕਸ਼ ਕੀਤੇ ਜਾਣ ਦਾ ਦਾਅਵਾ ✪ ਨਿਹੰਗ ਅਮਨ ਸਿੰਘ ਨੇ ਕਿਹਾ ਕਿ ਪੰਥ ਵਿਰੋਧੀਆਂ ਦਾ ਜਲਦ ਪਰਦਾਫਾਸ਼ ਕਰੇਗਾ ✪ ਵਾਪਸ ਪਰਤਾਂਗੇ ਜਾਂ ਨਹੀਂ, ਇਸ ਦਾ ਫੈਸਲਾ 27 ਨੂੰ : ਨਿਹੰਗ

*ਕਿਸਾਨ ਅੰਦੋਲਨ ਦਾ ਮੁੱਖ ਆਧਾਰ ਸਿੱਖ ਹਨ। ਕਾਰਨ ਇਹ ਹੈ ਕਿ ਪੰਜਾਬ ਦੀ ਆਰਥਿਕਤਾ ਖੇਤੀ ਆਧਾਰਿਤ ਹੈ। ਖੇਤੀ ਆਰਥਿਕਤਾ ਬਿਨਾਂ ਸਿੱਖ ਤੇ ਪੰਜਾਬ ਨਹੀਂ ਜਿਉਂਦਾ ਰਹਿ ਸਕਦਾ। ਇਸਦੀ ਸਿੱਖਾਂ ਨੂੰ ਸਮਝ ਹੈ। ਕਿਸਾਨ ਯੂਨੀਅਨ ਇਸ ਮੋਰਚੇ ਦੀ ਅਗਵਾਈ ਕਰ ਰਹੇ ਹਨ ਪਰ ਤਾਕਤ ਸਿੱਖ ਸੰਗਤ ਦੀ ਹੈ। ਇਹ ਠੀਕ ਹੈ ਕਿਸਾਨ ਯੂਨੀਅਨ ਲੀਡਰ ਯੋਗ ਸਿਆਸੀ ਅਗਵਾਈ ਨਹੀਂ ਕਰ ਸਕੇ। ਪਰ ਇਸ ਦੇ ਬਾਵਜੂਦ ਮੋਰਚੇ ਦੀ ਵਿਸ਼ਾਲਤਾ ਇਹ ਹੈ ਕਿ ਸਿਆਸੀ ਪਾਰਟੀਆਂ ਇਸ ਰਾਹੀਂ ਆਕਸੀਜਨ ਭਾਲਦੀਆਂ ਹਨ। ਮੋਰਚੇ ਨੂੰ ਉਖਾੜਨ ਲਈ ਬਹੁਤ ਤਾਕਤਾਂ ਸਰਗਰਮ ਹਨ। ਨਕਲੀ ਨਾਇਕ ਸਿਰਜੇ ਜਾ ਰਹੇ ਹਨ। ਪੰਜਾਬ ਦੀ ਧਰਤੀ ਉਪਰ ਖੇਤੀ ਜਮੀਨ ਨਾ ਰਹੀ ਤੇ ਇਸ ਉਪਰ ਕਾਰਪੋਰੇਟ ਦਾ ਕਬਜਾ ਹੋਇਆ ਤਾਂ ਪੰਜਾਬ ਦਾ ਸਿੱਖ ਕਿਸਾਨ ਵਿਦੇਸ਼ਾਂ ਵੱਲ ਤਬਦੀਲ ਹੋ ਜਾਵੇਗਾ। ਇਹ ਮਸਲਾ ਜਮੀਨ, ਆਰਥਿਕਤਾ, ਸਭਿਆਚਾਰ ਤੇ ਧਰਮ ਦਾ ਹੈ। ਬਾਣੀਆਵਾਦ ਇਸ ਖੇਤੀ ਆਰਥਿਕਤਾ ਨੂੰ ਹੜੱਪ ਕਰੇਗਾ। ਗਰੀਬ ਕਿਸਾਨ ਮਜਦੂਰ ਹੋ ਜਾਵੇਗਾ। ਬੇਅਦਬੀ ਦੀ ਘਟਨਾ ਤੋਂ ਬਾਅਦ ਸਿੰਘੂ ਬਾਰਡਰ 'ਤੇ ਕਿਸਾਨਾਂ ਤੇ ਨਿਹੰਗ ਸਿੰਘਾਂ ਵਿਚ ਟਕਰਾਅ ਨਿਹੰਗਾਂ ਵੱਲੋਂ ਬੁਲਾਈ ਜਾ ਰਹੀ ੨੭ ਅਕਤੂਬਰ ਨੂੰ ਮਹਾਂਪੰਚਾਇਤ ਕਿਸਾਨ ਅੰਦੋਲਨ ਨੂੰ ਢਾਹ ਲਾਵੇਗੀ। ਨਿਹੰਗ ਸਿੰਘਾਂ ਨੂੰ ਇਹ ਮੀਟਿੰਗ ਵਾਪਸ ਲੈਣੀ ਚਾਹੀਦੀ ਹੈ। ਇਸ ਮਹਾਂਪੰਚਾਇਤ ਦਾ ਸੁਨੇਹਾ ਇਹ ਬਣੇਗਾ ਕਿ ਪੰਥਕ ਇਕੱਠ ਕਿਸਾਨਾਂ ਵਿਰੋਧੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਫਿਰਕੂ ਅਨਸਰ ਨਿਹੰਗਾਂ ਦੇ ਡਰ ਕਾਰਨ ਸ਼ਰਾਰਤ ਨਹੀਂ ਕਰਦੇ।*

**ਚੰਡੀਗੜ੍ਹ/ਏ.ਟੀ.ਨਿਊਜ਼ :** ਸਿੰਘੂ ਕਤਲ ਕੇਸ ਦੀ ਜ਼ਿੰਮੇਵਾਰੀ ਲੈਣ ਵਾਲੀ ਨਿਹੰਗ ਜਥੇਬੰਦੀ ਦੇ ਆਗੂ ਬਾਬਾ ਅਮਨ ਸਿੰਘ ਨੇ ਸਵੀਕਾਰ ਕੀਤਾ ਹੈ ਕਿ ਉਹ ਭਾਜਪਾ ਦੇ ਮੰਤਰੀਆਂ ਨੂੰ ਮਿਲਿਆ ਸੀ। ਕਈ ਮੀਡੀਆ ਇੰਟਰਵਿਊਜ਼ ਵਿਚ ਉਹ ਮੰਨਿਆ ਹੈ ਕਿ ਉਸ ਨੇ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ ਤੇ ਹੋਰਾਂ ਨਾਲ ਮੁਲਾਕਾਤ ਕੀਤੀ ਸੀ। ਉਸ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਭਾਜਪਾ ਆਗੂ ਨੇ ਉਨਾਂ ਨੂੰ ਦਸ ਲੱਖ ਰੁਪਏ ਤੇ ਘੋੜਿਆਂ ਦੀ ਪੇਸ਼ਕਸ਼ ਕਰ ਕੇ ਸਿੰਘੂ ਬਾਰਡਰ ਧਰਨੇ ਵਾਲੀ ਥਾਂ ਖਾਲੀ ਕਰਨ ਲਈ ਕਿਹਾ ਸੀ ਪਰ ਉਨਾਂ ਇਨਕਾਰ ਕਰ ਦਿੱਤਾ। ਨਿਹੰਗ ਆਗੂ ਨੇ ਇਹ ਪ੍ਰਤੀਕਰਮ ਉਦੋਂ ਦਿੱਤਾ ਜਦ ਕਈ ਮੀਡੀਆ ਅਦਾਰਿਆਂ ਨੇ ਉਸ ਤੋਂ 'ਦਿ ਟ੍ਰਿਬਿਊਨ' ਤੇ 'ਪੰਜਾਬੀ ਟ੍ਰਿਬਿਊਨ' ਵਿਚ ਛਪੀ ਖ਼ਬਰ ਬਾਰੇ ਸੁਆਲ ਕੀਤੇ ਜਿਸ ਵਿਚ ਵੇਰਵਿਆਂ ਸਹਿਤ ਉਸ ਦੀਆਂ ਭਾਜਪਾ ਆਗੂਆਂ ਨਾਲ ਮੁਲਾਕਾਤਾਂ ਦੀਆਂ ਫੋਟੋਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। ਨਾ ਤਾਂ ਭਾਜਪਾ ਆਗੂਆਂ ਤੇ ਨਾ ਹੀ ਨਿਹੰਗ ਆਗੂ ਨੇ ਇਸ ਤੋਂ ਪਹਿਲਾਂ ਇਨਾਂ ਮੀਟਿੰਗਾਂ ਬਾਰੇ ਕੋਈ ਜਾਣਕਾਰੀ ਸਾਂਝੀ ਕੀਤੀ ਸੀ।

ਨਿਹੰਗ ਆਗੂ ਬਾਬਾ ਅਮਨ ਨੇ ਇਕ ਇੰਟਰਵਿਊ ਵਿਚ ਕਿਹਾ 'ਅਸੀਂ ਪੈਸੇ ਨਹੀਂ ਲਏ। ਹਾਲਾਂਕਿ ਮੋਦੀ ਸਰਕਾਰ ਵਲੋਂ ਪੇਸ਼ਕਸ਼ ਕੀਤੀ ਗਈ ਸੀ। ਅਸੀਂ ਆਪਣੀਆਂ ਮੰਗਾਂ ਉਤੇ ਅੜੇ ਰਹੇ ਕਿ ਉਦੋਂ ਹੀ ਧਰਨਾ ਚੁੱਕਾਂਗੇ ਜਦ ਕਾਲੇ ਖੇਤੀ ਕਾਨੂੰਨ ਵਾਪਸ ਲਏ ਜਾਣਗੇ, ਐਮਐੱਸਪੀ ਜਾਰੀ ਰੱਖੀ ਜਾਵੇਗੀ, ਬੇਅਦਬੀ ਦੇ ਕੇਸਾਂ ਵਿਚ ਇਨਸਾਫ਼ ਮਿਲੇਗਾ ਤੇ ਸਾਡੇ ਖ਼ਿਲਾਫ਼



ਕੇਸ ਵਾਪਸ ਲਏ ਜਾਣਗੇ। ਅਸੀਂ ਉਨਾਂ ਨੂੰ ਦੱਸਿਆ ਕਿ ਧਰਨਾ ਉਦੋਂ ਹੀ ਚੁੱਕਾਂਗੇ ਜਦ ਮੰਗਾਂ ਮੰਨੀਆਂ ਜਾਣਗੀਆਂ। ਸਾਨੂੰ ਪੈਸੇ ਜਾਂ ਕਿਸੇ ਹੋਰ ਚੀਜ਼ ਦਾ ਲਾਲਚ ਨਹੀਂ ਹੈ। ਅਸੀਂ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਮਸਲਾ ਹਲ ਕਰਨ ਲਈ ਪਤਰ ਲਿਖੇ ਹਨ। ਨਿਹੰਗ ਆਗੂ ਨੇ ਕਿਹਾ ਕਿ 'ਮੈਂ ਤੋਮਰ ਨੂੰ ਮਿਲਣ ਇਕੱਲਾ ਨਹੀਂ ਗਿਆ ਸੀ। ਸਾਡੀ ਫ਼ੌਜ ਦੇ ਕਰੀਬ ਦਸ ਮੈਂਬਰ ਮੇਰੇ ਨਾਲ ਸਨ।' ਅਮਨ ਸਿੰਘ ਨੇ ਕਿਹਾ, 'ਇਸ ਤਰਾਂ ਫੋਟੋਆਂ ਵਾਇਰਲ ਹੋਣ ਨਾਲ ਕੁਝ ਵੀ ਨਹੀਂ ਹੋਣਾ, ਅਸੀਂ ਸਾਰੀ ਦੁਨੀਆਂ ਸਾਹਮਣੇ ਸੱਚ ਰੱਖਾਂਗੇ, ਪਰ ਇਸ ਲਈ ਉਨਾਂ ਨੂੰ ਕੁਝ ਸਮਾਂ ਚਾਹੀਦਾ ਹੈ।' ਨਿਹੰਗ ਆਗੂ ਬਾਬਾ ਅਮਨ ਸਿੰਘ ਨੇ ਨਾਲ ਹੀ ਕਿਹਾ ਕਿ ਉਨਾਂ ਦੇ ਗਰੁੱਪ ਦੇ ਸੀਨੀਅਰ 27 ਅਕਤੂਬਰ ਨੂੰ ਦਿੱਲੀ ਵਿਚ ਬੈਠਕ ਕਰ ਕੇ ਇਹ ਤੈਅ ਕਰਨਗੇ ਕਿ ਕੀ ਉਹ ਧਰਨੇ ਵਾਲੀ ਥਾਂ ਉਤੇ ਟਿਕੇ ਰਹਿਣਗੇ ਜਾਂ ਉੱਥੋਂ ਚਲੇ ਜਾਣਗੇ। ਉਸ ਨੇ ਕਿਹਾ 'ਜੇ ਸੰਗਤ ਚਾਹੇਗੀ ਤਾਂ ਅਸੀਂ ਚਲੇ ਜਾਵਾਂਗੇ।'

ਨਿਹੰਗ ਬਾਬਾ ਰਾਜਾ ਰਾਮ ਸਿੰਘ ਦਾ ਕਹਿਣਾ ਹੈ ਕਿ ਉਹ ਕੁੰਡਲੀ ਬਾਰਡਰ 'ਤੇ ਕਿਸਾਨਾਂ ਦੀ ਹਿਫਾਜ਼ਤ ਲਈ ਬੈਠੇ ਹਨ। ਹਮੇਸ਼ਾ ਤੋਂ ਉਹ ਅੰਦੋਲਨਾਂ ਵਿੱਚ ਕਿਸਾਨਾਂ ਅਤੇ ਸਿੱਖਾਂ ਦੀ ਹਿਫਾਜ਼ਤ ਕਰਦੇ ਆਏ ਹਾਂ। 27ਅਕਤੂਬਰ ਨੂੰ ਹੋਣ ਵਾਲੀ ਬੈਠਕ ਵਿੱਚ ਸਿੱਖ ਕੌਮ ਦੇ ਬੁੱਧੀਜੀਵੀਆਂ ਤੋਂ ਇਲਾਵਾ ਸੰਗਤ ਵੀ ਸ਼ਾਮਲ ਹੋਣਗੇ। ਇੱਥੇ ਜੋ ਫੈਸਲਾ ਲੈਣਗੇ, ਉਸ ਨੂੰ ਪੂਰੀ ਸੰਗਤ ਮੰਨੇਗੀ। ਨਿਹੰਗ ਬਾਬਾ ਰਾਜਾ ਰਾਮ ਸਿੰਘ ਨੇ ਕਿਹਾ ਕਿ ਅਸੀਂ ਭੱਜਣ ਵਾਲਿਆਂ ਵਿੱਚੋਂ ਨਹੀਂ ਹਾਂ। ਜੋ ਅਸੀਂ ਕੀਤਾ ਹੈ, ਉਸ ਨੂੰ ਸਵੀਕਾਰ ਕੀਤਾ ਹੈ। ਅਦਾਲਤ ਵਿੱਚ ਸਾਡੇ ਸਾਥੀਆਂ ਨੇ ਸਵੀਕਾਰ ਕੀਤਾ ਹੈ। ਨਾਲ ਹੀ ਉਨਾਂ ਨੇ ਐੱਸ.ਕੇ.ਐੱਮ. ਨੇਤਾ ਯੋਗੇਂਦਰ ਯਾਦਵ 'ਤੇ ਪਲਟਵਾਰ ਕੀਤਾ ਹੈ। ਉਨਾਂ ਕਿਹਾ ਕਿ ਯੋਗੇਂਦਰ ਯਾਦਵ ਨੂੰ ਕਿਸਾਨ ਯੂਨੀਅਨ. ਨੇ ਸਿਰ ਚੜਾ ਰੱਖਿਆ ਹੈ। ਉਨਾਂ ਨੇ ਦੋਸ਼ ਲਗਾਇਆ ਕਿ ਉਹ ਭਾਜਪਾ ਅਤੇ ਆਰ.ਐੱਸ.ਐੱਸ. ਦਾ ਬੰਦਾ ਹੈ। ਉਨਾਂ ਦੇ ਸਾਹਮਣੇ ਆ ਕੇ ਜਵਾਬ ਦੇ ਕੇ ਦਿਖਾਉਣ।

**ਜਾਖੜ ਤੇ ਸੁਰਜੇਵਾਲਾ ਨੇ ਮੀਟਿੰਗਾਂ ਦੀ ਉੱਚ ਪੱਧਰੀ ਜਾਂਚ ਮੰਗੀ**

ਕਾਂਗਰਸ ਦੇ ਰਾਸ਼ਟਰੀ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਨਿਹੰਗ ਆਗੂ ਤੇ ਭਾਜਪਾ ਆਗੂਆਂ ਦਰਮਿਆਨ ਹੋਈਆਂ ਬੈਠਕਾਂ ਦੀ ਉੱਚ ਪੱਧਰੀ ਜਾਂਚ ਮੰਗੀ ਹੈ।

**ਨਿਹੰਗ ਅਮਨ ਸਿੰਘ ਨੇ ਗੱਦਾਰੀ ਕੀਤੀ ਤਾਂ ਕਾਰਵਾਈ ਹੋਵੇਗੀ : ਰਾਜਾ ਰਾਜ ਸਿੰਘ**

ਕੇਂਦਰ ਸਰਕਾਰ ਤੇ ਕਿਸਾਨ ਯੂਨੀਅਨਾਂ ਦਰਮਿਆਨ ਗੱਲਬਾਤ 'ਚ ਆਈ ਹੋਈ ਖੜੋਤ ਦੌਰਾਨ ਬਾਬਾ ਅਮਨ ਸਿੰਘ ਦੀਆਂ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ, ਭਾਜਪਾ ਦੇ ਕਿਸਾਨ ਆਗੂ ਸੁਖਵਿੰਦਰ ਸਿੰਘ ਗਰੇਵਾਲ ਸਮੇਤ ਸਾਬਕਾ ਪੁਲੀਸ ਕੈਟ ਪਿੰਕੀ ਆਦਿ ਨਾਲ ਛਪੀਆਂ ਤਸਵੀਰਾਂ ਬਾਰੇ ਨਿਹੰਗ ਮੁਖੀ ਬਾਬਾ ਰਾਜਾ ਰਾਜ ਸਿੰਘ ਨੇ ਕਿਹਾ ਕਿ ਜੇਕਰ ਬਾਬਾ ਅਮਨ ਸਿੰਘ ਨੇ ਕੋਈ ਗੱਦਾਰੀ ਕੀਤੀ ਹੋਈ ਜਾਂ ਕੋਈ ਅਜਿਹਾ ਕਦਮ ਚੁੱਕਿਆ ਹੋਇਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। **ਬਾਕੀ ਸਫ਼ਾ 30 'ਤੇ**

## ਕੀ ਕਹਿੰਦਾ ਹੈ ਪਿੰਕੀ ਕੈਟ

ਸਾਬਕਾ ਪੁਲਿਸ ਕੈਟ ਗੁਰਮੀਤ ਸਿੰਘ ਪਿੰਕੀ ਨੇ ਕਿਹਾ ਕਿ ਜਿਸ ਮੀਟਿੰਗ ਦੀ ਫੋਟੋ ਚਰਚਾ ਵਿੱਚ ਹੈ, ਉਹ ਮੀਟਿੰਗ 5 ਅਗਸਤ ਨੂੰ ਅੱਧੇ-ਪੌਣੇ ਘੰਟੇ ਲਈ ਹੋਈ ਸੀ। ਪਿੰਕੀ ਨੇ ਕਿਹਾ ਕਿ ਉਨਾਂ ਦਾ ਇਸ ਮਸਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਹ ਭਾਜਪਾ ਆਗੂ ਸੁਖਵਿੰਦਰ ਗਰੇਵਾਲ ਨੂੰ ਆਪਣੇ ਨਿੱਜੀ ਕੰਮ ਲਈ ਮਿਲਣ ਦਿੱਲੀ ਗਏ ਸੀ।

ਪਿੰਕੀ ਨੇ ਦੱਸਿਆ, 'ਅਸੀਂ ਦਿੱਲੀ ਜਾ ਰਹੇ ਸੀ, ਇਹ (ਨਿਹੰਗ ਅਮਨ ਸਿੰਘ) ਸਾਨੂੰ ਸਿੰਘੂ ਬਾਰਡਰ ਟਕਰਿਆ ਅਤੇ ਕਹਿੰਦਾ ਕਿ ਮੈਂ ਵੀ ਮੰਤਰੀ ਨੂੰ ਮਿਲਣਾ ਹੈ, ਅਸੀਂ ਕਿਹਾ ਚੱਲੋ।' ਪਿੰਕੀ ਨੇ ਅੱਗੇ ਕਿਹਾ, 'ਅਸੀਂ ਇਸ ਨੂੰ ਨਾਲ ਲੈ ਗਏ ਅਤੇ ਅਸੀਂ ਉੱਥੇ ਖੇਤੀਬਾੜੀ ਰਾਜ ਮੰਤਰੀ ਦੇ ਘਰ ਰੋਟੀ ਖਾਣ ਲੱਗ ਗਏ।'

ਉਨਾਂ ਨੇ ਅੱਗੇ ਦੱਸਿਆ, 'ਤੋਮਰ ਉੱਥੇ ਆਏ ਹੋਏ ਸੀ, ਅਸੀਂ ਰੋਟੀ ਖਾ ਕੇ ਉੱਥੋਂ ਉੱਠ ਕੇ ਆ ਗਏ, ਇਹ ਉੱਥੇ ਬੈਠੇ ਸੀ। ਉਸ ਤੋਂ ਬਾਅਦ ਮੇਰਾ ਉਸ ਨਾਲ ਕੋਈ ਲੈਣ ਨਹੀਂ ਦੇਣ ਨਹੀਂ, ਐਵੇਂ ਹੀ ਚੱਕ ਤਾਂ ਹਵਾ ਵਿਚ, ਚੋਰ ਬਣਾ ਦਿੱਤਾ ਸਾਨੂੰ।'

ਜਦੋਂ ਪਿੰਕੀ ਨੂੰ ਪੁੱਛਿਆ ਕਿ ਤੁਹਾਡੇ ਸਾਹਮਣੇ ਮੰਤਰੀ ਨਾਲ ਖੇਤੀ ਬਿੱਲਾਂ ਸਬੰਧ ਕੋਈ ਗੱਲ ਹੋਈ ਸੀ ਤਾਂ ਉਨਾਂ ਨੇ ਜਵਾਬ ਦਿੱਤਾ, 'ਉਹ ਨਿਹੰਗ ਕਹਿ ਰਿਹਾ ਸੀ ਕਿ ਤੁਸੀਂ ਕਾਲੇ ਕਾਨੂੰਨ ਵਾਪਸ ਕਰੋ, ਮੇਰਾ ਇਸ ਵਿਚ ਕੋਈ ਦਖ਼ਲ ਨਹੀਂ ਸੀ।'

ਸੰਯੁਕਤ ਕਿਸਾਨ ਮੋਰਚਾ ਦੇ ਆਗੂ ਰਾਕੇਸ਼ ਟਕੈਤ ਨੇ ਆਖਿਆ, 'ਉਨਾਂ ਨੇ ਇਹ ਤਸਵੀਰ ਦੇਖੀ ਹੈ। ਨਿਹੰਗ ਵੀ ਭਾਰਤ ਦੇ ਨਾਗਰਿਕ ਹਨ ਅਤੇ ਭਾਰਤ ਦੇ ਖੇਤੀਬਾੜੀ ਮੰਤਰੀ ਨੂੰ ਮਿਲ ਸਕਦੇ ਹਨ।' ਰਾਕੇਸ਼ ਟਕੈਤ ਨੇ ਇਹ ਵੀ ਆਖਿਆ, 'ਜੇਕਰ ਕੋਈ ਸਰਕਾਰ ਨਾਲ ਉਨਾਂ ਦੀ ਬੈਠਕ ਕਰਵਾ ਸਕਦਾ ਹੈ ਤਾਂ ਉਨਾਂ ਨੂੰ ਇਸ ਨਾਲ ਕੋਈ ਦਿੱਕਤ ਨਹੀਂ ਹੈ। ਕਿਸਾਨਾਂ ਦੀਆਂ ਮੰਗਾਂ ਜਿਨਾਂ ਵਿੱਚ ਖੇਤੀ ਕਾਨੂੰਨ ਰੱਦ ਕਰਵਾਉਣ ਅਤੇ ਐੱਮਐੱਸਪੀ ਯਕੀਨੀ ਬਣਾਉਣਾ ਮੁੱਖ ਹੈ, ਜੇ ਕੋਈ ਸਰਕਾਰ ਨਾਲ ਬੈਠਕ ਕਰਵਾ ਕੇ ਕਰਾ ਸਕਦਾ ਹੈ, ਤਾਂ ਕਰਵਾ ਦੇਵੇ। ਇਸ ਸੰਘਰਸ਼ ਨੂੰ ਇੱਕ ਸਾਲ ਹੋ ਗਿਆ ਹੈ ਅਤੇ ਕਿਸਾਨ ਵਾਪਸ ਨਹੀਂ ਜਾਣਗੇ।'

ਇਸੇ ਦੌਰਾਨ ਕਾਂਗਰਸ ਦੇ ਕੌਮੀ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਨੇ ਟਵੀਟ ਕਰਕੇ ਕਿਹਾ ਕਿ ਸੱਚ ਸਾਹਮਣੇ ਆ ਰਿਹਾ ਹੈ ਅਤੇ ਪਰਦਾ ਉੱਠ ਰਿਹਾ ਹੈ। ਕੌਣ ਹੈ ਕਿਸਦੇ ਪਿੱਛੇ, ਕੌਣ ਕਿਸਦੇ ਨਾਲ ਖੜਾ ਹੈ, ਅਤੇ ਕਿਸਾਨਾਂ ਖ਼ਿਲਾਫ਼ ਕੀ ਸਾਜ਼ਿਸ਼ ਹੋ ਰਹੀ ਹੈ।

## ਬਾਬਾ ਅਮਨ ਸਿੰਘ ਉਪਰ ਉਠੇ ਸੁਆਲ



1) ਪਿੰਕੀ ਕੈਟ ਨਾਲ ਯਾਰੀ ਕਿੰਨੀ ਪੁਰਾਣੀ ਹੈ।

2) ਤੋਮਰ ਨੂੰ ਮਿਲਣ ਦਾ ਪ੍ਰੋਗਰਾਮ ਪਿੰਕੀ ਨੇ ਬਣਾਇਆ ਸੀ ਜਾਂ ਉਪਰੋਂ ਬੁਲਾਵਾ ਆਇਆ ਸੀ।

3) ਤੋਮਰ ਨਾਲ ਮੀਟਿੰਗ ਕਿੰਨੀ ਤਰੀਕ ਨੂੰ ਹੋਈ ਸੀ। ਮੀਟਿੰਗ ਵਿੱਚ ਕੀ ਕੀ ਗੱਲ ਹੋਈ ਸੀ।

4) ਜੇ ਤੋਮਰ ਨੇ 20 ਲੱਖ ਦੀ ਰਿਸ਼ਵਤ ਆਫਰ ਕੀਤੀ ਸੀ ਤਾਂ ਮੀਟਿੰਗ ਦਾ ਬਾਈਕਾਟ ਕਿਉਂ ਨਹੀਂ ਕੀਤਾ? ਬਾਹਰ ਆ ਕੇ ਲੋਕਾਂ ਨੂੰ ਦੱਸਿਆ ਕਿਉਂ ਨਹੀਂ?

5) ਲਖਬੀਰ (ਜਿਸਦਾ ਕਤਲ ਕੀਤਾ) ਨੂੰ ਇਕ ਬੰਦਾ ਪਿੰਡੋਂ ਨਾਲ ਲੈ ਕੇ ਗਿਆ ਤੇ ਉਹ ਸਿੱਧਾ ਤੁਹਾਡੇ ਟਿਕਾਣੇ 'ਤੇ ਆਇਆ। ਉਸ ਨੂੰ ਲੈ ਕੇ ਆਉਣ ਵਾਲੇ ਦੀ ਪਛਾਣ ਨਸ਼ਰ ਕਿਉਂ ਨਹੀਂ ਕਰਦੇ?

6) ਜੇ ਲਖਬੀਰ ਇਕੱਲਾ ਉੱਥੇ ਆਇਆ ਸੀ ਤਾਂ ਤੁਸੀਂ ਕਿਸ ਅਧਾਰ 'ਤੇ ਉਸ ਅਮਲੀ ਤੇ ਘੋਨੇ ਮੋਨੇ ਬੰਦੇ ਨੂੰ ਆਪਣੇ ਨਾਲ ਰਲਾਇਆ। ਕਿਸ ਆਧਾਰ 'ਤੇ ਉਸ ਨੂੰ ਸਿੰਘ ਸਜਾਇਆ।






# ਬੀਐਸਐਫ ਨੂੰ ਵਾਧੂ ਤਾਕਤਾਂ, ਪੰਜਾਬ ਦੀ ਘੇਰਾਬੰਦੀ ਦੀ ਤਿਆਰੀ, ਹੋਂਦ ਖਤਰੇ ਵਿਚ

## ਪੰਜਾਬ ਸਰਕਾਰ ਕੇਂਦਰੀਕਰਨ ਵਿਰੁਧ ਤੇ ਸਰਕਾਰ ਕਰੇਗੀ ਮੀਟਿੰਗ



ਬਘੇਲ ਸਿੰਘ ਧਾਲੀਵਾਲ
99142-58142

ਬੀਤੇ ਦਿਨੀਂ ਪੰਜਾਬ ਮੰਤਰੀ ਮੰਡਲ ਨੇ ਸੂਬੇ ਵਿਚ ਸੀਮਾ ਸੁਰੱਖਿਆ ਬਲ ਦੇ ਅਧਿਕਾਰ ਹੇਠ ਖੇਤਰ ਵਧਾਉਣ ਸਬੰਧੀ ਕੇਂਦਰ ਸਰਕਾਰ ਦੇ ਫੈਸਲੇ ਦਾ ਵਿਰੋਧ ਕੀਤਾ। ਮੰਤਰੀ ਮੰਡਲ ਨੇ ਕਿਹਾ ਕਿ ਕਾਨੂੰਨ ਵਿਵਸਥਾ ਕਾਇਮ ਕਰਨਾ ਸੂਬੇ ਦਾ ਕੰਮ ਹੈ ਅਤੇ ਸੂਬੇ ਦੀ ਪੁਲਿਸ ਕਿਸੇ ਵੀ ਤਰਾਂ ਦੇ ਹਾਲਾਤ ਤੋਂ ਨਜਿੱਠਣ ਦੇ ਸਮਰੱਥ ਹੈ। ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਪੁਲਿਸ ਜੇਕਰ ਸੂਬੇ ਵਿੱਚੋਂ ਹਿੰਸਾ ਦਾ ਖਾਤਮਾ ਕਰ ਸਕਦੀ ਹੈ ਤਾਂ ਕਿਸੇ ਵੀ ਘਟਨਾ ਨੂੰ ਰੋਕਣ ਦੇ ਸਮਰੱਥ ਹੈ। ਉਨਾਂ ਕਿਹਾ ਕਿ ਉਹ ਕੇਂਦਰ ਦੇ ਫੈਸਲੇ ਦਾ ਵਿਰੋਧ ਕਰਦੇ ਹਨ। ਇਹ ਕਦਮ ਜਾਇਜ ਨਹੀਂ ਹੈ। ਉਨਾਂ ਕਿਹਾ ਕਿ ਅਜਿਹੇ ਫੈਸਲੇ ਸੂਬਾ ਸਰਕਾਰ ਨਾਲ ਗੱਲ ਕੀਤੇ ਬਿਨਾ ਨਹੀਂ ਲੈਣੇ ਚਾਹੀਦੇ। ਇਸ ਮੁੱਦੇ ਉੱਤੇ ਮੰਤਰੀ ਮੰਡਲ ਦੀ ਇਕ ਵਿਸ਼ੇਸ਼ ਮੀਟਿੰਗ ਸੱਦੀ ਜਾਵੇਗੀ। ਜੇਕਰ ਲੋੜ ਪਈ ਤਾਂ ਸਰਬ ਪਾਰਟੀ ਮੀਟਿੰਗ ਵੀ ਸੱਦੀ ਜਾਵੇਗੀ। ਯਾਦ ਰਹੇ ਕਿ ਕੇਂਦਰ ਦੀ ਨਰੇਂਦਰ ਮੋਦੀ ਸਰਕਾਰ ਵੱਲੋਂ ਤਿੰਨ ਸੂਬਿਆਂ, ਪੰਜਾਬ, ਪੱਛਮੀ ਬੰਗਾਲ ਅਤੇ ਅਸਾਮ ਅੰਦਰ ਬਾਰਡਰ ਸਕਿਉਰਿਟੀ ਫੋਰਸ ਨੂੰ ਵਾਧੂ ਤਾਕਤਾਂ ਦੇ ਕੇ ਉਨਾਂ ਨੂੰ 50 ਕਿਲੋਮੀਟਰ ਤੱਕ ਕਾਰਵਾਈ ਕਰਨ ਦੇ ਅਧਿਕਾਰ ਦੇ ਦਿੱਤੇ ਗਏ ਹਨ, ਇਸ ਤੋਂ ਪਹਿਲ ਬੀ ਐਸ ਐਫ ਕੋਲ 15 ਕਿਲੋਮੀਟਰ ਤੱਕ ਕਾਰਵਾਈ ਦੇ ਅਧਿਕਾਰ ਪਰਾਪਤ ਸਨ। ਜੇ ਗੰਭੀਰਤਾ ਨਾਲ ਸੋਚਿਆ ਜਾਵੇ ਤਾਂ ਬੀਐਸਐਫ ਨੂੰ 15 ਕਿਲੋਮੀਟਰ ਤੱਕ ਕਾਰਵਾਈ ਕਰਨ ਦੀ ਖੁੱਲ ਵੀ ਮਹਿਜ ਸਰਹੱਦੀ ਲੋਕਾਂ ਉਪਰ ਮਨ-ਮਰਜੀ ਦੇ ਜ਼ੁਲਮ ਢਾਹੁਣ ਅਤੇ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਦੇਣ ਤੋਂ ਵੱਧ ਕੁਝ ਵੀ ਨਹੀਂ ਸਨ, ਕਿਉਂਕਿ ਬੀਐਸਐਫ ਦਾ ਕੰਮ ਸਰਹੱਦਾਂ ਦੀ ਰਾਖੀ ਕਰਨ, ਸਰਹੱਦ ਪਾਰੋਂ ਗੈਰ ਕਨੂੰਨੀ ਸਰਗਰਮੀਆਂ ਨੂੰ ਰੋਕਣ ਲਈ ਅਤੇ ਨਸ਼ਾ, ਹਥਿਆਰਾਂ ਦੀ ਸਪਲਾਈ ਨੂੰ ਰੋਕਣ ਅਤੇ ਹੋਰ ਕਿਸੇ ਵੀ ਕਿਸਮ ਦੀ ਦੇਸ਼ ਵਿਰੋਧੀ ਕਾਰਵਾਈ 'ਤੇ ਕਾਬੂ ਰੱਖਣ ਦਾ ਹੁੰਦਾ ਹੈ। ਜਦੋਂ ਕਿ ਪੰਜਾਬ ਦੇ ਪਿੰਡਾਂ ਸ਼ਹਿਰਾਂ ਕਸਬਿਆਂ ਅਤੇ ਇੱਥੋਂ ਦੇ ਲੋਕਾਂ ਸਬੰਧੀ ਕੇਂਦਰੀ ਬਲਾਂ, ਜਿਹੜੇ ਪੰਜਾਬ ਦੇ ਪਿੰਡਾਂ ਬਾਰੇ ਕੁੱਝ ਵੀ ਨਹੀਂ ਜਾਣਦੇ, ਅਜਿਹੇ ਵਾਧੂ ਅਧਿਕਾਰ ਸਿਆਸੀ ਹਿਤਾਂ ਲਈ ਵਰਤਣ ਤੋਂ ਸਿਵਾਏ ਹੋਰ ਕੁੱਝ ਵੀ ਨਹੀਂ। ਇਹ 50 ਕਿਲੋਮੀਟਰ ਵਾਲਾ ਫੈਸਲਾ ਨਸ਼ਿਆਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਸਪਲਾਈ ਨੂੰ ਰੋਕਣ ਲਈ ਨਹੀਂ, ਬਲਕਿ ਕੇਂਦਰ ਸਰਕਾਰ ਦਾ ਇਹ ਫੈਸਲਾ ਨਸ਼ਿਆਂ ਦੇ ਬਹਾਨੇ ਪੰਜਾਬ ਤੇ ਸ਼ਿਕੰਜਾ ਕਸਣ ਦੀ ਸਾਜਿਸ਼ ਹੈ, ਜਿਸ ਨੂੰ ਪੰਜਾਬ ਦੇ ਲੋਕਾਂ ਨੂੰ ਓਨੀ ਹੀ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ, ਜਿੰਨੀ ਗੰਭੀਰਤਾ ਨਾਲ ਭਾਜਪਾ ਸਰਕਾਰ ਵੱਲੋਂ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਨੂੰ ਲਿਆ ਗਿਆ ਹੈ। ਕਿਸਾਨਾਂ ਵੱਲੋਂ ਸ਼ੁਰੂ ਕੀਤੇ ਤਿੰਨ ਕਾਲੇ ਕਾਨੂੰਨਾਂ ਵਿਰੋਧੀ ਅੰਦੋਲਨ ਦੇ ਸੰਚਾਲਕਾਂ ਵੱਲੋਂ ਸਟੇਜਾਂ 'ਤੇ ਕਿਹਾ ਜਾਂਦਾ ਹੈ ਕਿ ਹੁਣ ਇਹ ਅੰਦੋਲਨ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਤੋਂ ਵੀ ਅੱਗੇ ਲੰਘ ਚੁੱਕਾ ਹੈ। ਹੁਣ ਕਿਸਾਨ ਨੇਤਾਵਾਂ ਨੇ ਇਹ ਮੰਗ ਵੀ ਸ਼ਾਮਲ ਕਰ ਕਈ ਹੈ ਕਿ ਖੇਤੀ ਸਬੰਧੀ ਭਾਰਤ ਨੂੰ ਵਿਸ਼ਵ ਪੱਧਰੀ ਸਾਮਰਾਜਵਾਦੀ ਸਮਝੌਤਿਆਂ ਤੋਂ ਬਾਹਰ ਆਉਣਾ ਪਵੇਗਾ। ਇਸ ਤਰਾਂ ਹੀ ਆਏ ਦਿਨ ਕੇਂਦਰ ਸਰਕਾਰ ਵੱਲੋਂ ਲੋਕ ਘੋਲਾਂ ਨੂੰ ਨਜ਼ਰਅੰਦਾਜ ਕਰਕੇ ਜਿਸ ਤਰਾਂ ਲੋਕ ਵਿਰੋਧੀ ਫੈਸਲੇ ਲੈ ਕੇ ਕਾਨੂੰਨ ਪਾਸ ਕੀਤੇ ਜਾ ਰਹੇ ਹਨ ਜਾਂ ਕਾਨੂੰਨ ਪਾਸ ਕਰਨ ਲਈ ਰਾਹ ਪਧਰੇ ਕੀਤੇ ਜਾ ਰਹੇ ਹਨ, ਉਨਾਂ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਗੰਭੀਰ ਚੁਣੌਤੀ ਸਮਝ ਕੇ ਪੰਜਾਬ ਦੇ ਲੋਕਾਂ ਨੂੰ ਇੱਕਜੁੱਟ ਹੋਣਾ ਪਵੇਗਾ। ਇੱਥੇ ਹੀ ਬੱਸ ਨਹੀਂ ਸਗੋਂ ਆ ਰਹੀਆਂ ਹਰ ਰੋਜ਼ ਨਵੀਆਂ ਸਮੱਸਿਆਵਾਂ ਜਿਵੇਂ ਕੋਲਾ ਸੰਕਟ ਕਾਰਨ ਆਉਣ ਵਾਲੇ ਦਿਨਾਂ ਵਿੱਚ ਬਿਜਲੀ ਦੇ ਵੱਡੇ ਸੰਕਟ ਨਾਲ ਵੀ ਦੋ ਚਾਰ ਹੋਣਾ ਪੈ ਸਕਦਾ ਹੈ, ਇਸ ਲਈ ਪੰਜਾਬ ਨੂੰ ਉਨਾਂ ਹੱਕਾਂ ਹਿਤਾਂ ਲਈ ਵੀ ਸੰਘਰਸ਼ ਲੜਨਾ ਪਵੇਗਾ, ਜਿਹੜੇ ਹੱਕ ਹਕੂਕਾਂ ਤੋਂ ਕੇਂਦਰ ਨੇ ਪੰਜਾਬ ਨਾਲ ਵਿਤਕਰੇ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਪੰਜਾਬ ਨੂੰ ਧੱਕੇ ਨਾਲ ਵਾਂਝਾ ਕੀਤਾ ਹੋਇਆ ਹੈ। ਕੇਂਦਰ ਸਰਕਾਰ ਦੀਆਂ ਨੀਤੀਆਂ ਸਪੱਸ਼ਟ ਕਰਦੀਆਂ ਹਨ ਕਿ ਉਹ ਕਦੇ ਵੀ ਭਾਰਤ ਦੇ ਲੋਕਾਂ ਦੇ ਹਿਤਾਂ ਦੀ ਪਹਿਰੇਦਾਰੀ ਨਹੀਂ ਕਰਦੀਆਂ, ਪੰਜਾਬ ਦੇ ਹਿਤਾਂ ਬਾਰੇ ਤਾਂ ਸੋਚਣਾ ਵੀ ਫਜ਼ੂਲ ਹੋਵੇਗਾ, ਕਿਉਂਕਿ ਕੇਂਦਰ ਹਮੇਸ਼ਾ ਪੰਜਾਬ ਨੂੰ ਕੁੱਝ ਦੇਣ ਬਾਰੇ ਨਹੀਂ ਬਲਕਿ ਖੋਹਣ ਬਾਰੇ ਹੀ ਸੋਚਦਾ ਹੈ। ਕੇਂਦਰੀ ਤਾਕਤਾਂ ਇਹ ਵੀ ਚੰਗੀ ਤਰਾਂ ਸਮਝਦੀਆਂ ਹਨ ਕਿ ਪੂਰੇ ਮੁਲਕ ਨੂੰ ਮੁੱਠੀ ਵਿਚ ਕਰਨ ਲਈ ਇਹ ਤਿੰਨ ਸੂਬੇ ਪੰਜਾਬ, ਅਸਾਮ ਅਤੇ ਪੱਛਮੀ ਬੰਗਾਲ ਹੀ ਰੋੜਾ ਬਣ ਸਕਦੇ ਹਨ। ਇਸ ਲਈ ਕੇਂਦਰ ਨੇ ਬੀ ਐਸ ਐਫ ਨੂੰ ਇਹ ਵਾਧੂ ਤਾਕਤਾਂ ਦੇ ਕੇ ਇਨਾਂ ਦੀ ਧੌਣ ਤੇ ਗੋਡਾ ਰੱਖਣ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ, ਇਸ ਦੀ ਤਰਾਸਦੀ ਇਹ ਵੀ ਹੈ ਕਿ ਪੰਜਾਬ ਦੀ ਬਹੁ-ਗਿਣਤੀ ਸਿੱਖ ਭਾਈਚਾਰੇ ਨਾਲ ਸਬੰਧਤ ਹੈ, ਜਿਹੜੀ ਕੇਂਦਰ ਸਰਕਾਰ ਦੇ ਫਿਰਕਾਪ੍ਰਸਤ ਏਜੰਡੇ ਮੁਤਾਬਿਕ ਦੁਸ਼ਮਣਾਂ ਦੀ ਕਤਾਰ ਵਿੱਚ ਆਉਂਦੀ ਹੈ। ਪੰਜਾਬ ਸਰਹੱਦੀ ਸੂਬਾ ਹੋਣ ਦੇ ਨਾਲ ਨਾਲ ਬਹੁਤ ਛੋਟੇ ਖੇਤਰਫਲ ਵਾਲਾ ਸੂਬਾ ਹੈ, ਜਿਸ ਕਰਕੇ ਬੀਐਸਐਫ ਨੂੰ ਦਿੱਤੀਆਂ 50 ਕਿਲੋਮੀਟਰ ਤੱਕ ਕਾਰਵਾਈ ਦੀਆਂ ਤਾਕਤਾਂ ਦਾ ਮਤਲਬ ਹੈ ਅੱਧੇ ਤੋਂ ਵੱਧ ਪੰਜਾਬ ਨੂੰ ਅਸਿੱਧੇ ਢੰਗ ਨਾਲ ਕੇਂਦਰ ਨੇ ਆਪਣੇ ਅਧੀਨ ਕਰ ਲਿਆ ਹੈ, ਜਿਸ ਤੇ ਕਾਰਵਾਈ ਕਰਨ ਲਈ ਨਾ ਹੀ ਸੂਬੇ ਦੀ ਪੁਲਿਸ ਨੂੰ ਸੂਚਿਤ ਕਰਨ ਦੀ ਜ਼ਰੂਰਤ ਹੈ ਅਤੇ ਨਾ ਹੀ ਸੂਬੇ ਦੀ ਚੁਣੀ ਹੋਈ ਸਰਕਾਰ ਕੇਂਦਰੀ ਬਲਾਂ ਦੇ ਕਿਸੇ ਵੀ ਐਕਸ਼ਨ ਵਿੱਚ ਕੋਈ ਰੁਕਾਵਟ ਪਾ ਸਕਦੀ ਹੈ। ਜਿਸ ਤਰਾਂ 2022 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਵੱਖ ਵੱਖ ਚਰਚਾਵਾਂ ਰਹੀਆਂ ਹਨ, ਉਨਾਂ ਵਿੱਚ ਇੱਕ ਚਰਚਾ ਇਹ ਵੀ ਰਹੀ ਹੈ ਕਿ ਕੇਂਦਰ ਪੰਜਾਬ ਅੰਦਰ ਚੋਣਾਂ ਨਹੀਂ ਕਰਵਾਏਗਾ, ਸਗੋਂ ਕਿਸੇ ਵੀ ਸਮੇਂ ਰਾਸ਼ਟਰਪਤੀ ਰਾਜ ਲਾਗੂ ਹੋ ਸਕਦਾ ਹੈ। ਸੂਝਵਾਨ ਦਿਮਾਗ ਇਹ ਖਦਸ਼ਾ ਵੀ ਜਾਹਰ ਕਰਦੇ ਰਹੇ ਹਨ ਕਿ ਰਾਸ਼ਟਰਪਤੀ ਸਾਸ਼ਨ ਲਾਗੂ ਕਰਨ ਲਈ ਕੇਂਦਰ ਕੋਈ ਅਜਿਹਾ ਬਹਾਨਾ ਵੀ ਬਣਾ ਸਕਦਾ ਹੈ ਜਿਹੜਾ ਪੰਜਾਬ ਦੀ ਸ਼ਾਂਤੀ ਨੂੰ ਲਾਂਬੂ ਲਾਉਣ ਵਾਲਾ ਹੋਵੇ, ਜਿਹੜਾ ਹਾਲ ਦੀ ਘੜੀ ਠੰਡੇ ਬਸਤੇ ਵਿਚ ਪੈ ਗਿਆ ਜਾਪਦਾ ਹੈ। ਕਿਉਂਕਿ ਕੇਂਦਰ ਨੇ ਬੀ ਐਸ ਐਫ ਨੂੰ ਹੀ ਵਾਧੂ ਤਾਕਤਾਂ ਦੇ ਕੇ ਇੱਕ ਤੀਰ ਨਾਲ ਕਈ ਨਿਸ਼ਾਨੇ ਫੁੰਡਣ ਵਾਲਾ ਦਾਅ ਖੇਡਿਆ ਹੈ। ਕੇਂਦਰ ਚਾਹੁੰਦਾ ਹੈ ਕਿ ਸੱਪ ਵੀ ਮਰ ਜਾਵੇ ਤੇ ਸੋਟਾ ਵੀ ਰਹਿ ਜਾਵੇ। ਸੋ, ਕੇਂਦਰ ਨੇ ਪੰਜਾਬ ਅੰਦਰ ਰਾਸ਼ਟਰਪਤੀ ਸਾਸ਼ਨ ਦੀ ਬਜਾਏ ਬੀ ਐਸ ਐਫ ਨੂੰ ਕਾਰਵਾਈ ਕਰਨ ਦੇ ਅਧਿਕਾਰ ਦੇ ਕੇ ਕੇਂਦਰ ਅਧੀਨ ਕਰ ਲਿਆ ਹੈ, ਤਾਂ ਕਿ ਲੋੜ ਪੈਣ ਤੇ ਪੰਜਾਬ ਨੂੰ ਗਰਦਣ ਤੋਂ ਨੱਪਿਆ ਜਾ ਸਕੇ। ਕੇਂਦਰ ਦਾ ਤਰਕ ਹੈ ਕਿ ਸਰਹੱਦ ਪਾਰੋਂ ਹੁੰਦੀਆਂ ਅਪਰਾਧਿਕ ਗਤੀਵਿਧੀਆਂ 'ਤੇ ਕਾਬੂ ਪਾਉਣ ਲਈ ਬੀ ਐਸ ਐਫ ਨੂੰ ਇਹ ਅਖਤਿਆਰ ਦਿੱਤੇ ਗਏ ਹਨ, ਪਰ ਕੇਂਦਰ ਸਰਕਾਰ ਨੂੰ ਸੁਝਾਅ ਦੇਣੇ ਬਣਦੇ ਹਨ, ਕਿ ਜੇਕਰ ਸਰਹੱਦ ਪਾਰੋਂ ਹੁੰਦੀਆਂ ਦੇਸ਼ ਵਿਰੋਧੀ ਗਤੀਵਿਧੀਆਂ ਨੂੰ ਸਚਮੁੱਚ ਹੀ ਬੰਦ ਕਰਨਾ ਹੈ ਤਾਂ ਸਰਹੱਦ ਤੇ ਚੌਕਸੀ ਵਧਾਉਣੀ ਚਾਹੀਦੀ ਹੈ। ਚੰਗਾ ਹੁੰਦਾ ਜੇਕਰ ਕੇਂਦਰ ਸਰਕਾਰ ਬੀਐਸਐਫ ਨੂੰ ਪੰਜਾਬ ਵਿਚ 50 ਕਿਲੋਮੀਟਰ ਤੱਕ ਆਉਣ ਦੀ ਬਜਾਏ, ਮੂਹਰੋਂ ਰਾਹ ਰੋਕਣ ਲਈ ਉੱਧਰਲੇ ਪਾਸੇ ਜਾਣ ਦੇ ਅਧਿਕਾਰ ਦਿੰਦੀ ਜਿਸ ਪਾਸਿਓਂ ਸਮਗਲਰ ਜਾਂ ਦੇਸ਼ ਵਿਰੋਧੀ ਅਨਸਰ ਆਉਂਦੇ ਹਨ। ਕਿਉਂਕਿ ਨਸ਼ਿਆਂ ਅਤੇ ਹਥਿਆਰਾਂ ਦੀ ਸਪਲਾਈ ਪਾਕਿਸਤਾਨ ਤੋਂ ਇਲਾਵਾ ਦਿੱਲੀ, ਉੱਤਰ ਪ੍ਰਦੇਸ਼ ਅਤੇ ਰਾਜਸਥਾਨ ਵਿਚੋਂ ਵੀ ਵੱਡੀ ਪੱਧਰ ਉਤੇ ਹੁੰਦੀ ਹੈ। ਜੇਕਰ ਸਰਕਾਰ ਦਾ ਇਹ ਹੀ ਮੰਨਣਾ ਹੈ ਕਿ ਨਸ਼ਿਆਂ, ਹਥਿਆਰਾਂ ਦੀ ਸਪਲਾਈ ਅਤੇ ਅਤਿਵਾਦੀ ਕਾਰਵਾਈਆਂ ਕਰਨ ਵਾਲੇ ਗਲਤ ਅਨਸਰਾਂ ਦੀ ਘੁਸਪੈਠ ਪਾਕਿਸਤਾਨ ਤੋਂ ਹੁੰਦੀ ਹੈ ਤਾਂ ਉਹਦੇ ਲਈ ਵੀ ਸਿੱਧੇ ਤੌਰ ਤੇ ਸਰਹੱਦਾਂ ਤੇ ਤਾਇਨਾਤ ਬੀਐਸਐਫ ਜੁੰਮੇਵਾਰ ਹੈ। ਇਸ ਲਈ ਪੰਜਾਬ ਵਿਚ ਦਾਖਲ ਹੋਣ ਦੇ ਅਧਿਕਾਰ ਦੇਣ ਦੀ ਬਜਾਏ ਬੀਐਸਐਫ ਦੀਆਂ ਅਣਗਹਿਲੀਆਂ ਦੀ ਸਮੀਖਿਆ ਹੋਣੀ ਚਾਹੀਦੀ ਹੈ। ਬੀਐਸਐਫ ਵੱਲੋਂ ਸਮਗਲਰਾਂ ਅਤੇ ਦੇਸ਼ ਵਿਰੋਧੀ ਅਨਸਰਾਂ ਨੂੰ ਸਰਹੱਦ ਪਾਰ ਕਰਵਾਉਣ ਤੋਂ ਬਾਅਦ ਪਿੰਡਾਂ ਸ਼ਹਿਰਾਂ ਵਿੱਚ 50 ਕਿਲੋਮੀਟਰ ਤੱਕ ਪਿੱਛਾ ਕਰਨ ਦੀ ਕੀ ਜਰੂਰਤ ਹੈ, ਸਰਹੱਦ ਪਾਰ ਹੀ ਕਿਉਂ ਕਰਨ ਦਿੱਤੀ ਜਾਂਦੀ ਹੈ? ਇਹ ਵੀ ਵੱਡਾ ਸਵਾਲ ਹੈ। ਪੰਜਾਬ ਦੇ ਨਾਮਲੂਮ ਪਿੰਡਾਂ ਵਿਚ ਦਾਖਲ ਹੋ ਕੇ ਜ਼ੁਲਮ ਕਰਨ ਦੀ ਖੁੱਲ ਦੇਣ ਵਰਗੀ ਧੱਕੇਸ਼ਾਹੀ ਪੰਜਾਬ ਦੇ ਲੋਕਾਂ ਨੂੰ ਕਦੇ ਵੀ ਮਨਜ਼ੂਰ ਨਹੀਂ ਹੋਵੇਗੀ। ਇਸ ਗੰਭੀਰ ਮਸਲੇ 'ਤੇ ਸਿਆਸੀ ਪਾਰਟੀਆਂ ਨੇ ਜਿਸ ਤਰਾਂ ਕੁੱਕੜ ਖੇਹ ਉਡਾਉਣੀ ਸ਼ੁਰੂ ਕੀਤੀ ਹੋਈ ਹੈ,ਉਸ ਤੋਂ ਜਾਪਦਾ ਹੈ ਕਿ ਸਿਆਸੀ ਨੇਤਾਵਾਂ ਨੂੰ ਕਿਸੇ ਵੀ ਸਮੱਸਿਆ ਨਾਲ ਇਮਾਨਦਾਰੀ ਨਾਲ ਕੋਈ ਸਰੋਕਾਰ ਨਹੀਂ ਹੁੰਦਾ, ਬਲਕਿ ਹਰ ਮਸਲੇ ਤੇ ਸਿਆਸੀ ਰੋਟੀਆਂ ਸੇਕਣ ਦੀ ਕਾਹਲ ਕੇਂਦਰ ਨੂੰ ਚਿਰੋਕਣੀ ਰਾਸ ਆਈ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਵੇਂ ਵਿਰੋਧ ਕਰਦੇ ਦਿਖਾਈ ਦਿੰਦੇ ਹਨ, ਪਰ ਉਹ ਵੀ ਮੋਦੀ ਸਰਕਾਰ ਤੋਂ ਵੱਧ ਪੰਜਾਬ ਦੀ ਕਾਂਗਰਸ ਸਰਕਾਰ 'ਤੇ ਦੋਸ਼ ਲਾ ਕੇ ਇਸ ਗੰਭੀਰ ਮਸਲੇ ਤੋਂ ਸਿਆਸੀ ਲਾਹਾ ਖੱਟਣ ਦੀ ਜਿਆਦਾ ਤਾਕ ਵਿੱਚ ਦਿਖਾਈ ਦਿੰਦੇ ਹਨ। ਕਾਂਗਰਸ ਪਾਰਟੀ ਕੈਪਟਨ ਅਮਰਿੰਦਰ ਸਿੰਘ ਨੂੰ ਦੋਸ਼ੀ ਠਹਿਰਾ ਰਹੀ ਹੈ ਤੇ ਕੈਪਟਨ ਅਮਰਿੰਦਰ ਸਿੰਘ ਕੇਂਦਰ ਦੀ ਹਾਂ 'ਚ ਹਾਂ ਮਿਲਾ ਕੇ ਆਪਣੇ ਪੁਰਖਿਆਂ ਦੇ ਇਤਿਹਾਸ ਨੂੰ ਦੁਹਰਾਉਂਦੇ ਜਾਪਦੇ ਹਨ ਅਤੇ ਆਪਣੀਆਂ ਨਸਲਾਂ ਦਾ ਭਵਿੱਖ ਕਲੰਕਤ ਕਰ ਰਹੇ ਹਨ। ਉੱਧਰ ਆਮ ਆਦਮੀ ਪਾਰਟੀ ਪੰਜਾਬ ਸਰਕਾਰ ਨੂੰ ਸਰਬ ਪਾਰਟੀ ਮੀਟਿੰਗ ਬਲਾਉਣ ਦੇ ਦਿੱਤੇ ਸੁਝਾਅ ਤੱਕ ਸੀਮਤ ਕੇ ਰਹਿ ਗਏ ਹਨ। ਜੇਕਰ ਪੰਜਾਬ ਦੀਆਂ ਸਰਗਰਮ ਰਾਜਨੀਤਕ ਧਿਰਾਂ, ਪੰਥਕ ਜਥੇਬੰਦੀਆਂ, ਮੁਲਾਜ਼ਮ ਵਰਗ, ਕਿਸਾਨ ਮਜਦੂਰ, ਭਾਵ ਪੰਜਾਬ ਦਾ ਹਰ ਵਰਗ ਇਸ ਗੰਭੀਰ ਅਤੇ ਜ਼ੁਲਮੀ ਵਰਤਾਰੇ ਨੂੰ ਰੋਕਣ ਲਈ ਸੁਹਿਰਦ ਨਹੀ ਹੁੰਦਾ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਪੰਜਾਬ ਦੀ ਮੁਕੰਮਲ ਘੇਰਾਬੰਦੀ ਹੋ ਜਾਵੇਗੀ ਅਤੇ ਪੰਜਾਬ ਦਾ ਹਾਲ ਵੀ ਜੰਮੂ ਕਸ਼ਮੀਰ ਵਰਗਾ ਹੋ ਜਾਵੇਗਾ, ਬਲਕਿ ਇਹ ਵੀ ਖਦਸ਼ੇ ਜਾਹਰ ਕੀਤੇ ਜਾ ਰਹੇ ਹਨ ਕਿ ਪੰਜਾਬ ਦੀ ਹੋਂਦ ਵੀ ਖਤਰੇ ਵਿੱਚ ਪੈ ਸਕਦੀ ਹੈ। ਇਸ ਲਈ ਜਿੱਥੇ ਕੇਂਦਰ ਦੇ ਇਸ ਫੈਸਲੇ ਦਾ ਪੰਜਾਬ ਵਾਸੀਆਂ ਨੂੰ ਇੱਕਜੁੱਟਤਾ ਨਾਲ ਵਿਰੋਧ ਕਰਨਾ ਚਾਹੀਦਾ ਹੈ ਉੱਥੇ ਕੇਂਦਰ ਨੂੰ ਵੀ ਦੇਸ਼ ਦੀ ਖੜਗ ਭੁਜਾ ਸਮਝੇ ਜਾਂਦੇ ਪੰਜਾਬ ਦੇ ਵਿਰੋਧ ਵਿਚ ਲਏ ਗਏ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਕੇ ਨੋਟੀਫਿਕੇਸ਼ਨ ਵਾਪਸ ਲੈ ਲੈਣਾ ਚਾਹੀਦਾ ਹੈ।

# ਕੇਂਦਰੀ ਸੈਨਿਕ ਬਲਾਂ ਦਾ ਸਿਆਸੀਕਰਨ ਭਾਰਤ ਲਈ ਘਾਤਕ

ਅਨਿਲ ਜੈਨ

ਕੇਂਦਰ ਸਰਕਾਰ ਕੇਂਦਰੀ ਅਰਧ ਸੈਨਿਕ ਬਲਾਂ ਦਾ ਸਿਆਸੀਕਰਨ ਕਰ ਰਹੀ ਹੈ। ਪੱਛਮੀ ਬੰਗਾਲ ਵਿਚ ਇਸ ਸਾਲ ਹੋਈਆਂ ਚੋਣਾਂ ਦੇ ਸਮੇਂ ਇਹ ਮੁੱਦਾ ਜ਼ੋਰ-ਸ਼ੋਰ ਨਾਲ ਚੁੱਕਿਆ ਗਿਆ ਸੀ। ਚੋਣਾਂ 'ਚ ਕੇਂਦਰੀ ਬਲਾਂ ਦੀ ਤਾਇਨਾਤੀ ਅਤੇ ਇਕ ਬੂਥ 'ਤੇ ਸੀ.ਆਰ.ਪੀ.ਐਫ. ਦੀ ਗੋਲੀਬਾਰੀ ਵਿਚ ਕਈ ਲੋਕਾਂ ਦੇ ਮਾਰੇ ਜਾਣ ਦੀ ਘਟਨਾ ਦੀ ਵੱਡੀ ਆਲੋਚਨਾ ਹੋਈ ਸੀ। ਚੋਣਾਂ ਵਿਚ ਤਾਂ ਭਾਜਪਾ ਨਹੀਂ ਜਿੱਤ ਸਕੀ, ਪਰ ਚੋਣਾਂ ਤੋਂ ਬਾਅਦ ਉਸ ਨੇ ਆਪਣੇ ਸਾਰੇ ਜਿੱਤੇ ਹੋਏ 75 ਵਿਧਾਇਕਾਂ ਨੂੰ ਸੀ.ਆਰ.ਪੀ.ਐਫ. ਦੀ ਸੁਰੱਖਿਆ ਦਿਵਾ ਦਿੱਤੀ। ਇਹ ਅਰਧ ਸੈਨਿਕ ਬਲਾਂ ਦੇ ਸਿਆਸੀਕਰਨ ਦੀ ਇਕ ਮਿਸਾਲ ਹੈ। ਹੁਣ ਕੇਂਦਰ ਸਰਕਾਰ ਸਰਹੱਦੀ ਸੁਰੱਖਿਆ ਦੇ ਨਾਂ 'ਤੇ ਰਾਜਾਂ ਵਿਚ ਬੀ.ਐਸ.ਐਫ. ਦੀ ਭੂਮਿਕਾ ਵਧਾ ਰਹੀ ਹੈ। ਪੰਜਾਬ ਅਤੇ ਪੱਛਮੀ ਬੰਗਾਲ ਦੀਆਂ ਸਰਕਾਰਾਂ ਨੇ ਕੇਂਦਰ ਦੇ ਇਸ ਪ੍ਰਸਤਾਵ ਦਾ ਵਿਰੋਧ ਕੀਤਾ ਹੈ। ਪਰ ਲਗਦਾ ਨਹੀਂ ਹੈ ਕਿ ਸਰਕਾਰ ਪਿੱਛੇ ਹਟੇਗੀ। ਅਜਿਹਾ ਲੱਗ ਰਿਹਾ ਹੈ ਕਿ ਕੇਂਦਰ ਸਰਕਾਰ ਨੇ ਪੰਜਾਬ ਵਿਚ ਸਰਕਾਰ ਅਤੇ ਕਾਂਗਰਸ ਪਾਰਟੀ ਦੇ ਅੰਦਰੂਨੀ ਸੰਕਟ ਦਾ ਫਾਇਦਾ ਚੁੱਕਣ ਦੇ ਇਰਾਦੇ ਨਾਲ ਸੂਬੇ 'ਚ ਬੀ.ਐਸ.ਐਫ. ਦੀ ਭੂਮਿਕਾ ਵਧਾਈ ਹੈ। ਪੰਜਾਬ ਦੀ ਸਰਹੱਦ ਪਾਕਿਸਤਾਨ ਨਾਲ ਲਗਦੀ ਹੈ ਅਤੇ ਇਸ ਕਾਰਨ ਸਰਹੱਦ ਦੇ ਅੰਦਰ 15 ਕਿਲੋਮੀਟਰ ਤੱਕ ਬੀ.ਐਸ.ਐਫ. ਦੀ ਗਸ਼ਤ ਅਤੇ ਚੌਕਸੀ ਚਲਦੀ ਹੈ। ਕੇਂਦਰ ਨੇ ਇਸ ਨੂੰ ਵਧਾ ਕੇ 50 ਕਿਲੋਮੀਟਰ ਕਰਨ ਦਾ ਫ਼ੈਸਲਾ ਕੀਤਾ ਹੈ। ਸੋਚੋ ਸਰਹੱਦ 'ਤੇ ਬੀ.ਐਸ. ਐਫ਼. 15 ਕਿਲੋਮੀਟਰ ਤੱਕ ਸਾਰੀ ਚੌਕਸੀ ਦੇ ਬਾਵਜੂਦ ਪਾਕਿਸਤਾਨੀ ਡਰੋਨ ਜਾਂ ਹਥਿਆਰ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਹੀਂ ਰੋਕ ਰਹੀ ਤਾਂ 50 ਕਿਲੋਮੀਟਰ ਤੱਕ ਕਿਵੇਂ ਰੋਕੇਗੀ? ਇਸ ਦਾ ਸਿੱਧਾ ਮਕਸਦ ਸੂਬੇ ਦੀ ਅੰਦਰੂਨੀ ਸੁਰੱਖਿਆ ਨੂੰ ਕੰਟਰੋਲ ਕਰਨਾ ਹੈ। ਇਸ ਨਾਲ ਸੰਘੀ ਢਾਂਚਾ ਵਿਗੜੇਗਾ ਅਤੇ ਸੂਬੇ ਦੀ ਪੁਲਿਸ ਦੇ ਨਾਲ ਕੇਂਦਰੀ ਬਲਾਂ ਦਾ ਟਕਰਾਅ ਵੀ ਵਧੇਗਾ।

### ਇਕ ਹੋਰ ਆਰਥਿਕ ਸਲਾਹਕਾਰ ਦੀ ਵਿਦਾਈ

ਕੇਂਦਰ ਵਿਚ ਨਰਿੰਦਰ ਮੋਦੀ ਦੀ ਕਮਾਨ 'ਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਸਰਕਾਰ ਦੇ ਆਰਥਿਕ ਸਲਾਹਕਾਰਾਂ ਜਾਂ ਅਹਿਮ ਆਰਥਿਕ ਮਸਲੇ ਸੰਭਾਲਣ ਵਾਲੇ ਮਾਹਰਾਂ ਦਾ ਅਹੁਦਾ ਛੱਡ ਕੇ ਜਾਣ ਦਾ ਸਿਲਸਿਲਾ ਜਾਰੀ ਹੈ। ਇਸ 'ਚ ਨਵਾਂ ਨਾਂਅ ਭਾਰਤ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਕ੍ਰਿਸ਼ਨਾਮੂਰਤੀ ਸੁਬਰਾਮਨੀਅਮ ਦਾ ਹੈ। ਮੁੱਖ ਆਰਥਿਕ ਸਲਾਹਕਾਰ ਦੇ ਤੌਰ 'ਤੇ ਤਿੰਨ ਸਾਲ ਕੰਮ ਕਰਨ ਤੋਂ ਬਾਅਦ ਉਹ ਹੁਣ ਇਕ ਵਾਰ ਫਿਰ ਅਧਿਆਪਨ ਦੇ ਆਪਣੇ ਪੁਰਾਣੇ ਕੰਮ ਵਿਚ ਪਰਤ ਰਹੇ ਹਨ। ਉਹ ਅੱਗੇ ਸਰਕਾਰ ਦੇ ਨਾਲ ਕੰਮ ਨਹੀਂ ਕਰਨਗੇ। ਹੁਣ ਅਗਲੇ ਸਾਲ ਦੇ ਬਜਟ ਦੀਆਂ ਤਿਆਰੀਆਂ ਸ਼ੁਰੂ ਹੋਣ ਵਾਲੀਆਂ ਹਨ ਅਤੇ ਉਸ ਤੋਂ ਠੀਕ ਪਹਿਲਾਂ ਸੁਬਰਾਮਨੀਅਮ ਦੇ ਅਹੁਦਾ ਛੱਡਣ ਦੇ ਐਲਾਨ ਨਾਲ ਨਵੇਂ ਆਰਥਿਕ ਸਲਾਹਕਾਰ ਦੇ ਨਾਂ ਦੀਆਂ ਕਿਆਸ ਅਰਾਈਆਂ ਸ਼ੁਰੂ ਹੋ ਗਈਆਂ ਹਨ। ਕ੍ਰਿਸ਼ਨਾਮੂਰਤੀ ਸੁਬਰਾਮਨੀਅਮ ਤੋਂ ਪਹਿਲਾਂ ਮਈ 2018 'ਚ ਅਰਵਿੰਦ ਸੁਬਰਾਮਨੀਅਮ ਨੇ ਸਰਕਾਰ ਦੇ ਮੁੱਖ ਆਰਥਿਕ ਸਲਾਹਕਾਰ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਸੀ। ਉਨਾਂ ਤੋਂ ਪਹਿਲਾਂ ਅਗਸਤ 2017 ਵਿਚ ਅਰਵਿੰਦ ਪਨਗੜੀਆ ਨੇ ਨੀਤੀ ਆਯੋਗ ਦੇ ਉਪ ਪ੍ਰਧਾਨ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਅਧਿਆਪਕ ਦੇ ਕੰਮ 'ਚ ਪਰਤਣ ਦਾ ਐਲਾਨ ਕੀਤਾ ਸੀ। ਉਨਾਂ ਤੋਂ ਪਹਿਲਾਂ 2016 'ਚ ਰਿਜ਼ਰਵ ਬੈਂਕ ਦੇ ਗਵਰਨਰ ਰਘੁਰਾਮ ਰਾਜਨ ਨੇ ਅਹੁਦਾ ਛੱਡਿਆ ਸੀ। ਉਨਾਂ



ਦੀ ਜਗਾ ਗਵਰਨਰ ਬਣੇ ਉਰਜਿਤ ਪਟੇਲ ਨੇ ਅਤੇ ਉਨਾਂ ਦੇ ਸਮੇਂ ਹੀ ਡਿਪਟੀ ਗਵਰਨਰ ਬਣੇ ਵਿਰਲ ਆਚਾਰਿਆ ਨੇ ਵੀ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਅਸਤੀਫ਼ਾ ਦੇ ਦਿੱਤਾ ਸੀ। ਬਾਅਦ ਵਿਚ ਆਚਾਰਿਆ ਨੇ ਕਿਤਾਬ ਲਿਖ ਕੇ ਕਿਹਾ ਸੀ ਕਿ ਸਰਕਾਰ ਆਰ.ਬੀ.ਆਈ. ਦੀ ਖ਼ੁਦਮੁਖਤਿਆਰੀ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

### ਵਰੁਣ ਦੀ ਬਾਗੀ ਸਿਆਸਤ

ਵਰੁਣ ਗਾਂਧੀ ਦੀ ਅੱਗੇ ਦੀ ਰਾਜਨੀਤੀ 'ਤੇ ਸਾਰਿਆਂ ਦੀ ਨਜ਼ਰ ਹੈ। ਵਰੁਣ ਅਤੇ ਉਨਾਂ ਦੀ ਮਾਂ ਮੇਨਕਾ ਗਾਂਧੀ ਨੂੰ ਤੈਅ ਕਰਨਾ ਹੋਵੇਗਾ ਕਿ ਉਹ ਭਾਜਪਾ ਵਿਚ ਹਾਸ਼ੀਏ 'ਚ ਰਹਿ ਕੇ ਰਾਜਨੀਤੀ ਕਰਨਗੇ ਜਾਂ ਵੱਖਰਾ ਰਾਹ ਬਣਾਉਣਗੇ। ਵਰੁਣ ਦੇ ਸਾਹਮਣੇ ਤਿੰਨ ਬਦਲ ਹਨ, ਪਹਿਲਾ ਉਹ ਆਪਣੀ ਪਾਰਟੀ ਬਣਾਉਣ, ਦੂਜਾ ਬਿਨਾਂ ਪਾਰਟੀ ਦੇ ਰਾਜਨੀਤੀ ਕਰਨ ਅਤੇ ਤੀਜਾ ਕਾਂਗਰਸ ਪਾਰਟੀ 'ਚ ਸ਼ਾਮਿਲ ਹੋ ਜਾਣ। ਪਰ ਮੁਸ਼ਕਿਲ ਇਹ ਹੈ ਕਿ ਉਹ ਪਹਿਲ ਕਰਨ ਦੇ ਕਈ ਮੌਕੇ ਗਵਾ ਚੁੱਕੇ ਹਨ। ਹੁਣ ਜੇਕਰ ਉਹ ਵੱਖਰਾ ਰਾਹ ਫੜਦੇ ਹਨ ਤਾਂ ਸਿੱਧਾ ਸੰਦੇਸ਼ ਇਹ ਹੋਵੇਗਾ ਕਿ ਭਾਜਪਾ ਨੇ ਜਾਂ ਨਰਿੰਦਰ ਮੋਦੀ ਨੇ ਕੁਝ ਨਹੀਂ ਦਿੱਤਾ, ਇਸ ਲਈ ਉਨਾਂ ਨੇ ਰਾਹ ਬਦਲਿਆ ਹੈ। ਰਾਜਨੀਤੀ ਵਿਚ ਸਫਲਤਾ ਉਦੋਂ ਮਿਲਦੀ ਹੈ, ਜਦੋਂ ਪਹਿਲ ਤੁਹਾਡੇ ਹੱਥ 'ਚ ਹੋਵੇ। ਪਹਿਲਾਂ ਸੰਕੇਤ ਮਿਲਦਿਆਂ ਹੀ ਜੇਕਰ ਉਨਾਂ ਨੇ ਵੱਖਰਾ ਰਾਹ ਚੁਣਿਆ ਹੁੰਦਾ ਤਾਂ ਸਫ਼ਲਤਾ ਦੀ ਜ਼ਿਆਦਾ ਸੰਭਾਵਨਾ ਸੀ। ਪਹਿਲਾ ਸੰਕੇਤ ਮਹਾਂਮੰਤਰੀ ਅਹੁਦੇ ਤੋਂ ਹਟਾਉਣਾ ਸੀ। ਦੂਜਾ ਸੰਕੇਤ ਮੇਨਕਾ ਗਾਂਧੀ ਨੂੰ ਮੰਤਰੀ ਮੰਡਲ ਤੋਂ ਹਟਾਉਣਾ ਸੀ। ਤੀਜਾ ਸੰਕੇਤ ਵਰੁਣ ਨੂੰ ਮੰਤਰੀ ਨਾ ਬਣਾਉਣਾ ਸੀ ਅਤੇ ਹੁਣ ਚੌਥਾ ਸੰਕੇਤ ਕੌਮੀ ਕਾਰਜਕਾਰਨੀ ਤੋਂ ਹਟਾਉਣਾ ਹੈ। ਅਸਲ 'ਚ ਮੇਨਕਾ ਅਤੇ ਵਰੁਣ ਉਸ ਗਾਂਧੀ-ਨਹਿਰੂ ਪਰਿਵਾਰ ਦੀ ਵਿਰਾਸਤ ਦੀ ਅਗਵਾਈ ਕਰਦੇ ਹਨ, ਜਿਸ ਨੂੰ ਖ਼ਲਨਾਇਕ ਬਣਾ ਕੇ ਭਾਜਪਾ ਨੂੰ ਰਾਜਨੀਤੀ ਕਰਨੀ ਹੈ। ਇਸ ਗੱਲ ਨੂੰ ਸਮਝ ਕੇ ਵਰੁਣ ਨੂੰ ਅੱਗੇ ਦਾ ਰਾਹ ਤੈਅ ਕਰਨਾ ਹੈ। ਕਿਹਾ ਜਾ ਰਿਹਾ ਹੈ ਕਿ ਵਰੁਣ ਯਾਤਰਾ 'ਤੇ ਨਿਕਲਣਗੇ, ਕਿਸਾਨਾਂ ਦੀ ਗੱਲ ਕਰਨਗੇ, ਪਰ ਪਾਰਟੀ ਨਹੀਂ ਛੱਡਣਗੇ ਕਿਉਂਕਿ ਪਾਰਟੀ ਛੱਡਣ 'ਤੇ ਲੋਕ ਸਭਾ ਸੀਟ ਛੱਡਣੀ ਹੋਵੇਗੀ। ਬਿਨਾਂ ਪਾਰਟੀ ਛੱਡੇ ਅਤੇ ਉਪ ਚੋਣਾਂ ਜਿੱਤਿਆ ਉਨਾਂ ਲਈ ਕੋਈ ਗੁੰਜਾਇਸ਼ ਨਹੀਂ ਬਚੇਗੀ। ਉਨਾਂ ਨੂੰ ਵੀ.ਪੀ. ਸਿੰਘ ਜਾਂ ਹੇਮਵਤੀ ਨੰਦਨ ਬਹੁਗੁਣਾ ਵਰਗੀ ਮਿਸਾਲ ਕਾਇਮ ਕਰਨੀ ਹੋਵੇਗੀ।

# ਬੀਐਸਐਫ ਨੂੰ ਵੱਧ ਅਖਤਿਆਰ ਦੇਣ ਦਾ ਮੋਦੀ ਨੇ ਵੀ ਕੀਤਾ ਸੀ ਖੁੱਲਮ-ਖੁੱਲਾ ਵਿਰੋਧ

## ✪ ਫੈਸਲਾ ਰਾਜਾਂ ਦੇ ਸੰਘੀ ਢਾਂਚੇ ਦੇ ਉਲਟ ਤੇ ਸੰਵਿਧਾਨ ਦੀ ਮੂਲ ਭਾਵਨਾ ਦੇ ਖਿਲਾਫ ਹੈ ✪ ਕੇਂਦਰ ਖਿਲਾਫ ਸਰਹੱਦੀ ਲੋਕਾਂ ਅੰਦਰ ਹੋਰ ਵਧੇਗੀ ਬੇਭਰੋਸਗੀ ਦੀ ਭਾਵਨਾ ✪ ਬੀਐਸਐਫ ਦੇ ਸਕੇਗੀ ਐਨਆਈਏ ਵਰਗੀਆਂ ਕੇਂਦਰੀ ਏਜੰਸੀਆਂ ਨੂੰ ਸਿੱਧਾ ਸੱਦਾ



**ਰਾਜਵਿੰਦਰ ਕੌਰ ਰਾਜੂ**

**91-76588-00006**

ਵੱਖ-ਵੱਖ ਰਾਜਾਂ ਵਿੱਚ ਦੇਸ਼ ਦੀਆਂ ਕੌਮਾਂਤਰੀ ਸਰਹੱਦਾਂ ਉਪਰ ਰਾਖੀ ਲਈ ਤਾਇਨਾਤ ਕੀਤੇ ਸਰਹੱਦੀ ਸੁਰੱਖਿਆ ਦਲਾਂ (ਬੀਐਸਐਫ) ਨੂੰ ਵੱਖ-ਵੱਖ ਕਾਨੂੰਨਾਂ ਤਹਿਤ ਸੂਬੇ ਦੇ ਅੰਦਰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਅੰਦਰ ਤੱਕ ਕਾਰਵਾਈ ਕਰਨ ਲਈ ਕੇਂਦਰ ਵੱਲੋਂ ਵਾਧੂ ਅਖਤਿਆਰ ਦੇਣ ਦਾ ਮੁੱਦਾ ਕੋਈ ਨਵਾਂ ਨਹੀਂ ਹੈ। ਇਹ ਚਰਚਿਤ ਮੁੱਦਾ ਕਈ ਵਾਰ ਦੇਸ਼ ਵਿਆਪੀ ਬਹਿਸ ਦਾ ਵਿਸ਼ਾ ਬਣਿਆ ਹੈ।

ਸਾਲ 1968 ਵਿੱਚ ਸੰਸਦ ਵਿੱਚੋਂ ਪਾਸ ਕਰਵਾਏ ਬੀਐਸਐਫ ਕਾਨੂੰਨ ਮੁਤਾਬਿਕ ਇਸ ਕੇਂਦਰੀ ਦਲ ਨੂੰ ਤਿੰਨ ਪ੍ਰਮੁੱਖ ਕਾਰਜ ਸੌਂਪੇ ਗਏ ਸੀ ਜਿੰਨਾਂ ਵਿੱਚ ਸਰਹੱਦੀ ਲੋਕਾਂ ਦੀ ਸੁਰੱਖਿਆ ਦੇ ਨਾਲ-ਨਾਲ ਕੌਮਾਂਤਰੀ ਸਰਹੱਦ ਪਾਰੋਂ ਤਸਕਰੀ ਅਤੇ ਘੁਸਪੈਠ ਸਮੇਤ ਸਰਹੱਦ ਪਾਰ ਕਰਨ ਦੀਆਂ ਕਾਰਵਾਈਆਂ ਰੋਕਣਾ ਸੀ। ਅਸਲ ਵਿੱਚ ਬੀਐਸਐਫ ਨੂੰ ਸਰਹੱਦੀ ਜ਼ਿਲਿਆਂ ਵਿੱਚ ਵੱਧ ਅਖਤਿਆਰ ਦੇਣ ਦਾ ਰਿਵਾਜ ਸਾਲ 1969 ਵਿੱਚ ਸ਼ੁਰੂ ਹੋਇਆ। ਉਦੋਂ ਬੀਐਸਐਫ ਨੂੰ ਇਸ ਕਰਕੇ ਵਾਧੂ ਅਧਿਕਾਰ ਦਿੱਤੇ ਸੀ ਕਿ ਉਸ ਵੇਲੇ ਸਰਹੱਦਾਂ ਦੇ ਨੇੜੇ ਬਹੁਤ ਘੱਟ ਆਬਾਦੀ ਹੁੰਦੀ ਸੀ ਅਤੇ ਪੁਲਿਸ ਥਾਣੇ ਵੀ ਸਰਹੱਦਾਂ ਤੋਂ ਬਹੁਤ ਦੂਰ ਹੁੰਦੇ ਸੀ ਪਰ ਹੁਣ ਤਾਂ ਸਰਹੱਦਾਂ ਦੇ ਬਿਲਕੁਲ ਨਜ਼ਦੀਕ ਤੱਕ ਜਗਾ-ਜਗਾ ਥਾਣੇ ਖੁੱਲ ਚੁੱਕੇ ਹਨ। ਉਦੋਂ ਨਾਲੋਂ ਰਾਜਾਂ ਵਿੱਚ ਸੂਬਾ ਪੁਲਿਸ ਦੀ ਨਫਰੀ ਵੀ ਕਿਤੇ ਵਧ ਚੁੱਕੀ ਹੈ।

ਕਰੀਬ 56 ਸਾਲ ਪਹਿਲਾਂ ਸਥਾਪਤ ਬੀਐਸਐਫ ਨੂੰ ਇਸ ਤੋਂ ਪਹਿਲਾਂ ਗ੍ਰਿਫਤਾਰੀ ਕਰਨ ਦੇ ਅਧਿਕਾਰ ਨਹੀਂ ਸੀ ਪਰ ਸਾਲ 2011 ਵਿੱਚ ਜਦ ਕਾਂਗਰਸ ਸਰਕਾਰ ਨੇ ਇਸ ਬਾਰੇ ਸੰਸਦ ਵਿੱਚ ਬਿੱਲ ਲਿਆਉਣ ਦੀ ਕੋਸ਼ਿਸ਼ ਕੀਤੀ ਤਾਂ ਭਾਜਪਾ ਸਮੇਤ ਹੋਰ ਤਤਕਾਲੀ ਵਿਰੋਧੀ ਦਲਾਂ ਦੇ ਸਖਤ ਵਿਰੋਧ ਕਰਕੇ ਇਹ ਬਿੱਲ ਪੇਸ਼ ਨਾ ਹੋ ਸਕਿਆ। ਪਰ ਅਪਰੈਲ 2012 ਵਿੱਚ ਜਦੋਂ ਕੇਂਦਰ ਦੀ ਕਾਂਗਰਸ ਸਰਕਾਰ ਨੇ ਕੁਝ ਸਰਹੱਦੀ ਰਾਜਾਂ ਅੰਦਰ ਬੀਐਸਐਫ ਦੇ ਇਸ ਅਧਿਕਾਰ ਖੇਤਰ ਵਿਚ ਹੋਰ ਵਾਧਾ ਕੀਤਾ ਤਾਂ ਉਸ ਵੇਲੇ ਵਿਰੋਧੀ ਧਿਰਾਂ ਵੱਲੋਂ ਤਿੱਖੀ ਬਿਆਨਬਾਜ਼ੀ ਹੋਈ। ਇੱਥੋਂ ਤੱਕ ਕਿ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਭਾਰਤੀ ਜਨਤਾ ਪਾਰਟੀ ਵੱਲੋਂ ਨਰੇਂਦਰ ਮੋਦੀ ਨੇ ਇਸ ਫੈਸਲੇ ਦਾ ਖੁੱਲਮ-ਖੁੱਲਾ ਵਿਰੋਧ ਕਰਦਿਆਂ ਉਦੋਂ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖ ਕੇ ਕਿਹਾ ਸੀ ਕਿ ਇਹ ਕਦਮ ਸੰਘੀ ਢਾਂਚੇ ਦੇ ਸਿਧਾਂਤ ਦੀ ਖਿਲਾਫਤ ਹੈ ਅਤੇ ਰਾਜਾਂ ਦੇ ਵੱਧ ਅਧਿਕਾਰਾਂ ਵਿੱਚ ਵੱਡੀ ਦਖ਼ਲਅੰਦਾਜ਼ੀ ਹੈ ਅਤੇ ਰਾਜ ਦੇ ਅੰਦਰ ਹੀ ਇਕ ਵੱਖਰਾ ਰਾਜ ਬਣਾਉਣ ਦੀ ਕੋਝੀ ਕੋਸ਼ਿਸ਼ ਕੀਤੀ ਹੈ।

ਉਸ ਵੇਲੇ ਨਰੇਂਦਰ ਮੋਦੀ ਨੇ ਮਨਮੋਹਨ ਸਿੰਘ ਸਰਕਾਰ ਵੱਲੋਂ ਨੈਸ਼ਨਲ ਕਾਊਂਟਰ ਟੈਰੋਰਿਜ਼ਮ ਸੈਂਟਰ ਦੀ ਸਥਾਪਨਾ ਕਰਨ ਅਤੇ ਰੇਲਵੇ ਸੁਰੱਖਿਆ ਬਲ (ਆਰਪੀਐਫ) ਨੂੰ ਵੱਧ ਅਖਤਿਆਰ ਦੇਣ ਦਾ ਵੀ ਜ਼ਬਰਦਸਤ ਵਿਰੋਧ ਕਰਦਿਆਂ ਕੇਂਦਰ ਨੂੰ ਚਿਤਾਵਨੀ ਦੇ ਦਿੱਤੀ ਸੀ ਪਰ ਅੱਜ ਖੁਦ ਇਕ ਹੋਰ ਕੇਂਦਰੀ ਜਾਂਚ ਏਜੰਸੀ ਐੱਨਆਈਏ ਬਣਾ ਕੇ ਥੁੱਕਿਆ ਚੱਟ ਰਹੇ ਹਨ ਜਿਸ ਨੂੰ ਕਿਸੇ ਵੀ ਪੁਲਿਸ ਬਲ ਤੋਂ ਵੱਧ ਐਨੀਆਂ ਅਥਾਹ ਸ਼ਕਤੀਆਂ ਦਿੱਤੀਆਂ ਹਨ ਕਿ ਉਹ ਦੇਸ਼ ਦੇ ਕਿਸੇ ਵੀ ਸੂਬੇ ਵਿੱਚ ਉਥੋਂ ਦੀ ਰਾਜ ਸਰਕਾਰ ਨੂੰ ਬਿਨਾਂ ਦੱਸੇ ਕਦੋਂ ਵੀ ਛਾਪਾ ਮਾਰ ਕੇ ਕਿਸੇ ਦੀ ਵੀ ਤਲਾਸ਼ੀ ਲੈ ਸਕਦੀ ਹੈ ਅਤੇ ਗ੍ਰਿਫਤਾਰ ਕਰਕੇ ਅਦਾਲਤ ਵਿੱਚ ਮੁਕੱਦਮਾ ਚਲਾ ਸਕਦੀ ਹੈ।

ਲਗਾਤਾਰ ਵਿਰੋਧ ਕਰਨ ਵਾਲੀ ਭਾਜਪਾ ਨੇ ਸਰਕਾਰ ਬਣਦਿਆਂ ਹੀ ਸਾਲ 2014 ਵਿੱਚ ਬੀਐਸਐਫ ਨੂੰ ਵੱਧ ਅਖਤਿਆਰ ਦੇ ਦਿੱਤੇ ਜਿਸ ਕਰਕੇ ਹੁਣ ਇਸ ਕੇਂਦਰੀ ਦਲ ਨੂੰ ਪੰਜ ਉਤਰ ਪੂਰਬੀ ਰਾਜਾਂ ਮਨੀਪੁਰ, ਮਿਜ਼ੋਰਮ, ਨਾਗਾਲੈਂਡ, ਤ੍ਰਿਪੁਰਾ ਅਤੇ ਮੇਘਲਿਆ ਸਮੇਤ ਜੰਮੂ-ਕਸ਼ਮੀਰ-ਲੱਦਾਖ ਵਿੱਚ ਹਰ ਤਰਾਂ ਦੀ ਕਾਰਵਾਈ ਕਰਨ ਦੀ ਪੂਰੀ ਖੁੱਲ ਦੇ ਦਿੱਤੀ ਹੋਈ ਹੈ।



ਪਰ ਸਮਾਂ ਬਦਲਦਾ ਗਿਆ ਅਤੇ ਇਹ ਮੁੱਦਾ ਦੱਬ ਗਿਆ। ਕਦੇ ਮਾਂਹ ਵਾਦੀ ਅਤੇ ਕਦੇ ਮਾਂਹ ਸਵਾਦੀ। ਪਰ ਤ੍ਰਾਸਦੀ ਹੈ ਕਿ ਕਦੇ ਇਨਾਂ ਵੱਧ ਅਖਤਿਆਰਾਂ ਦਾ ਜਨਤਕ ਵਿਰੋਧ ਕਰਨ ਵਾਲੇ ਭਾਜਪਾਈ ਨੇਤਾ ਹੀ ਅੱਜ 9 ਸਾਲਾਂ ਪਿੱਛੋਂ ਉਸ ਤੋਂ ਵੀ ਅੱਗੇ ਵੱਧ ਕੇ ਉਹੋ ਸਭ ਕੁਝ ਲਾਗੂ ਕਰਨ ਉਤੇ ਐਨੇ ਉਤਾਰੂ ਹਨ ਕਿ ਆਪਣੇ ਵੱਲੋਂ ਕੀਤੇ ਜਨਤਕ ਵਿਰੋਧ ਭੁੱਲ ਗਏ। ਜਦੋਂ ਹੁਣ ਦੇ ਵਿਰੋਧੀ ਦਲਾਂ ਨੇ ਬੀਐਸਐਫ ਨੂੰ ਹੋਰ ਵਾਧੂ ਤਾਕਤਾਂ ਦੇਣ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਤਾਂ ਭਾਜਪਾ ਦੇਸ਼ ਦੀ ਸੁਰੱਖਿਆ ਦਾ ਲੰਗੜਾ ਬਹਾਨਾ ਲਾ ਕੇ ਆਪਣੇ ਕੀਤੇ ਨੂੰ ਜਾਇਜ਼ ਠਹਿਰਾ ਰਹੀ ਹੈ। ਖੈਰ, ਥੁੱਕ ਕੇ ਚੱਟਣ ਦੇ ਜਾਂ ਗਿਰਗਟ ਦੇ ਰੰਗ ਬਦਲਣ ਬਾਰੇ ਜੇਕਰ ਸਹੀ ਮਾਅਨੇ ਜਾਣਨੇ ਹੋਣ ਤਾਂ ਸਾਡੇ ਰਾਜਨੀਤਕਾਂ ਤੋਂ ਸਿੱਖੋ।

ਅਸਲ ਵਿਚ ਬੀਐੱਸਐੱਫ ਦਾ ਮੁੱਢਲਾ ਕਾਰਜ ਅਤੇ ਲਿਖਤੀ ਡਿਊਟੀ ਕੌਮਾਂਤਰੀ ਸਰਹੱਦ ਉੱਤੇ ਗਸ਼ਤ ਕਰਦਿਆਂ ਸਰਹੱਦ ਰਾਹੀਂ ਹੁੰਦੀ ਤਸਕਰੀ, ਘੁਸਪੈਠ ਅਤੇ ਮੁਜਰਮਾਂ ਨੂੰ ਸਰਹੱਦ ਟੱਪਣ ਤੋਂ ਰੋਕਣਾ ਹੈ ਨਾ ਕਿ ਸਰਹੱਦੀ ਇਲਾਕਿਆਂ ਦੇ ਪਿੰਡਾਂ ਵਿੱਚ ਘਰ-ਘਰ ਜਾ ਕੇ ਤਲਾਸ਼ੀ ਲੈਣਾ ਜਾਂ ਪਿੰਡਾਂ ਵਿਚ ਗਸ਼ਤ ਕਰਨੀ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਤਾਜ਼ਾ ਫੈਸਲਾ ਯਕੀਨਨ ਤੌਰ ਉਤੇ ਬੀਐਸਐਫ ਦੀ ਮੁੱਢਲੀ ਭੂਮਿਕਾ ਅਤੇ ਕਾਰਜਕੁਸ਼ਲਤਾ ਨੂੰ ਪ੍ਰਭਾਵਿਤ ਕਰੇਗਾ। ਪੰਜਾਬ ਪੁਲੀਸ ਦਾ ਮਨੋਬਲ ਡਿੱਗੇਗਾ ਅਤੇ ਬੀਐਸਐਫ ਨਾਲ ਗਲਤਫਹਿਮੀਆਂ ਵਿੱਚ ਵਾਧਾ ਕਰੇਗਾ ਕਿਉਂਕਿ ਬੀਐਸਐਫ ਦੀਆਂ ਕਈ ਸਰਹੱਦੀ ਪੋਸਟਾਂ ਸੂਬਾ ਪੁਲਿਸ ਦੇ ਅਧਿਕਾਰ ਖੇਤਰ ਅਧੀਨ ਹਨ। ਇਸ ਕਰਕੇ ਬੀਐਸਐਫ਼ ਦੇ ਵਧਾਏ ਗਏ ਅਧਿਕਾਰ ਖੇਤਰ ਨੂੰ ਨਿਸ਼ਚਿਤ ਕਰਨਾ ਇਕ ਗੁੰਝਲਦਾਰ ਸਥਿਤੀ ਹੋਵੇਗੀ ਕਿਉਂਕਿ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਮੁਤਾਬਿਕ ਪੁਲੀਸਿੰਗ ਰਾਜਾਂ ਦਾ ਵਿਸ਼ਾ ਹੈ।

ਹੁਣ 11 ਅਕਤੂਬਰ ਦੇ ਨਵੇਂ ਨੋਟੀਫ਼ਿਕੇਸ਼ਨ ਅਨੁਸਾਰ ਹੁਣ ਬੀਐਸਐਫ ਨੂੰ ਇਹ ਵਾਧੂ ਅਧਿਕਾਰ ਹੋਵੇਗਾ ਕਿ ਉਹ ਫੌਜਦਾਰੀ ਜਾਬਤਾ ਕੋਡ, ਵਿਦੇਸ਼ੀ ਘੁਸਪੈਠ ਕਾਨੂੰਨ, ਵਿਦੇਸ਼ੀ ਮੁਦਰਾ ਕਾਨੂੰਨ, ਨਸ਼ੀਲੀਆਂ ਵਸਤਾਂ ਰੋਕਥਾਮ ਕਾਨੂੰਨ, ਅਸਲਾ ਕਾਨੂੰਨ, ਕਸਟਮ ਕਾਨੂੰਨ ਤੇ ਦੋਵੇਂ ਪਾਸਪੋਰਟ ਕਾਨੂੰਨਾਂ ਆਦਿ ਹੇਠ 50 ਕਿਲੋਮੀਟਰ ਅੰਦਰ ਤੱਕ ਕੋਈ ਵੀ ਕਾਰਵਾਈ ਕਰਨ, ਤਲਾਸ਼ੀ, ਬਰਾਮਦਗੀ, ਜਬਤੀ ਕਰਨ ਅਤੇ ਹਿਰਾਸਤ ਵਿੱਚ ਲੈ ਸਕੇਗੀ। ਇਸ ਨੋਟੀਫਿਕੇਸ਼ਨ ਨੂੰ ਦੇਖਦਿਆਂ ਪੰਜਾਬੀਆਂ ਨੂੰ ਖਦਸ਼ਾ ਹੈ ਕਿ ਕੇਂਦਰ ਰਾਜਾਂ ਦੀ ਮਰਜੀ ਤੋਂ ਬਿਨਾਂ ਹੀ ਭਵਿੱਖ ਵਿੱਚ ਬੀਐਸਐਫ ਨੂੰ ਪੰਜਾਬ ਸਮੇਤ ਹੋਰ ਸਰਹੱਦੀ ਸੂਬਿਆਂ ਅੰਦਰ ਵੀ ਹਰ ਤਰਾਂ ਦੀ ਕਾਰਵਾਈ ਕਰਨ ਦੀ ਕਦੇ ਵੀ ਖੁੱਲ ਦੇ ਸਕਦਾ ਹੈ।

ਹਾਲੇ ਤੱਕ ਬੀਐਸਐਫ ਨੂੰ ਸਰਹੱਦੀ ਖੇਤਰ ਦੇ ਪਿੰਡਾਂ ਵਿੱਚ ਤਲਾਸ਼ੀਆਂ ਲੈਣ ਜਾਂ ਗ੍ਰਿਫਤਾਰੀ ਕਰਨ ਬਾਰੇ ਕੋਈ ਲਿਖਤੀ ਹਦਾਇਤਾਂ ਨਹੀਂ ਭੇਜੀਆਂ। ਨਾ ਹੀ ਬੀਐਸਐਫ ਜਵਾਨਾਂ ਨੂੰ ਸਿਖਾਇਆ ਗਿਆ ਹੈ ਕਿ ਪਿੰਡਾਂ ਦੇ ਲੋਕਾਂ ਨਾਲ ਕਿਸ ਤਰਾਂ, ਕਿਸ ਕਾਨੂੰਨ ਹੇਠ, ਕਿਵੇਂ ਪੇਸ਼ ਆਉਣਾ ਹੈ। ਲੋਕਾਂ ਵਿੱਚ ਕੇਂਦਰ ਸਰਕਾਰ ਵਿਰੁੱਧ ਪੰਜਾਬੀਆਂ ਖਾਸ ਕਰਕੇ ਸਰਹੱਦੀ ਲੋਕਾਂ ਦੀ ਬੇਭਰੋਸਗੀ ਹੋਰ ਵਧੇਗੀ ਜੋ ਪਹਿਲਾਂ ਹੀ ਕੰਢਿਆਲੀ ਵਾੜ ਕਾਰਨ ਬਹੁਤ ਦੁਸ਼ਵਾਰੀਆਂ ਝੱਲ ਰਹੇ ਹਨ।

ਅਸਲ ਵਿੱਚ ਸਰਹੱਦਾਂ ਉੱਤੇ ਤਾਂ ਪਹਿਲਾਂ ਹੀ ਬੀਐਸਐਫ ਦੀ ਨਫ਼ਰੀ ਦੀ ਵੱਡੀ ਤੋਟ ਹੈ। ਕਿੰਨੀਆਂ ਥਾਵਾਂ ਉਤੇ ਭਾਰੀ ਬਾਰਸ਼ਾਂ ਕਾਰਨ ਕੰਡਿਆਲੀ ਤਾਰ ਹੜ ਗਈ ਹੈ ਜਿਸ ਕਰਕੇ ਬਰਸਾਤੀ ਨਾਲਿਆਂ ਦੀ ਸਹੀ ਨਿਗਰਾਨੀ ਨਹੀਂ ਹੋ ਰਹੀ। ਲੋੜ ਇਹ ਸੀ ਕਿ ਨਸ਼ੀਲੀਆਂ ਵਸਤਾਂ ਦੀ ਤਸਕਰੀ ਅਤੇ ਘੁਸਪੈਠ ਰੋਕਣ ਲਈ ਬੀਐੱਸਐੱਫ ਦੀ ਜਰੂਰਤ ਮੁਤਾਬਿਕ ਹੋਰ ਨਫਰੀ ਵਧਾਉਂਦੇ, ਕੰਡਿਆਲੀ ਤਾਰ ਨੂੰ ਵੱਧ ਮਜ਼ਬੂਤ ਕਰਦੇ, ਵੱਡੀਆਂ ਫਲੱਡ ਲਾਈਟਾਂ ਲਗਾਉਣ, ਥਰਮਲ ਸਕੈਨਰ ਅਤੇ ਸੈਂਸਰ ਆਦਿ ਲਾਉਣ ਦੀ ਜ਼ਹਿਮਤ ਉਠਾਉਂਦੇ। ਕੇਂਦਰ ਨੂੰ ਇਸ ਵੇਲੇ ਵੱਡੀ ਲੋੜ ਬੰਦਰਗਾਹਾਂ ਅਤੇ ਹਵਾਈ ਅੱਡਿਆਂ ਉਤੇ ਹੋਰ ਚੌਕਸੀ ਵਧਾਉਣ ਅਤੇ ਵੱਧ ਤੋਂ ਵੱਧ ਸੁੰਘਣ ਵਾਲੇ ਕੁੱਤੇ ਰੱਖਣ ਦੀ ਲੋੜ ਸੀ ਜਿਥੋਂ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਦੇਸ਼ ਵਿੱਚ ਪਹੁੰਚ ਰਹੇ ਹਨ।

ਰਾਜਾਂ ਵਿੱਚ ਬੀਐਸਐਫ ਦੇ ਅਧਿਕਾਰ ਖੇਤਰ ਨੂੰ ਵਧਾਉਣ ਲਈ ਕੇਂਦਰ ਕੋਲ ਕੋਈ ਠੋਸ ਦਲੀਲ ਜਾਂ ਤਰਕ ਨਹੀਂ ਹੈ। ਸਿਰਫ ਇਹ ਲੰਗੜੀ ਦਲੀਲ ਦਿੱਤੀ ਜਾ ਰਹੀ ਹੈ ਕਿ ਸਰਹੱਦ ਪਾਰੋਂ ਡਰੋਨਾਂ ਰਾਹੀਂ ਹਥਿਆਰ ਅਤੇ ਨਸ਼ੀਲੇ ਪਦਾਰਥ ਆ ਰਹੇ ਹਨ ਜਦਕਿ ਹੁਣ ਤੱਕ ਦੀਆਂ ਰਿਪੋਰਟਾਂ ਮੁਤਾਬਿਕ ਅਜਿਹੇ ਡਰੋਨ ਕਿਸੇ ਵੀ ਸਰਹੱਦ ਦੇ 20 ਕਿਲੋਮੀਟਰ ਤੋਂ ਵੱਧ ਅੰਦਰ ਹਾਲੇ ਤੱਕ ਨਹੀਂ ਗਏ ਅਤੇ ਨਾ ਹੀ ਕੋਈ ਡਰੋਨ ਇਸ ਤੋਂ ਵੱਧ ਸਫਰ ਤੈਅ ਕਰ ਸਕਦਾ ਹੈ। ਪੰਜਾਬ ਦੇ ਛੇ ਜਿਲਿਆਂ ਗੁਰਦਾਸਪੁਰ, ਅੰਮ੍ਰਿਤਸਰ, ਪਠਾਨਕੋਟ, ਤਰਨਤਾਰਨ, ਫ਼ਿਰੋਜ਼ਪੁਰ ਤੇ ਫ਼ਾਜ਼ਿਲਕਾ ਦੀ 555 ਕਿਲੋਮੀਟਰ ਲੰਮੀ ਕੌਮਾਂਤਰੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ। ਇਸ ਤਾਜ਼ਾ ਨੋਟੀਫਿਕੇਸਨ ਨਾਲ ਬੀਐੱਸਐੱਫ ਨੂੰ 50 ਕਿਲੋਮੀਟਰ ਤੱਕ ਅਖਤਿਆਰ ਦੇਣ ਨਾਲ ਪੰਜਾਬ ਦੇ ਕੁੱਲ 50,362 ਵਰਗ ਕਿਲੋਮੀਟਰ ਖੇਤਰ ਵਿੱਚੋਂ ਸਿੱਧਾ 27,560 ਵਰਗ ਕਿਲੋਮੀਟਰ (55%) ਬੀਐੱਸਐੱਫ ਦੇ ਘੇਰੇ ਵਿੱਚ ਆ ਜਾਵੇਗਾ ਤੇ ਪੰਜਾਬ ਸਰਕਾਰ ਕੋਲ ਸਿਰਫ਼ 22,712 ਵਰਗ ਕਿਲੋਮੀਟਰ (45%) ਹੀ ਬਚਦਾ ਹੈ। ਇਥੋਂ ਤੱਕ ਕਿ ਦਰਬਾਰ ਸਾਹਿਬ ਅੰਮ੍ਰਿਤਸਰ ਸਮੇਤ ਹੋਰ ਵੱਡੇ ਗੁਰਦਵਾਰੇ ਤੇ ਧਾਰਮਿਕ ਅਸਥਾਨ ਵੀ ਬੀਐੱਸਐੱਫ ਦੀ ਕਾਰਵਾਈ ਦੇ ਅਧੀਨ ਹੋਣਗੇ।

ਅਸਲ ਵਿੱਚ ਇਸ ਫੈਸਲੇ ਪਿੱਛੇ ਇੱਕ ਗੁੱਝਾ ਰਾਜਸੀ ਮਕਸਦ ਲੁਕਿਆ ਹੋਇਆ ਹੈ ਕਿ ਜਦੋਂ ਬੀਐੱਸਐੱਫ ਪਿੰਡਾਂ ਦੀਆਂ ਤਲਾਸੀਆਂ ਲਵੇਗੀ ਜਾਂ ਸਰਹੱਦ ਉਤੇ ਨਸ਼ੀਲੇ ਪਦਾਰਥ ਜਬਤ ਕਰੇਗੀ ਤਾਂ ਉਹ ਨਾਰਕੋਟਿਕ ਕੰਟਰੋਲ ਬਿਊਰੋ ਨੂੰ ਅਤੇ ਹਥਿਆਰਾਂ ਦੀ ਬਰਾਮਦਗੀ ਦੇ ਮਾਮਲੇ ਵਿਚ ਐਨਆਈਏ ਵਰਗੀਆਂ ਕੇਂਦਰੀ ਏਜੰਸੀਆਂ ਨੂੰ ਸਿੱਧਿਆਂ ਹੀ ਬੁਲਾ ਸਕੇਗੀ। ਇਸ ਵਿੱਚ ਰਾਜ ਸਰਕਾਰ ਦੀ ਅਤੇ ਉਥੋਂ ਦੀ ਸਬੰਧਤ ਪੁਲੀਸ ਦੀ ਕੋਈ ਭੂਮਿਕਾ ਨਹੀਂ ਰਹੇਗੀ। ਇਹ ਦੋਵੇਂ ਏਜੰਸੀਆਂ ਸਿੱਧੇ ਤੌਰ ਉਤੇ ਕੇਂਦਰ ਸਰਕਾਰ ਦੇ ਅਧੀਨ ਹੋਣ ਕਾਰਨ ਉਨਾਂ ਵੱਲੋਂ ਕਾਰਵਾਈ ਕਰਨ ਵਿੱਚ ਮਨਮਰਜ਼ੀ ਵੀ ਕੀਤੀ ਜਾ ਸਕਦੀ ਹੈ। ਬੀਐਸਐਫ ਦੀਆਂ ਵਧੀਕੀਆਂ ਦੀ ਸੂਚੀ ਵੀ ਲੰਮੀ ਹੈ। ਸਾਲ 1993 ਵਿੱਚ ਬੀਐਸਐਫ ਜਵਾਨਾਂ ਨੇ ਬੀਜਬਿਹੇੜਾ (ਕਸ਼ਮੀਰ) ਵਿੱਚ ਇੱਕ ਜਲੂਸ 'ਤੇ ਗੋਲੀਆਂ ਚਲਾ ਕੇ 43 ਲੋਕਾਂ ਨੂੰ ਦਿਨ ਦਿਹਾੜੇ ਮਾਰ ਦਿੱਤਾ ਸੀ।

ਭਾਵੇਂ ਇਸ ਫੈਸਲੇ ਤੋਂ ਉਪਜਣ ਵਾਲੇ ਦੂਰਦਰਸ਼ੀ ਅਤੇ ਮਾੜੇ ਸਿੱਟੇ ਹਾਲੇ ਭਵਿੱਖ ਦੇ ਗਰਭ ਵਿੱਚ ਹਨ ਪਰ ਜੇਕਰ ਖੇਤਰੀ ਪੱਧਰ ਉਤੇ ਗੰਭੀਰਤਾ ਨਾਲ ਸੋਚ-ਵਿਚਾਰ ਕੀਤਾ ਜਾਵੇ ਤਾਂ ਰਾਜ ਦੀ ਆਪਣੀ ਪੁਲੀਸ ਦੇ ਹੁੰਦਿਆਂ ਬੀਐਸਐਫ ਨੂੰ ਵੱਧ ਅਧਿਕਾਰ ਦੇਣ ਦਾ ਫੈਸਲਾ ਜ਼ਰੂਰ ਦੇਸ਼ ਦੇ ਸੰਘੀ ਢਾਂਚੇ ਦੇ ਸਿਧਾਂਤ ਦੇ ਬਿਲਕੁਲ ਉਲਟ, ਸੰਵਿਧਾਨਕ ਵਿਵਸਥਾ ਅਤੇ ਸੰਵਿਧਾਨ ਦੀ ਮੂਲ ਰਚਨਾ ਦੇ ਖਿਲਾਫ ਹੈ। ਇਸ ਤੋਂ ਇਲਾਵਾ ਸਬੰਧਤ ਰਾਜ ਸਰਕਾਰਾਂ ਨਾਲ ਬਿਨਾਂ ਚਰਚਾ ਕੀਤਿਆਂ ਹੀ ਰਾਜਾਂ ਉੱਪਰ ਇਹ ਫੈਸਲਾ ਥੋਪ ਦਿੱਤਾ ਹੈ। ਇਸ ਮੁੱਦੇ ਬਾਰੇ ਫੈਸਲਾ ਲੈਣ ਲਈ ਸਰਹੱਦੀ ਰਾਜਾਂ ਦੀ ਉੱਚ ਤਾਕਤੀ ਕਮੇਟੀ ਦੀ ਕੋਈ ਸਿਫ਼ਾਰਸ਼ ਵੀ ਨਹੀਂ ਪ੍ਰਾਪਤ ਕੀਤੀ। ਬਿਨਾਂ ਸ਼ੱਕ ਇੱਕ ਤਰੀਕੇ ਨਾਲ ਕੇਂਦਰ ਵਿਚ ਸੱਤਾਧਾਰੀ ਪਾਰਟੀ ਨਾਰਕੋਟਿਕ ਕੰਟਰੋਲ ਬਿਊਰੋ ਅਤੇ ਐੱਨਆਈਏ ਵਰਗੀਆਂ ਕੇਂਦਰੀ ਏਜੰਸੀਆਂ ਰਾਹੀਂ ਖੇਤਰੀ ਅਤੇ ਵਿਰੋਧੀ ਪਾਰਟੀਆਂ ਦੇ ਰਾਜਾਂ ਵਿੱਚ ਟੇਢੇ ਢੰਗ ਨਾਲ ਰਾਜਸੀ ਵਿਰੋਧੀਆਂ ਨਾਲ ਸਿੱਝਣ ਲਈ ਸਿੱਧੀ ਦਖ਼ਲਅੰਦਾਜ਼ੀ ਕਰਨ ਦੇ ਸਮਰੱਥ ਹੋ ਜਾਵੇਗੀ। ਰਾਜਾਂ ਦੇ ਸੰਘੀ ਢਾਂਚੇ ਅਤੇ ਵਾਧੂ ਅਖਤਿਆਰਾਂ ਨੂੰ ਲਗਾਤਾਰ ਲੱਗ ਰਿਹਾ ਖੋਰਾ ਕਦੋਂ ਰੁਕੇਗਾ ਜਾਂ ਕੌਣ ਰੋਕੇਗਾ, ਇਹ ਵੀ ਸਮੇਂ ਦੇ ਗਰਭ ਵਿੱਚ ਹੈ ਅਤੇ ਦੇਖਦੇ ਹਾਂ ਕਿ 'ਕੋਈ ਹਰਿਓ ਬੂਟ ਰਹਿਓ ਰੀ'।

---

# ਇੱਕ ਦੇਸ਼ ਇੱਕ ਸੰਸਦ

**ਦਲੀਪ ਸਿੰਘ ਵਾਸਨ, ਐਡਵੋਕੇਟ.**

ਸਾਡੇ ਕੋਲ ਇੱਕ ਸੰਸਕ੍ਰਿਤੀ, ਇੱਕ ਇਤਿਹਾਸ, ਇੱਕ ਪ੍ਰੰਪਰਾ ਅਤੇ ਇੱਕੋ ਤਰਾਂ ਦੀਆਂ ਸਮੱਸਿਆਵਾਂ ਹਨ ਅਤੇ ਇੱਥੇ ਇੱਕ ਸੰਸਦ ਹੋਣੀ ਚਾਹੀਦੀ ਸੀ ਜਿਸ ਵਿੱਚ ਸਿਰਫ 250 ਸੰਸਦ ਮੈਂਬਰ ਹੁੰਦੇ ਹਨ। ਰਾਜ ਪੱਧਰੀ ਵਿਧਾਨ ਸਭਾਵਾਂ ਸਥਾਪਤ ਕਰਨ ਦੀ ਕੋਈ ਲੋੜ ਨਹੀਂ ਸੀ ਕਿਉਂਕਿ ਇੰਨੀ ਵੱਡੀ ਗਿਣਤੀ ਵਿੱਚ ਸਿਆਸਤਦਾਨਾਂ ਦੇ ਇਕੱਠੇ ਹੋਣ ਨਾਲ ਸਰਕਾਰੀ ਖਜ਼ਾਨੇ 'ਤੇ ਭਾਰੀ ਖਰਚ ਹੋ ਰਿਹਾ ਸੀ।

ਇਹ ਰਿਕਾਰਡ 'ਤੇ ਹੈ ਕਿ ਬ੍ਰਿਟਿਸ਼ ਦੁਆਰਾ ਸਥਾਪਿਤ ਕੀਤੇ ਗਏ ਅਤੇ ਭਾਰਤ ਦੇ ਪ੍ਰਸ਼ਾਸਨ ਦੁਆਰਾ ਪਾਲਣ ਕੀਤੇ ਗਏ ਬਹੁਤ ਸਾਰੇ ਕਾਨੂੰਨ, ਨਿਯਮ ਅਤੇ ਵਿਧੀ ਵਿਧਾਨ ਨਵੀਂ ਸਰਕਾਰ ਦੁਆਰਾ ਅਪਣਾਏ ਗਏ ਸਨ ਅਤੇ ਉਹ ਕਾਨੂੰਨ ਅਜੇ ਵੀ ਲਾਗੂ ਹਨ। ਸਾਡੇ ਕੋਲ ਸਾਡੇ ਲਈ ਕੁਝ ਵੀ ਨਵਾਂ ਨਹੀਂ ਹੈ ਅਤੇ ਇਸ ਲਈ ਸਾਡੇ ਕੋਲ ਕੇਂਦਰ ਅਤੇ ਰਾਜ ਪੱਧਰ 'ਤੇ ਕਾਨੂੰਨ ਬਣਾਉਣ ਲਈ ਕੁਝ ਵੀ ਨਹੀਂ ਹੈ।

ਇੱਕ ਸੰਸਦ ਹੀ ਕਾਫੀ ਸੀ ਅਤੇ ਇਸ ਲਈ ਇਨਾਂ ਰਾਜ ਪੱਧਰੀ ਵਿਧਾਨ ਸਭਾਵਾਂ ਦੀ ਸਥਾਪਨਾ ਦੀ ਕੋਈ ਲੋੜ ਨਹੀਂ ਸੀ। ਇਨਾਂ ਇਕਾਈਆਂ ਨੇ ਬਹੁਤ ਸਾਰੀਆਂ ਖੇਤਰੀ ਅਤੇ ਧਾਰਮਿਕ ਰਾਜਨੀਤਿਕ ਇਕਾਈਆਂ ਅਤੇ ਬਹੁਤ ਸਾਰੇ ਨਵੇਂ ਚਿਹਰਿਆਂ ਨੂੰ ਜਨਮ ਦਿੱਤਾ ਹੈ ਅਤੇ ਕਈ ਵਾਰ ਭਾਰਤ ਦੀ ਏਕਤਾ ਅਤੇ ਅਖੰਡਤਾ ਦਾਅ 'ਤੇ ਲੱਗੀ ਹੈ। ਇਹ ਪਲਟੀਕਲ ਲਾਈਨ ਇੱਕ ਪੇਸ਼ਾ, ਵਪਾਰ, ਕਾਲਿੰਗ ਅਤੇ ਰੁਜ਼ਗਾਰ ਬਣ ਗਿਆ ਹੈ ਜੋ ਸਾਡੇ ਲਈ ਮਾੜਾ ਹੈ। ਕੁਝ ਵਿਅਕਤੀਗਤ ਤਾਨਾਸ਼ਾਹਾਂ ਨੇ ਆਪਣੇ ਆਪ ਨੂੰ ਸਥਾਪਿਤ ਕਰ ਲਿਆ ਹੈ ਅਤੇ ਸਿਰਫ ਉਨਾਂ ਨੂੰ ਬਿਨਾਂ ਕਿਸੇ ਚੋਣ ਦੇ ਭਾਰਤ ਦੇ ਮੁੱਖ ਮੰਤਰੀ ਅਤੇ ਪ੍ਰਧਾਨ ਮੰਤਰੀ ਬਣਾਇਆ ਹੈ।

ਜੇ ਪਿਛਲੇ ਸੱਤ ਦਹਾਕਿਆਂ 'ਤੇ ਨਜ਼ਰ ਮਾਰੀਏ ਤਾਂ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਇਸ ਪਾਸੇ ਭੀੜ ਹੋਣ ਕਾਰਨ ਦੇਸ਼ ਲਈ ਕੁਝ ਵੀ ਸਕਾਰਾਤਮਕ ਨਹੀਂ ਕੀਤਾ ਜਾ ਸਕਦਾ। ਸਾਨੂੰ ਇੱਕ ਸਮਰੱਥ ਪ੍ਰਸ਼ਾਸਨ, ਸਾਡੀ ਨਿਆਂ ਪ੍ਰਣਾਲੀ, ਸਾਡੀ ਪੁਲਿਸ ਪ੍ਰਣਾਲੀ ਅਤੇ ਸਾਡੀ ਫੌਜ ਮਿਲ ਗਈ ਹੈ। ਦੇਸ਼ ਵਿੱਚ ਸਿਆਸਤਦਾਨਾਂ ਦੀ ਗਿਣਤੀ ਵਧਾਉਣ ਦੀ ਕੋਈ ਲੋੜ ਨਹੀਂ ਹੈ। ਰਾਜਨੇਤਾਵਾਂ ਦੀ ਸੰਖਿਆ ਸੀਮਤ ਰਹਿਣ ਦਿਉ ਤਾਂ ਜੋ ਚੋਣਾਂ ਵਿੱਚ ਵੀ, ਅਸੀਂ ਭਾਰਤ ਦੇ ਲੋਕ ਸਮਰੱਥ ਲੋਕਾਂ ਦੀ ਚੋਣ ਕਰ ਸਕੀਏ ਜੋ ਸਦਨ ਵਿੱਚ ਸਾਡੀ ਪ੍ਰਤੀਨਿਧਤਾ ਕਰ ਸਕਣ। ਕਾਉਂਟ 5 ਰਾਇ ਵਿੱਚ ਸਭ ਤੋਂ ਵੱਡੀ ਸਥਿਤੀ ਵਾਲੀ ਇੱਕ ਛੋਟੀ ਜਿਹੀ ਪਾਰਲੀਮੈਂਟ ਇੱਕੋ ਹੱਲ ਹੈ। ਜੇ ਸੰਸਦ ਵਿੱਚ ਸੁੰਨਸਾਨ ਨੀਵੇਂ ਪਾਸੇ ਹੈ ਤਾਂ ਅਸੀਂ ਵਧੇਰੇ ਕੰਮ ਦੀ ਉਮੀਦ ਕਰਾਂਗੇ ਅਤੇ ਇਹ ਸਾਰੇ ਰੌਲਾ, ਵਾਕਆਟ, ਹੱਸਣਾ, ਸਦਨ ਵਿੱਚ ਸੌਣਾ ਅਤੀਤ ਦੀਆਂ ਗੱਲਾਂ ਬਣ ਜਾਣਗੀਆਂ।

ਜਦੋਂ ਸੰਸਦ ਵਿੱਚ ਸਾਰੇ ਖੇਤਰਾਂ ਦੀ ਨੁਮਾਇੰਦਗੀ ਕੀਤੀ ਜਾਂਦੀ ਹੈ, ਹਰੇਕ ਰਾਜ ਵਿੱਚ ਵੱਖਰੀਆਂ ਇਕਾਈਆਂ ਸਿਰਫ ਇੱਕ ਵਿਅਰਥ ਅਭਿਆਸ ਹੈ।

ਇਨਾਂ ਸੰਸਦਾਂ ਵਿਚ ਸਾਰੇ ਖੇਤਰਾਂ ਦੀ ਨੁਮਾਇੰਦਗੀ ਲਈ ਚੁਣੇ ਹੋਏ ਨੁਮਾਇੰਦਿਆਂ ਤੋਂ ਆਪਣੇ ਭਲੇ ਦੀ ਉਮੀਦ ਰੱਖਣ ਲਈ ਸਾਰੀਆਂ ਧਿਰਾਂ ਨੂੰ ਇਕ ਸੰਸਦ ਦੇ ਮੁੱਦੇ 'ਤੇ ਵਿਚਾਰ ਕਰਨੀ ਚਾਹੀਦੀ ਹੈ ਤਾਂ ਜੋ ਆਮ ਲੋਕਾਂ ਨੂੰ ਇਸ ਸੰਸਦ 'ਤੇ ਆਮ ਜਨ ਲਈ ਕੁਝ ਵਧੀਆ ਕਰਨ ਦਾ ਭਰੋਸਾ ਬਰਕਰਾਰ ਰਹੇ।

ਅੰਮ੍ਰਿਤਸਰ ਟਾਈਮਜ਼ AMRITSAR TIMES

22 ਅਕਤੂਬਰ 2021 ਤੋਂ 28 ਅਕਤੂਬਰ 2021

# ਸਿੰਗੂ ਸੋਧਾ: ਵੱਖ-ਵੱਖ ਧਿਰਾਂ ਦੇ ਅਮਲ

ਸਿੰਗੂ ਹੱਦ 'ਤੇ ਲੰਘੀ ੧੫ ਅਕਤੂਬਰ ਨੂੰ ਇੱਕ ਵਿਅਕਤੀ ਦੀ ਲਾਸ਼ ਦੀਆਂ ਤਸਵੀਰਾਂ ਬਿਜਲ ਸੱਥ (ਸੋਸ਼ਲ ਮੀਡੀਆ) ਰਾਹੀਂ ਦੇਸ਼-ਵਿਦੇਸ਼ ਵਿੱਚ ਪਹੁੰਚੀਆਂ, ਜਿਸ ਬਾਰੇ ਸ਼ੁਰੂਆਤੀ ਜਾਣਕਾਰੀ ਇੰਨੀ ਕੁ ਹੀ ਆਈ ਕਿ ਸਿੰਗੂ ਹੱਦ 'ਤੇ ਇੱਕ ਵਿਅਕਤੀ ਗੁਰੂ ਸਾਹਿਬ ਦੀ ਬੇਅਦਬੀ ਕਰਨ ਆਇਆ ਤਾਂ ਨਿਹੰਗ ਸਿੰਘਾਂ ਵੱਲੋਂ ਉਸ ਨੂੰ ਮੌਕੇ 'ਤੇ ਹੀ ਸੋਧਾ ਲਾ ਦਿੱਤਾ ਗਿਆ ਅਤੇ ਨਾਲ ਦੀ ਨਾਲ ਵੱਖੋ-ਵੱਖਰੇ ਪ੍ਰਤੀਕਰਮ ਆਉਣੇ ਸ਼ੁਰੂ ਹੋ ਗਏ। ਸਿੱਖ ਸੰਗਤ ਦੇ ਵੱਡੇ ਹਿੱਸੇ ਨੇ ਇਸਨੂੰ ਪ੍ਰਵਾਨਗੀ ਦਿੱਤੀ। ਪੱਛਮੀ ਵਿੱਦਿਆ ਦੇ ਅਸਰ ਹੇਠ ਉਲਝੇ ਵਿਅਕਤੀਆਂ (ਜਿੰਨਾਂ ਵਿੱਚ ਬਹੁਤ ਸਾਰੇ ਸਿੱਖ ਵੀ ਹਨ) ਵੱਲੋਂ ਇਸ ਦਾ ਵਿਰੋਧ ਵੀ ਹੋਣ ਲੱਗਾ। ਵਿਰੋਧ ਵੀ ਇੱਕੋ ਜਿਹਾ ਨਹੀਂ ਸੀ, ਕੁਝ ਨੇ ਕਿਹਾ ਕਿ ਸੋਧਾ ਲਾਉਣਾ ਠੀਕ ਸੀ ਪਰ ਲਾਸ਼ ਨੂੰ ਇਸ ਤਰਾਂ ਲਮਕਾਉਣਾ ਨਹੀਂ ਸੀ ਚਾਹੀਦਾ। ਕੁਝ ਨੇ ਕਿਹਾ ਕਿ ਕਨੂੰਨ ਹੱਥ 'ਚ ਨਹੀਂ ਸੀ ਲੈਣਾ ਚਾਹੀਦਾ। ਕੁਝ ਨੇ ਕਿਹਾ ਕਿਸਾਨ ਅੰਦੋਲਨ ਨੂੰ ਢਾਹ ਲੱਗੇਗੀ, ਕੁਝ ਨੇ ਕਿਹਾ ਲਖੀਮਪੁਰ ਖੀਰੀ ਵਾਲੇ ਮਸਲੇ ਤੋਂ ਧਿਆਨ ਪਾਸੇ ਕਰਨ ਦੀ ਸਾਜਿਸ਼ ਹੈ, ਕੁਝ ਨੇ ਕਿਹਾ ਬੇਅਦਬੀ ਦਾ ਕੋਈ ਸਬੂਤ ਤਾਂ ਹੈ ਨਹੀਂ, ਕੁਝ ਨੇ ਕਿਹਾ ਜਿਸ ਨੇ ਬੇਅਦਬੀ ਕਰਵਾਈ ਉਸ ਨੂੰ ਲੱਭਣਾ ਚਾਹੀਦਾ ਸੀ, ਕਿਸੇ ਨੇ ਇਸ ਨੂੰ ਦਲਿਤ ਦਾ ਕਤਲ ਬਣਾ ਕੇ ਸਿਆਸੀ ਲਾਹਾ ਲੈਣ ਦਾ ਯਤਨ ਕੀਤਾ ਆਦਿ। ਨਿਹੰਗ ਸਿੰਘਾਂ ਨੇ ਇਸ ਸੋਧੇ ਦੀ ਜਿੰਮੇਵਾਰੀ ਲਈ ਅਤੇ ਗ੍ਰਿਫਤਾਰੀਆਂ ਵੀ ਦਿੱਤੀਆਂ। ਹੌਲੀ-ਹੌਲੀ ਹੋਰ ਇਸ ਮਸਲੇ ਸਬੰਧੀ ਹੋਰ ਜਾਣਕਾਰੀ ਤਸਵੀਰਾਂ ਜਾਂ ਵੀਡੀਓ ਦੇ ਰੂਪ ਵਿੱਚ ਆ ਰਹੀ ਹੈ ਅਤੇ ਲਗਾਤਾਰ ਇਸ ਉੱਤੇ ਚਰਚਾ ਅਤੇ ਬਹਿਸ ਚੱਲ ਰਹੀ ਹੈ ਪਰ ਜਿੰਨੀ ਗੰਭੀਰਤਾ ਅਤੇ ਇਮਾਨਦਾਰੀ ਇਸ ਮਸਲੇ ਵਿੱਚ ਲੋੜੀਂਦੀ ਹੈ ਉਸ ਦੀ ਬਹੁਤ ਵੱਡੀ ਘਾਟ ਹੈ।

ਸ਼ੁਰੂਆਤੀ ਜਾਣਕਾਰੀ ਮਿਲਣ ਤੋਂ ਹੁਣ ਤੱਕ ਦੇ ਸਫ਼ਰ ਵਿੱਚ ਹੱਕ ਅਤੇ ਵਿਰੋਧ ਵਾਲੀਆਂ ਕਈ ਧਿਰਾਂ ਬਣ ਗਈਆਂ ਹਨ। ਇਹਨਾਂ ਤੋਂ ਇਲਾਵਾ ਪੱਤਰਕਾਰਾਂ ਅਤੇ ਯੂ-ਟਿਊਬ ਚੈਨਲਾਂ ਵਾਲਿਆਂ ਦੀ ਭੂਮਿਕਾ ਵੀ ਧਿਆਨ ਮੰਗਦੀ ਹੈ। ਕਿਸਾਨ ਆਗੂਆਂ ਵੱਲੋਂ ਵੀ ਬਣਦੀ ਜਿੰਮੇਵਾਰੀ ਸਹੀ ਨਹੀਂ ਨਿਭਾਈ ਗਈ। ਇੱਥੇ ਇਹ ਗੱਲ ਨੂੰ ਗੰਭੀਰਤਾ ਨਾਲ ਸਮਝਣ ਦਾ ਯਤਨ ਕਰਨਾ ਚਾਹੀਦਾ ਹੈ ਕਿ ਜਦੋਂ ਗੱਲ ਗੁਰੂ ਦੇ ਅਦਬ ਦੀ ਹੈ ਤਾਂ ਬਾਕੀ ਸਭ ਕੁਝ ਪਿੱਛੇ ਰਹਿ ਜਾਣਾ ਸੁਭਾਵਿਕ ਹੈ, ਫਿਰ ਚਾਹੇ ਉਹ ਲਖੀਮਪੁਰ ਖੀਰੀ ਵਾਲਾ ਮਸਲਾ ਹੋਵੇ, ਚਾਹੇ ਜਾਤ-ਪਾਤ ਹੋਵੇ ਅਤੇ ਚਾਹੇ ਕਿਸਾਨੀ ਸੰਘਰਸ਼ ਵੀ ਕਿਉਂ ਨਾ ਹੋਵੇ ਗੁਰੂ ਖਾਲਸਾ ਪੰਥ ਲਈ ਪਹਿਲਾਂ ਗੁਰੂ ਹੈ, ਸਿਰਫ ਗੁਰੂ। ਅਗਲੀ ਗੱਲ ਕਿ ਬੇਅਦਬੀ ਹੋਈ ਜਾਂ ਨਹੀਂ, ਜਾਂ ਇਸ ਤਰਾਂ ਦੇ ਹੋਰ ਪੱਖ ਜਿਹੜੇ ਜਾਂਚ ਦੀ ਮੰਗ ਕਰਦੇ ਹਨ, ਤਾਂ ਜਿੰਨਾਂ ਨੂੰ ਕੋਈ ਸ਼ੰਕਾ ਸੀ ਜਾਂ ਹੈ ਉਹ ਆਪਣੀ ਗੱਲ ਗੁਰੂ ਖਾਲਸਾ ਪੰਥ/ਅਕਾਲ ਤਖ਼ਤ ਸਾਹਿਬ/ਨਿਹੰਗ ਸਿੰਘ ਜਥੇਬੰਦੀਆਂ ਕੋਲ ਰੱਖਣ ਅਤੇ ਜਾਂਚ ਦੀ ਮੰਗ ਕਰਨ। ਇੱਥੇ ਵੀ ਗੰਭੀਰਤਾ ਨਾਲ ਇਹ ਸਮਝਣਾ ਜਰੂਰੀ ਹੈ ਕਿ ਇਹ ਮਸਲਾ ਗੁਰੂ ਖਾਲਸਾ ਪੰਥ ਦਾ ਹੈ ਅਤੇ ਪੰਥਕ ਰਵਾਇਤ ਅਨੁਸਾਰ ਹੀ ਨਜਿੱਠਿਆ ਜਾਣਾ ਚਾਹੀਦਾ ਹੈ। ਗੁਰੂ ਦੀ ਨਿੰਦਾ ਕਰਨ ਵਾਲੇ ਲਈ ਵੀ ਸਿੱਖ ਨੂੰ ਤਾਕੀਦ ਹੈ ਕਿ ਉਸ ਨੂੰ ਕਿਰਪਾਨ ਸੰਗ ਭੇਟ ਕਰ ਦੇਣਾ ਚਾਹੀਦਾ ਹੈ, ਇੱਥੇ ਤਾਂ ੨੦੧੫ ਤੋਂ ਲਗਾਤਾਰ ਬੇਅਦਬੀਆਂ ਹੋ ਰਹੀਆਂ ਹਨ ਅਤੇ ਇਸ ਮੁਲਕ ਦਾ ਕਨੂੰਨ ਇਨਸਾਫ ਕਰਨ ਵਿੱਚ ਅਸਫਲ ਰਿਹਾ ਹੈ।

ਜਿਸ ਵਿਅਕਤੀ ਨੂੰ ਸੋਧਾ ਲਾਇਆ ਗਿਆ ਉਸ ਦੇ ਪਰਿਵਾਰ ਵੱਲੋਂ ਇਹ ਜਾਣਕਾਰੀ ਦਿੱਤੀ ਗਈ ਕਿ ਇਸ ਨੂੰ ਕੋਈ ਫੋਨ ਆਉਂਦਾ ਸੀ ਜਿਸ ਨਾਲ ਇਹ 'ਸੰਧੂ ਸਾਹਬ-ਸੰਧੂ ਸਾਹਬ' ਕਹਿ ਕੇ ਗੱਲ ਕਰਦਾ ਸੀ। ਪਰ ਵਿਰੋਧ ਅਤੇ ਬਹਿਸ ਲਗਾਤਾਰ ਵਧਣ ਕਰਕੇ ਇਸ ਪੱਖ ਦੀ ਜਾਂਚ ਕਰਵਾਉਣ ਉੱਤੇ ਊਰਜਾ ਨਹੀਂ ਲਾਈ ਗਈ ਬਲਕਿ ਸਾਰੀ ਊਰਜਾ ਨਿਹੰਗ ਸਿੰਘਾਂ ਦੀ ਕਿਰਦਾਰਕੁਸ਼ੀ ਜਾਂ ਕੁਝ ਨਿਹੰਗ ਸਿੰਘਾਂ ਦੇ ਪਿਛੋਕੜ ਅਤੇ ਨਿੱਜੀ ਜਿੰਦਗੀ ਦੀਆਂ ਗੱਲਾਂ ਉਭਾਰਨ ਵਿੱਚ ਲੱਗਦੀ ਰਹੀ ਜੋ ਹੁਣ ਵੀ ਜਾਰੀ ਹੈ। ਘਟਨਾ ਤੋਂ ਕੁਝ ਦਿਨ ਬਾਅਦ ਅਮਨ ਸਿੰਘ ਨਿਹੰਗ ਸਿੰਘ ਦੀਆਂ ਬੀ.ਜੇ.ਪੀ ਦੇ ਆਗੂਆਂ ਨਾਲ ਕੁਝ ਤਸਵੀਰਾਂ ਸਾਹਮਣੇ ਆਈਆਂ ਜਿਸ ਵਿੱਚ ਪਿੰਕੀ ਕੈਟ ਵੀ ਹੈ। ਇਹਨਾਂ ਤਸਵੀਰਾਂ ਨੇ ਮੁੜ ਚਰਚਾ ਨੂੰ ਉਭਾਰਿਆ। ਬੇਅਦਬੀ ਕਰਨ ਆਏ ਦੋਸ਼ੀ ਨੂੰ ਸਜ਼ਾ ਦੇਣੀ ਚਾਹੀਦੀ ਸੀ ਜਾਂ ਨਹੀਂ, ਇਸ ਗੱਲ ਤੋਂ ਚਰਚਾ ਘੁੰਮ ਕੇ ਤਸਵੀਰਾਂ ਵੱਲ ਚਲੀ ਗਈ। ਫਿਰ ਕੁਝ ਅਗਲੀਆਂ ਆਈਆਂ ਵੀਡੀਓ ਵਿੱਚ ਦੋਸ਼ੀ ਆਪਣੀ ਕਰਤੂਤ ਮੰਨ ਰਿਹਾ ਹੈ। ਹਾਲ ਹੀ ਵਿੱਚ ਇੱਕ ਹੋਰ ਘਟਨਾ ਸਾਹਮਣੇ ਆਈ ਜਿਸ ਵਿੱਚ ਇੱਕ ਨਿਹੰਗ ਸਿੰਘ ਵੱਲੋਂ ਕਿਸੇ ਮੀਟ ਵਾਲੇ ਦੀ ਕੁੱਟਮਾਰ ਸਾਹਮਣੇ ਆਈ ਹੈ। ਇਸ ਵਿੱਚ ਵੀ ਦੋਵੇਂ ਧਿਰਾਂ ਦੇ ਆਪੋ ਆਪਣੇ ਪੱਖ ਹਨ ਪਰ ਕੁਝ ਯੂ-ਟਿਊਬ ਚੈਨਲਾਂ ਵਾਲੇ ਅਤੇ ਸਿਆਸਤ ਵਿੱਚ ਆਉਣ ਦੀ ਇੱਛਾ ਰੱਖਣ ਵਾਲੇ ਵਿਅਕਤੀਆਂ ਵੱਲੋਂ ਘਟਨਾ ਨਾਲ ਸਬੰਧਿਤ ਘੋਖ-ਪੜਤਾਲ ਕਰਨ ਦੀ ਥਾਂ ਨਿਹੰਗ ਸਿੰਘ ਦੇ ਹੁਣੇ-ਹੁਣੇ ਸਿੰਘ ਸਜਣ ਉੱਤੇ ਕਿੰਤੂ-ਪ੍ਰੰਤੂ ਕਰਕੇ, ਓਹਦੇ ਕੇਸ ਛੋਟੇ ਹੋਣ ਕਾਰਨ ਉਸ ਨੂੰ ਨਕਲੀ ਨਿਹੰਗ ਕਹਿਣਾ ਬਹੁਤ ਹੀ ਨੀਚ ਅਤੇ ਗਲਤ ਪਹੁੰਚ ਹੈ। ਇਸ ਦੇ ਨਾਲ ਹੀ ਕੁਝ ਨਿਹੰਗ ਸਿੰਘਾਂ ਵੱਲੋਂ ਇਸ ਬਿਰਤਾਂਤ ਦਾ ਸ਼ਿਕਾਰ ਹੋ ਜਾਣਾ ਅਤੇ ਇਸ ਮਸਲੇ ਵਿੱਚ ਪੁਲਸ ਦਾ ਦਖਲ ਕਰਵਾਉਣਾ ਹੋਰ ਵੀ ਵੱਧ ਚਿੰਤਾਜਨਕ ਹੈ। ਜਿਸ ਤਰਾਂ ਕਿਸਾਨ ਯੂਨੀਅਨਾਂ ਦੇ ਆਗੂ ੨੬ ਜਨਵਰੀ ਤੋਂ ਬਾਅਦ ਸਰਕਾਰੀ ਬਿਰਤਾਂਤ ਹੇਠ ਆ ਗਏ ਸਨ ਬਿਲਕੁਲ ਉਸੇ ਤਰਾਂ ਹੁਣ ਕੁਝ ਨਿਹੰਗ ਸਿੰਘ ਵੀ ਉਸੇ ਚੱਕਰ ਵਿੱਚ ਉਲਝ ਗਏ ਹਨ। ਇਸ ਪਹੁੰਚ ਉੱਤੇ ਇਮਾਨਦਾਰੀ ਨਾਲ ਗੌਰ ਕਰਨ ਦੀ ਜਰੂਰਤ ਹੈ।

ਗੁਰੂ ਖਾਲਸਾ ਪੰਥ ਦੇ ਮਸਲਿਆਂ ਵਿੱਚ ਹਰ ਕੋਈ ਆਪਣੀ ਲੱਤ ਫਸਾ ਰਿਹਾ ਹੈ ਅਤੇ ਸਿੱਖੀ ਦੇ ਪੈਮਾਨੇ ਤੈਅ ਕਰ ਰਿਹਾ ਹੈ। ਇਹ ਵਰਤਾਰਾ ਸਭ ਕਾਸੇ ਨੂੰ ਬਹੁਤ ਪੁੱਠੇ ਪਾਸੇ ਲੈ ਕੇ ਜਾ ਰਿਹਾ ਹੈ।ਇੱਥੋਂ ਤੱਕ ਕੇ ਨਿਹੰਗ ਸਿੰਘਾਂ ਨੂੰ ਸੰਬੋਧਨ ਹੋਣ ਵਕਤ ਸ਼ਬਦਾਵਲੀ ਦਾ ਖਿਆਲ ਵੀ ਨਹੀਂ ਰੱਖਿਆ ਜਾ ਰਿਹਾ। ਨਿਹੰਗ ਸਿੰਘਾਂ ਨੂੰ ਮਿਲ ਬੈਠ ਕੇ ਇਸ ਸਾਰੇ ਵਰਤਾਰੇ ਉੱਤੇ ਕੋਈ ਸਾਂਝੀ ਰਾਇ ਬਣਾਉਣੀ ਚਾਹੀਦੀ ਹੈ ਜਿਸ ਵਿੱਚ ਵਿਰੋਧ ਕਰਨ ਵਾਲਿਆਂ ਦੇ ਪੱਖਾਂ ਨੂੰ ਵੀ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਫਿਰ ਸਾਂਝੇ ਫੈਸਲੇ ਲੈਣੇ ਚਾਹੀਦੇ ਹਨ। ਸਾਰੀਆਂ ਧਿਰਾਂ ਨੂੰ ਬਿਜਲ ਸੱਥ ਉੱਤੇ ਕੁਝ ਵੀ ਕਹਿਣ ਤੋਂ ਪਹਿਲਾਂ ਬਹੁਤ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ।

# ਲਖੀਮਪੁਰ ਖੇੜੀ ਦੀ ਘਟਨਾ ਅਤੇ ਰਾਜਨੀਤਿਕ ਗਿਣਤੀਆਂ-ਮਿਣਤੀਆਂ



**ਰਣਜੀਤ ਸਿੰਘ ਕੁਕੀ**

ਲਖੀਮਪੁਰ ਖੇੜੀ ਵਿਚ ਚਾਰ ਸਿੱਖਾਂ ਦੀ ਬੇਰਹਿਮ ਹੱਤਿਆ ਦੀ ਘਟਨਾ ਰਾਜਨੀਤਿਕ ਸੱਤਾ ਦਾ ਪ੍ਰਦਰਸ਼ਨ ਬਣ ਗਈ ਹੈ ਜੋ ਕਿ ਸਥਾਨਕ ਤ੍ਰੇੜਾਂ ਨੂੰ ਆਪਣੇ ਪੱਖ ਲਈ ਵਰਤਣਾ ਚਾਹੁੰਦੀ ਹੈ। ਲਖੀਮਪੁਰ ਵਿਚ ਸਿੱਖਾਂ ਦੀ ਪਛਾਣ ਦੀ ਰਾਜਨੀਤੀ ਦੀਆਂ ਅਵਾਜ਼ਾਂ ਉੱਠ ਰਹੀਆਂ ਹਨ : ਪੰਜਾਬੀ ਸਿੱਖ ਕਿਸਾਨਾਂ ਨਾਲ ਨੇੜਦਾ ਸੰਬੰਧ ਅਤੇ ਜਾਤੀ ਵਿਵਸਥਾ ਤੋਂ ਗ੍ਰਸਤ ਉੱਤਰ ਪ੍ਰਦੇਸ਼ ਵਿਚ ਘੱਟਗਿਣਤੀਆਂ ਦਾ ਉਤਪੀੜਨ। ਲਖੀਮਪੁਰ ਦੀ ਘਟਨਾ ਅਸਲ ਵਿਚ ਕਿਸਾਨ ਅੰਦੋਲਨ ਦੇ ਪੱਖ ਜਾਂ ਵਿਰੋਧ ਨਾਲ ਸਬੰਧਤ ਘਟਨਾ ਨਹੀਂ ਹੈ, ਬਲਕਿ ਇਹ ਕਾਫੀ ਲੰਮੇ ਸਮੇਂ ਤੋਂ ਚੱਲਿਆ ਆ ਰਿਹਾ ਗੜਬੜੀ ਵਾਲੀ ਸੱਤਾ ਅਤੇ ਪ੍ਰਭਾਵਸ਼ਾਲੀ ਹਿੰਦੂ ਉੱਚ-ਜਾਤੀ ਦਾ ਹਿੰਸਾਤਮਕ ਕਾਰਾ ਹੈ। ਇਸ ਘਟਨਾ ਨੇ ਲਖੀਮਪੁਰ ਵਿਚ ਜਾਤੀ ਅਤੇ ਧਰਮ ਦੀ ਵੰਡ ਨੂੰ ਹੋਰ ਡੂੰਘਾ ਕਰ ਦਿੱਤਾ ਹੈ।ਸਿੱਖ ਕਿਸਾਨਾਂ ਨੂੰ ਬੇਰਹਿਮੀ ਨਾਲ ਕੁਚਲਣ ਵਿਰੁੱਧ ਗੁੱਸਾ ਅਤੇ ਦੁੱਖ ਬਹੁਤ ਗਹਿਰੀ ਅਸੰਤੁਸ਼ਟੀ ਦਾ ਚਿੰਨ ਹੈ ਜੋ ਕਿ ਤਿੰਨ ਖੇਤੀ ਬਿੱਲਾਂ ਦੇ ਪਾਸ ਹੋਣ ਤੋਂ ਬਾਅਦ ਹੋਰ ਨਾਜ਼ੁਕ ਪੱਖ ਅਖ਼ਤਿਆਰ ਕਰ ਗਈ ਹੈ।

ਇਸ ਘਟਨਾ ਤੋਂ ਕੁਝ ਕੁ ਦਿਨ ਪਹਿਲਾਂ ਹੀ ਕੇਂਦਰੀ ਮੰਤਰੀ, ਜੋ ਕਿ ਦੋਸ਼ੀ ਦਾ ਪਿਤਾ ਹੈ, ਦੁਆਰਾ ਸਿੱਖ ਕਿਸਾਨਾਂ ਨੂੰ ਧਮਕੀ ਦਿੱਤੀ ਗਈ ਸੀ ਜਿਸ ਵਿਚ ਉਸ ਨੇ ਉਨਾਂ ਨੂੰ ਆਪਣੀ ਹਰਕਤਾਂ ਤੋਂ ਬਾਜ਼ ਨਾ ਆਉਣ ਦੀ ਸੂਰਤ ਵਿਚ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਰਹਿਣ ਵਾਸਤੇ ਕਿਹਾ ਸੀ।ਇਨਾਂ ਧਮਕੀਆਂ ਨੂੰ ਉਚ ਜਾਤੀ ਦੇ ਸ਼ਕਤੀ ਪ੍ਰਦਰਸ਼ਨ ਦੇ ਰੂਪ ਵਿਚ ਸਮਝਿਆ ਜਾਣਾ ਚਾਹੀਦਾ ਹੈ ਜਿਸ ਰਾਹੀ ਸਿੱਖ ਕਿਸਾਨਾਂ ਨੂੰ ਯਾਦ ਦੁਆਇਆ ਜਾ ਰਿਹਾ ਹੈ ਕਿ ਉਹ ਬਾਹਰੀ ਹਨ ਅਤੇ ਝਗੜੇ ਵਾਲੀ ਜ਼ਮੀਨ ਵਾਹੁਣ ਵਾਲੇ ਮਾਮੂਲੀ ਕਾਸ਼ਤਕਾਰ ਹਨ। 1980 ਵਿਚ ਉੱਤਰ ਪ੍ਰਦੇਸ਼ ਸਰਕਾਰ ਦੁਆਰਾ ਇਕ ਆਦੇਸ਼ ਜਾਰੀ ਕੀਤਾ ਗਿਆ ਸੀ ਜਿਸ ਵਿਚ ਇਹ ਕਿਹਾ ਗਿਆ ਸੀ ਕਿ ਸਿੱਖ ਕਿਸਾਨਾਂ ਦੁਆਰਾ ਕਬਾਇਲੀਆਂ ਤੋਂ ਖਰੀਦੀ ਜ਼ਮੀਨ ਨੂੰ ਨਿਯਮਤ ਨਹੀਂ ਕੀਤਾ ਜਾਵੇਗਾ। ਕਿਉਂਕਿ ਲਖੀਮਪੁਰ ਖੇੜੀ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿਚ ਸਿੱਖਾਂ ਦਾ ਜਿਆਦਾ ਰਾਜਨੀਤਿਕ ਪ੍ਰਭਾਵ ਨਹੀਂ ਹੈ, ਇਸ ਲਈ ਉਨਾਂ ਨੂੰ ਵਾਰ-ਵਾਰ ਜੰਗਲਾਤ ਅਤੇ ਮਾਲੀਆ ਵਿਭਾਗ ਦੁਆਰਾ ਤੰਗ ਕੀਤਾ ਜਾਂਦਾ ਹੈ ਅਤੇ ਗ੍ਰਾਮ ਸਭਾਵਾਂ ਉਨਾਂ ਨੂੰ ਝਗੜੇ ਵਾਲੀ ਜ਼ਮੀਨ ਖਾਲੀ ਕਰਨ ਲਈ ਕਹਿੰਦੀਆਂ ਰਹਿੰਦੀਆਂ ਹਨ।ਦੇਸ਼ ਦੀ ਵੰਡ ਦੇ ਸਮੇਂ ਤੋਂ ਹੀ ਇਸ ਜ਼ਮੀਨ ਉੱਪਰ ਵਾਹੀ ਕਰ ਰਹੇ ਸਿੱਖ ਕਿਸਾਨ ਲਗਾਤਾਰ ਆਪਣੇ ਜ਼ਮੀਨੀ ਹੱਕਾਂ ਲਈ ਸੰਘਰਸ਼ ਕਰ ਰਹੇ ਹਨ।

ਕਿਸੇ ਵੀ ਅਪਰਾਧ ਪਿੱਛੇ ਆਮ ਤੌਰ 'ਤੇ ਕੋਈ ਮੰਸ਼ਾ ਜਰੂਰ ਹੁੰਦੀ ਹੈ।ਲਖੀਮਪੁਰ ਖੇੜੀ ਵਿਚ ਚਾਰ ਸਿੱਖ ਕਿਸਾਨਾਂ, ਇਕ ਪੱਤਰਕਾਰ ਅਤੇ ਤਿੰਨ ਹੋਰ ਲੋਕਾਂ ਦੀ ਬੇਰਹਿਮ ਮੌਤ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਇਹ ਭਿਆਨਕ ਘਟਨਾ ਵੀ ਕਿਸੇ ਉਦੇਸ਼ ਤੋਂ ਬਗੈਰ ਨਹੀਂ ਹੋਈ ਹੈ।ਪਰ ਪੁਲਿਸ ਦੀ ਜਾਂਚ, ਕੁਝ ਲੋਕਾਂ ਦੀ ਗ੍ਰਿਫਤਾਰੀ ਅਤੇ ਇਸ ਸੰਬੰਧੀ ਜਨਤਕ ਚਰਚਾ ਅਜੇ ਤੱਕ ਇਸ ਸਬੰਧੀ ਕੋਈ ਉਦੇਸ਼ ਸਥਾਪਿਤ ਨਹੀ ਕਰ ਪਾਈ ਹੈ। ਇਸ ਘਟਨਾ ਨੇ ਵਿਰੋਧੀ ਪਾਰਟੀਆਂ, ਖਾਸ ਕਰਕੇ ਕਾਂਗਰਸ, ਵਿਚ ਕਾਫੀ ਹਲਚਲ ਪੈਦਾ ਕਰ ਦਿੱਤੀ ਅਤੇ ਇਸ ਸਬੰਧੀ ਐਲਾਨਿਤ ਪ੍ਰਤੀਕਿਰਿਆ ਪੰਜਾਬ ਦੇ ਲੀਡਰਾਂ ਵਲੋਂ ਦਿੱਤੀ ਗਈ ਹੈ। ਇਹ ਇਸ ਵੱਲ ਵੀ ਸੰਕੇਤ ਕਰਦਾ ਹੈ ਕਿ ਇਸ ਘਟਨਾ ਦੇ ਰਾਜਨੀਤਿਕ ਕਾਰਣ ਵੀ ਹੋ ਸਕਦੇ ਹਨ।ਉੱਪਰੋਂ ਦੇਖਿਆਂ ਇਹ ਘਟਨਾ ਦੋਸ਼ੀਆਂ ਦੁਆਰਾ ਜਾਣ-ਬੁੱਝ ਕੇ ਕੀਤਾ ਗਿਆ ਕਾਰਾ ਲੱਗਦੀ ਹੈ, ਪਰ ਇਸ ਨੇ ਭੇਦਭਾਵ ਭਰੀ ਜਾਤੀਵਾਦੀ ਸੱਤਾ ਦਾ ਚਿਹਰਾ ਨੰਗਾ ਕਰ ਦਿੱਤਾ ਹੈ।

ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੇੜੀ ਇਲਾਕੇ ਵਿਚ ਸਿੱਖਾਂ ਦੀ ਭਾਰੀ ਅਬਾਦੀ ਹੈ।ਇਸ ਖਿੱਤੇ ਨੂੰ ਮਿੰਨੀ ਪੰਜਾਬ ਵਜੋਂ ਵੀ ਜਾਣਿਆ ਜਾਂਦਾ ਹੈ ਅਤੇ ਇੱਥੋਂ ਦੇ ਸਿੱਖ ਕਿਸਾਨਾਂ ਨੇ ਸ਼ੁਰੂ ਤੋਂ ਹੀ ਕਿਸਾਨ ਅੰਦੋਲਨ ਦਾ ਸਮਰਥਨ ਕੀਤਾ ਹੈ।ਬੀਜੇਪੀ ਦਾ ਮੁੱਖ ਅਧਾਰ ਧਰਮ-ਅਧਾਰਿਤ ਬਹੁਸੰਖਿਆ ਹੈ ਅਤੇ ਇਹ ਆਉਣ ਵਾਲੀਆਂ ਅਸੈਂਬਲੀ ਚੋਣਾਂ ਲਈ ਇਹ ਸੁਭਾਵਿਕ ਹੀ ਚਾਹੇਗੀ ਕਿ ਸਿੱਖ ਉਸ ਦਾ ਸਾਥ ਦੇਣ।ਪਰ ਲਖੀਮਪੁਰ ਖੇੜੀ ਦੀ ਘਟਨਾ ਅਤੇ ਕਿਸਾਨ ਅੰਦੋਲਨ ਵਿਚ ਕਿਸਾਨਾਂ ਦੀ ਭਾਗੀਦਾਰੀ ਨੇ ਬੀਜੇਪੀ ਨੂੰ ਸਪੱਸ਼ਟ ਸੰਕੇਤ ਦੇ ਦਿੱਤਾ ਹੈ ਕਿ ਇੱਥੋਂ ਦੇ ਸਿੱਖ ਕਿਸਾਨ ਉਸ ਦਾ ਸਾਥ ਨਹੀਂ ਦੇਣਗੇ।ਸਿੱਖ ਕਿਸਾਨਾਂ ਨੂੰ ਬੇਰਹਿਮੀ ਨਾਲ ਜੀਪ ਨਾਲ ਦਰੜਣ ਦੀ ਘਟਨਾ ਸਿਰਫ ਸਿੱਖ ਕਿਸਾਨ ਅੰਦੋਲਨਕਾਰੀਆਂ ਦੇ ਵਿਰੁੱਧ ਹੀ ਨਹੀਂ ਬਲਕਿ ਸਿੱਖਾਂ ਵਿਰੁੱਧ ਕੀਤਾ ਗਿਆ ਕਾਰਾ ਹੈ। ਭਾਰਤੀ ਜਨਤਾ ਪਾਰਟੀ ਇੱਥੇ ਘੱਟਗਿਣਤੀਆਂ-ਵਿਰੋਧੀ ਪੱਤਾ ਖੇਡ ਰਹੀ ਹੈ।ਲਖੀਮਪੁਰ ਦੀ ਘਟਨਾ ਨੇ ਕਿਸਾਨ ਅੰਦੋਲਨ ਨੂੰ ਹੋਰ ਗੁੰਝਲਦਾਰ ਕਰ ਦਿੱਤਾ ਹੈ।ਜਦੋਂ ਤੋਂ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਅੰਦੋਲਨ ਸ਼ੁਰੂ ਹੋਇਆ ਹੈ, ਉਦੋਂ ਤੋਂ ਲੈ ਕੇ ਹੁਣ ਤੱਕ ਦੀ ਇਹ ਸਭ ਤੋਂ ਹਿੰਸਕ ਘਟਨਾ ਹੈ।

ਇਸ ਘਟਨਾ ਵਾਪਰਨ ਦੇ ਸ਼ੁਰੂਆਤੀ ਦਿਨਾਂ ਵਿਚ ਪੰਜਾਬ ਦੇ ਰਾਜਨੀਤਿਕ ਲੀਡਰਾਂ ਨੇ ਸਿੱਖ ਪਰਿਵਾਰਾਂ ਨਾਲ ਹਮਦਰਦੀ ਜਤਾਉਣ ਲਈ ਲਖੀਮਪੁਰ ਲਈ ਵਹੀਰਾਂ ਘੱਤ ਲਈਆਂ, ਹਾਲਾਂਕਿ ਇਸ ਘਟਨਾ ਦੇ ਪਿੱਛੇ ਦਾ ਉਦੇਸ਼ ਅਤੇ ਵਿਵਰਣ ਅਜੇ ਵੀ ਰਹੱਸ ਵਿਚ ਘਿਰਿਆ ਹੋਇਆ ਹੈ। ਪੰਜਾਬ ਦੇ ਕੁਲੀਨ ਰਾਜਨੇਤਾਵਾਂ ਨੇ ਇੱਥੋਂ ਦੀਆਂ 2022 ਦੀਆਂ ਚੋਣਾਂ ਵਿਚ ਆਪਣਾ ਮਕਸਦ ਪੂਰਾ ਕਰਨ ਲਈ ਉੱਤਰ ਪ੍ਰਦੇਸ਼ ਦੇ ਲਖੀਮਪੁਰ ਦੇ ਲੰਮੇ ਟੂਰ ਕੀਤੇ।ਭਾਰਤ ਦੇ ਮਹੱਤਵਪੂਰਨ ਰਾਜਨੀਤਿਕ ਪਰਿਵਾਰ ਨਾਲ ਸੰਬੰਧਿਤ ਭੈਣ-ਭਰਾ ਦੀ ਜੋੜੀ ਨੇ ਸਿੱਖ ਕਿਸਾਨਾਂ ਦੇ ਦੁੱਖ ਤੋਂ ਪ੍ਰਭਾਵਿਤ ਹੋ ਕੇ ਲਖੀਮਪੁਰ ਜਾ ਕੇ ਮ੍ਰਿਤਕ ਸਿੱਖ ਕਿਸਾਨਾਂ ਦੇ ਪਰਿਵਾਰਾਂ ਨੂੰ ਗਲੇ ਲਗਾਇਆ।ਆਪਣੀ ਮਾਨਵਤਾ ਦਿਖਾਉਣ ਲਈ ਸਿਰਫ ਉਹ ਹੀ ਉੱਥੇ ਨਹੀਂ ਹਾਜ਼ਿਰ ਸਨ, ਬਲਕਿ ਟੀਵੀ ਸਕਰੀਨਾਂ ਉੱਪਰ ਇਸ ਨੂੰ ਬਹੁਤ ਹੀ ਜ਼ਜ਼ਬਾਤੀ ਢੰਗ ਨਾਲ ਪੇਸ਼ ਕੀਤਾ ਗਿਆ। ਇਸ ਮੁਲ਼ਕ ਵਿਚ ਧਰਮਨਿਰਪੱਤਾਵਾਦ ਦੇ ਨਾਂ 'ਤੇ ਆਪਣੇ ਦੁੱਖ-ਦਰਦਾਂ ਨੂੰ ਭੁੱਲਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।ਇਸ ਤਰਾਂ ਦੇ ਓਰਵੀਲੀਅਨ ਸੰਸਾਰ ਵਿਚ ਉੱਤਰ-ਸੱਚ ਦੇ ਨਾਂ 'ਤੇ ਅਸਲ ਪੀੜਿਤਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ।ਬਹੁਤੀ ਵਾਰ ਤਾਂ ਪੀੜਿਤ ਨੂੰ ਹੀ ਮੁਸੀਬਤ ਸਹੇੜਨ ਦਾ ਜ਼ਿੰਮੇਵਾਰ ਮੰਨਿਆ ਜਾਂਦਾ ਹੈ।ਇਹ ਹੀ ਇਸ ਗੱਲ ਨੂੰ ਦਿਖਾਉਂਦਾ ਹੈ ਕਿ ਕਿਉਂ ਰਾਜਨੀਤਿਕ ਨੇਤਾਵਾਂ ਨੇ ਲਖੀਮਪੁਰ ਜਾਣ ਲਈ ਲਾਈਨਾਂ ਬੰਨੀਆਂ ਹੋਈਆਂ ਹਨ ਜਦੋਂ ਕਿ ਪੀੜਿਤ ਦੀ ਪਛਾਣ ਇਸ ਵਿਚ ਹੀ ਕਿਤੇ ਗੁਆਚ ਗਈ ਹੈ ਅਤੇ ਜਦੋਂ ਕਿ ਮੁਜ਼ਰਿਮ ਅਜੇ ਵੀ ਕਾਨੂੰਨ ਦੇ ਸ਼ਿਕੰਜ਼ੇ ਤੋਂ ਅਜ਼ਾਦ ਹਨ।

ਭਾਰਤ ਦੇ ਰਾਜਨੇਤਾ ਵਕਤੀ ਮੁੱਦਿਆਂ ਨੂੰ ਲੈ ਕੇ ਆਪਣੀ ਵਾਹ-ਵਾਹ ਹੀ ਖੱਟਣਾ ਚਾਹੁੰਦੇ ਹਨ ਅਤੇ ਧਰਮ ਨਿਰਪੱਖਤਾ ਦੇ ਨਾਂ 'ਤੇ ਪਛਾਣ ਦੀ ਰਾਜਨੀਤੀ ਨੂੰ ਹੀ ਅੱਗੇ ਵਧਾਉਂਦੇ ਹਨ।ਵੋਟ ਬੈਂਕ ਦੀ ਇਸ ਤਰਾਂ ਦੀ ਰਾਜਨੀਤੀ ਪ੍ਰਤੀ ਜਾਗਰੂਕਤਾ ਕਰਕੇ ਹੀ ਭਾਰਤ ਮੌਜੂਦਾ ਸਮੇਂ ਵਿਚ ਅਨੇਕਾਂ ਵਿਰੋਧ ਪ੍ਰਦਰਸ਼ਨ ਅਤੇ ਅੰਦੋਲਨ ਦੇਖ ਰਿਹਾ ਹੈ। ਰਾਜਨੀਤਿਕ ਨੇਤਾਵਾਂ ਦੀ ਕਾਹਲ ਦਰਸਾਉਂਦੀ ਹੈ ਕਿ ਉਹ ਉੱਤਰ ਪ੍ਰਦੇਸ਼ ਦੀ ਘਟਨਾ ਦਾ ਆਪਣੇ ਲਈ ਜਿੰਨੀ ਜਲਦੀ ਹੋ ਸਕੇ ਲਾਹਾ ਖੱਟਣਾ ਚਾਹੁੰਦੇ ਹਨ ਅਤੇ ਪੰਜਾਬ ਦੇ ਨੇਤਾ 2022 ਵਿਚ ਹੋਣ ਵਾਲੀਆਂ ਚੋਣਾਂ ਨੂੰ ਹੀ ਧਿਆਨ ਵਿਚ ਰੱਖ ਰਹੇ ਹਨ।ਆਉਣ ਵਾਲੀਆਂ ਅਸੈਂਬਲੀ ਚੋਣਾਂ ਨੇ ਹੀ ਪੰਜਾਬ ਅਤੇ ਉੱਤਰ ਪ੍ਰਦੇਸ਼ ਦੇ ਸਿਆਸੀ ਮਾਹੌਲ ਨੂੰ ਭਖਾ ਦਿੱਤਾ ਹੈ। ਇਸ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ ਕਿ ਲਖੀਮਪੁਰ ਖੇੜੀ ਜਿਹੀ ਭਿਆਨਕ ਘਟਨਾ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿਸੇ ਜ਼ਖਮ ਨੂੰ ਗਲਣ-ਸੜਨ ਲਈ ਛੱਡ ਦੇਣ ਦਾ ਕੀ ਨਤੀਜਾ ਨਿਕਲਦਾ ਹੈ ?

ਸਿੱਖ ਕਿਸਾਨਾਂ ਦੀ ਬੇਰਹਿਮ ਹੱਤਿਆ ਤੋਂ ਬਾਅਦ ਹੀ ਰਾਜ ਸਰਕਾਰ ਅਤੇ ਕਿਸਾਨ ਨੇਤਾ ਰਾਕੇਸ਼ ਟਿਕੈਤ ਲਖੀਮਪੁਰ ਖੇੜੀ ਵਿਚ ਸਿੱਖ ਦੇ ਪ੍ਰਦਰਸ਼ਨ ਦੇ ਵਧ ਜਾਣ ਦੇ ਡਰੋਂ ਜਲਦੀ ਹੀ ਸਮਝੌਤੇ ਤੇ ਪਹੁੰਚ ਗਏ।ਇਸ ਸਮਝੌਤੇ ਵਿਚ ਰਾਕੇਸ਼ ਟਿਕੈਤ ਦੇ ਰੋਲ ਨੂੰ ਲੈ ਕੇ ਕਿਸਾਨ ਮੋਰਚੇ ਦੇ ਕਈ ਲੀਡਰਾਂ ਨੇ ਸੁਆਲ ਖੜੇ ਕੀਤੇ ਹਨ। ਕਈਆਂ ਨੇ ਇਸ ਨੂੰ 'ਬਲੱਡ ਮਨੀ' ਦਾ ਨਾਂ ਵੀ ਦਿੱਤਾ ਹੈ। ਸੰਯੁਕਤ ਕਿਸਾਨ ਮੋਰਚਾ ਜਾਂ ਕਿਸਾਨ ਲੀਡਰਸ਼ਿਪ ਹੁਣ ਕੋਈ ਸਮਰੂਪ ਸਮੂਹ ਨਹੀਂ ਹੈ, ਉਨਾਂ ਦੇ ਅੰਦੋਲਨ ਵਿਚ ਕਈ ਤਰਾਂ ਦੀਆਂ ਤ੍ਰੇੜਾਂ ਉੱਭਰ ਆਈਆਂ ਹਨ। ਇੱਥੋਂ ਤੱਕ ਕਿ ਉਨਾਂ ਦੀ ਕਮਾਂਡ ਵੀ ਸੁਆਲਾਂ ਦੇ ਘੇਰੇ ਵਿਚ ਆ ਰਹੀ ਹੈ। ਟਿਕੈਤ ਦੀ ਦਖ਼ਲਅੰਦਾਜ਼ੀ ਨੂੰ ਲੈ ਕੇ ਕਿਸਾਨ ਨੇਤਾ ਆਪਸ ਵਿਚ ਵੰਡੇ ਗਏ ਹਨ। ਟਿਕੈਤ ਕਦੇ ਵੀ ਚੁਣਾਵੀ ਪੱਧਰ 'ਤੇ ਭਾਰਤੀ ਜਨਤਾ ਪਾਰਟੀ ਦਾ ਵਿਰੋਧੀ ਨਹੀਂ ਰਿਹਾ ਅਤੇ ਨਾ ਹੀ ਉਸ ਦੇ ਉਨਾਂ ਨਾਲ ਵਿਚਾਰਧਾਰਕ ਮਤਭੇਦ ਹਨ। ਉਸ ਦਾ ਮੁੱਖ ਮਕਸਦ ਉੱਤਰ ਪ੍ਰਦੇਸ਼ ਵਿਚ ਆਪਣੇ ਹਿੱਤਾਂ ਦੀ ਰੱਖਿਆ ਕਰਨਾ ਹੈ। ਆਉਣ ਵਾਲੀਆਂ ਅਸੈਂਬਲੀ ਚੋਣਾਂ ਨੂੰ ਧਿਆਨ ਵਿਚ ਰੱਖਦੇ ਹੋਏ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਵੀ ਇਸ ਨੂੰ ਆਪਣੇ ਹਿੱਤਾਂ ਲਈ ਵਰਤਣਾ ਚਾਹੁੰਦੀਆਂ ਹਨ।

ਲਖੀਮਪੁਰ ਖੇੜੀ ਦੀ ਭਿਆਨਕ ਘਟਨਾ ਪੂਰੇ ਮੁਲ਼ਕ ਲਈ ਸੱਚ ਦਾ ਸਾਹਮਣਾ ਕਰਨ ਦਾ ਮੌਕਾ ਹੈ। ਇਸ ਨੇ ਮੁਲ਼ਕ ਦੀ ਸੰਵੇਦਨਸ਼ੀਲਤਾ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਕੁਝ ਕੁ ਸਕਿੰਟਾਂ ਦੀ ਵੀਡਿਓ ਵਿਚ ਮੁਜ਼ਰਿਮਾਂ ਦੁਆਰਾ ਕੀਤਾ ਗਿਆ ਭਿਆਨਕ ਕਾਰਾ ਸਭ ਨੂੰ ਸਪੱਸ਼ਟ ਨਜ਼ਰ ਆ ਰਿਹਾ ਹੈ, ਪਰ ਫਿਰ ਵੀ ਮੁਜ਼ਰਮਾਂ ਨੂੰ ਸੱਤਾ ਦੇ ਨਸ਼ੇ ਵਿਚ ਚੂਰ ਰਾਜਨੀਤਿਕ ਪਾਰਟੀਆਂ ਦੁਆਰਾ ਬਚਾਇਆ ਜਾ ਰਿਹਾ ਹੈ। ਇਹ ਭਾਰਤੀ ਰਾਜਨੀਤੀ ਵਿਚ ਮੌਜੂਦ ਤ੍ਰੇੜਾਂ ਅਤੇ ਸੰਵਿਧਾਨ ਅਤੇ ਲੋਕਤੰਤਰ ਦੇ ਘਾਣ ਨੂੰ ਸਾਹਮਣੇ ਲੈ ਕੇ ਆਉਂਦਾ ਹੈ। ਲੋਕਤੰਤਰ ਦੇ ਇਸ ਘਾਣ ਨੂੰ ਨਾ ਰੋਕਣ ਅਤੇ ਸੱਤਾ ਦਾ ਲੈਣ-ਦੇਣ ਸਿੱਧ ਕਰਦਾ ਹੈ ਕਿ ਭਾਰਤ ਲੋਕਤੰਤਰ ਵਜੋਂ ਅਸਫਲ ਹੋ ਰਿਹਾ ਹੈ। ਸੰਸਥਾਵਾਂ ਦੀ ਗਿਰਾਵਟ, ਹਮਦਰਦੀ ਵਾਲੇ ਬਹੁਲਵਾਦ ਦੀ ਘਾਟ, ਸ਼ਕਤੀ ਅਧਾਰਿਤ ਰਾਸ਼ਟਰਵਾਦ, ਰਾਜਨੀਤਿਕ ਪਾਰਟੀਆਂ ਵਿਚ ਵਿਚਾਰਧਾਰਕ ਪ੍ਰਤਿਬੱਧਤਾ ਦੀ ਘਾਟ, ਗਣਤੰਤਰ ਉੱਪਰ ਹਮਲਾ ਅਤੇ ਸਮਾਜਿਕ ਅਤੇ ਆਰਥਿਕ ਨਾ-ਬਰਾਬਰੀਆਂ ਵਿਚ ਵਾਧਾ ਭਾਰਤੀ ਲੋਕਤੰਤਰ ਦੀ ਡੋਲਵੀਂ (ਫਲੋਲਿੰਗ) ਸਥਿਤੀ ਨੂੰ ਦਰਸਾਉਂਦਾ ਹੈ।

ਭਾਰਤ ਦੇ ਮੌਜੂਦਾ ਮੁੱਖ ਜੱਜ ਨੇ ਵੀ ਕਿਹਾ ਕਿ ਸਰਕਾਰ ਅਤੇ ਸੰਸਦ ਦੁਆਰਾ ਬਣਾਏ ਗਏ ਕਾਨੂੰਨਾਂ ਵਿਚ ਸਪੱਸ਼ਟਤਾ ਨਹੀਂ ਹੈ। ਭਾਰਤੀ ਸੰਸਦ ਵੀ ਠੀਕ ਢੰਗ ਨਾਲ ਕੰਮ ਨਹੀਂ ਕਰ ਰਹੀ ਅਤੇ ਕਾਨੂੰਨਾਂ ਨੂੰ ਬਿਨਾਂ ਕਿਸੇ ਬਹਿਸ-ਮੁਬਾਹਿਸੇ ਤੋਂ ਪਾਸ ਕਰ ਦਿੱਤਾ ਜਾਂਦਾ ਹੈ। ਇਹ ਭਾਰਤ ਲੋਕਤੰਤਰ ਦੇ ਸਰਵਉੱਚ ਫੋਰਮ ਵਜੋਂ ਸੰਸਦ ਦੀ ਵੈਧਤਾ ਉੱਪਰ ਸੁਆਲ ਉਠਾਉਂਦਾ ਹੈ। ਇੱਥੋਂ ਤੱਕ ਕਿ ਭਾਰਤੀ ਨਿਆਂ ਪ੍ਰਣਾਲੀ ਦਾ ਰੋਲ ਵੀ ਸ਼ੱਕ ਦੇ ਘੇਰੇ ਵਿਚ ਹੈ ਕਿਉਂਕਿ ਨਿਆਂ ਪ੍ਰਬੰਧ ਵੀ ਕਾਨੂੰਨੀ ਅਭਿਯੋਗ ਅਤੇ ਦੁਰਭਾਵਨਾ ਵਾਲੇ ਅਭਿਯੋਗ ਵਿਚ ਅੰਤਰ ਨਹੀਂ ਕਰ ਪਾਉਂਦੀ, ਖਾਸ ਕਰਕੇ ਜਦੋਂ ਰਾਜਨੀਤਿਕ ਨੇਤਾਵਾਂ ਦੀ ਸ਼ਮੂਲੀਅਤ ਹੁੰਦੀ ਹੈ।ਭਾਰਤੀ ਲੋਕਤੰਤਰ ਦੀ ਕੁੱਲ ਪ੍ਰਣਾਲੀ ਸੰਸਥਾਵਾਂ ਦੇ ਨਿਰੰਤਰ ਘਾਣ ਨੂੰ ਦਰਸਾਉਂਦੀ ਹੈ। ਇਕ ਰੁੱਖੇ ਰਾਜਨੀਤਿਕ ਪ੍ਰਵਚਨ (ਡਿਸਕੋਰਸ) ਨੇ ਸੰਵਿਧਾਨਕ ਸਿਧਾਤਾਂ ਦੀ ਭਾਸ਼ਾ ਵਿਚ ਸੱਤਾ ਦੀ ਜ਼ਿੰਮੇਵਾਰੀ ਬਾਰੇ ਬਹਿਸ ਵਿਚ ਗਤੀਰੋਧ ਪੈਦਾ ਕਰ ਦਿੱਤਾ ਹੈ।ਰਾਜਨੀਤਿਕ ਜਮਾਤ ਦੁਆਰਾ ਮਹਿਜ਼ ਸੱਤਾ ਪ੍ਰਾਪਤੀ ਲਈ ਕੀਤੀਆਂ ਕੋਸ਼ਿਸ਼ਾਂ ਨੇ ਰਾਜਨੀਤੀ ਵਿਚ ਅਜਿਹੇ ਸਤੱਹੀਪਣ ਨੂੰ ਜਨਮ ਦਿੱਤਾ ਹੈ ਜਿਸ ਨੇ ਭਾਰਤੀ ਲੋਕਤੰਤਰ ਦੀ ਨੈਤਿਕ ਅਪੀਲ ਨੂੰ ਖਤਮ ਕਰ ਦਿੱਤਾ ਹੈ। ਆਪਣੀਆਂ ਲੀਹਾਂ ਤੋਂ ਉੱਖੜੀ ਰਾਜਨੀਤਿਕ ਸੱਤਾ ਹੀ ਭਾਰਤੀ ਲੋਕਤੰਤਰ ਦੀ ਵਿਸ਼ੇਸ਼ਤਾ ਬਣ ਕੇ ਰਹਿ ਗਈ ਹੈ ਭਾਰਤ ਨੂੰ ਸਚੁਮੱਚ ਅਜਿਹੀ ਰਾਜਨੀਤੀ ਨੂੰ ਬੜਾਵਾ ਦੇਣਾ ਚਾਹੀਦਾ ਹੈ ਜਿਸ ਵਿਚ ਜਾਗਰੂਕ ਸਮਾਜ, ਨੈਤਿਕ ਕਦਰਾਂ-ਕੀਮਤਾਂ ਅਤੇ ਸੰਵਿਧਾਨਕ ਕਿਰਦਾਰ ਉਸ ਦੀ ਵਿਸ਼ੇਸ਼ਤਾ ਹੋਵੇ। ਦਾਰਸ਼ਨਿਕ ਕਨਫਿਊਸ਼ੀਅਸ ਦੇ ਸ਼ਬਦਾਂ ਵਿਚ, 'ਲੋਕਾਂ ਦੀ ਸਭ ਤੋਂ ਵੱਡੀ ਖੁਸ਼ਕਿਸਮਤੀ ਅਣਜਾਣ ਲੋਕਾਂ ਨੂੰ ਜਨਤਕ ਜ਼ਿੰਮੇਵਾਰੀਆਂ ਤੋਂ ਦੂਰ ਰੱਖਣਾ ਅਤੇ ਇਸ ਨੂੰ ਬੁੱਧੀਮਾਨ ਲੋਕਾਂ ਲਈ ਸੰਭਾਲ ਕੇ ਰੱਖਣਾ ਹੈ।' ਲਖੀਮਪੁਰ ਖੇੜੀ ਦੀ ਘਟਨਾ ਤੋਂ ਵੀ ਇਹੀ ਸਿੱਖਣ ਦੀ ਲੋੜ ਹੈ ਕਿ ਸਾਨੂੰ ਮਹਿਜ਼ ਚੋਣ ਸਮੀਕਰਨ ਨਾਲ ਸਬੰਧੀ ਗਿਣਤੀ-ਮਿਣਤੀ ਵਿਚ ਹੀ ਨਹੀਂ ਵਹਿ ਜਾਣਾ ਚਾਹੀਦਾ। ਜਾਤੀ ਅਤੇ ਧਰਮ ਦੀਆਂ ਵੰਡਾਂ ਸਾਡੀਆਂ ਜ਼ਿੰਮੇਵਾਰੀਆਂ ਦੇ ਰਸਤੇ ਵਿਚ ਅੜਿੱਕੇ ਨਹੀਂ ਬਣਨੀਆਂ ਚਾਹੀਦੀਆਂ।

# ਪੰਜਾਬ ਲਈ ਏਜੰਡਾ ਨਿਰਧਾਰਿਤ ਕਰਨ ਰਾਜਨੀਤਕ ਪਾਰਟੀਆਂ

**ਪ੍ਰੋਫੈਸਰ ਰਣਜੀਤ ਸਿੰਘ**

ਸੂਬੇ ਦੀਆਂ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ। ਆਪੋ ਆਪਣੀ ਸਮਰੱਥਾ ਅਤੇ ਸੂਝ-ਬੂਝ ਦੇ ਸਹਾਰੇ ਪੰਜਾਬ ਦੀ ਹੋਣੀ ਸੰਵਾਰਨ ਦੀ ਗੱਲ ਤਾਂ ਸਾਰੀਆਂ ਹੀ ਸਿਆਸੀ ਧਿਰਾਂ ਕਰਦੀਆਂ ਹਨ ਪ੍ਰੰਤੂ ਤਵਾਰੀਖ ਗਵਾਹ ਹੈ ਅਤੇ ਅਤੀਤ ਦੀ ਬੁੱਕਲ ਵਿਚ ਅਨੇਕ ਉਦਾਹਰਨਾਂ ਅਜਿਹੀਆਂ ਮਿਲ ਜਾਣਗੀਆਂ ਜਦੋਂ ਫ਼ੈਸਲੇ ਵੀ ਸਮੇਂ ਨੇ ਆਪ ਕੀਤੇ ਅਤੇ ਕਿਸੇ ਮਕਸਦ ਵਿਸ਼ੇਸ਼ ਦੀ ਪੂਰਤੀ ਹਿਤ ਜ਼ਰੀਆ ਬਣਨ ਵਾਲੇ ਬੰਦਿਆਂ ਦੀ ਚੋਣ ਵੀ ਖ਼ੁਦ ਕੀਤੀ। ਪੰਜਾਬ ਦੀਆਂ ਬਰੂਹਾਂ 'ਤੇ ਅਜਿਹੇ ਹੀ ਇਤਫ਼ਾਕ ਨੇ ਇਕ ਵਾਰ ਮੁੜ ਦਸਤਕ ਦਿੱਤੀ ਹੈ। ਪੰਜਾਬ ਲਈ ਕੁਝ ਕਰਕੇ ਵਿਖਾਉਣ ਦੀ ਚਾਹਤ ਰੱਖਣ ਵਾਲਿਆਂ ਲਈ ਇਸ ਤੋਂ ਢੁਕਵਾਂ ਮੌਕਾ ਮੇਲ ਸ਼ਾਇਦ ਮੁੜ ਨਾ ਬਣੇ। ਸਿੱਧਾ ਵਿਸ਼ੇ ਵੱਲ ਆਈਏ, ਪੰਜਾਬ ਸੂਬੇ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਇਕੱਠੇ ਕਰਦੇ ਜਾਈਏ, ਤਾਂ ਮੂਲ ਰੂਪ ਵਿਚ ਤਿੰਨ ਧਾਰਾਵੀ ਸਥਿਤੀ ਉੱਭਰਦੀ ਨਜ਼ਰ ਆਵੇਗੀ। ਨੌਜਵਾਨਾਂ ਲਈ ਰੁਜ਼ਗਾਰ ਦੀ, ਖੇਤੀ ਵਿਚ ਆਮਦਨ ਦੀ ਅਤੇ ਉਦਯੋਗ ਖੇਤਰ ਵਿਚ ਕੰਮ ਦੇ ਅਨੁਕੂਲ ਅਤੇ ਸੁਖਾਵੇਂ ਮਾਹੌਲ ਦੀ ਘਾਟ ਇਹੋ ਤਿੰਨ ਪ੍ਰਮੁੱਖ ਤਰਜੀਹਾਂ ਹਨ, ਜਿਹੜੀਆਂ ਪੰਜਾਬ ਦਾ ਏਜੰਡਾ ਨਿਰਧਾਰਿਤ ਕਰਦੇ ਵਕਤ ਸੰਬੋਧਿਤ ਹੋਣਾ ਮੰਗਦੀਆਂ ਹਨ। ਇਨ੍ਹਾਂ ਤਿੰਨਾਂ ਵਿਚ ਆਪਸੀ ਤਾਲਮੇਲ ਸਥਾਪਿਤ ਕੀਤਾ ਜਾਣਾ ਬਣਦਾ ਹੈ। ਆਓ, ਇਨ੍ਹਾਂ ਤਿੰਨਾਂ ਕੜੀਆਂ ਨੂੰ ਆਪਸ ਵਿਚ ਜੋੜਨ ਦੀ ਕੋਸ਼ਿਸ਼ ਕਰਦੇ ਹਾਂ।

ਰੁਜ਼ਗਾਰ ਦੀ ਸਮੱਸਿਆ ਦਾ ਸਾਹਮਣਾ ਸਿੱਧੇ ਤੌਰ 'ਤੇ ਭਾਵੇਂ ਨੌਜਵਾਨਾਂ ਨੂੰ ਹੀ ਕਰਨਾ ਪੈਂਦਾ ਹੈ, ਪਰ ਇਹ ਸਮੁੱਚੇ ਸਮਾਜ 'ਤੇ ਬਹੁ-ਪੱਖੀ ਪ੍ਰਭਾਵ ਪਾਉਂਦੀ ਹੈ। ਬੇਰੁਜ਼ਗਾਰੀ ਦੇ ਦਰਵਾਜ਼ੇ ਜੁਰਮ ਦੀ ਦੁਨੀਆ, ਗ਼ੈਰ-ਕਾਨੂੰਨੀ ਧੰਦਿਆਂ ਵੱਲ ਝੁਕਾਅ, ਨਸ਼ਾ, ਆਰਥਿਕ ਗੁਲਾਮੀ ਆਦਿ ਵੱਲ ਖੁੱਲਦੇ ਹਨ, ਜਿਨਾਂ ਦੀ ਦਹਿਲੀਜ਼ 'ਤੇ ਸਿਵਾਏ ਸ਼ੋਸ਼ਿਤ ਹੋਣ ਤੋਂ ਕੱਖ ਪੱਲੇ ਨਹੀਂ ਪੈਂਦਾ। ਵੇਲੇ ਦੀਆਂ ਸਰਕਾਰਾਂ ਨੇ ਇਸ ਸਮੱਸਿਆ ਨੂੰ ਸਮਝਿਆ ਹੀ ਨਹੀਂ। ਜੇ ਸਵਾਲ ਕਰੋ, ਇਕੋ ਰਟਿਆ ਰਟਾਇਆ ਜੁਆਬ ਮਿਲੇਗਾ ਕਿ ਸਰਕਾਰ ਹਰੇਕ ਵਿਅਕਤੀ ਨੂੰ ਨੌਕਰੀ ਨਹੀਂ ਦੇ ਸਕਦੀ। ਮੰਨ ਲਿਆ, ਪਰ ਹਰੇਕ ਨੌਜਵਾਨ ਨੂੰ ਰੁਜ਼ਗਾਰ ਮੁਹੱਈਆ ਕਰਵਾਉਣਾ ਤਾਂ ਸਰਕਾਰ ਦਾ ਇਖ਼ਲਾਕੀ ਫ਼ਰਜ਼ ਹੈ। ਇਹ ਅਸੰਭਵ ਵੀ ਨਹੀਂ, ਬਸ਼ਰਤੇ ਕੋਈ ਲੋੜੀਂਦੀ ਯੋਜਨਾਬੰਦੀ ਕਰਨ ਲਈ ਰਾਜ਼ੀ ਹੋਵੇ। ਤੁਸੀਂ ਆਪਣੇ ਖੇਤਰ ਵਿਚ ਵਿਚਰਦੀ ਰਾਜਨੀਤਕ ਸ਼ਖ਼ਸੀਅਤ ਤੋਂ ਸਬੰਧਤ ਹਲਕੇ ਵਿਚ ਨੌਜਵਾਨਾਂ ਦੀ ਗਿਣਤੀ ਹੀ ਪਤਾ ਕਰਕੇ ਦੇਖ ਲਓ, ਖ਼ਾਸ ਕਰਕੇ ਅਠਾਰਾਂ ਤੋਂ ਅਠਾਈ ਸਾਲ ਦੇ ਉਮਰ ਵਰਗ ਵਿਚ। ਜੇ ਕਤਾਰ ਵਿਚ ਖੜੇ ਵਿਅਕਤੀਆਂ ਦੀ ਗਿਣਤੀ ਤੱਕ ਦਾ ਅੰਦਾਜ਼ਾ ਨਹੀਂ ਤਾਂ ਉਨਾਂ ਨੂੰ ਕੁਝ ਪ੍ਰਦਾਨ ਕਿਵੇਂ ਕੀਤਾ ਜਾ ਸਕਦਾ ਹੈ? ਇਸ ਦਾ ਕਾਰਨ ਉਨਾਂ ਦੀ ਅਗਿਆਨਤਾ ਨਹੀਂ, ਬਲਕਿ ਰੁਚੀ ਜਾਂ ਸਮੇਂ ਦੀ ਘਾਟ ਹੋ ਸਕਦੀ ਹੈ।

ਵਕਤ ਦੀ ਸਿਤਮ-ਜ਼ਰੀਫ਼ੀ ਦੇਖੋ, ਬੇਰੁਜ਼ਗਾਰੀ ਦੇ ਝੰਭੇ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ (ਪ੍ਰਵਾਸ ਦੇ ਭਾਵੇਂ ਹੋਰ ਵੀ ਪਹਿਲੂ ਹਨ ਜੋ ਸਾਡੇ ਅੱਜ ਦੇ ਵਿਸ਼ੇ ਵਿਚ ਸ਼ਾਮਿਲ ਨਹੀਂ), ਨੌਕਰੀ ਦੀ ਮੰਗ ਕਰਦੇ ਅਤੇ ਖਾਲੀ ਅਸਾਮੀਆਂ ਦੇ ਇਸ਼ਤਿਹਾਰਾਂ ਦੀ ਮੰਗ ਕਰਦੇ ਨੌਜਵਾਨ ਘਿਰਾਓ, ਰੋਸ ਮੁਜ਼ਾਹਰੇ, ਧਰਨੇ, ਹੜਤਾਲਾਂ ਆਦਿ ਕਰ ਰਹੇ ਹਨ। ਅਸੀਂ ਸਭ ਕਾਸੇ ਤੋਂ ਅਚੇਤ ਰੁਜ਼ਗਾਰ ਮੇਲੇ ਲਗਾ ਰਹੇ ਹਾਂ। ਕਦੀ ਗ਼ੌਰ-ਮੁਤਾਅਲਾ ਕਰਨਾ, ਦੁਨੀਆ ਦਾ ਕੋਈ ਮੁਲਕ ਅਜੇ ਏਨਾ ਵਿਕਸਿਤ ਨਹੀਂ ਹੋਇਆ ਜੋ ਰੁਜ਼ਗਾਰ ਨੂੰ ਮੇਲਿਆ ਦੀ ਸਟਾਲ ਤੱਕ ਲੈ ਆਵੇ। ਸਰਕਾਰੀ ਨੌਕਰੀਆਂ ਦੀ ਗੱਲ ਕਰੀਏ ਤਾਂ ਅਠਾਰਾਂ ਤੋਂ ਅਠਾਈ ਸਾਲ ਤੱਕ ਦੇ ਨੌਜਵਾਨਾਂ ਦੀ ਕੁੱਲ ਗਿਣਤੀ ਦਾ ਮਹਿਜ 6 ਫ਼ੀਸਦੀ (ਸਾਰੇ ਵਿਭਾਗਾਂ ਵਿਚ) ਉਪਲਬਧ ਹਨ। ਬਾਕੀ 94 ਫ਼ੀਸਦੀ ਕਿੱਥੇ ਜਾਣ, ਅਠਾਈ ਸਾਲ ਤੋਂ ਵੱਧ ਉਮਰ ਵਾਲੇ ਅਸੀਂ ਅਜੇ ਗਿਣੇ ਨਹੀਂ। ਦੂਸਰੇ ਪਾਸੇ ਸਰਕਾਰ ਸੇਵਾ-ਮੁਕਤ ਉਨਾਂ ਮੁਲਾਜ਼ਮਾਂ ਨੂੰ ਮੁੜ ਠੇਕੇ 'ਤੇ ਭਰਤੀ ਕਰਕੇ ਕੰਮ ਚਲਾ ਰਹੀ ਹੈ ਜੋ 50000 ਜਾਂ ਵਧੇਰੇ ਪੈਨਸ਼ਨ ਲੈ ਰਹੇ ਹਨ। ਜਲ ਸਰੋਤ ਮਹਿਕਮੇ ਸਮੇਤ ਬਹੁਤ ਸਾਰੇ ਸਰਕਾਰੀ ਵਿਭਾਗਾਂ ਵਿਚ ਇਹ ਵਰਤਾਰਾ ਚੱਲ ਰਿਹਾ ਹੈ।

ਰੁਜ਼ਗਾਰ ਦੇ ਮੌਕਿਆਂ ਦੀ ਤਲਾਸ਼ ਵੱਲ ਕੋਈ ਠੋਸ ਕਦਮ ਵਰਤਮਾਨ ਸਮੇਂ ਦੀ ਮੁਢਲੀ ਲੋੜ ਬਣ ਗਈ ਹੈ। ਹਰੇਕ ਵਿਅਕਤੀ ਨੂੰ ਸਹੀ ਅਰਥਾਂ ਵਿਚ ਰੁਜ਼ਗਾਰ ਮੁਹੱਈਆ ਕਰਵਾਉਣ ਖ਼ਾਤਰ ਸਾਨੂੰ ਖੇਤੀ ਆਧਾਰਿਤ ਰੁਜ਼ਗਾਰ ਅਤੇ ਉਦਯੋਗਿਕ ਖੇਤਰ ਦੇ ਰੁਜ਼ਗਾਰ ਵਿਚਾਲੇ ਦੁਵੱਲੇ ਸਬੰਧਾਂ ਨੂੰ ਸਮਝਣ ਅਤੇ ਅਪਣਾਉਣ



ਦਾ ਹੁਨਰ ਸਿੱਖਣਾ ਪਵੇਗਾ। ਇਕ ਖੇਤਰ ਦੀ ਪੈਦਾਵਾਰ ਦੂਸਰੇ ਖੇਤਰ ਦਾ ਕੱਚਾ ਮਾਲ ਬਣ ਕੇ ਮੁੜ ਪਹਿਲੇ ਖੇਤਰ ਦੇ ਗਾਹਕ ਤੱਕ ਪਹੁੰਚਣ ਲਈ ਬੇਸ਼ੁਮਾਰ ਛੋਟੇ ਅਤੇ ਲਘੂ ਉਦਯੋਗਿਕ ਇਕਾਈਆਂ ਦੀ ਸਥਾਪਨਾ ਕਰਵਾਉਣ ਵਿਚ ਵੱਡੀ ਮਦਦਗਾਰ ਸਾਬਤ ਹੋ ਸਕਦੀ ਹੈ। ਵਿਭਾਗਾਂ ਵਿਚ ਆਪਸੀ ਤਾਲਮੇਲ ਨਾਂ ਦੀ ਕੋਈ ਸ਼ੈਅ ਕਿਧਰੇ ਦਿਖਾਈ ਨਹੀਂ ਦੇ ਰਹੀ। ਮਿਸਾਲ ਵਜੋਂ ਛੋਟੀਆਂ ਅਤੇ ਸੀਮਾਂਤ ਉਦਯੋਗਿਕ ਇਕਾਈਆਂ ਲਈ ਪ੍ਰਧਾਨ ਮੰਤਰੀ ਮੁਦਰਾ ਯੋਜਨਾ, ਸਟਾਰਟ ਅੱਪ ਇੰਡੀਆ, ਮੇਕ ਇਨ ਇੰਡੀਆ ਆਦਿ ਅਨੇਕਾਂ ਯੋਜਨਾਵਾਂ ਸਾਡੇ ਦੇਸ਼ ਵਿਚ ਅਤੇ ਸਰਕਾਰ ਦੇ ਕਾਗਜ਼ਾਂ ਵਿਚ ਬੜੀਆਂ ਸਫਲਤਾਪੂਰਵਕ ਚੱਲ ਰਹੀਆਂ ਹਨ। ਜੇ ਜ਼ਮੀਨੀ ਹਕੀਕਤ ਬਾਰੇ ਜਾਣਨਾ ਹੋਵੇ ਤਾਂ ਨਤੀਜਾ ਬਿਲਕੁੱਲ ਉਲਟ ਮਿਲੇਗਾ। ਲੋੜੀਂਦੀ ਸਿਖਲਾਈ ਸਮੇਤ ਬਾਕੀ ਸ਼ਰਤਾਂ ਦੀ ਪੂਰਤੀ ਦੀ ਜ਼ਾਮਨੀ ਦਿੰਦੇ ਦਸਤਾਵੇਜ਼ ਲੈ ਕੇ ਜਦੋਂ ਕੋਈ ਉਤਸ਼ਾਹਿਤ ਨੌਜਵਾਨ ਉਕਤ ਲਘੂ ਉਦਯੋਗਿਕ ਇਕਾਈ ਦੀ ਸਥਾਪਨਾ ਦਾ ਸੁਪਨਾ ਲੈ ਕੇ ਬੈਂਕ ਪਾਸ ਵਿੱਤੀ ਸਹਾਇਤਾ ਲਈ ਪਹੁੰਚ ਕਰਦਾ ਹੈ ਤਾਂ ਬੈਂਕ ਦਾ ਸਮਰੱਥ ਅਧਿਕਾਰੀ ਉਸ ਵਿਚਾਰੇ ਦੀ ਪ੍ਰਾਜੈਕਟ ਰਿਪੋਰਟ ਪੜਨਾ ਵੀ ਮੁਨਾਸਿਬ ਨਹੀਂ ਸਮਝਦਾ, ਮਨਜ਼ੂਰ ਕਰਨਾ ਤਾਂ ਦੂਰ।

ਹੱਲ ਕੀ ਹੋਵੇ : ਹੁਣ ਸਵਾਲ ਇਹ ਕਿ ਫਿਰ ਪੰਜਾਬ ਦਾ ਏਜੰਡਾ ਨਿਰਧਾਰਿਤ ਕਰਨ ਲਈ ਕਿਹੜੇ ਮਾਪਦੰਡ ਅਪਣਾਏ ਜਾਣ? ਭਾਵੇਂ ਇਸ ਸਬੰਧੀ ਨਜ਼ਰੀਆ ਸਭ ਦਾ ਵੱਖਰਾ ਹੋ ਸਕਦਾ ਹੈ, ਤਰਜੀਹਾਂ ਵਿਚ ਭਿੰਨਤਾ ਹੋ ਸਕਦੀ ਹੈ ਪ੍ਰੰਤੂ ਰੁਜ਼ਗਾਰ ਦੀ ਅਹਿਮੀਅਤ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਇਹ ਠੀਕ ਹੈ ਕਿ ਸਰਕਾਰੀ ਨੌਕਰੀ ਸਭ ਨੂੰ ਦਿੱਤੀ ਨਹੀਂ ਜਾ ਸਕਦੀ ਪਰ ਰੁਜ਼ਗਾਰ ਤਾਂ ਅਸੀਂ ਹੀ ਪ੍ਰਦਾਨ ਕਰਨਾ ਹੈ। ਪੜਨ ਜਾਂ ਸੁਣਨ ਨੂੰ ਇਹ ਹੱਲ ਬੜਾ ਸਪੱਸ਼ਟ ਜਾਂ ਸਰਲ ਜਿਹਾ ਹੋ ਸਕਦਾ ਹੈ ਪ੍ਰੰਤੂ ਮਿਹਨਤ ਬੇਸ਼ੁਮਾਰ ਲੱਗਣੀ ਹੈ। ਸ਼ਬਦਾਂ ਦੀ ਸੀਮਾ ਦਾ ਖਿਆਲ ਰੱਖਦੇ ਹੋਏ ਆਓ ਜਾਣ ਲੈਂਦੇ ਹਾਂ ਕਿ ਇਹ ਕਿਸ ਤਰਾਂ ਮੁਮਕਿਨ ਹੈ?

ਪਹਿਲਾ ਹੈ ਖੋਜ ਆਧਾਰਿਤ ਸਰਵੇਖਣ। ਇਸ ਨੂੰ ਇਕ ਤਸ਼ਬੀਹ ਨਾਲ ਸਮਝਣ ਦੀ ਕੋਸ਼ਿਸ਼ ਕਰੀਏ। ਹਰੇਕ ਪੰਜਾਂ ਸਾਲਾਂ ਬਾਅਦ ਵੋਟ ਪ੍ਰਕਿਰਿਆ ਤੋਂ ਠੀਕ ਪਹਿਲਾਂ ਸਿਆਸੀ ਪਾਰਟੀਆਂ ਆਪਣੀ ਪੱਧਰ 'ਤੇ ਢੁਕਵਾਂ ਭਾਵ ਜਿੱਤਣ ਦੇ ਸਮਰੱਥ ਉਮੀਦਵਾਰ ਲੱਭਣ ਲਈ ਸਰਵੇਖਣ ਕਰਵਾਉਂਦੀਆਂ ਹਨ। ਇਹ ਸਰਵੇਖਣ ਉਮੀਦਵਾਰ ਦੇ ਖੇਤਰ ਵਿਚ ਜਨ-ਆਧਾਰ, ਜਾਤ, ਗੋਤਰ, ਵੋਟਰਾਂ ਦੀ ਵਰਗ ਵੰਡ ਅਨੁਸਾਰ ਗਿਣਤੀ ਆਦਿ 'ਤੇ ਆਧਾਰਿਤ ਹੁੰਦਾ ਹੈ। ਇਸ ਸਰਵੇਖਣ ਵਿਚ ਆਪਣੇ ਮੁਕਾਬਲੇ ਦੇ ਸਾਥੀ ਉਮੀਦਵਾਰਾਂ ਨੂੰ ਪਛਾੜਨ ਵਾਲੇ ਵਿਅਕਤੀ ਨੂੰ ਪਾਰਟੀ ਚੋਣ ਮੈਦਾਨ ਵਿਚ ਉਤਾਰ ਦਿੰਦੀ ਹੈ। ਪ੍ਰੰਤੂ ਕਿਸੇ ਵੀ ਸਿਆਸੀ ਦਲ ਨੇ ਕਦੇ ਇਹ ਸਰਵੇਖਣ (ਲੁਕਵੇਂ ਜਾਂ ਪ੍ਰਗਟ ਰੂਪ ਵਿਚ) ਕਿਉਂ ਨਹੀਂ ਕਰਵਾਇਆ ਕਿ ਕਿਸੇ ਖੇਤਰ ਵਿਸ਼ੇਸ਼ ਵਿਚ ਨੌਜਵਾਨਾਂ ਦੀ ਗਿਣਤੀ ਕਿੰਨੀ ਹੈ, ਉਨਾਂ ਵਿਚੋਂ ਕਿੰਨਿਆਂ ਨੇ ਤਕਨੀਕੀ, ਡਾਕਟਰੀ, ਜਾਂ ਹੋਰ ਪੇਸ਼ੇਵਰ ਵਿੱਦਿਆ ਧਾਰਨ ਕੀਤੀ ਹੋਈ ਹੈ? ਕਾਬਲੀਅਤ ਦੇ ਆਧਾਰ 'ਤੇ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਕਿਹੜੇ-ਕਿਹੜੇ ਸਰੋਤ ਲੋੜੀਂਦੇ ਹੋਣਗੇ, ਉਨਾਂ ਸਰੋਤਾਂ ਉੱਪਰ ਕੁੱਲ ਕਿੰਨਾ ਖ਼ਰਚ ਕਿਸ ਰੂਪ ਵਿਚ ਕੀਤਾ ਜਾਣਾ ਬਣਦਾ ਹੈ? ਇਨਾਂ ਨੌਜਵਾਨਾਂ ਨੂੰ ਰੁਜ਼ਗਾਰ ਪ੍ਰਦਾਨ ਕਰਨ ਲਈ ਕਿਹੜਾ ਉਮੀਦਵਾਰ ਵੱਧ ਸਹਾਈ ਹੋ ਸਕਦਾ ਹੈ। ਪ੍ਰਾਇਮਰੀ ਅਤੇ ਸੈਕੰਡਰੀ ਪੱਧਰ ਦੇ ਸਰੋਤ, ਉਪਰੰਤ ਨਤੀਜਾ ਰਿਪੋਰਟ ਆਦਿ। ਅਜਿਹਾ 'ਹੋਮ ਵਰਕ' ਸ਼ਾਇਦ ਹੀ ਕਦੀ ਕਿਸੇ ਨੇ ਕੀਤਾ ਹੋਵੇ। ਉਮੀਦਵਾਰ ਨੇ ਵੀ ਇਹੀ ਤਿਆਰੀ ਕੀਤੀ ਜਾਂ ਕਰਨੀ ਹੁੰਦੀ ਹੈ ਕਿ 'ਟਿਕਟ' ਮਿਲ ਜਾਣ ਦੇ ਸੂਰਤੇ-ਹਾਲ ਵਿਚ ਖ਼ਰਚ ਕਿੰਨਾ ਕੁ ਹੋਣਾ ਹੈ, ਕਿਸ ਪ੍ਰਕਾਰ ਕੀਤਾ ਜਾਵੇ, ਕਿਹੜੇ ਗਲੀ-ਮੁਹੱਲੇ ਦੇ ਵੋਟਰਾਂ ਨੂੰ ਕਿਸ ਤਰਾਂ ਆਪਣੇ ਹੱਕ ਵਿਚ ਭੁਗਤਾਇਆ ਜਾ ਸਕਦਾ ਹੈ। ਕਹਿਣ ਤੋਂ ਮੁਰਾਦ ਸਾਰੀ ਸਰੀਰਕ ਅਤੇ ਮਾਨਸਿਕ ਊਰਜਾ ਆਪਣੇ ਨੇੜਲੇ ਵਿਰੋਧੀ ਨੂੰ ਮਾਤ ਦੇਣ ਦੇ ਢੰਗ-ਤਰੀਕਿਆਂ 'ਤੇ ਹੀ ਕੇਂਦਰਿਤ ਕੀਤੀ ਜਾਂਦੀ ਹੈ।

ਰੁਜ਼ਗਾਰ ਉਪਲਬਧ ਕਰਵਾਉਣ ਹਿਤ ਹੀਲੇ-ਵਸੀਲਿਆਂ ਦੀ ਜਾਣਕਾਰੀ ਲਈ ਮਾਹਰਾਂ ਕੋਲੋਂ 'ਰੁਚੀ ਪ੍ਰਗਟਾਵਾ' ਅਰਜ਼ੀਆਂ ਦੀ ਮੰਗ ਕੀਤੀ ਜਾ ਸਕਦੀ ਹੈ ਜੋ ਸਰਵੇਖਣ ਵਿਚ ਆਈ ਨਤੀਜਾ ਰਿਪੋਰਟ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਮਦਦ ਕਰ ਸਕਦੇ ਹੋਣ। ਇਸ ਨਾਲ ਸਰਕਾਰੀ ਖ਼ਜ਼ਾਨੇ 'ਤੇ ਕੋਈ ਬੋਝ ਵੀ ਨਹੀਂ ਪਵੇਗਾ। ਤੁਸੀਂ ਸੋਚੋਗੇ ਕਿ ਕੋਈ ਮੁਫ਼ਤ ਵਿਚ 'ਸਿਰ-ਖਪਾਈ' ਕਰਨ ਲਈ ਕਿਉਂ ਆਵੇਗਾ। ਬਿਲਕੁੱਲ ਆਉਣਗੇ, ਬਲਕਿ ਮੁਫ਼ਤ ਵਿਚ ਮਗਜ਼-ਖਪਾਈ ਵਾਲੇ ਪੰਜਾਬ ਦੀ ਡਾਵਾਂ-ਡੋਲ ਬੇੜੀ ਨੂੰ ਕਿਨਾਰੇ ਲਗਾਉਣ ਲਈ ਵਧੇਰੇ ਸਹਾਈ ਸਿੱਧ ਹੋ ਸਕਦੇ ਹਨ। ਜੇਕਰ ਥੋੜਾ ਬਹੁਤ ਇਨਾਂ ਦੀ ਲਿਆਕਤ ਦਾ ਮੁੱਲ ਪਾਉਣਾ ਵੀ ਹੋਵੇ ਤਾਂ ਨਾਮਜ਼ਦਗੀਆਂ ਵਾਲੇ ਖਾਲੀ ਸਿਆਸੀ ਸਥਾਨਾਂ ਦੀ ਭਰਪਾਈ ਵਕਤ ਅਜਿਹੇ ਮਾਹਰਾਂ ਦੀਆਂ ਸੇਵਾਵਾਂ ਨੂੰ ਯਾਦ ਕੀਤਾ ਜਾ ਸਕਦਾ ਹੈ।

ਹੁਣ ਜੋ ਮੈਂ ਅਗਲਾ ਨੁਕਤਾ ਪਾਠਕਾਂ ਦੀ ਝੋਲੀ ਪਾਉਣ ਲੱਗਾ ਹਾਂ, ਉਸ ਲਈ ਮੁਆਫ਼ੀ ਪਹਿਲਾਂ ਮੰਗ ਲਵਾਂ। ਸਰਕਾਰ ਅਸੀਂ ਚੁਣਦੇ ਹਾਂ ਰਾਜ ਪ੍ਰਬੰਧ ਚਲਾਉਣ ਲਈ। ਵਧੀਆ ਪ੍ਰਬੰਧ ਚਲਾਉਣ ਲਈ ਨਵੀਆਂ ਅਤੇ ਤਰਕ ਸੰਗਤ ਨੀਤੀਆਂ ਦੀ ਜ਼ਰੂਰਤ ਪੈਂਦੀ ਹੈ। ਜਿਹੜੀ ਧਿਰ ਦੀ ਜ਼ਿੰਮੇਵਾਰੀ ਇਨਾਂ ਨੀਤੀਆਂ ਨੂੰ ਲਾਗੂ ਕਰਨ ਲਈ ਹੁੰਦੀ ਹੈ,

ਬਾਕੀ ਸਫ਼ਾ 30 'ਤੇ

## ਦੇ ਜਾ ਦਰਸ਼ਨ ਦੀਦਾਰੇ, ਕਲਗੀਧਰ ਪਿਆਰੇ

ਦੇ ਜਾ ਦਰਸ਼ਨ ਦੀਦਾਰੇ, ਬੈਠੇ ਤੇਰੇ ਹਾਂ ਦਵਾਰੇ,
ਆਸਾਂ ਕਦ ਦੀਆਂ ਧਾਰੇ, ਕਲਗੀਆਂ ਵਾਲੇ ਪਯਾਰੇ।
ਆ ਜਾ ਆ ਜਾ ਪਿਆਰੇ, ਆ ਜਾ ਰੱਬ ਦੇ ਸੁਆਰੇ,
ਦੇ ਜਾ ਦਰਸ਼ਨ ਦੀਦਾਰੇ, ਕਲਗੀਆਂ ਵਾਲੇ ਪਯਾਰੇ।
ਤੇਰੇ ਰੰਗ ਰੰਗਾਰੇ ਤਰਸਨ ਨੈਨ ਵਿਚਾਰੇ,
ਸਿੱਕੀਂ ਸਾਲ ਗੁਜ਼ਾਰੇ, ਕਲਗੀਆਂ ਵਾਲੇ ਪਯਾਰੇ।
ਕੂੰਜਾਂ ਮੁੜ ਮੁੜ ਆਈਆਂ, ਨਦੀਆਂ ਪਰਤ ਪਰਤਾਈਆਂ,
ਤੂੰ ਭੀ ਮੋੜ ਮੁਹਾਰੇ, ਕਲਗੀਆਂ ਵਾਲੇ ਪਯਾਰੇ।
ਬਾਗੀਂ ਬੁਲਬੁਲ ਬੋਲੇ, ਬ੍ਰਿਹੋਂ ਦਿਲਾਂ ਨੂੰ ਝੰਝੋਲੇ,
ਤੀਰ ਅਣਿਯਾਲੇ ਮਾਰੇ, ਕਲਗੀਆਂ ਵਾਲੇ ਪਯਾਰੇ।
ਅੰਦਰ ਧੋ ਵੇ ਬਨਾਯਾ, ਤੇਰਾ ਨਾਮ ਵਿਛਾਯਾ,
ਉਠਦੇ ਯਾਦ ਹੁਲਾਰੇ, ਕਲਗੀਆਂ ਵਾਲੇ ਪਯਾਰੇ।
ਤੂੰ ਮੁੜ ਫੇਰਾ ਨਾ ਪਾਯਾ, ਚਰਨੀਂ ਆ ਨ ਲਗਾਇਆ,
ਬਿਰਹੋਂ ਚੁਭਣ ਕਟਾਰੇ, ਕਲਗੀਆਂ ਵਾਲੇ ਪਯਾਰੇ।
ਖ਼ੈਰ ਦਰਸ਼ਨ ਦੀ ਪਾਈਂ, ਨੈਣੀਂ ਆ ਕੇ ਸਮਾਈਂ,
ਕਰਦੇ ਠੰਢ ਠੰਢਾਰੇ, ਕਲਗੀਆਂ ਵਾਲੇ ਪਯਾਰੇ।
ਸਿਕਦਯਾਂ ਉਮਰਾ ਹੋ ਬੀਤੀ, ਤੂੰ ਆ ਸਾਰ ਨ ਲੀਤੀ,
ਔਗੁਣ ਮੇਰੇ ਨੀ ਸਾਰੇ, ਕਲਗੀਆਂ ਵਾਲੇ ਪਯਾਰੇ।
ਵਾਂਗੂੰ ਕੂੰਜ ਕੁਰਲਾਵਾਂ 'ਕੋਇਲ ਕੂਕਾਂ' ਮੈਂ ਪਾਵਾਂ,
ਰੋਵਾਂ ਖੜੀਓ ਦੁਆਰੇ, ਕਲਗੀਆਂ ਵਾਲੇ ਪਯਾਰੇ।
ਚਾਤ੍ਰਿਕ ਵਾਂਗ ਉਦਾਸੀ, ਬਨ ਬਨ ਫਿਰਾਂ ਮੈਂ ਪਿਆਸੀ,
ਮੇਰੇ ਭਾਗ ਨਿਆਰੇ, ਕਲਗੀਆਂ ਵਾਲੇ ਪਯਾਰੇ।
ਰੁਣ ਝੁਣ ਮੋਰਾਂ ਨੇ ਲਾਈ, ਮੇਘਾਂ ਵਾਂਙੂ ਤੂੰ ਆਈਂ,
ਸਿਕਦੀ ਅਰਜ਼ ਗੁਜ਼ਾਰੇ, ਕਲਗੀਆਂ ਵਾਲੇ ਪਯਾਰੇ।
ਆਜਾ ਆਜਾ ਗੁਸਾਈਂ, ਆਜਾ ਅਰਸ਼ਾਂ ਦੇ ਸਾਈਂ।
ਆਜਾ ਰੱਬ ਦੇ ਸੁਆਰੇ, ਕਲਗੀਆਂ ਵਾਲੇ ਪਯਾਰੇ।
ਸਾਨੂੰ ਸੋਝੀ ਨ ਕੋਈ, ਕਿਧਰੇ ਮਿਲਦੀ ਨ ਢੋਈ,
ਅਪਣਾ ਬਿਰਦ ਵਿਚਾਰੇਂ, ਕਲਗੀਆਂ ਵਾਲੇ ਪਯਾਰੇ।
ਅੱਡੀ ਝੋਲੀ ਤਕਾਈਂ, ਖ਼ੈਰ ਦਰਸ਼ਨ ਦੀ ਪਾਈਂ,
ਦੇ ਕੇ ਸੁਹਣੇ ਦੀਦਾਰੇ, ਕਲਗੀਆਂ ਵਾਲੇ ਪਯਾਰੇ।
ਆਜਾ ਆਜਾ ਪਿਆਰੇ, ਦੇ ਜਾ ਦਰਸ਼ਨ ਦੀਦਾਰੇ,
ਬੈਠੇ ਤੇਰੇ ਹਾਂ ਦਵਾਰੇ, ਕਲਗੀਆਂ ਵਾਲੇ ਪਯਾਰੇ।

**ਅਗਿਆਤ**

# ਕੈਪਟਨ ਅਮਰਿੰਦਰ ਸਿੰਘ ਦਾ ਸਿਆਸਤੀ ਚੇਹਰਾ



**ਦਵਿੰਦਰ ਪਾਲ ਸਿੰਘ**

ਕੈਪਟਨ ਅਮਰਿੰਦਰ ਸਿੰਘ ਪੰਜਾਬ ਦੀ ਇੱਕ ਅਜਿਹੀ ਸਿਆਸੀ ਹਸਤੀ ਹਨ ਜਿਨਾਂ ਨੂੰ ਪੰਜਾਬੀਆਂ ਨੇ ਅਥਾਹ ਪਿਆਰ ਦਿੱਤਾ। ਪੰਜਾਬੀਆਂ ਦੇ ਪਿਆਰ ਤੇ ਸਤਿਕਾਰ ਦੀ ਨਤੀਜਾ ਹੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਜਦੋਂ ਕਾਂਗਰਸ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਸੀ ਤਾਂ ਪੰਜਾਬੀਆਂ ਨੇ 77 ਸੀਟਾਂ ਦੀ ਸੌਗਾਤ ਉਨਾਂ ਦੀ ਝੋਲੀ ਪਾਈ। ਮਾਰਚ 2017 ਵਿੱਚ ਸੱਤਾ ਹਥਿਆਉਣ ਤੋਂ ਬਾਅਦ ਪੰਜਾਬੀਆਂ ਨੂੰ ਕੈਪਟਨ ਅਮਰਿੰਦਰ ਸਿੰਘ ਦਾ ਇੱਕ ਵੱਖਰਾ ਕਿਰਦਾਰ ਦੇਖਣ ਨੂੰ ਮਿਲਿਆ। ਸਾਬਕਾ ਮੁੱਖ ਮੰਤਰੀ ਨੇ ਗੱਦੀ ਛੱਡਣ ਲੱਗਿਆਂ ਇਹ ਰੋਣਾਂ ਰੋਇਆ ਕਿ ਮੈਨੂੰ ਕਾਂਗਰਸ ਨੇ ਜ਼ਲੀਲ ਕੀਤਾ ਹੈ। ਪਟਿਆਲਾ ਰਿਆਸਤ ਦੇ ਇਹ ਵਾਰਿਸ ਸ਼ਾਇਦ ਇਹ ਗੱਲ ਭੁੱਲ ਗਏ ਕਿ ਪੰਜਾਬੀਆਂ ਨੇ ਜੋ ਗੱਦੀ 2017 ਵਿੱਚ ਵੋਟਾਂ ਪਾ ਕੇ ਬਖ਼ਸ਼ੀ ਸੀ ਉਹ ਘਰੋਂ ਜਾਂ ਫਾਰਮ ਹਾਊਸ ਤੋਂ ਬੈਠ ਕੇ ਸਰਕਾਰ ਚਲਾਉਣ ਲਈ ਦਿੱਤੀ ਸੌਗਾਤ ਨਹੀਂ ਸੀ। ਸਾਢੇ ਸਾਲ ਸਾਲਾਂ ਦੇ ਸਮੇਂ ਦੌਰਾਨ ਪੰਜਾਬ ਦੇ 13000 ਦੇ ਕਰੀਬ ਪਿੰਡਾਂ ਵਿੱਚੋਂ ਕਿੰਨੇ ਪਿੰਡਾਂ ਦਾ ਦੌਰ ਕਰਕੇ ਲੋਕਾਂ ਦਾ ਹਾਲ ਜਾਣਿਆ ਜਾਂ ਜ਼ਮੀਨੀ ਹਾਲਾਤ ਦੀ ਪੜਚੋਲ ਕੀਤੀ ਸਾਬਕਾ ਮੁੱਖ ਮੰਤਰੀ ਨੂੰ ਜ਼ਲਾਲਤ ਦਾ ਚਿੱਠਾ ਪੇਸ਼ ਕਰਨ ਲੱਗਿਆ ਇਸ ਦਾ ਹਿਸਾਬ ਵੀ ਦੇ ਦੇਣਾ ਚਾਹੀਦਾ ਸੀ। ਦੇਖਿਆ ਜਾਵੇ ਤਾਂ ਕੈਪਟਨ ਨੇ ਸਾਢੇ ਚਾਰ ਸਾਲ ਪੰਜਾਬੀਆਂ ਨੂੰ ਜ਼ਲੀਲ ਤੇ ਬੇਇੱਜ਼ਤ ਕੀਤਾ ਹੈ ਜਿਨਾਂ ਭਰੋਸਾ ਕਰਕੇ ਗੱਦੀ ਬਖ਼ਸ਼ੀ ਸੀ। ਪ੍ਰਸ਼ਾਸਕੀ ਤੇ ਸਿਆਸੀ ਗਲਿਆਰਿਆਂ ਵਿੱਚ ਇਹ ਪ੍ਰਭਾਵ ਜਾਂਦਾ ਸੀ ਕਿ ਜਿਵੇਂ ਸਾਰਾ ਕੁੱਝ ਵੀ 'ਆਊਟ ਸੋਰਸ' ਕੀਤਾ ਹੋਵੇ। ਭਾਵੇਂ ਮੁੱਖ ਮੰਤਰੀ ਦਫ਼ਤਰ ਹੋਵੇ, ਡੀਜੀਪੀ ਦਫ਼ਤਰ ਜਾਂ ਵਿਜੀਲੈਂਸ ਸਭਨਾਂ ਦੀ ਡੋਰ ਕਿਸੇ ਤੀਜੀ ਧਿਰ ਦੇ ਹਵਾਲੇ ਹੋਣ ਦੇ ਚਰਚੇ ਸੱਤਾ ਦੇ ਗਲਿਆਰਿਆਂ ਵਿੱਚ ਆਮ ਸੁਣੀਂਦੇ ਸਨ। ਇਹ ਇੱਕ ਅਜਿਹਾ ਦੌਰ ਹੋ ਨਿਬੜਿਆ ਜਦੋਂ ਉਨਾਂ 'ਤੇ ਦੋਸ਼ ਲੱਗਦੇ ਸਨ ਤੇ ਮੁੱਖ ਮੰਤਰੀ ਨੇ ਤਾਂ ਪੰਜਾਬ ਤੇ ਪੰਜਾਬੀਆਂ ਨੂੰ ਇੱਕ ਤਰਾਂ ਨਾਲ ਬੇਦਖ਼ਲ ਹੀ ਕਰ ਦਿੱਤਾ ਸੀ। ਕਾਂਗਰਸ ਅਤੇ ਵਿਰੋਧੀ ਦੱਬਵੀਂ ਸੁਰ ਵਿੱਚ ਭਾਰਤੀ ਜਨਤਾ ਪਾਰਟੀ, ਆਰ.ਐਸ.ਐਸ. ਅਤੇ ਕੇਂਦਰ ਸਰਕਾਰ ਨਾਲ ਰਲੇ ਹੋਣ ਦਾ ਦੋਸ਼ ਲਾਉਂਦੇ ਸਨ। ਕੈਪਟਨ ਅਮਰਿੰਦਰ ਸਿੰਘ ਜੋ ਉਮਰ ਦੇ ਅੱਠਵੇਂ ਦਹਾਕੇ ਵਿੱਚ ਪਹੁੰਚਣ ਲੱਗੇ ਹਨ। ਉਨਾਂ ਨੂੰ ਇੱਕ ਆਲਸੀ ਸਿਆਸਤਦਾਨ ਵਜੋਂ ਵੀ ਜਾਣਿਆ ਜਾਂਦਾ ਹੈ। ਉਮਰ ਦੇ ਇਸ ਪੜਾਅ ਵਿੱਚ ਕੈਪਟਨ ਨੇ ਸਿਆਸਤ ਦੀ ਨਵੀਂ ਪਾਰੀ ਖੇਡਣ ਦਾ ਐਲਾਨ ਕੀਤਾ ਹੈ। ਮੁਲਕ ਵਿੱਚ ਘੱਟ ਗਿਣਤੀ ਵਿਰੋਧੀ ਹੋਣ ਦਾ ਪ੍ਰਭਾਵ ਛੱਡਣ ਵਾਲੀ ਤੇ ਮੁਲਕ ਨੂੰ ਫਿਰਕੂ ਲੀਹਾਂ 'ਤੇ ਵੰਡਣ ਦੇ ਦੋਸ਼ਾਂ 'ਚ ਘਿਰੀ ਰਹਿਣ ਵਾਲੀ ਭਾਰਤੀ ਜਨਤਾ ਪਾਰਟੀ ਨਾਲ ਉਨਾਂ ਸੰਭਾਵੀ ਸਿਆਸੀ ਗੱਠਜੋੜ ਦਾ ਐਲਾਨ ਵੀ ਕਰ ਦਿੱਤਾ ਹੈ। ਉਨਾਂ ਨੂੰ ਕਾਮਯਾਬੀ ਮਿਲਦੀ ਹੈ ਜਾਂ ਨਹੀਂ ਇਹ ਤਾਂ ਸਮਾਂ ਹੀ ਦੱਸੇਗਾ ਪਰ ਇੱਕ ਗੱਲ ਜ਼ਰੂਰ ਹੈ ਕਿ ਜੋ ਸਿਆਸੀ ਕਮਾਈ ਕੈਪਟਨ ਨੇ ਆਪਣੇ ਰਾਜਸੀ ਸਫ਼ਰ ਦੌਰਾਨ ਕੀਤੀ ਸੀ ਉਹ ਇਸ ਇੱਕੋ ਕਦਮ ਨਾਲ ਖੂਹ ਖਾਤੇ ਪੈ ਸਕਦੀ ਹੈ। ਖੈਰ, ਕੈਪਟਨ ਅਮਰਿੰਦਰ ਸਿੰਘ ਇੱਕ ਬੇਹੱਦ ਚਲਾਕ ਕਿਸਮ ਤੇ ਸਿਆਸਤਦਾਨ ਹਨ। ਇਸ ਲਈ ਉਹ ਜੋ ਵੀ ਪੈਂਤੜਾ ਅਖਤਿਆਰ ਕਰਨਗੇ ਆਪਣੀ ਖਾਨਦਾਨੀ ਪਿਰਤ ਨੂੰ ਨਿਭਾਉਂਦੇ ਹੋਏ ਹੀ ਕਰਨਗੇ। ਇੱਕ ਗੱਲ ਜ਼ਰੂਰ ਹੈ ਕਿ ਇਸ ਸਾਰੇ ਕਾਸੇ ਵਿੱਚੋਂ ਉਹ ਕੁੱਝ ਖੱਟਣ ਭਾਵੇਂ ਨਾ ਭਰ ਕਿਸੇ ਇੱਕ ਖਾਸ ਧਿਰ ਦੀ ਲੁਕਵੀਂ ਸੇਵਾ ਕਰਨ ਦੀ ਸਿਆਸਤ ਜ਼ਰੂਰ ਕਰਦੇ ਦਿਖਾਈ ਦੇ ਰਹੇ ਹਨ।

# ਸਿੰਘੂ ਘਟਨਾ ਦਾ ਪੰਥਕ ਦ੍ਰਿਸ਼ਟੀਕੋਣ ਤੇ ਭਗਵੀਂ ਦਲਿਤ ਸਿਆਸਤ



**ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ**

ਬੀਤੇ ਦਿਨੀਂ ਸਿੰਘੂ ਬਾਰਡਰ 'ਤੇ ਵਾਪਰੀ ਘਟਨਾ ਬਾਰੇ ਭਾਰਤੀ ਮੀਡੀਆ ਦਾ ਵੱਡਾ ਹਿੱਸਾ ਸਿੱਖਾਂ ਦਾ ਪੱਖ ਪੇਸ਼ ਨਾ ਕਰ ਕੇ ਸਿੱਖਾਂ ਦੇ ਅਕਸ ਨੂੰ ਖ਼ਰਾਬ ਕਰਨ ਲਈ ਪੱਬਾਂ ਭਾਰ ਹੈ। ਘਟਨਾ ਪ੍ਰਤੀ ਸਮਾਜ ਦੇ ਹਰ ਵਰਗ ਵੱਲੋਂ ਵੱਖ ਵੱਖ ਤਰਾਂ ਦੇ ਸਵਾਲ ਉਠਾਏ ਜਾ ਰਹੇ ਹਨ। ਕੁਝ ਲੋਕ ਇਸ ਨੂੰ ਤਾਲਿਬਾਨੀ ਤੇ ਜ਼ਾਲਮਾਨਾ ਕਾਰਾ ਕਰਾਰ ਦੇ ਕੇ ਆਲੋਚਨਾ ਕਰ ਰਹੇ ਹਨ ਤਾਂ ਕੁਝ ਨੇ ਦਲਿਤ ਪਤਾ ਖੇਡਣ ਦੀ ਵੀ ਕੋਸ਼ਿਸ਼ ਕੀਤੀ। ਇਸ ਘਟਨਾ ਨੂੰ ਸਿੱਖੀ ਦ੍ਰਿਸ਼ਟੀਕੋਣ ਤੋਂ ਪਰਖਿਆ ਜਾਵੇ ਤਾਂ ਇਹ ਕਿ ਪਿਛਲੇ ਛੇ ਸਾਲਾਂ ਦੌਰਾਨ ਪੰਜਾਬ ਵਿਚ 400 ਤੋਂ ਵੱਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਬੇਅਦਬੀ ਦੀਆਂ ਹੋਈਆਂ ਘਟਨਾਵਾਂ ਪ੍ਰਤੀ ਕਿਸੇ ਵੀ ਦੋਸ਼ੀ ਨੂੰ ਕਾਨੂੰਨ ਰਾਹੀਂ ਮਿਸਾਲੀ ਸਜ਼ਾ ਦੇਣ 'ਚ ਸਰਕਾਰਾਂ ਦੀ ਅਸਫਲਤਾ ਦਾ ਸਿੱਟਾ ਮੰਨਿਆ ਜਾ ਰਿਹਾ ਹੈ। ਬੇਅਦਬੀ ਦੇ ਦੋਸ਼ੀਆਂ ਨੂੰ ਮਾਨਸਿਕ ਰੋਗੀ ਕਹਿ ਕੇ ਪੂਰੀ ਸਾਜ਼ਿਸ਼ ਨੂੰ ਨੰਗਾ ਕਰਨ 'ਚ ਕਾਨੂੰਨ ਵਿਵਸਥਾ ਦਾ ਅਸਮਰਥ ਰਹਿਣਾ ਸਿੱਖੀ ਹਿਰਦਿਆਂ ਨੂੰ ਹੋਰ ਗਹਿਰੀ ਠੇਸ ਪਹੁੰਚਾਉਣ ਦਾ ਕਾਰਨ ਬਣਿਆ। ਸਿੱਖ ਸੰਗਤਾਂ ਵੱਲੋਂ ਲਗਾਤਾਰ ਧਰਨੇ ਲਾ ਕੇ ਇਨਸਾਫ਼ ਦੀ ਮੰਗ ਕਰਨੀ ਉਨਾਂ ਦਾ ਕਾਨੂੰਨ 'ਤੇ ਇਕ ਤਰਾਂ ਭਰੋਸਾ ਹੀ ਤਾਂ ਸੀ, ਬੇਸ਼ੱਕ ਇਸ ਤਰਾਂ ਕਰ ਕੇ ਵੀ ਉਨਾਂ ਨੂੰ ਨਮੋਸ਼ੀ ਤੋਂ ਸਿਵਾ ਕੁਝ ਪੱਲੇ ਨਹੀਂ ਪਿਆ। ਸਰਕਾਰਾਂ ਦੀ ਦੋਸ਼ੀਆਂ ਪ੍ਰਤੀ ਨਰਮੀ ਨੇ ਬੇਅਦਬੀ ਦੀਆਂ ਘਟਨਾਵਾਂ 'ਚ ਵਾਧਾ ਕਰਨ 'ਚ ਇੱਥੋਂ ਤਕ ਯੋਗਦਾਨ ਪਾਇਆ ਕਿ ਪਿੰਡਾਂ ਦੇ ਗੁਰਦੁਆਰਿਆਂ 'ਚ ਹੁੰਦੀ ਬੇਅਦਬੀ ਤਖ਼ਤ ਸਾਹਿਬਾਨ ਤਕ ਜਾ ਪਹੁੰਚੀ। ਸਰਕਾਰ ਨਾਕਾਮੀ ਨੇ ਸਿੱਖ ਸਮਾਜ ਨੂੰ ਬਹੁਤ ਕੁਝ ਸੋਚਣ ਲਈ ਮਜਬੂਰ ਕੀਤਾ। ਨਤੀਜਾ ਸਭ ਦੇ ਸਾਹਮਣੇ ਹੈ।

ਸਿੱਖ ਇਕ ਮਾਰਸ਼ਲ ਕੌਮ ਹੈ। ਬਾਣੀ ਦਾ ਸਤਿਕਾਰ ਪਹਿਲਾਂ ਤੇ ਬਾਕੀ ਬਾਅਦ 'ਚ ਇਸ ਦੀ ਮਾਨਸਿਕਤਾ ਦਾ ਅਟੁੱਟ ਹਿੱਸਾ ਹੈ। ਆਪਣੇ ਇਸ਼ਟ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਕੀ ਬਾਣੀ ਦੀ ਵਾਰ ਵਾਰ ਬੇਅਦਬੀ ਉਸ ਦੀ ਅਣਖ ਨੂੰ ਵੱਡੀ ਵੰਗਾਰ ਹੀ ਤਾਂ ਸੀ। ਸਿੱਖਾਂ ਨੇ ਕਿਸੇ ਮਜ਼ਲੂਮ ਨੂੰ ਪ੍ਰੇਸ਼ਾਨ ਨਹੀਂ ਕੀਤਾ ਨਾ ਹੀ ਮਨੁੱਖੀ ਅਧਿਕਾਰਾਂ ਦਾ ਕਦੀ ਹਨਨ ਕੀਤਾ ਹੈ। ਪਰ ਸਿੱਖ ਪ੍ਰੰਪਰਾ ਇਸ ਗੱਲ ਨੂੰ ਤਸਦੀਕ ਕਰਦੀ ਹੈ ਕਿ ਕੋਈ ਹੀਲਾ ਵਸੀਲਾ ਕੰਮ ਨਾ ਆਵੇ ਤਾਂ ਤਲਵਾਰ ਨੂੰ ਹੱਥ ਪਾਉਣਾ ਜਾਇਜ਼ ਹੈ।

**'ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ,**
**ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।'**
**ਤਨਖਾਹਨਾਮਾ ਭਾਈ ਨੰਦ ਲਾਲ ਜੀ ਅਨੁਸਾਰ**
**'ਗੁਰ ਕੀ ਨਿੰਦਾ ਸੁਨਹਿ ਨ ਕਾਨ ।**
**ਭੇਟਨ ਕਰੈ ਸੰਗਿ ਕ੍ਰਿਪਾਨ ॥'**

ਫਿਰ ਵਾਰ ਵਾਰ ਹੋ ਰਹੀ ਬੇਅਦਬੀ ਦਾ ਪ੍ਰਤੀਕਰਮ ਸਾਹਮਣੇ ਆਉਣਾ ਕੁਦਰਤੀ ਸੀ। ਸਿੰਘੂ ਬਾਰਡਰ 'ਤੇ ਨਿਹੰਗ ਸਿੰਘਾਂ ਹੱਥੋਂ ਇਕ ਨਸ਼ੇੜੀ ਬੰਦੇ ਦਾ ਮਾਰਿਆ ਜਾਣਾ ਅਫ਼ਸੋਸਨਾਕ ਹੈ ਪਰ ਇਸ ਘਟਨਾ ਨੂੰ ਕਿਸੇ ਤਰਾਂ ਵੀ ਤਾਲਿਬਾਨ, ਜ਼ਾਲਮਾਨਾ ਜਾਂ ਹੈਵਾਨੀਅਤ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਸਿੱਖੀ ਪਰੰਪਰਾ ਤੇ ਇਤਿਹਾਸ ਗਵਾਹ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਚੰਦੂ ਦੇ ਨੱਕ 'ਚ ਨਕੇਲ ਪਾ ਕੇ ਲਾਹੌਰ 'ਚ ਫੇਰਿਆ ਸੀ, ਇਸੇ ਤਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਮਸੰਦਾਂ ਨੂੰ ਤੇਲ ਦੇ ਕੜਾਹੇ 'ਚ ਸਾੜਨ ਅਤੇ ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਵੱਲੋਂ ਮੱਸੇ ਰੰਘੜ ਦਾ ਸਿਰ ਕਲਮ ਕਰਦਿਆਂ ਨੇਜ਼ੇ 'ਤੇ ਟੰਗ ਕੇ ਲੈ ਜਾਣ, ਛੋਟੇ ਘੱਲੂਘਾਰੇ ਦੇ ਮੁੱਖ ਦੋਸ਼ੀ ਜਸਪਤ ਰਾਏ ਦਾ ਸਿਰ ਵੱਢਣ ਅਤੇ ਸਰਹਿੰਦ ਦੇ ਖ਼ੂਨੀ ਜ਼ਾਲਮ ਵਜ਼ੀਰ ਖਾਨ ਨੂੰ ਘੋੜਿਆਂ ਪਿੱਛੇ ਪਾ ਕੇ ਘੜੀਸਣ ਨੂੰ ਕੀ ਕਹੋਗੇ? ਇਨਾਂ ਵਰਤਾਰਿਆਂ ਨੂੰ ਅੱਜ ਤੱਕ



ਸਾਰਥਿਕ ਨਜ਼ਰੀਏ ਨਾਲ ਹੀ ਦੇਖਿਆ ਜਾਂਦਾ ਰਿਹਾ ਹੈ। ਕੁਝ ਆਲੋਚਕਾਂ ਦਾ ਕਹਿਣਾ ਹੈ ਕਿ ਕਤਲ ਹੋਇਆ ਬੰਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲੈ ਕੇ ਨਹੀਂ ਸਗੋਂ ਸਰਬ ਲੋਹ ਗ੍ਰੰਥ ਨੂੰ ਲੈ ਕੇ ਭੱਜਿਆ ਸੀ। ਪਰ ਇਸ ਨੁਕਤੇ ਨਾਲ ਇਸ ਨੂੰ ਦੋਸ਼ ਮੁਕਤ ਜਾਂ ਬੇਕਸੂਰ ਨਹੀਂ ਗਿਣਿਆ ਜਾ ਸਕਦਾ ਕਿ ਉਸ ਨੇ ਸਰਬ ਲੋਹ ਗ੍ਰੰਥ ਨੂੰ ਹੱਥ ਪਾਇਆ। ਉਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਰਬ ਲੋਹ ਗ੍ਰੰਥ ਬਾਰੇ ਪਛਾਣ ਨਹੀਂ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਉਸ ਦੀ ਮਨਸ਼ਾ ਗੁਰੂ ਕੀ ਬਾਣੀ ਦੀ ਬੇਅਦਬੀ ਹੀ ਸੀ। ਉਸ ਵੱਲੋਂ ਉਠਾਇਆ ਗਿਆ ਪਹਿਲਾ ਕਦਮ ਜਾਂ ਫਿਰ ਜਿਹੜਾ ਬੰਦਾ ਇਨਸਾਨੀਅਤ ਦੇ ਕਲਿਆਣਕਾਰੀ ਗ੍ਰੰਥ ਸਾਹਿਬ 'ਤੇ ਹਮਲਾ ਕਰਨ ਦੇ ਮਕਸਦ ਨਾਲ ਆਉਂਦਾ ਹੈ ਹੈਵਾਨੀਅਤ ਹੈ। ਕਿਸੇ ਹੈਵਾਨ ਨੂੰ ਉਸ ਦੇ ਕਰਮ ਨੂੰ ਮੁੱਖ ਰੱਖਦਿਆਂ ਸਿੱਖੀ ਰਹੁ-ਰੀਤ ਮੁਤਾਬਿਕ ਸਜ਼ਾ ਦੇਣੀ ਕੋਈ ਨਵੀਂ ਗੱਲ ਨਹੀਂ ਹੈ। ਸਿੱਖ ਇਤਿਹਾਸ ਅਤੇ ਵਰਤਮਾਨ ਇਨਾਂ ਨੁਕਤਿਆਂ ਨਾਲ ਭਰਿਆ ਪਿਆ ਹੈ। ਕੁਝ ਲੋਕ ਤਾਂ ਇਹ ਦਲੀਲ ਦੇਣ ਦੀ ਨਾਸਮਝੀ ਕਰਦੇ ਹਨ ਕਿ ਕਿਸੇ ਕੋਲ ਕੋਈ ਵੀਡੀਓ ਫੁਟੇਜ ਨਹੀਂ ਕਿ ਉਸ ਵਿਅਕਤੀ ਨੇ ਬੇਅਦਬੀ ਕਰਨ ਦੀ ਕੋਸ਼ਿਸ਼ ਕੀਤੀ। ਕੀ ਉਸ ਵਕਤ ਸੰਗਤ ਬੇਅਦਬੀ ਕਰਨ ਬਾਰੇ ਵੀਡੀਓ ਸ਼ੂਟ ਕਰਨ ਜਾਂ ਬੇਅਦਬੀ ਲਈ ਮੌਕਾ ਦਿੱਤਾ ਜਾਣਾ ਚਾਹੀਦਾ ਸੀ? ਜਿਵੇਂ ਤਖ਼ਤ ਕੇਸਗੜ ਸਾਹਿਬ ਵਿਖੇ ਹੋਇਆ? ਇਸ ਵਰਤਾਰੇ 'ਚ ਬੀਬੀ ਮਾਇਆਵਤੀ ਤੇ ਹੋਰ ਕੁਝ ਲੋਕਾਂ ਨੇ ਸਿਆਸੀ ਰੋਟੀਆਂ ਸੇਕਣ ਅਤੇ ਵੋਟ ਦੀ ਰਾਜਨੀਤੀ ਖ਼ਾਤਰ ਦਲਿਤ ਪਤਾ ਖੇਡਣ ਦੀ ਕੋਸ਼ਿਸ਼ ਕੀਤੀ। ਇੰਝ ਪੇਸ਼ ਕੀਤਾ ਗਿਆ ਜਿਵੇਂ ਸਿੱਖ ਦਲਿਤ ਵਿਰੋਧੀ ਹੋਣ। ਪਰ ਕਤਲ ਕਰਨ ਵਾਲਿਆਂ ਨੇ ਖ਼ੁਦ ਵੀ ਕਬੂਲ ਕੀਤਾ ਕਿ ਉਨਾਂ ਦਾ ਸਬੰਧ ਵੀ ਉਸੇ ਸ਼੍ਰੇਣੀ ਨਾਲ ਹੈ। ਰਹੀ ਗੱਲ ਸਿੱਖ ਦੀ ਦਲਿਤਾਂ ਪ੍ਰਤੀ ਹੇਜ ਤਾਂ ਬੀਬੀ ਮਾਇਆਵਤੀ ਨੂੰ ਇਹ ਦੱਸਣ 'ਚ ਮਾਣ ਮਹਿਸੂਸ ਕਰਦਾ ਹਾਂ ਕਿ ਸਿੱਖਾਂ ਨੇ ਦਲਿਤ ਭਾਈਚਾਰੇ ਦਾ ਹਮੇਸ਼ਾ ਸਾਥ ਦਿੱਤਾ।

1989 -90 ਵਿੱਚ ਵੀ ਪੀ ਸਿੰਘ ਦੀ ਸਰਕਾਰ ਵੇਲੇ ਮੰਡਲ ਕਮਿਸ਼ਨ ਦੀ ਰਿਪੋਰਟ ਆਈ ਸੀ। ਸਵਰਨ ਜਾਤੀਆਂ ਨੇ ਦਲਿਤਾਂ ਦੀ ਰਿਜ਼ਰਵੇਸ਼ਨ ਬੰਦ ਕਰਾਉਣ ਲਈ ਹੜਕੰਪ ਮਚਾਇਆ ਹੋਇਆ ਸੀ, ਅਗਨੀ ਦੀਆਂ ਰੋਜ਼ਾਨਾ ਘਟਨਾਵਾਂ ਹੋ ਰਹੀਆਂ ਸਨ। ਸਾਰੇ ਭਾਰਤ ਵਿੱਚ ਦਲਿਤਾਂ ਖਿਲਾਫ ਦੰਗੇ ਭੜਕ ਰਹੇ ਸੀ ਤਾਂ ਪੰਜਾਬ 'ਚ ਖਾੜਕੂ ਸਿੰਘਾਂ ਨੇ ਵੱਡੀ ਕਾਰਵਾਈ ਕਰਦਿਆਂ ਸਵਰਨ ਜਾਤੀਆਂ ਦੇ ਦਲਿਤਾਂ ਖਿਲਾਫ ਚੱਲ ਰਹੇ ਅੰਦੋਲਨ ਨੂੰ ਠੱਲ ਪਾ ਦਿੱਤੀ ਸੀ । ਅੱਜ ਤਾਂ ਦਲਿਤਾਂ ਦੀਆਂ ਵੋਟਾਂ ਦੀ ਖਾਤਰ ਕੋਈ ਸੀ ਐਮ ਦਾ ਅਹੁਦਾ ਦੇ ਰਿਹਾ ਕੋਈ ਕੁਝ ਐਲਾਨ ਕਰ ਰਿਹਾ ਤਾਂ ਕੋਈ ਕੁਝ। ਨਿਹੰਗ ਸਿੰਘਾਂ ਵਿੱਚ ਸ਼ਹੀਦ ਭਾਈ ਜੈਤਾ ਉਰਫ ਭਾਈ ਜੀਵਨ ਸਿੰਘ ਰੰਘਰੇਟਾ ਗੁਰੂ ਕਾ ਬੇਟਾ ਤੋਂ ਲੈ ਕੇ ਅੱਜ ਵੀ ਸੱਤਰ ਪ੍ਰਤੀਸ਼ਤ ਨਿਹੰਗ ਸਿੰਘ ਦਲਿਤ ਵੀਰ ਹਨ। ਚਮਕੌਰ ਸਾਹਿਬ ਦੀ ਜੰਗ ਵਿੱਚ ਵੀ ਸ਼ਹੀਦ ਭਾਈ ਜੀਵਨ ਸਿੰਘ ਉਰਫ ਭਾਈ ਜੈਤਾ ਰੰਘਰੇਟਾ ਗੁਰੂ ਕਾ ਬੇਟਾ ਦੇ ਸਮੇਤ ਸ਼ਹੀਦੀਆਂ ਪਾਉਣ ਵਾਲੇ ਪੰਜਾਹ ਪ੍ਰਤੀਸ਼ਤ ਤੋਂ ਜ਼ਿਆਦਾ ਨਿਹੰਗ ਸਿੰਘ ਦਲਿਤ ਸੀ।

ਮੌਕੇ 'ਤੇ ਕਾਰਵਾਈ ਪਾਉਣ ਵਾਲਿਆਂ ਨਿਹੰਗ ਸਿੰਘਾਂ ਨੇ ਆਪਣੇ ਆਪ ਨੂੰ ਪੁਲਿਸ ਦੇ ਹਵਾਲੇ ਕਰਦਿਆਂ ਇਕ ਚੰਗਾ ਸੁਨੇਹਾ ਦਿੱਤਾ ਹੈ। ਕਾਨੂੰਨਾਂ ਨੂੰ ਛਿੱਕੇ ਟੰਗ ਕੇ ਮਨੁੱਖੀ ਕਦਰਾਂ ਕੀਮਤਾਂ ਦਾ ਘਾਣ ਕਰਨ ਵਾਲਿਆਂ ਦੇ ਖ਼ਿਲਾਫ਼ ਸਰਕਾਰਾਂ ਕੁਝ ਨਾ ਕਰ ਸਕਣ ਤਾਂ ਮਜਬੂਰਨ ਅਵਾਮ ਨੂੰ ਕਾਨੂੰਨ ਹੱਥਾਂ ਵਿੱਚ ਲੈ ਕੇ ਖ਼ੁਦ ਇਨਸਾਫ਼ ਤਰਾਸ਼ਣਾ ਪੈਂਦਾ ਹੈ। ਇਸੇ ਨਜ਼ਰੀਏ ਤੋਂ ਸਰਕਾਰਾਂ ਅਤੇ ਪੁਲਿਸ ਨੂੰ ਸਿੰਘੂ ਬਾਰਡਰ ਘਟਨਾ ਦੀ ਧਾਰਮਿਕ ਸੰਵੇਦਨਸ਼ੀਲਤਾ ਅਤੇ ਭਾਵਨਾਤਮਿਕ ਗੰਭੀਰਤਾ ਨੂੰ ਵੇਖਦਿਆਂ ਸਿਰਫ਼ ਅਮਨ ਅਤੇ ਕਾਨੂੰਨ ਦੇ ਮਸਲੇ ਵਜੋਂ ਨਹੀਂ ਲਿਆ ਜਾਣਾ ਚਾਹੀਦਾ। ਸਿੰਘੂ ਕੇਸ 'ਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਿਸਾਨ ਅੰਦੋਲਨ ਸਿੱਖਾਂ ਦੇ ਸਿਰ 'ਤੇ ਚੱਲ ਰਿਹਾ। ਇਸ ਕਰਕੇ ਨਿਸ਼ਾਨੇ ਸਿੱਖ ਅਤੇ ਨਿਹੰਗ ਹਨ। ਅੱਜ ਉਕਤ ਕਤਲ ਕੇਸ ਭਾਰਤੀ ਕਾਨੂੰਨ ਮੁਤਾਬਿਕ ਅਤੇ ਨਿਆਂ ਦੀ ਕਸੌਟੀ ਅਨੁਸਾਰ ਚੱਲ ਰਿਹਾ ਹੈ ਤਾਂ ਇਹ ਪੁਲਿਸ ਕਰਕੇ ਨਹੀਂ, ਮੁਲਜ਼ਮਾਂ ਕਰਕੇ ਹੈ। ਕਿਉਂਕਿ ਮੁਲਜ਼ਮਾਂ ਨੇ ਖ਼ੁਦ ਪੁਲਿਸ ਸੱਦੀ। ਖ਼ੁਦ ਦੱਸਿਆ ਕਿ ਕਤਲ ਕੀਤਾ। ਖ਼ੁਦ ਵੀਡੀਓ ਬਣਾਈ ਤੇ ਸਾਂਝੀ ਕੀਤੀ। ਕਤਲ ਕਰਨ ਵਾਲਿਆਂ ਨੇ ਬਚਣ ਦੀ ਨਾ ਕੋਸ਼ਿਸ਼ ਕੀਤੀ, ਨਾ ਭੱਜਣ ਦੀ। ਸਗੋਂ ਆਪ ਸਰੈਂਡਰ ਕੀਤਾ। ਮਹਾਤਮਾ ਗਾਂਧੀ ਨੇ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਵਿਖੇ ਕਿਹਾ ਸੀ 'ਜੇਕਰ ਸਿੱਖਾਂ ਨੂੰ ਭਾਰਤ 'ਚ ਇਨਸਾਫ਼ ਨਾ ਮਿਲਿਆ ਤਾਂ ਉਹ ਆਪਣੀ ਕਿਰਪਾਨ ਨਾਲ ਹੱਲ ਕੱਢ ਸਕਦੇ ਹਨ।'

ਸਿੱਖਾਂ ਦੇ ਗੁਰੂਘਰਾਂ ਜਾਂ ਸਿੱਖਾਂ ਦੇ ਇਸ਼ਟ ਦੀ ਬੇਅਦਬੀ ਕਰਨ ਵਾਲਾ ਜਾਂ ਬੇਅਦਬੀ ਦੀ ਕੋਸ਼ਿਸ਼ ਕਰਨ ਵਾਲਾ ਕੋਈ ਵੀ ਇਨਸਾਨ ਸਿੱਖ ਕੌਮ ਦੀ ਨਜ਼ਰ ਵਿਚ ਸਿਰਫ਼ ਤੇ ਸਿਰਫ਼ ਇਕ ਪਾਪੀ ਹੈ। ਗੁਰੂਘਰ ਦਾ ਦੋਖੀ ਹੈ, ਚਾਹੇ ਉਹ ਕਿਸੇ ਵੀ ਧਰਮ ਜਾਤ ਬਰਾਦਰੀ ਨਾਲ ਸਬੰਧ ਰੱਖਦਾ ਹੋਵੇ। ਸਿੱਖ ਗੁਰੂਘਰਾਂ ਵਿਚ ਦਰਸ਼ਨ ਕਰਨ ਆਉਣ ਵਾਲੇ ਕਿਸੇ ਇਨਸਾਨ ਨਾਲ ਜਾਤ ਪਾਤ ਜਾਂ ਧਰਮ ਦੇ ਆਧਾਰ 'ਤੇ ਕੋਈ ਵਿਤਕਰਾ ਨਹੀਂ ਕਰਦੇ, ਸਭ ਦਾ ਇੱਕੋ ਜਿਹਾ ਹੀ ਸਤਿਕਾਰ ਹੈ। ਪਰ ਜੇਕਰ ਕੋਈ ਪਾਪੀ ਇਨਸਾਨ ਗੁਰੂਘਰਾਂ ਜਾਂ ਸਿੱਖਾਂ ਦੇ ਇਸ਼ਟ ਪ੍ਰਤੀ ਆਪਣੇ ਮਨ 'ਚ ਮੰਦੀ ਭਾਵਨਾ ਰੱਖਦਾ ਹੈ ਤਾਂ ਉਹ ਸਿਰਫ਼ ਸਿੱਖ ਕੌਮ ਦਾ ਦੁਸ਼ਮਣ ਹੀ ਮੰਨਿਆ ਜਾਵੇਗਾ ਤੇ ਦੁਸ਼ਮਣ ਨਾਲ ਕਦੇ ਵੀ ਮਿੱਤਰਤਾ ਵਾਲਾ ਵਿਹਾਰ ਨਹੀਂ ਕੀਤਾ ਜਾਂਦਾ, ਸਿੱਖ ਇਕ ਵਾਰ ਉਸ ਇਨਸਾਨ ਨੂੰ ਤਾਂ ਮਾਫ਼ ਕਰ ਸਕਦਾ ਹੈ, ਜੇ ਉਸ ਦਾ ਨਿੱਜੀ ਨੁਕਸਾਨ ਕਰ ਜਾਵੇ, ਪਰ ਗੁਰੂ ਦਾ ਸਿੱਖ ਉਸ ਇਨਸਾਨ ਨੂੰ ਹਰਗਿਜ਼ ਮਾਫ਼ ਨਹੀਂ ਕਰਦਾ ਜੋ ਉਸ ਦੇ ਗੁਰੂਘਰਾਂ ਜਾਂ ਸਿੱਖ ਦੇ ਉਸੇ ਦੀ ਬੇਅਦਬੀ ਕਰੇ ਗੁਰੂਘਰਾਂ ਖ਼ਿਲਾਫ਼ ਜਾਂ ਸਿੱਖਾਂ ਦੇ ਇਸ਼ਟ ਖ਼ਿਲਾਫ਼ ਕੂੜ ਪ੍ਰਚਾਰ ਕਰੇ। ਪਰਿਵਾਰ ਅਤੇ ਪਿੰਡ ਵਾਸੀਆਂ ਮੁਤਾਬਿਕ ਮਾਰਿਆ ਗਿਆ ਬੰਦਾ ਚੰਗੇ ਅਕਸ ਦਾ ਮਾਲਕ ਨਹੀਂ ਸੀ। ਉਸ ਦੀ ਦਸ਼ਾ ਕਾਰਨ ਹੀ ਉਸ ਦਾ ਮਾਂ ਪਿਓ ਸਮੇਂ ਤੋਂ ਪਹਿਲਾਂ ਚੱਲ ਵਸੇ, ਪਤਨੀ ਅਤੇ ਬੱਚਿਆਂ ਦਾ ਖ਼ਿਆਲ ਨਾ ਰੱਖਣ ਕਰਕੇ ਉਹ ਵੀ ਉਸ ਨਾਲੋਂ ਵੱਖ ਹੋ ਗਏ। ਇੱਥੋਂ ਤੱਕ ਕਿ ਪਰਿਵਾਰ ਤੇ ਪਿੰਡ ਵਾਸੀਆਂ ਨੇ ਉਸ ਦੀ ਲਾਸ਼ ਨਾ ਲਿਆਉਣ ਫ਼ੈਸਲਾ ਕੀਤਾ। ਇੱਥੇ ਇਕ ਗੱਲ ਤਾਂ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਕਿਸੇ ਤਾਕਤ ਵੱਲੋਂ ਸਮਾਜ ਵਿਚ ਜਾਂ ਕਿਸਾਨ ਅੰਦੋਲਨ 'ਚ ਫੁੱਟ ਅਤੇ ਅਰਾਜਕਤਾ ਪੈਦਾ ਕਰਨ ਲਈ ਉਸ ਦੀ ਵਰਤੋਂ ਕੀਤੀ ਹੋ ਸਕਦੀ ਹੈ। ਇਸ ਬਾਰੇ ਪਤਾ ਕਰਨਾ ਸਰਕਾਰਾਂ ਦਾ ਕੰਮ ਹੈ। ਪਰਿਵਾਰ ਦਾ ਕਹਿਣਾ ਹੈ ਕਿ ਉਸ ਬੰਦੇ ਕੋਲ ਤਰਨ ਤਾਰਨ ਤੱਕ ਜਾਣ ਲਈ ਕਿਰਾਇਆ ਨਹੀਂ ਸੀ ਅਤੇ ਕਦੇ ਅੰਮ੍ਰਿਤਸਰ ਤੱਕ ਨਹੀਂ ਸੀ ਜਾਂਦਾ, ਉਹ ਦਿੱਲੀ ਕਿਵੇਂ ਪਹੁੰਚ ਗਿਆ? ਜਿਹੜਾ ਨਸ਼ੇ ਬਿਨਾਂ ਪਲ ਨਹੀਂ ਸੀ ਕੱਢਦਾ ਉਹ ਦਿੱਲੀ ਜਾ ਕੇ ਮੋਰਚੇ ਵਿਚ ਕਿਵੇਂ ਸ਼ਾਮਲ ਹੋ ਗਿਆ। ਕੋਈ ਹੈਰਾਨੀ ਨਹੀਂ ਕਿ ਨਸ਼ੇ ਦੀ ਤੋੜ 'ਚ ਇਸ ਨੇ ਪੈਸਿਆਂ ਖ਼ਾਤਰ ਬੇਅਦਬੀ ਵਰਗਾ ਪਾਪ ਕਰਨ ਦੀ ਕਿਸੇ ਨੂੰ ਹਾਮੀ ਭਰੀ ਹੋਵੇ? ਇਸ ਪੱਖ ਤੋਂ ਪੜਤਾਲ ਦੀ ਲੋੜ ਹੈ।

ਜਿਹੜੇ ਲੋਕ ਉਕਤ ਵਰਤਾਰੇ ਨਾਲ ਨਾਤਾ ਨਾ ਹੋਣ ਬਾਰੇ ਬਿਆਨ ਜਾਰੀ ਕਰ ਰਹੇ ਹਨ ਉਨਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ। ਉਨਾਂ ਨੂੰ ਇੱਕ ਵਾਰੀ ਜ਼ਰੂਰ ਆਪਣੇ ਗੁਰੂ ਸਾਹਿਬਾਨ ਅਤੇ ਆਪਣੇ ਪੁਰਖਿਆਂ ਵੱਲੋਂ ਰਚੇ ਫ਼ਖ਼ਰ ਯੋਗ ਇਤਿਹਾਸ ਉੱਤੇ ਨਜ਼ਰ ਮਾਰਨੀ ਚਾਹੀਦੀ ਹੈ। ਕੀ ਇਹ ਲੋਕ ਚਾਹੁੰਦੇ ਹਨ ਕਿ ਚੁੱਪ ਕਰਕੇ ਜਾਗਦੀ ਜੋਤ ਗੁਰੂ ਸਾਹਿਬ ਦੀ ਬੇਅਦਬੀ ਕਰਵਾਉਂਦੇ ਰਹੋ। ਸਿਰ ਨੀਵਾਂ ਕਰਕੇ ਜ਼ੁਲਮ ਸਹਿੰਦੇ ਰਹੋ। ਧਾਰਮਿਕ ਸਹਿਣਸ਼ੀਲਤਾ ਦੀ ਵੀ ਹੱਦ ਹੁੰਦੀ ਹੈ।

**'ਖਾਲਸਾ ਹੋਵੈ ਖ਼ੁਦ ਖੁਦਾ, ਜਿਮ ਖੂਬੀ ਖੂਬ ਖੁਦਾਇ ॥**
**ਆਨ ਨ ਮਾਨੈ ਆਨ ਕੀ, ਬਿਨ ਸੱਚੇ ਪਾਤਿਸਾਹਿ ॥'**

# ਐੱਸਸੀ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਦਾ ਦਲਿਤ ਪੱਤਾ ਸਿੱਖ ਧਰਮ ਵਿਚ ਦਖਲ-ਅੰਦਾਜੀ

**ਅੰਮ੍ਰਿਤਸਰ ਟਾਈਮਜ਼ ਬੀਊਰੋ**

ਨੈਸ਼ਨਲ ਐੱਸਸੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨੇ ਬੇਅਦਬੀ ਮਾਮਲੇ ਉਪਰ ਦਲਿਤ ਪੱਤਾ ਖੇਡਣਾ ਸ਼ੁਰੂ ਕਰ ਦਿਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਸਾਂਪਲਾ ਨੇ ਅਪੀਲ ਕੀਤੀ ਹੈ ਕਿ ਸਿੰਘੂ ਬਾਰਡਰ 'ਤੇ ਕਿਸਾਨ ਸੰਗਠਨਾਂ ਦੇ ਅੰਦੋਲਨ ਵਾਲੀ ਥਾਂ 'ਤੇ ਬੇਰਹਿਮੀ ਨਾਲ ਕਤਲ ਕੀਤੇ ਗਏ ਅਨੁਸੂਚਿਤ ਜਾਤੀ ਦੇ ਲਖਬੀਰ ਸਿੰਘ ਦਾ ਭੋਗ ਸਿੱਖ ਧਰਮ ਮੁਤਾਬਿਕ ਕਰਵਾਇਆ ਜਾਵੇ।

ਸਾਂਪਲਾ ਨੇ ਕਿਹਾ ਕਿ 'ਤੁਹਾਨੂੰ ਇਸਦੀ ਵੀ ਜਾਣਕਾਰੀ ਹੋਵੇਗੀ ਕਿ ਉਸਦੇ ਅੰਤਿਮ ਸੰਸਕਾਰ 'ਤੇ ਕੁੱਝ ਲੋਕਾਂ ਖਾਸਕਰ ਸਤਿਕਾਰ ਕਮੇਟੀ ਵੱਲੋਂ ਇਹ ਕਹਿੰਦੇ ਹੋਏ ਕਿ ਉਸਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਹੈ, ਉਸਦੇ ਅੰਤਿਮ ਸਸਕਾਰ 'ਤੇ ਸਿੱਖ ਮਰਿਆਦਾ ਮੁਤਾਬਿਕ ਅਰਦਾਸ ਨਹੀਂ ਕਰਨ ਦਿੱਤੀ ਗਈ।'

ਪੱਤਰ ਰਾਹੀਂ ਸਾਂਪਲਾ ਨੇ ਦੱਸਿਆ ਕਿ ਸੱਚ ਤਾਂ ਇਹ ਹੈ ਕਿ ਇਸ ਸਬੰਧ ਵਿੱਚ ਹੁਣ ਤੱਕ ਕੋਈ ਵੀ ਵੀਡੀਓ ਜਾਂ ਫਿਰ ਫੋਟੋ ਪ੍ਰਮਾਣ ਦੇ ਰੂਪ ਵਿੱਚ ਸਾਹਮਣੇ ਨਹੀਂ ਆਇਆ ਹੈ, ਜਿਸਦੇ ਨਾਲ ਇਹ ਸਾਬਤ ਹੋ ਸਕੇ ਕਿ ਅਨੁਸੂਚਿਤ ਜਾਤੀ ਦੇ ਸਿੱਖ ਨੇ ਬੇਅਦਬੀ ਕੀਤੀ ਸੀ। ਲਖਬੀਰ ਸਿੰਘ ਦੀ ਹੱਤਿਆ ਅਤੇ ਉਸਦੇ ਦਾਹ-ਸਸਕਾਰ ਦੇ ਦੌਰਾਨ ਅਰਦਾਸ ਨਹੀਂ ਕਰਨ ਦੇਣਾ ਅਤੇ ਭੋਗ ਦੀ ਰਸਮ ਦਾ ਵੀ ਵਿਰੋਧ ਕਰਨ ਵਰਗੀ ਘਟਨਾਵਾਂ ਦਲਿਤਾਂ ਨੂੰ ਹੋਰ ਨਿਰਾਸ਼ਾ ਵੱਲ ਧੱਕਦੀ ਹੈ ਅਤੇ ਅਜਿਹੇ ਸੁਭਾਅ ਦੇ ਕਾਰਨ ਪੰਜਾਬ ਵਿੱਚ ਧਰਮ ਪਰਿਵਰਤਰਨ ਦੀ ਮੁਹਿੰਮ ਨੂੰ ਅਤੇ ਤੇਜ਼ੀ ਮਿਲਦੀ ਹੈ।

ਦੂਸਰੇ ਪਾਸੇ ਪੰਥਕ ਆਗੂਆਂ ਦਾ ਪੱਖ ਹੈ ਕਿ ਬੇਅਦਬੀ ਦੇ ਜ਼ਿੰਮੇਵਾਰ ਦੋਸ਼ੀ ਦੀ ਅਰਦਾਸ ਨਹੀਂ ਹੋ ਸਕਦੀ, ਜਿਵੇਂ ਜਾਲਮ ਪੁਲਿਸ ਅਫਸਰ ਕੇ.ਪੀ. ਗਿੱਲ ਦੀ ਅੰਤਮ ਅਰਦਾਸ ਵਿਚ ਸਿੱਖ ਸ਼ਾਮਲ ਨਹੀਂ ਹੋਏ। ਉਨਾਂ ਦਾ ਮੰਨਣਾ ਹੈ ਕਿ ਸਾਂਪਲਾ ਤਲਣ ਕਾਂਡ ਵਿਖੇ ਦਲਿਤ ਜੱਟ ਦੰਗੇ ਕਰਵਾਉਣ ਦਾ ਦੋਸ਼ੀ ਰਿਹਾ ਹੈ। ਹੁਣ ਵੀ ਦਲਿਤ ਪੱਤਾ ਖੇਡ ਰਿਹਾ ਹੈ। ਦਲ ਖ਼ਾਲਸਾ ਜਥੇਬੰਦੀ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਨੇ ਕਿਹਾ ਕਿ ਬੀਤੇ ਦਿਨ ਬਸਪਾ ਆਗੂ ਮਾਇਆਵਤੀ ਵੱਲੋਂ ਟਵੀਟ ਕਰਕੇ ਪੰਜਾਬ ਦੇ ਮੁੱਖ ਮੰਤਰੀ ਨੂੰ ਇਹ ਕਹਿਣਾ ਕਿ ਮਰਨ ਵਾਲਾ ਇੱਕ ਦਲਿਤ ਹੈ ਅਤੇ ਉਸ ਦੇ ਪਰਿਵਾਰ ਨੂੰ ਪੰਜਾਹ ਲੱਖ ਰੁਪਏ ਦਿੱਤੇ ਜਾਣ, ਸਿਆਸਤ ਤੋਂ ਪ੍ਰੇਰਿਤ ਮੰਗ ਹੈ। ਉਨਾਂ ਕਿਹਾ ਕਿ ਭਾਜਪਾ ਦੇ ਵਿਜੇ ਸਾਂਪਲਾ ਅਤੇ ਦਿੱਲੀ ਸਥਿਤ ਪੰਦਰਾਂ ਦਲਿਤ ਜਥੇਬੰਦੀਆਂ ਵੱਲੋਂ ਇਸ ਨੂੰ ਜਾਤੀਵਾਦ ਦੀ ਰੰਗਤ ਦੇਣਾ ਇੱਕ ਸ਼ਰਾਰਤ ਹੈ।

**ਸਿੰਘੂ ਘਟਨਾ ਬਾਰੇ ਜਥੇਦਾਰ ਦਾ ਪੰਥਕ ਪੱਖ ਤੇ ਬੇਅਦਬੀ ਬਾਰੇ ਰਾਜ ਦੀ ਅਸਫ਼ਲਤਾ**

ਸਿੰਘੂ ਬਾਰਡਰ 'ਤੇ ਇਕ ਵਿਅਕਤੀ ਦੇ ਕਤਲ ਦੀ ਘਟਨਾ ਬਾਰੇ ਜਥੇਦਾਰ ਅਕਾਲ ਤਖਤ ਸਾਹਿਬ ਦਾ ਪੱਖ ਸਪੱਸ਼ਟ ਤੇ ਪੰਥਕ ਹੈ। ਇਸ ਘਟਨਾ ਨੂੰ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਾਨੂੰਨ ਦੇ ਰਾਜ ਦੀ ਨਾਕਾਮੀ ਦਾ ਸਿੱਟਾ ਕਰਾਰ ਦਿੱਤਾ ਹੈ। ਉਨਾਂ ਇਸ ਘਟਨਾ ਦੇ ਵੱਖ ਵੱਖ ਪਹਿਲੂਆਂ ਤੇ ਪਿਛੋਕੜ ਦੀ ਗੰਭੀਰਤਾ ਨਾਲ ਜਾਂਚ ਕਰਕੇ ਸਾਰੀ ਸਚਾਈ ਸਾਹਮਣੇ ਲਿਆਉਣ ਦੀ ਮੰਗ ਕੀਤੀ ਹੈ ਤਾਂ ਜੋ ਸਿੱਖ ਕੌਮ ਦੀ ਸਹੀ ਤਸਵੀਰ ਦੁਨੀਆ ਸਾਹਮਣੇ ਲਿਆਂਦੀ ਜਾ ਸਕੇ।

ਸਿੰਘੂ ਘਟਨਾ ਬਾਰੇ ਉਨਾਂ ਕਿਹਾ ਕਿ ਸਰਕਾਰ ਅਤੇ ਪੁਲਿਸ ਇਸ ਨੂੰ ਸਿਰਫ ਅਮਨ ਤੇ ਕਾਨੂੰਨ ਦੇ ਮਸਲੇ ਵਜੋਂ ਨਾ ਲਵੇ, ਸਗੋਂ ਇਸ ਘਟਨਾ ਦੀ ਧਾਰਮਿਕ ਸੰਵੇਦਨਸ਼ੀਲਤਾ ਤੇ ਭਾਵਨਾਤਮਕ ਗੰਭੀਰਤਾ ਨੂੰ ਵੀ ਧਿਆਨ ਵਿੱਚ ਰੱਖੇ। ਉਨਾਂ ਕਿਹਾ ਕਿ ਪਿਛਲੇ ਪੰਜ-ਛੇ ਸਾਲਾਂ ਦੌਰਾਨ ਪੰਜਾਬ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ 400 ਤੋਂ ਵੱਧ ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਕਾਨੂੰਨ ਕਿਸੇ ਇਕ ਵੀ ਦੋਸ਼ੀ ਨੂੰ ਮਿਸਾਲੀ ਸਜ਼ਾ ਨਹੀਂ ਦੇ ਸਕਿਆ।

ਉਨਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਸਿੱਖਾਂ ਨੂੰ ਇਨਸਾਫ਼ ਦੇਣ ਵਿੱਚ ਭਾਰਤੀ ਨਿਆਂ ਪ੍ਰਬੰਧ ਦੀ ਨਾਕਾਮੀ ਕਾਰਨ ਹੀ ਸਿੰਘੂ ਘਟਨਾ ਵਾਪਰੀ ਹੈ। ਉਨਾਂ ਕਿਹਾ ਕਿ ਇਸ ਮਾਮਲੇ ਦੀ ਕਿਸੇ ਨਿਰਪੱਖ ਏਜੰਸੀ ਕੋਲੋਂ ਜਾਂਚ ਹੋਣੀ ਚਾਹੀਦੀ ਹੈ, ਜੋ ਇਸ ਘਟਨਾ ਦੇ ਸਾਰੇ ਪਹਿਲੂਆਂ ਦੀ ਡੂੰਘਾਈ ਨਾਲ ਜਾਂਚ ਕਰੇ। ਉਨਾਂ ਮੀਡੀਆ ਨੂੰ ਵੀ ਕਿਹਾ ਕਿ ਸਿੰਘੂ ਘਟਨਾ ਦੇ ਅਧੂਰੇ ਪੱਖ ਦਿਖਾ ਕੇ ਸਿੱਖਾਂ ਦਾ ਅਕਸ ਖ਼ਰਾਬ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜਥੇਦਾਰ ਦਾ ਇਹ ਇਹ ਬਿਆਨ ਪੰਥਕ ਭਾਵਨਾਵਾਂ ਦੀ ਪ੍ਰਤੀਨਿਧਤਾ ਕਰਦਾ ਹੈ।

# ਲਖੀਮਪੁਰ ਖੀਰੀ ਕਾਂਡ ਕਾਰਨ ਭਾਜਪਾ ਦੀ ਸ਼ਾਖ ਡਿੱਗੀ

**ਅਭੈ ਕੁਮਾਰ**

ਪਿਛਲੇ ਹਫ਼ਤੇ ਇਸੇ ਸਬੰਧ 'ਚ ਚਰਚਾ ਕੀਤੀ ਗਈ ਸੀ ਕਿ ਕਿਸ ਤਰਾਂ ਜਾਤੀਵਾਦ ਗਠਜੋੜ ਬਣਾਉਣ ਦੀ ਰਾਜਨੀਤੀ ਤੋਂ ਪੈਦਾ ਹੋਈਆਂ ਦੁਬਿਧਾਵਾਂ ਕਾਰਨ ਭਾਜਪਾ ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀ ਕੇਂਦਰੀ ਗ੍ਰਹਿ ਰਾਜ ਮੰਤਰੀ ਤੇ ਉਨਾਂ ਦੇ ਬੇਟੇ ਦੇ ਬਾਰੇ ਖ਼ਿਲਾਫ਼ਤ ਅਤੇ ਅੰਦਰੂਨੀ ਵਿਰੋਧੀਆਂ 'ਚ ਫਸੀ ਰਹੀ ਹੈ। ਅਜਿਹਾ ਲਗਦਾ ਹੈ ਕਿ ਭਾਜਪਾ ਦੇ ਕੇਂਦਰੀ ਅਗਵਾਈ ਦੀ ਨੁਮਾਇੰਦਗੀ ਕਰਨ ਵਾਲੇ ਰਣਨੀਤੀਕਾਰ ਮਿਸ਼ਰਾ ਪਿਤਾ-ਪੁੱਤਰ ਨੂੰ ਕਾਨੂੰਨ ਦੇ ਗੁੱਸੇ ਤੋਂ ਬਚਾਉਣ ਦੇ ਪੱਖ ਵਿਚ ਸਨ, ਪਰ ਯੋਗੀ ਦੇ ਸੂਬਾ ਅਗਵਾਈਕਾਰ ਚਾਹੁੰਦੇ ਸਨ ਕਿ ਇਨਾਂ ਦੋਵਾਂ ਨੂੰ ਪਾਸੇ ਕਰ ਕੇ ਆਪਣੀ ਸਰਕਾਰ ਦੀ ਡਿਗਦੀ ਹੋਈ ਸਾਖ਼ ਨੂੰ ਹੋਰ ਡਿਗਣ ਤੋਂ ਰੋਕਿਆ ਜਾਵੇ। ਇਹੀ ਕਾਰਨ ਸੀ ਕਿ ਜਦੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਲਖਨਊ ਸਥਿਤ ਭਾਜਪਾ ਦੇ ਸੂਬਾ ਦਫ਼ਤਰ ਵਿਚ ਗਏ ਤਾਂ ਉੱਥੇ ਮੌਜੂਦ ਸੂਬਾ ਪ੍ਰਧਾਨ ਸਵਤੰਤਰ ਦੇਵ ਸਿੰਘ ਅਤੇ ਹੋਰ ਅਹੁਦੇਦਾਰਾਂ ਨੇ ਉਨਾਂ ਨਾਲ ਗੱਲ ਤੱਕ ਨਹੀਂ ਕੀਤੀ। ਫਿਰ ਸਵਤੰਤਰ ਦੇਵ ਨੇ ਬਿਆਨ ਦਿੱਤਾ ਕਿ ਭਾਜਪਾ ਲੋਕਾਂ ਨੂੰ ਗੱਡੀਆਂ ਨਾਲ ਕੁਚਲਣ ਦੀ ਰਾਜਨੀਤੀ ਨਹੀਂ ਕਰਦੀ।

ਇਸ ਰਵੱਈਏ ਦਾ ਨਤੀਜਾ ਇਹ ਨਿਕਲਿਆ ਕਿ ਜਿਵੇਂ ਹੀ ਕੇਂਦਰੀ ਮੰਤਰੀ ਅਜੈ ਮਿਸ਼ਰਾ ਦਾ ਬੇਟਾ ਆਸ਼ੀਸ਼ ਮਿਸ਼ਰਾ ਉਰਫ਼ ਮੋਨੂੰ ਵਿਸ਼ੇਸ਼ ਜਾਂਚ ਟੀਮ ਕੋਲ ਪੇਸ਼ ਹੋਇਆ ਤਾਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਰ ਇਸ ਦਾ ਮਤਲਬ ਇਹ ਨਹੀਂ ਕੱਢਿਆ ਜਾ ਸਕਦਾ ਕਿ ਇਸ ਕਾਰਵਾਈ ਨਾਲ ਭਾਜਪਾ ਦੀ ਸਰਕਾਰ ਦੇ ਅਕਸ ਨੂੰ ਪੁੱਜੇ ਨੁਕਸਾਨ ਦੀ ਭਰਪਾਈ ਹੋ ਗਈ ਹੈ। ਅਜਿਹੇ ਵੋਟਰ ਬਹੁਤ ਹਨ ਜੋ ਭਾਜਪਾ ਨਾਲ ਨਾਰਾਜ਼ ਹੋਣ ਦੇ ਬਾਵਜੂਦ ਉਸ ਖ਼ਿਲਾਫ਼ ਬੋਲਣ ਜਾਂ ਵੋਟ ਪਾਉਣ ਦਾ ਮਨ ਨਹੀਂ ਬਣਾ ਪਾ ਰਹੇ ਸਨ, ਉਹ ਇਸ ਕਾਂਡ ਨਾਲ ਘਬਰਾ ਗਏ ਹਨ। ਇਹ ਕਾਂਡ ਉਨਾਂ ਨੂੰ ਹੱਥ ਫੜ ਕੇ ਭਾਜਪਾ-ਵਿਰੋਧੀ ਪਾਲੇ 'ਚ ਲਿਜਾਣ ਦੀ ਭੂਮਿਕਾ ਨਿਭਾਅ ਰਿਹਾ ਹੈ। ਹਕੀਕਤ ਇਹ ਹੈ ਕਿ ਲਖੀਮਪੁਰ ਖੀਰੀ ਵਿਚ ਕਾਰ ਦੇ ਟਾਇਰਾਂ ਨਾਲ ਕੁਚਲ ਕੇ ਮਾਰੇ ਗਏ ਕਿਸਾਨਾਂ ਦਾ ਖ਼ੂਨ ਪੂਰੀਆਂ ਚੋਣਾਂ ਦੀ ਤਸਵੀਰ ਬਦਲ ਰਿਹਾ ਹੈ।

ਜਿੱਥੋਂ ਤੱਕ ਕਾਂਗਰਸ ਦਾ ਸਵਾਲ ਹੈ, ਲਖੀਮਪੁਰੀ ਖੀਰੀ ਕਾਂਡ ਨੇ ਉਸ ਦੇ ਲਈ ਇਸ ਤੋਂ ਵੀ ਜ਼ਿਆਦਾ ਦਿਲਚਸਪ ਭੂਮਿਕਾ ਨਿਭਾਈ ਹੈ। ਪ੍ਰਿਅੰਕਾ ਗਾਂਧੀ ਨੇ ਜਿਸ ਜੋਸ਼ ਅਤੇ ਹਮਲਾਵਰ ਰੁਖ਼ ਨਾਲ ਇਸ ਕਾਂਡ ਦੇ ਇਰਦ-ਗਿਰਦ ਸਿਆਸਤ ਕੀਤੀ ਹੈ, ਉਸ ਨਾਲ ਕਈ ਲੋਕਾਂ ਨੂੰ ਉਮੀਦ ਹੋ ਗਈ ਹੈ ਕਿ ਸ਼ਾਇਦ ਹੁਣ ਉੱਤਰ ਪ੍ਰਦੇਸ਼ ਵਿਚ ਕਾਂਗਰਸ ਦੀ ਸਥਿਤੀ ਮਜ਼ਬੂਤ ਹੋ ਜਾਵੇਗੀ। ਪਰ ਕੀ ਹਕੀਕਤ ਵਿਚ ਅਜਿਹਾ ਹੋ ਸਕਦਾ ਹੈ? ਮੇਰਾ ਮੰਨਣਾ ਹੈ ਕਿ ਪ੍ਰਿਅੰਕਾ ਦੀ ਇਸ ਸਿਆਸਤ ਨਾਲ ਕਾਂਗਰਸ ਨੂੰ ਲਾਭ ਤਾਂ ਹੋਵੇਗਾ, ਪਰ ਉੱਤਰ ਪ੍ਰਦੇਸ਼ ਵਿਚ ਨਾ ਹੋ ਕੇ ਪੰਜਾਬ 'ਤੇ ਉਸ ਦਾ ਅਸਰ ਜ਼ਿਆਦਾ ਪੈ ਸਕਦਾ ਹੈ। ਸ਼ਾਇਦ ਪ੍ਰਿਅੰਕਾ ਵੀ ਜਾਣਦੀ ਹੋਵੇਗੀ ਕਿ ਲਖੀਮਪੁਰ ਖੀਰੀ ਕਾਂਡ ਵਿਚ ਤਿੰਨ ਦਿਨ ਤੱਕ ਜੇਲ ਜਾ ਕੇ ਅਤੇ ਝਾੜੂ ਲਗਾ ਕੇ ਉਹ ਪੰਜਾਬ ਵਿਚ ਆਪਣੀ ਵਿਗੜੀ ਹੋਈ ਜ਼ਮੀਨ ਨੂੰ ਕੁਝ ਸੁਧਾਰ ਲਵੇਗੀ, ਨਾ ਕਿ ਉੱਤਰ ਪ੍ਰਦੇਸ਼ ਵਿਚ ਹਵਾ ਦਾ ਰੁਖ਼ ਉਨਾਂ ਵੱਲ ਮੁੜੇਗਾ। ਪੰਜਾਬ 'ਚ ਕਾਂਗਰਸ ਦੀ ਅੱਜ ਜੋ ਹਾਲਤ ਹੈ, ਉਸ ਦੀ ਜ਼ਿੰਮੇਵਾਰੀ ਸਿੱਧੇ ਤੌਰ 'ਤੇ ਪ੍ਰਿਅੰਕਾ ਗਾਂਧੀ ਦੀ ਹੀ ਹੈ। ਅਜੇ ਤੱਕ ਉਨਾਂ ਨੇ ਅਤੇ ਰਾਹੁਲ ਨੇ ਪੰਜਾਬ ਕਾਂਗਰਸ ਦੇ ਘਟਨਾਕ੍ਰਮ 'ਤੇ ਮੀਡੀਆ ਵਿਚ ਮੂੰਹ ਨਹੀਂ ਖੋਲਿਆ ਹੈ। ਪ੍ਰਿਅੰਕਾ ਦੀਆਂ ਪਹਿਲਕਦਮੀਆਂ ਤੋਂ ਇਨਾਂ ਭੈਣ-ਭਰਾ ਨੂੰ ਉਮੀਦ ਬੱਝੀ ਹੈ ਕਿ ਸ਼ਾਇਦ ਇਤਿਹਾਸ ਹੁਣ ਉਨਾਂ ਦੇ ਨਾਲ ਨਰਮੀ ਨਾਲ ਪੇਸ਼ ਆਏਗਾ।



**ਵਿਸ਼ੇਸ਼ ਮੁੱਦਾ**

ਉੱਤਰ ਪ੍ਰਦੇਸ਼ ਵਿਚ ਜੇਕਰ ਕਾਂਗਰਸ ਨੇ ਕਾਮਯਾਬ ਹੋਣਾ ਹੈ ਤਾਂ ਉਸ ਨੂੰ ਸਮਾਜਿਕ ਗੱਠਜੋੜ ਬਣਾਉਣੇ ਹੋਣਗੇ। ਇਸ ਲਈ ਜ਼ਰੂਰੀ ਹੈ ਕਿ ਕੋਈ ਇਕ ਵੱਡੀ ਜਾਤੀ ਦਿਲੋਂ ਉਸ ਦਾ ਸਾਥ ਦੇਵੇ। ਨਾਲ ਹੀ ਕਾਂਗਰਸ ਕਿਸੇ ਹਰਮਨ-ਪਿਆਰੇ ਵਿਚਾਰਾਂ ਦੇ ਘੋੜੇ 'ਤੇ ਸਵਾਰ ਹੋ ਕੇ ਵੋਟਰਾਂ ਦੇ ਸਾਹਮਣੇ ਕੁਝ ਆਕਰਸ਼ਕ ਪ੍ਰਸਤਾਵ ਪੇਸ਼ ਕਰੇ। ਅਜਿਹਾ ਨਾ ਹੋਣ 'ਤੇ ਜਾਤੀਵਾਦੀ ਗਠਜੋੜ ਵੀ ਅਖੀਰ ਕੰਮ ਆਉਣ ਤੋਂ ਮਨਾ ਕਰ ਦਿੰਦੇ ਹਨ। ਕਈ ਪਾਰਟੀਆਂ ਇਸ ਤਰਾਂ ਦੇ ਹਸ਼ਰ ਦਾ ਸ਼ਿਕਾਰ ਹੋ ਚੁੱਕੀਆਂ ਹਨ। ਇਕ ਪੁਰਾਣੀ ਕਹਾਵਤ ਹੈ ਕਿ ਜੋ ਤਲਵਾਰ ਦੇ ਦਮ 'ਤੇ ਜਿੱਤਿਆ ਹੈ, ਉਹ ਤਲਵਾਰ ਦੇ ਘਾਟ ਉੱਤਰਨ ਤੋਂ ਨਹੀਂ ਬਚ ਸਕਦਾ। ਇਸ ਕਹਾਵਤ ਦੇ ਸ਼ੀਸ਼ੇ ਵਿਚ ਭਾਰਤ ਦੀ ਲੋਕਤੰਤਰਿਕ ਰਾਜਨੀਤੀ ਦੇਖੀ ਜਾ ਸਕਦੀ ਹੈ। ਬੱਸ ਤਲਵਾਰ ਦੀ ਜਗਾ 'ਜਾਤੀ' ਸ਼ਬਦ ਨੂੰ ਰੱਖ ਦੇਣਾ ਹੋਵੇਗਾ। ਜੋ ਰਾਜਨੀਤੀ ਜਾਤੀ ਦੇ ਦਮ 'ਤੇ ਕਾਮਯਾਬ ਹੁੰਦੀ ਹੈ, ਉਹ ਜਾਤੀ ਦੇ ਹਥਿਆਰ ਨਾਲ ਹੀ ਨਾਕਾਮ ਕਰ ਦਿੱਤੀ ਜਾਂਦੀ ਹੈ। ਇਸ ਕਥਨ ਨੂੰ ਪ੍ਰਮਾਣਿਤ ਕਰਨ ਲਈ ਪਤਾ ਨਹੀਂ ਕਿੰਨੀਆਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਦੀ ਸਭ ਤੋਂ ਪ੍ਰਭਾਵਸ਼ਾਲੀ ਉਦਾਹਰਨ ਹੈ ਸਮਾਜਿਕ ਨਿਆਂ ਦੀ ਰਾਜਨੀਤੀ ਦਾ ਦਾਅਵਾ ਕਰਨ ਵਾਲੀਆਂ ਪਾਰਟੀਆਂ। ਕਿਸੇ ਇਕ ਪ੍ਰਧਾਨ ਜਾਤੀ ਨੂੰ ਆਧਾਰ ਬਣਾ ਕੇ ਉਸ ਦੇ ਇਰਦ-ਗਿਰਦ ਹੋਰ ਜਾਤੀਆਂ ਨੂੰ ਜੋੜ ਕੇ ਸੱਤਾ ਪਾਉਣ ਦੀ ਰਣਨੀਤੀ ਬਣਾਉਣ ਵਾਲੇ ਇਹ ਦਲ ਆਪਣੇ ਇਸ ਫ਼ਾਰਮੂਲੇ ਦੇ ਕਾਰਨ ਕਰੀਬ-ਕਰੀਬ ਤੀਹ ਸਾਲ ਤੱਕ ਸਫਲਤਾ ਦਾ ਸਵਾਦ ਚੱਖਦੇ ਰਹੇ। ਕਿਉਂਕਿ ਇਨਾਂ ਦਲਾਂ ਦੇ ਕੋਲ ਸਮਾਜਿਕ ਨਿਆਂ ਦੇ ਨਾਂ 'ਤੇ 'ਜਾਤੀ-ਪਲੱਸ' ਦੀ ਰਾਜਨੀਤੀ ਕਰਨ ਦੇ ਸੰਕਲਪ ਤੋਂ ਇਲਾਵਾ ਹੋਰ ਯੋਜਨਾ ਦੀ ਘਾਟ ਸੀ, ਇਸ ਲਈ ਭਾਜਪਾ ਨੇ ਜਾਤੀ ਦੀ ਉਹੀ ਰਾਜਨੀਤੀ ਕਰਨ ਦਾ ਬਿਹਤਰ ਕੌਸ਼ਲ ਦਿਖਾ ਕੇ ਇਨਾਂ ਨੂੰ ਇਨਾਂ ਦੀ ਖੇਡ ਵਿਚ ਹੀ ਮਾਤ ਦੇ ਦਿੱਤੀ।

ਦੂਜੇ ਪਾਸੇ ਭਾਜਪਾ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਉਹ ਵੀ ਦੂਜਿਆਂ ਦੀ ਤਰਾਂ ਜਾਤੀਆਂ ਦੀ ਜੋੜ-ਤੋੜ ਨਹੀਂ ਕਰੇਗੀ ਅਤੇ ਉਸ ਦੇ ਕੋਲ ਵੀ 'ਜਾਤੀ-ਪਲੱਸ' ਵਰਗਾ ਕੋਈ ਨਾ ਕੋਈ ਸੰਕਲਪ ਜ਼ਰੂਰ ਹੋਵੇਗਾ, ਭਾਵੇਂ ਉਹ ਹਿੰਦੂਤਵ ਦੀ ਵਿਚਾਰਧਾਰਾ ਤੋਂ ਨਿਕਲਦਾ ਹੋਵੇ ਜਾਂ ਕਮਜ਼ੋਰ ਜਾਤੀਆਂ ਨੂੰ ਰਾਜਨੀਤੀ ਦੇ ਮੈਦਾਨ ਵਿਚ ਬਰਾਬਰ ਦਾ ਮੌਕਾ ਦੇਣ ਵਾਲਾ ਹੋਵੇ। ਪਰ ਹੌਲੀ-ਹੌਲੀ ਸਾਫ਼ ਹੁੰਦਾ ਜਾ ਰਿਹਾ ਹੈ ਕਿ ਭਾਜਪਾ ਦਾ ਜਾਤੀ ਆਧਾਰਿਤ ਗੱਠਜੋੜ ਦੂਜਿਆਂ ਦੇ ਮੁਕਾਬਲੇ ਆਕਾਰ ਵਿਚ ਵੱਡਾ ਅਤੇ ਜਾਤੀਆਂ ਦੇ ਲਿਹਾਜ਼ ਨਾਲ ਜ਼ਿਆਦਾ ਵੱਖਰਾ ਹੈ, ਪਰ 'ਜਾਤੀ-ਪਲੱਸ' ਉਸ 'ਚੋਂ ਵੀ ਗ਼ਾਇਬ ਹੈ। ਜੇਕਰ ਅਜਿਹਾ ਨਾ ਹੁੰਦਾ ਤਾਂ ਅੱਜਕੱਲ ਉੱਤਰ ਪ੍ਰਦੇਸ਼ ਦੀਆਂ ਚੋਣਾਂ ਦੀ ਤਿਆਰੀ ਕਰਦੇ ਸਮੇਂ ਬ੍ਰਾਹਮਣ, ਜਾਟ ਅਤੇ ਗੁੱਜਰ ਵਰਗੇ ਪ੍ਰਮੁੱਖ ਜਾਤੀ ਸਮੂਹਾਂ ਦੇ ਹੱਥੋਂ ਨਿਕਲਣ ਦੀ ਸ਼ੰਕਾ ਨਾਲ ਉਨਾਂ ਦੇ ਸਾਹ ਨਾ ਫੁੱਲ ਰਹੇ ਹੁੰਦੇ। ਹੋਰ ਤਾਂ ਹੋਰ ਉੱਤਰ ਪ੍ਰਦੇਸ਼ ਇਸ ਸਮੇਂ ਇਹ ਗਰੰਟੀ ਵੀ ਨਹੀਂ ਦੇ ਸਕਦਾ ਕਿ ਪਿਛਲੀਆਂ ਤਿੰਨ ਚੋਣਾਂ ਦੀ ਤਰਾਂ ਸਾਰੇ ਗ਼ੈਰ-ਯਾਦਵ ਪਛੜੇ ਵਰਗ ਅਤੇ ਗ਼ੈਰ-ਜਾਟਵ ਦਲਿਤ ਇਸ ਵਾਰ ਵੀ ਉਸ ਦੇ ਨਾਲ ਬਣੇ ਰਹਿਣਗੇ।

ਦਰਅਸਲ, ਸਿਰਫ਼ ਤੇ ਸਿਰਫ਼ ਜਾਤੀਆਂ ਦੇ ਜੋੜ-ਤੋੜ ਦੀ ਰਾਜਨੀਤੀ ਜਲਦ ਹੀ ਡੱਡੂ ਤੋਲਣ ਦੀ ਸਰਗਰਮੀ ਵਿਚ ਬਦਲ ਜਾਂਦੀ ਹੈ। ਹੁਣ ਇਕ ਡੱਡੂ ਚੁੱਕ ਕੇ ਪੱਲੜੇ 'ਚ ਰੱਖਦੇ ਹਨ, ਤਾਂ ਦੂਜਾ ਛਾਲ ਮਾਰ ਕੇ ਬਾਹਰ ਨਿਕਲ ਜਾਂਦਾ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਗੁਜਰਾਤ 'ਚ ਆਪਣਾ ਇਹ ਹਸ਼ਰ ਹੁੰਦਾ ਦੇਖ ਚੁੱਕੀ ਹੈ। ਮਾਧਵ ਸਿੰਘ ਸੋਲੰਕੀ ਦੀ ਅਗਵਾਈ ਵਿਚ ਉਸ ਨੇ 'ਖ਼ਾਮ' (ਕੋਲੀ, ਕਸ਼ੱਤਰੀ, ਹਰੀਜਨ, ਆਦਿਵਾਸੀ, ਮੁਸਲਮਾਨ) ਦੀ ਰਾਜਨੀਤੀ ਕਰਕੇ ਵਿਧਾਨ ਸਭਾ ਚੋਣਾਂ ਜਿੱਤ ਲਈਆਂ। ਪਰ ਇਸ ਦਾ ਉਲਟਾ ਅਸਰ ਇਹ ਹੋਇਆ ਕਿ ਪਟੇਲ ਵੋਟ ਉਸ ਦੇ ਹੱਥੋਂ ਸਦਾ-ਸਦਾ ਲਈ ਨਿਕਲ ਗਏ। ਗੁਜਰਾਤ ਵਿਚ ਭਾਜਪਾ ਦੇ ਲੰਬੇ ਦਬਦਬੇ ਦੀ ਬੁਨਿਆਦ ਇਸੇ 'ਖ਼ਾਸ' ਰਾਜਨੀਤੀ ਨੇ ਰੱਖੀ ਸੀ।

ਇਹ ਸਹੀ ਹੈ ਕਿ ਸਮਾਜ ਜਾਤੀਆਂ ਵਿਚ ਵੰਡਿਆ ਹੋਇਆ ਹੈ ਅਤੇ ਰਾਜਨੀਤਕ ਯੋਜਨਾਬੰਦੀ ਦੀ ਸਭ ਤੋਂ ਪ੍ਰਮੁੱਖ ਇਕਾਈ ਜਾਤੀ ਹੀ ਹੈ। ਪਰ ਜਾਤੀਆਂ ਸੱਤਾ ਵਿਚ ਭਾਗੀਦਾਰੀ ਹੀ ਨਹੀਂ, ਸਗੋਂ ਆਰਥਿਕ ਵਿਕਾਸ ਦੇ ਨਾਲ-ਨਾਲ ਸਮਾਜਿਕ, ਵਿਚਾਰਕ ਅਤੇ ਸੰਸਕ੍ਰਿਤਕ ਛੋਹ ਵੀ ਚਾਹੁੰਦੀਆਂ ਹਨ। ਇਹੀ ਹੈ ਉਹ 'ਜਾਤੀ-ਪਲੱਸ' ਜਿਸ ਨੂੰ ਮੁਹੱਈਆ ਕਰਵਾਉਣ 'ਚ ਪਾਰਟੀਆਂ ਅਸਫਲ ਰਹਿੰਦੀਆਂ ਹਨ। ਸੱਚਾ ਹੋਵੇ ਜਾਂ ਝੂਠਾ, ਅਜ਼ਾਦੀ ਤੋਂ ਬਾਅਦ ਸਿਰਫ਼ ਕਾਂਗਰਸ ਦੇ ਕੋਲ ਇਹ ਛੋਹ ਸੀ। ਜਿਵੇਂ ਹੀ ਕਾਂਗਰਸ ਵੀ ਜਾਤੀਆਂ ਦੇ ਖੋਖਲੇ ਗੱਠਜੋੜ ਬਣਾਉਣ ਵਿਚ ਲੱਗੀ, ਉਸ ਦੇ ਪੱਲੜੇ 'ਚੋਂ ਵੀ ਡੱਡੂਆਂ ਨੇ ਛਾਲ ਮਾਰਨੀ ਸ਼ੁਰੂ ਕਰ ਦਿੱਤੀ। ਕਾਂਗਰਸ ਦਾ ਇਹ ਹਸ਼ਰ ਹੋਣਾ ਕਰੀਬ ਵੀਹ ਸਾਲ ਬਾਅਦ ਸ਼ੁਰੂ ਹੋਇਆ ਸੀ। ਭਾਜਪਾ ਖ਼ੁਦ ਨੂੰ ਵਿਚਾਰਧਾਰਾਤਮਿਕ ਪਾਰਟੀ ਜ਼ਰੂਰ ਕਹਿੰਦੀ ਹੈ, ਪਰ ਇਸ ਦੇ ਬਾਵਜੂਦ ਉਸ ਦੀ ਹੇਠਾਂ ਵੱਲ ਦੀ ਰਫ਼ਤਾਰ ਕਾਂਗਰਸ ਦੇ ਮੁਕਾਬਲੇ ਕਾਫ਼ੀ ਘੱਟ ਸਮੇਂ ਵਿਚ ਤੇਜ਼ ਹੁੰਦੀ ਦਿਖ ਰਹੀ ਹੈ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205




# ਪੰਜਾਬ ਦੀ ਖੇਤੀਬਾੜੀ ਨੂੰ ਦਰੁਸਤ ਕਰਨ ਦੀ ਲੋੜ

**ਡਾ. ਗਿਆਨ ਸਿੰਘ**

ਜਰਨਲ ਆਫ ਦੀ ਇੰਡੀਅਨ ਸੋਸ਼ਲ ਸਾਇੰਸ ਇੰਸਟੀਚਿਊਸ਼ਨਜ਼ ਦੇ ਜੁਲਾਈ-ਸਤੰਬਰ 2021 ਦੇ ਅੰਕ ਵਿਚ ਡਿਪਾਰਟਮੈਂਟ ਆਫ ਇਕਨੌਮਿਕਸ, ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟਰੀਅਲ ਡਿਵੈਲਮੈਂਟ ਚੰਡੀਗੜ ਦੇ ਪੀਐੱਚਡੀ ਸਕਾਲਰ ਕਰੀਤੀ ਜੈਨ ਅਤੇ ਪ੍ਰੋਫੈਸਰ ਸੁੱਚਾ ਸਿੰਘ ਗਿੱਲ ਦੇ ਛਪੇ ਇਕ ਖੋਜ ਪਰਚੇ 'ਐਨਵਾਇਰਨਮੈਂਟ ਇੰਪੈਕਟਸ ਆਫ ਗਰਾਊਂਡਵਾਟਰ ਇਰੀਗੇਸ਼ਨ ਇਕੌਨਮੀ : ਏ ਕੇਸ ਸਟੱਡੀ ਆਫ ਇੰਡੀਅਨ ਪੰਜਾਬ' ਵਿਚ ਧਰਤੀ ਹੇਠਲੇ ਪਾਣੀ ਨਾਲ ਚੱਲ ਰਹੇ ਖੇਤੀਬਾੜੀ ਢਾਂਚੇ ਦੇ ਵੱਖ ਵੱਖ ਪੱਖਾਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਅਧਿਐਨ ਪੰਜਾਬ ਦੇ 4 ਜ਼ਿਲਿਆਂ ਦੇ 320 ਕਿਸਾਨ ਪਰਿਵਾਰਾਂ ਦੇ ਸਰਵੇਖਣ ਉੱਪਰ ਆਧਾਰਿਤ ਹੈ। ਇਸ ਦੇ ਨਤੀਜੇ ਇਹ ਦੱਸਣ ਦੀ ਕੋਸ਼ਿਸ਼ ਹਨ ਕਿ ਪੰਜਾਬ ਵਿਚ ਖੇਤੀਬਾੜੀ ਵਿਧੀਆਂ ਨਾਲ਼ ਵਾਤਾਵਰਨ ਨੂੰ ਦਰੁਸਤ ਨਹੀਂ ਰੱਖਿਆ ਜਾ ਸਕਿਆ। ਉੱਚੀ ਫ਼ਸਲ ਘਣਤਾ ਅਤੇ ਖੇਤੀ ਇਨਪੁਟਸ ਦੀ ਵਰਤੋਂ ਨਾਲ਼ ਭਰਪੂਰ ਖੇਤੀਬਾੜੀ ਢਾਂਚੇ ਦੁਆਰਾ ਧਰਤੀ, ਹਵਾ, ਪਾਣੀ ਅਤੇ ਮਨੁੱਖਾਂ ਵਿਚ ਵਿਗਾੜ ਆਏ ਹਨ। ਮਸ਼ੀਨੀਕਰਨ ਨਾਲ਼ ਭਾਵੇਂ ਖੇਤੀ ਉਤਪਾਦਕਤਾ ਵਧੀ ਹੈ ਪਰ ਇਸ ਕਾਰਨ ਵਾਤਾਵਰਨ ਵਿਚ ਵਿਗਾੜ ਆਏ ਹਨ। ਐੱਨਸੀਆਰ ਅਤੇ ਇਸ ਨਾਲ਼ ਲੱਗਦੇ ਸੂਬਿਆਂ ਵਿਚ ਝੋਨੇ ਦੀ ਫ਼ਸਲ ਦੀ ਕਟਾਈ ਮੌਕੇ ਧੁਆਂਖੀ ਧੁੰਦ ਕਾਰਨ ਸੜਕ ਹਾਦਸਿਆਂ ਅਤੇ ਸਿਹਤ ਸੰਬੰਧੀ ਆਫ਼ਤਾਂ ਨਾਲ ਹਰ ਸਾਲ ਵੱਡੀ ਗਿਣਤੀ ਵਿਚ ਮੌਤਾਂ ਹੁੰਦੀਆਂ ਹਨ। ਇਨਾਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਖੋਜ ਅਧਿਐਨ ਵਿਚ ਇਹ ਸਮਝਾਉਣ ਦੀ ਕੋਸ਼ਿਸ਼ ਹੈ ਕਿ ਕਿਸਾਨਾਂ ਵਿਚ ਮਿੱਟੀ ਦੀ ਪਰਖ ਕਰਵਾਉਣ ਦੇ ਫ਼ਾਇਦੇ ਅਤੇ ਜੈਵਿਕ ਖਾਦਾਂ ਅਤੇ ਜੈਵਿਕ-ਕੀਟਨਾਸ਼ਕਾਂ ਦੀ ਵਰਤੋਂ ਸੰਬੰਧੀ ਜਾਗਰੂਕਤਾ ਫੈਲਾਉਣ ਦੀ ਸਖ਼ਤ ਜ਼ਰੂਰਤ ਹੈ। ਹਰੇ ਇਨਕਲਾਬ ਕਾਰਨ ਉਪਜਾਊ ਭੂਮੀ ਘਟੀ ਹੈ, ਕੁਦਰਤੀ ਫ਼ਸਲੀ ਵੰਨ-ਸਵੰਨਤਾ ਨੂੰ ਵੀ ਢਾਹ ਲੱਗੀ ਹੈ। ਨਤੀਜੇ ਵਜੋਂ ਪੰਜਾਬ ਨੂੰ ਬਹੁਤਾਤ ਦੀ ਜਗਾ ਥੁੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੇ ਵਿਗੜਦੇ ਵਾਤਾਵਰਨ ਲਈ ਕਿਸਾਨਾਂ ਦੀ ਅਗਿਆਨਤਾ ਨੂੰ ਕੇਂਦਰ ਬਿੰਦੂ ਬਣਾਉਣ ਦਾ ਯਤਨ ਕੀਤਾ ਗਿਆ ਹੈ।

ਇਸ ਵਿਚ ਭੋਰਾ ਵੀ ਸ਼ੱਕ ਨਹੀਂ ਕਿ ਪਿਛਲੇ ਕਾਫ਼ੀ ਸਮੇਂ ਤੋਂ ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਵਿਚ ਵੱਡੇ ਪੱਧਰ ਉੱਪਰ ਵਿਗਾੜ ਆਏ ਹਨ ਜਿਨਾਂ ਦਾ ਜੀਵਾਂ ਦੀ ਜ਼ਿੰਦਗੀ ਉੱਪਰ ਮਾਰੂ ਅਸਰ ਪੈ ਰਿਹਾ ਹੈ। ਕੁਝ ਦਹਾਕੇ ਪਹਿਲਾਂ ਕੁਦਰਤੀ ਫ਼ਸਲੀ ਵੰਨ-ਸਵੰਨਤਾ ਸਦਕਾ ਇੱਥੋਂ ਦੀ ਧਰਤੀ ਉਪਜਾਊ, ਹਵਾ ਅਤੇ ਪਾਣੀ ਦੇ ਸ਼ੁੱਧ ਹੋਣ ਕਾਰਨ ਵਾਤਾਵਰਨ ਦਰੁਸਤ ਅਤੇ ਵੱਖ ਵੱਖ ਪੱਖਾਂ ਤੋਂ ਆਰਥਿਕਤਾ



ਆਮ ਤੌਰ ਤੇ ਮੁਲਕ ਦੇ ਬਾਕੀ ਦੇ ਸਾਰੇ ਸੂਬਿਆਂ ਨਾਲੋਂ ਅੱਗੇ ਸੀ ਅਤੇ ਲੋਕਾਂ ਦੇ ਸਮਾਜਿਕ ਸੰਬੰਧ ਨਿੱਘੇ ਸਨ।

ਦੂਜੀ ਸੰਸਾਰ ਜੰਗ ਦੌਰਾਨ ਮੁਲਕ, ਅਨਾਜ ਦੀ ਭਾਰੀ ਥੁੜ ਅਤੇ ਇਨਾਂ ਦੀਆਂ ਹੱਦੋਂ ਵੱਧ ਵਧਦੀਆਂ ਕੀਮਤਾਂ ਦਾ ਸਾਹਮਣਾ ਕਰ ਰਿਹਾ ਸੀ। ਪਹਿਲੀ ਪੰਜ ਸਾਲਾ ਯੋਜਨਾ (1951-56) ਦੌਰਾਨ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਮੁੱਖ ਤਰਜੀਹ ਦਿੱਤੇ ਜਾਣ ਸਦਕਾ ਇਨਾਂ ਸਮੱਸਿਆਵਾਂ ਤੇ ਕਾਬੂ ਪਾਇਆ ਜਾ ਸਕਿਆ ਪਰ ਦੂਜੀ ਪੰਜ ਸਾਲਾ ਯੋਜਨਾ (1956-61) ਦੌਰਾਨ ਕੇਂਦਰ ਸਰਕਾਰ ਵੱਲੋਂ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੀ ਜਗਾ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦੇਣ ਕਾਰਨ ਮੁਲਕ ਨੂੰ ਮੁੜ ਤੋਂ ਅਨਾਜ ਦੀ ਥੁੜ ਦਾ ਸਾਹਮਣਾ ਕਰਨਾ ਪਿਆ। 1964-66 ਦੇ ਦੋ ਸਾਲਾਂ ਦੌਰਾਨ ਮੁਲਕ ਦੇ ਜ਼ਿਆਦਾ ਭਾਗਾਂ ਵਿਚ ਸੋਕਾ ਪੈਣ ਕਾਰਨ ਅਨਾਜ ਪਦਾਰਥਾਂ ਦੀ ਥੁੜ ਵਿਚ ਬਹੁਤ ਵਾਧਾ ਹੋਇਆ। ਅਨਾਜ ਦੀ ਥੁੜ ਇੰਨੀ ਵਧ ਗਈ ਕਿ ਤਤਕਾਲੀ ਕੇਂਦਰ ਸਰਕਾਰ ਨੂੰ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ। ਆਖ਼ੀਰ ਸਰਕਾਰ ਨੇ ਅਮਰੀਕਾ ਤੋਂ ਪੀਐੱਲ 480 ਅਧੀਨ ਅਨਾਜ ਮੰਗਾਵਇਆ ਜਿਸ ਦੀ ਮੁਲਕ ਨੂੰ ਵੱਡੀ ਕੀਮਤ ਤਾਰਨੀ ਪਈ। ਇਸ ਸਮੱਸਿਆ 'ਤੇ ਕਾਬੂ ਪਾਉਣ ਲਈ ਸਰਕਾਰ ਨੇ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਦਾ ਫ਼ੈਸਲਾ ਕੀਤਾ। ਖੇਤੀਬਾੜੀ ਦੀ ਇਹ ਜੁਗਤ ਵੱਧ ਝਾੜ ਦੇਣ ਵਾਲ਼ੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ ਅਤੇ ਹੋਰ ਰਸਾਇਣਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਪੁਲੰਦਾ ਸੀ। ਕੇਂਦਰ ਸਰਕਾਰ ਨੇ ਇਸ ਜੁਗਤ ਦਾ ਕੰਮ ਤਰਜੀਹੀ ਤੌਰ ਤੇ ਪੰਜਾਬ ਵਿਚ ਸ਼ੁਰੂ ਕੀਤਾ। ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਅਮੀਰ ਕੁਦਰਤੀ ਸਾਧਨਾਂ ਦੀ ਲੋੜੋਂ ਵੱਧ ਵਰਤੋਂ ਮੁਲਕ ਵਿਚ ਅਨਾਜ ਪਦਾਰਥਾਂ ਦੀ ਥੁੜ ਉੱਪਰ ਕਾਬੂ ਪਾਉਣ ਵਿਚ ਇੰਨੇ ਜ਼ਿਆਦਾ ਕਾਮਯਾਬ ਹੋਏ ਕਿ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ।

ਪੰਜਾਬ ਵਿਚ ਇਸ ਨਵੀਂ ਜੁਗਤ ਅਧੀਨ ਕਣਕ ਉਤਪਾਦਨ ਵਿਚ ਹੋਏ ਅਥਾਹ ਵਾਧੇ ਨਾਲ਼ ਕੁਝ ਬੁਨਿਆਦੀ ਤਬਦੀਲੀਆਂ ਆਈਆਂ ਜਿਸ ਨੂੰ ਹਰੇ ਇਨਕਲਾਬ ਦਾ ਨਾਮ ਦਿੱਤਾ ਗਿਆ। ਕੇਂਦਰ ਸਰਕਾਰ ਨੇ ਪੰਜਾਬ ਦੁਆਰਾ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਸ਼ਾਨਦਾਰ ਯੋਗਦਾਨ ਨੂੰ ਧਿਆਨ ਵਿਚ ਰੱਖਦੇ ਹੋਏ 1973 ਤੋਂ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫ਼ਸਲ ਪੰਜਾਬ ਦੇ ਸਿਰ ਮੜ ਦਿੱਤੀ। ਝੋਨੇ ਦੀ ਫ਼ਸਲ ਪੰਜਾਬ ਦੀਆਂ ਖੇਤੀਬਾੜੀ-ਜਲਵਾਯੂ ਹਾਲਤਾਂ ਅਨੁਸਾਰ ਢੁਕਵੀਂ ਫ਼ਸਲ ਨਹੀਂ ਸੀ। ਉਸ ਸਮੇਂ ਸਾਉਣੀ ਦੌਰਾਨ ਮੁੱਖ ਤੌਰ ਉੱਤੇ ਕਪਾਹ-ਨਰਮਾ ਤੇ ਮੱਕੀ ਦੀਆਂ ਫ਼ਸਲਾਂ ਸਨ ਅਤੇ ਕੁਝ ਇਕ ਸ਼ਿਵਾਲਕ ਨੀਮ ਪਹਾੜੀ ਖੇਤਰਾਂ ਵਿਚ ਬਾਸਮਤੀ ਝੋਨੇ ਦੀ ਲਵਾਈ ਹੁੰਦੀ ਸੀ। ਸਾਉਣੀ ਦੀਆਂ ਹੋਰ ਖੇਤੀਬਾੜੀ ਜਿਣਸਾਂ ਦੇ ਮੁਕਾਬਲੇ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ ਵੱਧ ਰੱਖਣ ਅਤੇ ਸਰਕਾਰ ਦੁਆਰਾ ਇਸ ਦੀ ਖ਼ਰੀਦਦਾਰੀ ਯਕੀਨੀ ਬਣਾਉਣ ਕਾਰਨ ਕਣਕ ਅਤੇ ਝੋਨਾ ਪੰਜਾਬ ਦੀਆਂ ਮੁੱਖ ਫ਼ਸਲਾਂ ਬਣ ਗਈਆਂ ਅਤੇ ਬਣੀਆਂ ਹੋਈਆਂ ਹਨ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਤੇ ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨਵੀਂ ਮਿਹਨਤ ਅਤੇ ਕੁਦਰਤੀ ਸਾਧਨਾਂ ਦੀ ਲੋੜਾਂ ਤੋਂ ਕਿਤੇ ਵੱਧ ਵਰਤੋਂ ਨੇ ਕੇਂਦਰ ਸਰਕਾਰ ਦਾ ਅਨਾਜ ਭੜੋਲਾ ਤਾਂ ਨੱਕੋ-ਨੱਕ ਭਰਿਆ ਪਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਨੇ ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਵਿਚ ਵੱਡੇ ਵਿਗਾੜ ਪੈਦਾ ਕਰ ਦਿੱਤੇ।

ਪੰਜਾਬ ਵਿਚ ਖੇਤੀਬਾੜੀ ਉਤਪਾਦਨ ਵਿਚ ਵਰਤੀਆਂ ਜਾਣ ਵਾਲ਼ੀਆਂ ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ ਤੇ ਹੋਰ ਰਸਾਇਣਾਂ ਅਤੇ ਝੋਨੇ ਦੀ ਫ਼ਸਲ ਲਈ 'ਛੱਪੜ ਸਿੰਜਾਈ' ਵਿਧੀ ਕਾਰਨ ਭੂਮੀ ਦੀ ਉਪਜਾਊ ਸ਼ਕਤੀ ਲਗਾਤਾਰ ਘਟੀ। ਇਸ ਤੋਂ ਬਿਨਾ ਕੁਝ ਭੂਮੀ ਜਾਂ ਤਾਂ ਬੰਜਰ ਹੋ ਗਈ ਹੈ ਜਾਂ ਬੰਜਰ ਹੋਣ ਕਿਨਾਰੇ ਹੈ। ਰਸਾਇਣਾਂ, ਝੋਨੇ ਲਈ 'ਛੱਪੜ ਸਿੰਜਾਈ' ਅਤੇ ਮਜਬੂਰੀਵੱਸ ਝੋਨੇ ਦੀ ਪਰਾਲੀ ਤੇ ਕਣਕ ਦੀ ਨਾੜ ਨੂੰ ਅੱਗ ਲਗਾਉਣਾ ਇੱਥੋਂ ਦੇ ਵਾਤਾਵਰਨ ਨੂੰ ਲਗਾਤਾਰ ਗੰਧਲਾ ਕਰ ਰਹੇ ਹਨ। ਅੱਜਕੱਲ ਪੰਜਾਬ ਦਾ ਰੋਮ ਰੋਮ ਜ਼ਹਿਰੀਲਾ ਹੋ ਚੁੱਕਿਆ ਹੈ ਜਿਸ ਕਾਰਨ ਇੱਥੇ ਰਹਿਣ ਵਾਲੇ ਜੀਵ ਅਕਸਰ ਅਣਗਿਣਤ ਖ਼ਤਰਨਾਕ ਅਤੇ ਜਾਨਲੇਵਾ ਬਿਮਾਰੀਆਂ ਦੀ ਲਪੇਟ ਵਿਚ ਆਏ ਰਹਿੰਦੇ ਹਨ। ਧਰਤੀ ਹੇਠਲੇ ਪਾਣੀ ਦੇ ਪੱਧਰ ਅਤੇ ਉਸ ਦੇ ਮਿਆਰ ਪੱਖੋਂ ਪੰਜਾਬ ਮੁਲਕ ਦੇ ਸਾਰੇ ਸੂਬਿਆਂ ਵਿਚੋਂ ਅੱਵਲ ਸੀ। ਝੋਨੇ ਦੀ ਫ਼ਸਲ ਲਵਾਈ/ਬਿਜਾਈ ਕਾਰਨ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤੱਕ ਹੇਠਾਂ ਚਲਿਆ ਗਿਆ।

ਬਾਕੀ ਸਫ਼ਾ 30 'ਤੇ

# ਵਿਗਿਆਨਕ ਦੁਰਵਰਤੋਂ ਨੇ ਕੁਦਰਤ ਨੂੰ ਕੀਤਾ ਕਰੂਪ

**ਸ. ਹਰਨਰਾਇਣ ਸਿੰਘ ਮੱਲੇਆਣਾ**

***ਵਾਤਾਵਰਨ ਦੀ ਸੰਭਾਲ ਸਮੇਂ ਦੀ ਮੁੱਖ ਲੋੜ***

ਕਈ ਸਦੀਆਂ ਪਹਿਲਾਂ ਮਨੁੱਖ ਨੇ ਕੁਦਰਤ ਦੀ ਗੋਦ ਵਿੱਚ ਰਹਿੰਦਿਆਂ ਉਸ ਦੇ ਓਟ ਆਸਰੇ ਵਿਚ ਆਪਣੇ ਆਪ ਨੂੰ ਜਿਊਂਦੇ ਰੱਖਣ ਦਾ ਢੰਗ ਸਿੱਖ ਲਿਆ ਸੀ। ਮੁੱਢ ਕਦੀਮ ਤੋਂ ਕੁਦਰਤ ਮਨੁੱਖ ਦੀ ਹਮਦਰਦ ਤੇ ਰਖਵਾਲੀ ਕਰਦੀ ਆ ਰਹੀ ਹੈ। ਪਰ ਬੰਦੇ ਨੇ ਕੁਦਰਤ ਦੀ ਨੇਕੀ ਭੁਲਾ ਕੇ ਉਸ ਨਾਲ ਅਜਿਹੀ ਛੇੜਛਾੜ ਸ਼ੁਰੂ ਕਰ ਦਿੱਤੀ ਕਿ ਕੁਦਰਤ ਹੁਣ ਮਨੁੱਖ ਨੂੰ ਉਸ ਦੇ ਕੀਤੇ ਮਾੜੇ ਕੰਮਾਂ ਦੀ ਸਜ਼ਾ ਦੇਣ ਦੇ ਦੇਣ ਤੇ ਤੁਲੀ ਨਜ਼ਰ ਆਉਂਦੀ ਹੈ। ਕੋਰੋਨਾ ਤੇ ਬਲੈਕ ਫੰਗਸ ਵਰਗੀਆਂ ਮਹਾਂਮਾਰੀਆਂ ਵੱਡੇ ਪੱਧਰ 'ਤੇ ਫੈਲ ਰਹੀਆਂ ਹਨ। ਵਿਗਿਆਨਕ ਕਾਢਾਂ ਨੇ ਮਨੁੱਖ ਨੂੰ ਸੰਵਾਰਿਆ ਹੈ, ਪਰ ਮਨੁੱਖ ਦੁਆਰਾ ਕੀਤੀ ਵਿਗਿਆਨਕ ਦੁਰਵਰਤੋਂ ਨੇ ਕੁਦਰਤ ਨੂੰ ਕਰੂਪ ਕਰ ਦਿੱਤਾ ਹੈ। ਕੁਦਰਤ ਦਾ ਨਿਯਮ ਹੈ ਜੇ ਤੁਸੀਂ ਉਸ ਦੇ ਨਿਯਮਾਂ ਨੂੰ ਭੰਗ ਕਰੋਗੇ ਤਾਂ ਉਹ ਤੁਹਾਡੇ ਲਈ ਵਿਨਾਸ਼ਕਾਰੀ ਅਸਰ ਦਿਖਾਵੇਗੀ। ਕੁਦਰਤ ਦੇ ਵਿਕਰਾਲ ਰੂਪ ਸਾਹਮਣੇ ਬੰਦੇ ਦੀ ਹੋਂਦ ਹਸਤੀ ਅਤੇ ਵਿਗਿਆਨਕ ਸਿਖਰ ਬਹੁਤ ਛੋਟੀ ਨਜ਼ਰ ਆਵੇਗੀ। ਸਿੱਟੇ ਵਜੋਂ ਭੂਚਾਲ, ਹੜ, ਸੁਨਾਮੀ, ਬੇ ਮੌਸਮੀ ਮੀਂਹ, ਗਲੇਸ਼ੀਅਰਾਂ ਦਾ ਪਿਘਲਣਾ, ਜਵਾਲਾਮੁਖੀ ਦਾ ਫਟਣਾ ਜੰਗਲਾਂ ਦੀ ਤਬਾਹੀ ਭੌਂ-ਖੋਰ ਬਨਸਪਤੀ ਅਤੇ ਜੀਵ ਜੰਤੂਆਂ ਦੀਆਂ ਪ੍ਰਜਾਤੀਆਂ ਦਾ ਖ਼ਾਤਮਾ, ਪਾਣੀਆਂ ਦਾ ਖਾਰੇ ਹੋ ਜਾਣਾ, ਰੇਡੀਏਸ਼ਨ ਦਾ ਵਧਣਾ, ਰੁੱਤਾਂ ਮੌਸਮਾਂ ਦੇ ਮਿਜ਼ਾਜ ਬਦਲਣੇ, ਆਲਮੀ ਤਪਸ਼, ਸਾਰੀਆਂ ਨਿਸ਼ਾਨੀਆਂ ਮਨੁੱਖਤਾ ਦੀ ਤਬਾਹੀ ਵੱਲ ਸੰਕੇਤ ਕਰਦੀਆਂ ਹਨ। ਸਭ ਤੋਂ ਪਹਿਲਾਂ ਉੱਤਰਾਖੰਡ ਦੀ ਗੱਲ ਕਰੀਏ ਤਾਂ ਕੇਦਾਰ ਨਾਥ ਵਿੱਚ ਵਾਪਰੇ ਕੁਦਰਤੀ ਕਹਿਰ ਨੇ ਭਾਰਤ ਨੂੰ ਹੀ ਨਹੀਂ ਸਗੋਂ ਪੂਰੀ ਦੁਨੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ। ਪਹਾੜਾਂ ਨੂੰ ਚੀਰ ਕੇ ਬਣਾਈਆਂ ਸੜਕਾਂ ਲਗਾਤਾਰ ਦੌੜ ਰਹੇ ਵਾਹਨਾਂ ਦੇ ਭਾਰ ਅਤੇ ਬਿਨਾਂ ਰੋਕ ਟੋਕ ਸੰਵੇਦਨਸ਼ੀਲ ਥਾਵਾਂ 'ਤੇ ਲੋਕਾਂ ਦੇ ਭਾਰੀ ਇਕੱਠ ਨੇ ਇਸ ਇਲਾਕੇ ਨੂੰ ਬਰਬਾਦੀ ਵੱਲ ਤੋਰਿਆ। ਕੁਦਰਤੀ ਜਲ ਸਰੋਤਾਂ ਦੇ ਰਾਹ ਰੋਕੇ ਗਏ, ਜਲ ਸਰੋਤਾਂ ਵਿੱਚ ਮਲਵੇ ਦੀ ਰੁਕਾਵਟ ਨੇ ਜਿਹੜਾ ਕਹਿਰ ਢਾਹਿਆ ਉਸ ਦਾ ਅੰਦਾਜਾ ਲਾਉਣਾ ਅਸੰਭਵ ਹੈ, ਇਸੇ ਕਰਕੇ ਜਦੋਂ ਕਿਦਾਰ ਨਾਥ ਦੇ ਉੱਪਰਲੇ ਹਿੱਸੇ ਵਿੱਚ ਬੱਦਲ ਫਟਿਆ ਤਾਂ ਪਾਣੀ ਨੂੰ ਰਾਹ ਨਾ ਮਿਲਣ ਕਰਕੇ ਉਹ ਹਿਮਾਲਿਅਨ ਸੁਨਾਮੀ ਦਾ ਰੂਪ ਧਾਰਨ ਕਰ ਗਿਆ ਅਤੇ ਸਿੱਟੇ ਵਜੋਂ ਕੁਝ ਮਿੰਟਾਂ ਵਿੱਚ ਹੀ ਕੀਮਤੀ ਜਾਨਾਂ ਤੇ ਬਹੁਤ ਸਰਮਾਇਆ ਨਸ਼ਟ ਹੋ ਗਿਆ। ਅੱਜ ਪੰਜਾਬ ਦੀ ਮਾਲਵਾ ਪੱਟੀ ਕੈਂਸਰ ਪੀੜਤ ਹੈ। ਲੋਕਾਂ ਨੂੰ ਇਸ ਬਿਮਾਰੀ ਤੋਂ ਬਚਾਉਣ ਲਈ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਪਾਣੀ ਵਿੱਚ ਯੂਰੇਨੀਅਮ ਦੀ ਵਧੇਰੇ ਮਾਤਰਾ ਹੋਣ ਕਰਕੇ ਬੱਚੇ ਅਪੰਗ ਪੈਦਾ ਹੋ ਰਹੇ ਹਨ ਪਰ ਇਸ ਦਾ ਕਿਸੇ ਨੂੰ ਕੋਈ ਫ਼ਿਕਰ ਨਹੀਂ, ਮਾਲਵੇ ਦੀਆਂ ਨਹਿਰਾਂ ਕੱਸੀਆਂ ਵਿੱਚ ਕਾਲੇ ਰੰਗ ਦਾ ਗਾੜਾ ਤਰਲ ਪਦਾਰਥ ਪਾਣੀ ਦੇ ਰੂਪ ਵਿੱਚ ਵਹਿ ਰਿਹਾ ਹੈ, ਇਸੇ ਕਰਕੇ ਪਾਣੀ ਨੂੰ ਥੋੜਾ ਬਹੁਤਾ ਸੋਧ ਕੇ ਪੀਣ ਲਈ ਦਿੱਤਾ ਜਾ ਰਿਹਾ ਹੈ। ਫ਼ਸਲਾਂ 'ਤੇ ਵਰਤੇ ਜਾ ਰਹੇ ਕੀਟਨਾਸ਼ਕਾਂ ਬਾਰੇ ਠੋਸ ਨਿਯਮ ਬਣਾਉਣੇ ਚਾਹੀਦੇ ਹਨ। ਖੇਤਾਂ ਵਿੱਚ ਪੰਦਰਾਂ ਲੱਖ ਤੋਂ ਵਧੇਰੇ ਪੰਪ ਧਰਤੀ ਦੀ ਹਿੱਕ ਚੀਰ ਕੇ ਅੰਨੇਵਾਹ ਪਾਣੀ



ਕੱਢ ਰਹੇ ਹਨ। ਇਸ ਨਾਲ ਧਰਤੀ ਹੇਠਾਂ ਖਲਾਅ ਬਣ ਰਿਹਾ ਹੈ ਜੋ ਕਿ ਭੂਚਾਲਾਂ ਦੀ ਆਫਤ ਨੂੰ ਸੱਦਾ ਦੇ ਰਿਹਾ ਹੈ। ਪਾਣੀ ਨੂੰ ਰੀਚਾਰਜ ਕਰਨ ਵਾਲੀ ਨੀਤੀ ਨੂੰ ਕਾਰਗਰ ਢੰਗ ਨਾਲ ਲਾਗੂ ਕਰਨ ਦੀ ਲੋੜ ਹੈ। ਵੱਡੀ ਅਬਾਦੀ ਦੂਸ਼ਿਤ ਪਾਣੀ ਕਰਕੇ ਦੰਦਾਂ ਹੱਡੀਆਂ ਅਤੇ ਅਲਰਜੀ ਦੀਆਂ ਬਿਮਾਰੀਆਂ ਨਾਲ ਗ੍ਰਸਤ ਹੋ ਗਈ ਹੈ। ਪੰਜਾਬ ਵਿੱਚ ਜੰਗਲਾਂ ਹੇਠ ਰਕਬਾ ਜੋ ਤੇਤੀ ਫ਼ੀਸਦੀ ਹੋਣਾ ਚਾਹੀਦਾ ਹੈ ਉਹ ਵੀ ਦੋ ਹਜ਼ਾਰ ਉਨੀ ਦੀ ਗਣਨਾ ਅਨੁਸਾਰ ਘਟ ਕੇ 3.67 ਫ਼ੀਸਦੀ ਰਹਿ ਗਿਆ ਹੈ। ਜੰਗਲਾਂ ਦੀ ਕਟਾਈ ਜਾਂ ਰੁੱਖਾਂ ਦੀ ਕਟਾਈ ਬਿਨਾਂ ਰੋਕ ਟੋਕ ਜਾਰੀ ਹੈ। ਪੰਜਾਬ ਦੇ ਦਰਿਆਵਾਂ, ਨਹਿਰਾਂ, ਕੱਸੀਆਂ ਵਿੱਚ ਉਦਯੋਗਾਂ ਦਾ ਗੰਦਾ ਪਾਣੀ ਛੱਡਿਆ ਜਾ ਰਿਹਾ ਹੈ, ਪਰ ਸਰਕਾਰ ਚੁੱਪ ਹੈ। ਵਾਤਾਵਰਨ ਮਾਹਿਰਾਂ ਦਾ ਮੰਨਣਾ ਹੈ ਕਿ ਦੁਨੀਆਂ ਦੇ ਔਸਤ ਤਾਪਮਾਨ ਵਿਚ 1.4 ਤੋਂ 6.4 ਡਿਗਰੀ ਸੈਲਸੀਅਸ ਤੱਕ ਵਾਧਾ ਹੋਣ ਕਰ ਕੇ ਜੀਵਾਂ ਦੀਆਂ ਤੀਹ ਫ਼ੀਸਦੀ ਪ੍ਰਜਾਤੀਆਂ ਸੰਨ 2050 ਤੱਕ ਖ਼ਤਮ ਹੋ ਜਾਣਗੀਆਂ। ਅੱਜ ਸਾਨੂੰ ਕੁਝ ਅਜਿਹੇ ਠੋਸ ਕਦਮ ਚੁੱਕਣੇ ਪੈਣਗੇ ਜਿਸ ਨਾਲ ਵਾਤਾਵਰਨ ਸੰਕਟ ਨੂੰ ਹੱਲ ਕਰਨ ਵਿੱਚ ਮਦਦ ਮਿਲੇਗੀ। ਖੇਤਾਂ ਵਿਚ ਮਸ਼ੀਨਾਂ, ਕੀਟਨਾਸ਼ਕਾਂ ਅਤੇ ਰਸਾਇਣਕਾਂ ਦੀ ਵਰਤੋਂ ਨੂੰ ਘੱਟ ਤੋਂ ਘੱਟ ਕਰ ਦਿੱਤਾ ਜਾਵੇ। ਸਗੋਂ ਇਨਾਂ ਦੀ ਥਾਂ ਕੁਦਰਤੀ ਸਾਧਨਾਂ ਦੀ ਵਰਤੋਂ ਨੂੰ ਪਹਿਲ ਦਿੱਤੀ ਜਾਵੇ। ਖੇਤੀ ਆਧਾਰਤ ਲਘੂ ਉਦਯੋਗਾਂ ਨੂੰ ਬੜਾਵਾ ਦੇਣਾ ਹੋਵੇਗਾ, ਆਪਣੀ ਜੀਵਨ ਸ਼ੈਲੀ ਵਿੱਚ ਤਬਦੀਲੀ ਲਿਆਉਣਾ ਜ਼ਰੂਰੀ ਹੈ। ਘੱਟ ਕਾਰਬਨ ਨਿਕਾਸੀ ਤਕਨੀਕ ਨੂੰ ਪਹਿਲ ਦੇਣੀ ਹੋਵੇਗੀ, ਵਾਤਾਵਰਨ ਵਿਚ ਵਿਨਾਸ਼ ਦੀ ਕੀਮਤ 'ਤੇ ਮੁਨਾਫੇ 'ਤੇ ਆਧਾਰਤ ਪੂੰਜੀਵਾਦੀ ਵਿਵਸਥਾ ਦੇ ਖ਼ਿਲਾਫ਼ ਸੰਘਰਸ਼ ਇਸ ਦਿਸ਼ਾ ਵਿੱਚ ਸਹੀ ਕਦਮ ਹੈ। ਉਨਾਂ ਦੀ ਅਨਿਆਂਪੂਰਨ ਪੂੰਜੀਵਾਦੀ ਵਿਵਸਥਾ ਦੇ ਖ਼ਾਤਮੇ ਅਤੇ ਇੱਕ ਨਿਆਂਪੂਰਨ ਸਮਾਜਵਾਦੀ ਵਿਵਸਥਾ ਦੇ ਨਿਰਮਾਣ ਨਾਲ ਹੀ ਵਾਤਾਵਰਨ ਦੀ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਰੁੱਖ ਲਾਉਣੇ ਅਤੇ ਲੱਗੇ ਹੋਏ ਬਚਾਉਣੇ ਸਾਡੀ ਮੁੱਖ ਤਰਜੀਹ ਹੋਣੀ ਚਾਹੀਦੀ ਹੈ।

# ਕੰਜ਼ਿਊਮਰਿਜ਼ਮ ਅਤੇ ਵਾਤਾਵਰਨ ਦਾ ਨੁਕਸਾਨ

**ਸੁਖਵੰਤ ਹੁੰਦਲ**

**ਜਾਣ-ਪਛਾਣ :**

ਅੱਜ ਸੰਸਾਰ ਪੱਧਰ ਉੱਤੇ ਕੰਜ਼ਿਊਮਰਿਜ਼ਮ (ਖਪਤਵਾਦ) ਨੇ ਲੋਕਾਂ ਦੇ ਰਹਿਣ ਸਹਿਣ ਨੂੰ ਪੂਰੀ ਤਰਾਂ ਆਪਣੇ ਕਲਾਵੇ ਵਿੱਚ ਲਿਆ ਹੋਇਆ ਹੈ। ਓਪਰੀ ਨਜ਼ਰ ਨਾਲ ਦੇਖਿਆਂ ਕੰਜ਼ਿਊਮਰਿਜ਼ਮ ਦਾ ਇਹ ਪਸਾਰ ਤਰੱਕੀ ਅਤੇ ਖੁਸ਼ਹਾਲੀ ਦਾ ਪ੍ਰਤੀਕ ਨਜ਼ਰ ਆਉਂਦਾ ਹੈ। ਪਰ ਇਸ ਨੂੰ ਡੂੰਘਾਈ ਨਾਲ ਦੇਖਿਆਂ ਸਾਨੂੰ ਸਮਝ ਆਉਂਦੀ ਹੈ ਕਿ ਇਹ ਧਰਤੀ ਦੇ ਵਾਤਾਵਰਨ ਦੇ ਵਿਨਾਸ਼ ਦਾ ਇਕ ਵੱਡਾ ਕਾਰਨ ਹੈ। ਦਿਨੋ ਦਿਨ ਲੋਕਾਂ ਦੇ ਜੀਵਨ ਉੱਤੇ ਵਧਦੀ ਜਾਂਦੀ ਕੰਜ਼ਿਊਮਰਿਜ਼ਮ ਦੀ ਜਕੜ ਵਾਤਾਵਰਨ ਦੇ ਸੰਕਟ ਨੂੰ ਹੋਰ ਡੂੰਘਾ ਕਰੀ ਜਾਂਦੀ ਹੈ ਅਤੇ ਲੋਕਾਂ ਅਤੇ ਧਰਤੀ ਦੀ ਖੁਸ਼ਹਾਲੀ ਅਤੇ ਹੋਂਦ ਲਈ ਖਤਰਾ ਬਣਦੀ ਜਾਂਦੀ ਹੈ। ਇਸ ਲਈ ਕੰਜ਼ਿਊਮਰਿਜ਼ਮ ਅਤੇ ਵਾਤਾਵਰਨ ਦੇ ਨੁਕਸਾਨ ਦੇ ਆਪਸੀ ਸੰਬੰਧ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਨਾਲ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਸੰਸਾਰ ਪੱਧਰ ਉੱਤੇ ਕੰਜ਼ਿਊਮਰਜ਼ਿਮ ਦੀ ਵਧ ਰਹੀ ਜਕੜ ਦੇ ਕੀ ਕਾਰਨ ਹਨ। ਇਹ ਸਮਝਣ ਲਈ ਅਸੀਂ ਇਸ ਲੇਖ ਵਿੱਚ ਅੱਗੇ ਦਿੱਤੀਆਂ ਗੱਲਾਂ 'ਤੇ ਵਿਚਾਰ ਕਰਾਂਗੇ: ਕੰਜ਼ਿਊਮਰਿਜ਼ਮ ਅਤੇ ਇਸ ਦਾ ਪਸਾਰ, ਕੰਜਿਊਮਰਿਜ਼ਮ ਅਤੇ ਵਾਤਾਵਾਰਨ ਦਾ ਨੁਕਸਾਨ ਅਤੇ ਕੰਜ਼ਿਊਮਰਿਜ਼ਮ ਦੇ ਪਸਾਰ ਦੇ ਬੁਨਿਆਦੀ ਕਾਰਨ।

**ਕੰਜ਼ਿਊਮਰਿਜ਼ਮ ਅਤੇ ਇਸ ਦਾ ਪਸਾਰ**

ਸਭ ਤੋਂ ਪਹਿਲਾਂ ਸਾਨੂੰ ਇਸ ਗੱਲ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ ਕਿ ਕੰਜ਼ਿਊਮਰਿਜ਼ਮ ਹੈ ਕੀ ? ਮਨੁੱਖ ਨੂੰ ਜ਼ਿੰਦਾ ਰਹਿਣ ਲਈ ਰੋਟੀ, ਕੱਪੜੇ ਅਤੇ ਮਕਾਨ ਦੀ ਲੋੜ ਪੈਂਦੀ ਹੈ ਅਤੇ ਇਸ ਲੋੜ ਨੂੰ ਪੂਰਾ ਕਰਨ ਲਈ ਵਸਤਾਂ/ਸੇਵਾਵਾਂ ਦਾ ਇਸਤੇਮਾਲ ਕੰਜ਼ਿਊਮਰਿਜ਼ਮ ਨਹੀਂ ਹੈ। ਪਰ ਜਦੋਂ ਵਸਤਾਂ/ਸੇਵਾਵਾਂ ਨੂੰ ਹਾਸਲ ਕਰਨਾ ਹੀ ਮਨੁੱਖ ਦੀ ਜ਼ਿੰਦਗੀ ਦਾ ਵੱਡਾ ਮਕਸਦ ਬਣ ਜਾਵੇ ਅਤੇ ਉਹ ਵਸਤਾਂ/ਸੇਵਾਵਾਂ ਹਾਸਲ ਕਰਨ ਨੂੰ ਆਪਣੀ ਪਹਿਚਾਣ, ਪ੍ਰਾਪਤੀ, ਸਮਾਜ ਵਿੱਚ ਆਪਣੇ ਰੁਤਬੇ ਦਾ ਆਧਾਰ ਸਮਝਣ ਲਗ ਪਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਉਹ ਕੰਜ਼ਿਊਮਰਿਜ਼ਮ ਦਾ ਸ਼ਿਕਾਰ ਹੈ। ਵਰਡਵਾਚ ਇੰਸਟੀਚਿਊਟ ਦਾ ਸੀਨੀਅਰ ਖੋਜੀ, ਐਰਿਕ ਐਸਾਡੋਰੀਅਨ, ਬ੍ਰਿਟਿਸ਼ ਅਰਥਸ਼ਾਸਤਰੀ ਪਾਲ ਈਕਿਨਜ਼ ਦੇ ਹਵਾਲੇ ਨਾਲ ਲਿਖਦਾ ਹੈ ਕਿ ਕੰਜਿਊਮਰਿਜ਼ਮ ਅਜਿਹੀ ਸਭਿਆਚਾਰਕ ਸੋਚ ਹੈ ਜਿਸ ਅਨੁਸਾਰ ਸਮਾਜ ਵਿੱਚ 'ਵੱਧ ਤੋਂ ਵੱਧ ਵਸਤਾਂ ਅਤੇ ਸੇਵਾਵਾਂ ਦੀ ਮਾਲਕੀ ਅਤੇ ਵਰਤੋਂ ਸਭਿਆਚਾਰਕ ਤੌਰ 'ਤੇ ਮੁੱਖ ਨਿਸ਼ਾਨਾ ਬਣ ਜਾਂਦੀ ਹੈ ਅਤੇ (ਇਸ ਨੂੰ) ਨਿੱਜੀ ਖੁਸ਼ੀ, ਸਮਾਜਕ ਰੁਤਬੇ ਅਤੇ ਕੌਮੀ ਕਾਮਯਾਬੀ ਦਾ ਯਕੀਨੀ ਰਸਤਾ ਮੰਨਿਆ ਜਾਂਦਾ ਹੈ।' (1) ਐਸਾਡੋਰੀਅਨ ਅਨੁਸਾਰ ਜੇ ਸੌਖੇ ਸ਼ਬਦਾਂ ਵਿੱਚ ਕਹਿਣਾ ਹੋਵੇ ਤਾਂ, 'ਕੰਜ਼ਿਊਮਰਿਜ਼ਮ ਇਕ ਅਜਿਹਾ ਸਭਿਆਚਾਰਕ ਵਰਤਾਰਾ ਹੈ ਜਿਸ ਅਨੁਸਾਰ ਲੋਕ ਚੀਜ਼ਾਂ ਅਤੇ ਸੇਵਾਵਾਂ ਦੀ ਖਪਤ ਕਰਕੇ (ਜ਼ਿੰਦਗੀ ਵਿੱਚ) ਮਤਲਬ, ਸੰਤੁਸ਼ਟੀ ਅਤੇ ਪ੍ਰਵਾਨਗੀ ਭਾਲਦੇ ਹਨ। ਹਰ ਥਾਂ ਲੋਕ ਵੱਧ ਤੋਂ ਵੱਧ ਖਪਤ ਨੂੰ ਭਲਾਈ ਅਤੇ ਕਾਮਯਾਬੀ ਨਾਲ ਜੋੜ ਕੇ ਦੇਖਦੇ ਹਨ।'

ਸੁਚੇਤ ਜਾਂ ਅਚੇਤ ਰੂਪ ਵਿੱਚ ਕੰਜ਼ਿਊਮਰਿਜ਼ਮ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਅਪਣਾਅ ਕੇ ਜ਼ਿੰਦਗੀ ਜੀਅ ਰਹੇ ਲੋਕਾਂ ਦੇ ਸਮੂਹ ਨੂੰ ਸਮਾਜ ਵਿਗਿਆਨੀਆਂ ਨੇ 'ਕੰਜ਼ਿਊਮਰ ਸੁਸਾਇਟੀ' ਜਾਂ 'ਕੰਜ਼ਿਊਮਰ ਕਲਾਸ' ਦਾ ਨਾਂ ਦਿੱਤਾ ਹੈ। ਸੰਨ 2004 ਵਿੱਚ ਪ੍ਰਕਾਸ਼ਿਤ ਹੋਈ ਇਕ ਰਿਪੋਰਟ ਅਨੁਸਾਰ 2004 ਤੱਕ ਦੁਨੀਆਂ ਭਰ ਦੇ 27 ਫੀਸਦੀ ਜਾਂ 1.7 ਅਰਬ (ਬਿਲੀਅਨ) ਲੋਕ ਕੰਜ਼ਿਊਮਰ ਸੁਸਾਇਟੀ ਦਾ ਹਿੱਸਾ ਬਣ ਚੁੱਕੇ ਸਨ। ਇਨਾਂ ਵਿੱਚੋਂ 27 ਕ੍ਰੋੜ ਅਮਰੀਕਾ ਅਤੇ ਕੈਨੇਡਾ



ਵਿੱਚੋਂ ਸਨ, 35 ਕਰੋੜ ਪੱਛਮੀ ਯੂਰਪ ਵਿੱਚੋਂ, 24 ਕਰੋੜ ਚੀਨ ਵਿੱਚੋਂ ਅਤੇ 12-12 ਕਰੋੜ ਜਾਪਾਨ ਅਤੇ ਭਾਰਤ ਵਿੱਚੋਂ ਸਨ। ਇਨਾਂ ਲੋਕਾਂ ਦੀ ਆਮਦਨ 7000 ਡਾਲਰ ਸਾਲਾਨਾ ਦੀ ਖ੍ਰੀਦਸ਼ਕਤੀ ਦੇ ਬਰਾਬਰ ਜਾਂ ਉਸ ਤੋਂ ਵੱਧ ਸੀ। ਅਜੋਕੇ ਕੰਜ਼ਿਊਮਰ ਸਭਿਆਚਾਰ ਦਾ ਫੈਲਾਅ ਕਿੰਨਾ ਕੁ ਵੱਡਾ ਹੈ, ਇਸ ਦਾ ਅੰਦਾਜ਼ਾ ਅਸੀਂ ਅੱਗੇ ਦਿੱਤੇ ਅੰਕੜਿਆਂ ਤੋਂ ਲਾ ਸਕਦੇ ਹਾਂ। ਸੰਨ 2006 ਵਿੱਚ ਦੁਨੀਆਂ ਭਰ ਵਿੱਚ ਲੋਕਾਂ ਨੇ ਵਸਤਾਂ ਅਤੇ ਸੇਵਾਵਾਂ ਦੀ ਖ੍ਰੀਦੋਫਰੋਖਤ 'ਤੇ 305 ਖਰਬ ਜਾਂ 30.5 ਟ੍ਰਿਲੀਅਨ ਡਾਲਰ (2008 ਦੀ ਦਰ ਮੁਤਾਬਕ) ਖਰਚ ਕੀਤੇ ਸਨ। ਇਸ ਰਕਮ ਵਿੱਚ ਲੋਕਾਂ ਵਲੋਂ ਖਾਣੇ ਅਤੇ ਰਿਹਾਇਸ਼ ਵਰਗੀਆਂ ਮੁਢਲੀਆਂ ਲੋੜਾਂ ਦੇ ਨਾਲ ਨਾਲ ਕਾਰਾਂ, ਕੰਪਿਊਟਰਾਂ, ਟੈਲੀਵਿਜ਼ਨਾਂ, ਹਵਾਈ ਸਫਰਾਂ, ਵੱਡੇ ਵੱਡੇ ਘਰਾਂ ਆਦਿ 'ਤੇ ਕੀਤੇ ਖਰਚੇ ਸ਼ਾਮਲ ਹਨ। ਸੰਨ 2008 ਵਿੱਚ ਦੁਨੀਆ ਭਰ ਵਿੱਚ 6.8 ਕਰੋੜ ਗੱਡੀਆਂ, 8.5 ਕਰੋੜ ਫਰਿੱਜਾਂ, 297 ਕਰੋੜ ਕੰਪਿਊਟਰ ਅਤੇ 1.2 ਅਰਬ ਮੋਬਾਈਲ ਜਾਂ ਸੈੱਲ ਫੋਨ ਖ੍ਰੀਦੇ ਗਏ ਸਨ।(4) ਮੁਢਲੀਆਂ ਲੋੜਾਂ ਤੋਂ ਬਾਹਰੀ ਖਪਤ 'ਤੇ ਖਰਚੇ ਜਾਂਦੇ ਪੈਸਿਆਂ ਬਾਰੇ ਸਮਝ ਬਣਾਉਣ ਲਈ ਅੱਗੇ ਦਿੱਤੇ ਅੰਕੜੇ ਹੋਰ ਸਹਾਈ ਹੋ ਸਕਦੇ ਹਨ :

ਅਗਸਤ 2007 ਵਿੱਚ ਛਪੀ ਇਕ ਰਿਪੋਰਟ ਅਨੁਸਾਰ ਸੰਨ 2007 ਵਿੱਚ ਦੁਨੀਆ ਭਰ ਵਿੱਚ ਆਈਸ ਕ੍ਰੀਮ ਦੀ ਸਨਅਤ 59 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਸੀ। ਇਸ ਰਿਪੋਰਟ ਵਿੱਚ ਅਨੁਮਾਨ ਲਾਇਆ ਗਿਆ ਸੀ ਕਿ ਸੰਨ 2010 ਵਿੱਚ ਸੰਸਾਰ ਭਰ ਵਿੱਚ ਆਈਸਕ੍ਰੀਮ ਦੀ ਵਿਕਰੀ 65 ਅਰਬ ਡਾਲਰ ਤੱਕ ਪਹੁੰਚ ਜਾਏਗੀ।

ਸੰਨ 2008 ਵਿੱਚ ਮੇਕਅੱਪ ਅਤੇ ਇਸ ਨਾਲ ਸਬੰਧਤ ਵਸਤਾਂ (ਕੌਸਮੈਟਕ ਅਤੇ ਟੁਆਲਿਟਰੀਜ਼) ਦੀ ਪ੍ਰਚੂਨ ਵਿਕਰੀ 333.5 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਸੀ।

ਸੰਨ 2008 ਵਿੱਚ ਬੋਤਲ-ਬੰਦ ਪਾਣੀ ਦੀ ਸਨਅਤ 60 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਸੀ ਅਤੇ ਇਸ ਸਾਲ ਇਸ ਸਨਅਤ ਨੇ 241 ਅਰਬ ਲੀਟਰ ਬੋਤਲ-ਬੰਦ ਪਾਣੀ ਵੇਚਿਆ ਸੀ। ਪਾਲਤੂ ਜਾਨਵਰਾਂ ਦੇ ਖਾਣੇ ਦੀ ਸਨਅਤ ਹਰ ਸਾਲ 42 ਅਰਬ ਡਾਲਰ ਕਮਾਉਂਦੀ ਹੈ।

ਇਨਾਂ ਅੰਕੜਿਆਂ ਦੇ ਸਹੀ ਅਰਥ ਸਾਨੂੰ ਤਾਂ ਹੀ ਸਮਝ ਆਉਣਗੇ ਜੇ ਅਸੀਂ ਇਹਨਾਂ ਨੂੰ ਦੁਨੀਆਂ ਦੇ ਬਹੁਤੇ ਲੋਕਾਂ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਕਰਨ ਲਈ ਲੋੜੀਂਦੇ ਧਨ ਦੇ ਸੰਦਰਭ ਵਿੱਚ ਦੇਖੀਏ। ਵਰਡਵਾਚ ਇੰਸਟੀਚਿਊਟ ਦੀ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਸਾਰੇ ਲੋਕਾਂ ਦੇ ਪੀਣ ਲਈ ਸਾਫ ਪਾਣੀ ਮੁਹੱਈਆ ਕਰਾਉਣ ਲਈ ਸਾਲਾਨਾ 10 ਅਰਬ ਡਾਲਰ ਹੋਰ ਦੀ ਲੋੜ ਹੈ, ਦੁਨੀਆ ਵਿੱਚ ਸਰਵਵਿਆਪਕ ਸਾਖਰਤਾ ਦੇ ਨਿਸ਼ਾਨੇ 'ਤੇ ਪਹੁੰਚਣ ਲਈ ਸਾਲਾਨਾ 5 ਅਰਬ ਡਾਲਰ ਹੋਰ ਦੀ ਲੋੜ ਹੈ ਅਤੇ ਦੁਨੀਆ ਭਰ ਵਿੱਚੋਂ ਭੁੱਖ ਅਤੇ ਅਪੂਰਣ ਖੁਰਾਕ ਦੀ ਸਮੱਸਿਆ ਦਾ ਖਾਤਮਾ ਕਰਨ ਲਈ ਸਾਲਾਨਾ 19 ਅਰਬ ਡਾਲਰ ਹੋਰ ਦੀ ਲੋੜ ਹੈ। ਇਸ ਦਾ ਭਾਵ ਇਹ ਹੋਇਆ ਕਿ ਸਾਲ ਵਿੱਚ ਜਿੰਨੇ ਪੈਸੇ ਪਾਲਤੂ ਜਾਨਵਰਾਂ ਦੀ ਸਨਅਤ ਕਮਾਉਂਦੀ ਹੈ, ਉਸ ਨਾਲੋਂ ਘੱਟ ਪੈਸਿਆਂ ਵਿੱਚ ਦੁਨੀਆਂ ਦੇ ਸਾਰੇ ਲੋਕਾਂ ਨੂੰ ਪੀਣ ਲਈ ਸਾਫ ਪਾਣੀ ਪਹੁੰਚਾਇਆ ਜਾ ਸਕਦਾ ਹੈ, ਸਰਵਵਿਆਪਕ ਸਾਖਰਤਾ ਪ੍ਰਦਾਨ ਕੀਤੀ ਜਾ ਸਕਦੀ ਹੈ ਅਤੇ ਭੁੱਖ ਅਤੇ ਅਪੂਰਣ ਖੁਰਾਕ ਦੇ ਸ਼ਿਕਾਰ ਲੋਕਾਂ ਨੂੰ ਰੋਟੀ ਦਿੱਤੀ ਜਾ ਸਕਦੀ ਹੈ।

ਬੇਸ਼ੱਕ ਲੋਕ ਸਦੀਆਂ ਤੋਂ ਆਪਣੀਆਂ ਲੋੜਾਂ ਦੀ ਪੂਰਤੀ ਲਈ ਵਸਤਾਂ/ਸੇਵਾਵਾਂ ਦਾ ਇਸਤੇਮਾਲ ਕਰਦੇ ਆਏ ਹਨ, ਪਰ ਕੰਜ਼ਿਊਮਰਿਜ਼ਮ ਸਭਿਆਚਾਰ ਦੀ ਸ਼ੁਰੂਆਤ 1950 ਵਿਆਂ ਵਿੱਚ ਮੰਨੀ ਜਾਂਦੀ ਹੈ ਅਤੇ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਇਸ ਵਿੱਚ ਨਾਟਕੀ ਪੱਧਰ ਦਾ ਪਸਾਰ ਹੋਇਆ ਹੈ। ਸੰਨ 2006 ਵਿੱਚ ਛਪੀ ਵਰਲਡ ਬੈਂਕ ਦੀ ਇਕ ਰਿਪੋਰਟ ਦੇ ਹਵਾਲੇ ਨਾਲ ਪੀਟਰ ਡਾਵਰਿਨ ਲਿਖਦਾ ਹੈ ਕਿ ਸੰਨ 2006 ਵਿੱਚ ਦੁਨੀਆ ਭਰ ਵਿੱਚ ਤਜਾਰਤੀ ਵਸਤਾਂ ਦੇ ਨਿਰਯਾਤ ਦੀ ਕੀਮਤ 100 ਖਰਬ (10 ਟ੍ਰਿਲੀਅਨ) ਡਾਲਰ ਸੀ ਜਦੋਂ ਕਿ ਸੰਨ 2000 ਵਿੱਚ ਇਹ ਕੀਮਤ 60 ਖਰਬ (6 ਟ੍ਰਿਲੀਅਨ) ਡਾਲਰ ਸੀ। ਸੰਨ 2000 ਵਿਚਲੀ ਤਜਾਰਤੀ ਵਸਤਾਂ ਦੇ ਨਿਰਯਾਤ ਦੀ ਇਹ ਕੀਮਤ ਸੰਨ 1948 ਦੀ ਇਸ ਕੀਮਤ ਤੋਂ 100 ਗੁਣਾਂ ਜ਼ਿਆਦਾ ਸੀ। ਇਕ ਹੋਰ ਰਿਪੋਰਟ ਅਨੁਸਾਰ ਸੰਨ 2000 ਵਿੱਚ ਨਿੱਜੀ ਖਪਤ 'ਤੇ ਖਰਚੀ ਗਈ ਰਕਮ 200 ਖਰਬ (20 ਟ੍ਰਿਲੀਅਨ) ਡਾਲਰ ਦੇ ਬਰਾਬਰ ਸੀ ਜਦੋਂ ਕਿ ਸੰਨ 1960 ਵਿੱਚ ਇਹ ਰਕਮ, 48 ਖਰਬ (4.8 ਟ੍ਰਿਲੀਅਨ) ਡਾਲਰ ਦੇ ਬਰਾਬਰ ਸੀ। ਨਿੱਜੀ ਖਪਤ ਵਿੱਚ ਉਹ ਰਕਮ ਗਿਣੀ ਜਾਂਦੀ ਹੈ, ਜਿਹੜੀ ਘਰਾਂ ਦੀ ਪੱਧਰ 'ਤੇ ਵਸਤਾਂ ਅਤੇ ਸੇਵਾਵਾਂ ਦੀ ਖ੍ਰੀਦ ਲਈ ਖਰਚੀ ਜਾਂਦੀ ਹੈ। ਇਨਾਂ ਅੰਕੜਿਆਂ ਦਾ ਭਾਵ ਇਹ ਹੋਇਆ ਕਿ ਸੰਨ 1960 ਅਤੇ 2000 ਵਿਚਕਾਰ ਸੰਸਾਰ ਭਰ ਵਿੱਚ ਨਿੱਜੀ ਖਪਤ ਵਿੱਚ ਚਾਰ ਗੁਣਾਂ ਦਾ ਵਾਧਾ ਹੋਇਆ ਸੀ।

ਜੇ ਅਸੀਂ ਪਿਛਲੇ 50-60 ਸਾਲਾਂ ਦੌਰਾਨ ਦੁਨੀਆ ਭਰ ਵਿੱਚ ਕਾਰਾਂ ਦੀ ਗਿਣਤੀ ਵਿੱਚ ਹੋਏ ਵਾਧੇ ਦੇ ਅੰਕੜੇ ਦੇਖੀਏ ਤਾਂ ਕੰਜ਼ਿਊਮਰਿਜ਼ਮ ਸਭਿਆਚਾਰ ਦੇ ਪਸਾਰ ਦੀ ਤਸਵੀਰ ਹੋਰ ਸਪਸ਼ਟ ਹੋ ਜਾਂਦੀ ਹੈ। ਸੰਨ 1950 ਵਿੱਚ ਅਮਰੀਕਾ ਵਿੱਚ ਰਜਿਸਟਰਡ ਕਾਰਾਂ ਦੀ ਗਿਣਤੀ 4 ਕਰੋੜ 90 ਲੱਖ (49 ਮਿਲੀਅਨ) ਸੀ। ਇਸ ਤੋਂ ਬਾਅਦ ਇਸ ਗਿਣਤੀ ਵਿੱਚ ਲਗਾਤਾਰ ਵਾਧਾ ਹੁੰਦਾ ਗਿਆ। ਸੰਨ 1960 ਵਿੱਚ ਅਮਰੀਕਾ ਵਿੱਚ ਰਜਿਸਟਰਡ ਕਾਰਾਂ ਦੀ ਗਿਣਤੀ 7 ਕਰੋੜ 40 ਲੱਖ (74 ਮਿਲੀਅਨ) ਦੇ ਨੇੜੇ ਸੀ ਜੋ ਕਿ ਸੰਨ 1970 ਵਿੱਚ 10 ਕਰੋੜ 80 ਲੱਖ (108 ਮਿਲੀਅਨ) ਹੋ ਗਈ ਅਤੇ ਸੰਨ 2000 ਵਿੱਚ ਇਹ ਗਿਣਤੀ 21 ਕਰੋੜ 30 ਲੱਖ 'ਤੇ ਪਹੁੰਚ ਗਈ। ਇਕ ਹੋਰ ਰਿਪੋਰਟ ਅਨੁਸਾਰ ਸੰਨ 2003 ਵਿੱਚ ਅਮਰੀਕਾ ਵਿੱਚ ਪ੍ਰਾਈਵੇਟ ਕਾਰਾਂ ਦੀ ਗਿਣਤੀ ਲਾਇਸੰਸਸ਼ੁਦਾ ਡਰਾਈਵਰਾਂ ਦੀ ਗਿਣਤੀ ਨਾਲੋਂ ਜ਼ਿਆਦਾ ਸੀ।

(ਚਲਦਾ...)

# ਧਰਤੀ ਹੇਠਲੇ ਅਤੇ ਕੁਦਰਤੀ ਪਾਣੀ ਨੂੰ ਬਰਬਾਦ ਹੋਣ ਤੋਂ ਰੋਕੋ ਪੰਜਾਬੀਓ

**ਵੀਨਾ ਸੁਖੀਜਾ**

ਸਿਰਜਣਹਾਰ ਨੇ ਦੁਨੀਆ ਨੂੰ ਬੜੇ ਸੋਹਣੇ ਤਰੀਕੇ ਨਾਲ ਸਿਰਜਿਆ ਹੈ। ਵੱਖ-ਵੱਖ ਖਿੱਤਿਆਂ ਲਈ ਵੱਖ-ਵੱਖ ਧਰਤੀਆਂ, ਮੌਸਮਾਂ, ਰੁੱਤਾਂ, ਫ਼ਸਲਾਂ ਲਈ ਅਨੁਕੂਲ ਵਾਤਾਵਰਨ ਦਿੱਤਾ ਹੈ। ਜੇ ਕਿਧਰੇ ਉੱਚੇ-ਉੱਚੇ ਪਹਾੜ ਹਨ ਤਾਂ ਦੂਜੇ ਪਾਸੇ ਸਮੁੰਦਰ ਸੁੰਦਰਤਾ ਦਾ ਹਿੱਸਾ ਬਣਦੇ ਹਨ। ਕਿਧਰੇ ਮੈਦਾਨੀ ਖੇਤਰ ਹਨ ਤਾਂ ਦੂਜੇ ਪਾਸੇ ਉੱਚੇ ਲੰਮੇ ਟਿੱਬੇ ਰੇਗਿਸਤਾਨ ਦੇ ਰੂਪ ਵਿਚ ਕੁਦਰਤ ਦੀ ਸੁੰਦਰਤਾ ਦਾ ਇਜ਼ਹਾਰ ਕਰਦੇ ਹਨ, ਕਿਧਰੇ ਦਰਿਆ ਵਗਦੇ ਹਨ ਤਾਂ ਕਿਧਰੇ ਬਾਰਿਸ਼ਾਂ ਦੇ ਇਕੱਤਰ ਹੋਏ ਪਾਣੀ ਨਾਲ ਲੰਮੇ-ਚੌੜੇ ਤਲਾਬ ਵੇਖਣ ਨੂੰ ਮਿਲਦੇ ਹਨ। ਵੱਖੋ-ਵੱਖ ਖਿੱਤਿਆਂ ਦੇ ਲੋਕਾਂ ਲਈ ਉਥੋਂ ਦੀ ਲੋੜ ਮੁਤਾਬਿਕ ਖਾਣ-ਪੀਣ ਦੀਆਂ ਵਸਤਾਂ ਅਤੇ ਫਲਾਂ ਦੀ ਪੈਦਾਵਾਰ ਦਾ ਪ੍ਰਬੰਧ, ਵੱਖੋ-ਵੱਖ ਧਰਤੀਆਂ ਦੀਆਂ ਲੋੜਾਂ ਮੁਤਾਬਿਕ ਨਦੀਆਂ, ਦਰਿਆਵਾਂ, ਝੀਲਾਂ ਜਾਂ ਬਾਰਿਸ਼ਾਂ ਦੇ ਰੂਪ ਵਿਚ ਰਹਿਣ ਸਹਿਣ ਲਈ ਲੋੜੀਂਦੇ ਪਾਣੀ ਦਾ ਪ੍ਰਬੰਧ ਕੀਤਾ ਹੈ।

ਜੇਕਰ ਪੰਜਾਬ, ਹਰਿਆਣਾ ਦੀ ਗੱਲ ਕੀਤੀ ਜਾਵੇ ਤਾਂ ਇਨਾਂ ਰਾਜਾਂ ਵਿਚ ਉਸ ਵਕਤ ਦੇ ਜ਼ਿਲੇ ਫ਼ਿਰੋਜ਼ਪੁਰ, ਬਠਿੰਡਾ, ਹਿਸਾਰ ਤੇ ਹਰਿਆਣਾ ਪੰਜਾਬ ਦੇ ਹੋਰਨਾਂ ਹਿੱਸਿਆਂ ਵਿਚ ਤਕਰੀਬਨ ਉੱਚੀਆਂ ਨੀਵੀਆਂ ਰੇਤਲੀਆਂ ਟਿੱਬਿਆਂ ਵਾਲੀਆਂ ਜ਼ਮੀਨਾਂ ਸਨ। ਇਨਾਂ ਜ਼ਮੀਨਾਂ ਵਿਚ ਉਸ ਸਮੇਂ ਦੀਆਂ ਰਵਾਇਤੀ ਫ਼ਸਲਾਂ ਛੋਲੇ, ਜੌਂ, ਸਰੋਂ, ਤੋਰੀਆ ਆਦਿ ਬੀਜੀਆਂ ਜਾਂਦੀਆਂ ਸਨ, ਜੋ ਬਹੁਤ ਘੱਟ ਮਾਤਰਾ ਵਿਚ ਪਾਣੀ ਲੈਂਦੀਆਂ ਸਨ। ਬਹੁਤੀਆਂ ਫ਼ਸਲਾਂ ਬਾਰਿਸ਼ਾਂ ਨਾਲ ਵੀ ਪਲ ਜਾਂਦੀਆਂ ਸਨ ਤੇ ਨਹਿਰੀ ਪਾਣੀ ਦੀ ਵਰਤੋਂ ਬਹੁਤ ਘੱਟ ਕਰਨੀ ਪੈਂਦੀ ਸੀ। ਜਿਥੇ ਇਨਾਂ ਫ਼ਸਲਾਂ ਨੂੰ ਘੱਟ ਪਾਣੀ ਦੀ ਜ਼ਰੂਰਤ ਹੁੰਦੀ ਸੀ, ਉਥੇ ਮਜ਼ਦੂਰੀ ਤੇ ਹੋਰ ਸਮੱਗਰੀਆਂ ਭਾਵ ਸਪਰੇਅ, ਖਾਦਾਂ ਤੇ ਵੀ ਖ਼ਰਚੇ ਨਹੀਂ ਸਨ ਹੁੰਦੇ। ਇਨਾਂ ਰਵਾਇਤੀ ਫ਼ਸਲਾਂ ਨਾਲ ਉਨਾਂ ਸਮਿਆਂ ਵਿਚ ਲੋਕਾਂ ਨੂੰ ਘਰਾਂ ਵਿਚ ਪਸ਼ੂ ਰੱਖਣ ਦਾ ਰਿਵਾਜ ਹੁੰਦਾ ਸੀ, ਭਾਵ ਦੁੱਧ, ਘਿਓ ਲਈ ਮੱਝਾਂ ਗਾਂਵਾਂ ਤੇ ਖੇਤੀ ਦੇ ਕੰਮਾਂ ਲਈ ਬਲਦ ਤੇ ਊਠ ਰੱਖੇ ਜਾਂਦੇ ਸਨ। ਘਰਾਂ ਵਿਚ ਖਾਣ-ਪੀਣ ਵਾਲੀਆਂ ਬਹੁਤੀਆਂ ਗਰਜ਼ਾਂ ਇਨਾਂ ਫ਼ਸਲਾਂ ਤੋਂ ਹੀ ਪੂਰੀਆਂ ਹੋ ਜਾਂਦੀਆਂ ਸਨ ਤੇ ਉਸ ਵਕਤ ਲੋਕ ਕਿਸੇ ਵੀ ਲਾਲਚ ਨੂੰ ਤਿਆਗ ਕੇ ਵੱਧ ਫ਼ਸਲਾਂ ਲੈਣ ਲਈ ਸਪਰੇਅ ਤੇ ਰਸਾਇਣਕ ਖਾਂਦਾਂ ਆਪਣੇ ਖੇਤਾਂ ਵਿਚ ਪਾਉਣ ਤੋਂ ਗੁਰੇਜ਼ ਕਰਦੇ ਸਨ। ਘਰਾਂ ਵਿਚ ਪਸ਼ੂਆਂ ਦੇ ਗੋਹੇ ਤੇ ਮਲ ਮੂਤਰ ਨੂੰ ਖੇਤਾਂ ਵਿਚ ਪਾਇਆ ਜਾਂਦਾ ਸੀ।

ਪਿਛਲੇ ਕੁਝ ਸਾਲਾਂ ਦੌਰਾਨ ਇਸ ਇਲਾਕੇ ਦੇ ਕਿਸਾਨਾਂ ਨੇ ਵੱਧ ਝਾੜ ਤੇ ਵੱਧ ਮੁਨਾਫ਼ੇ ਲੈਣ ਲਈ ਕੁਦਰਤ ਨਾਲ ਜੋ ਖਿਲਵਾੜ ਕੀਤਾ, ਉਸ ਦੇ ਮਾੜੇ ਨਤੀਜੇ ਲੋਕ ਹੁਣ ਭੁਗਤ ਰਹੇ ਹਨ ਤੇ ਆਉਣ ਵਾਲੀ ਪੀੜੀ ਉਸ ਭਿਆਨਕ ਦੌਰ ਵਿਚ ਬੁਰੀ ਤਰਾਂ ਫਸ ਜਾਵੇਗੀ। ਲੋਕਾਂ ਨੇ ਕੁਦਰਤ ਵਲੋਂ ਦਿੱਤੇ ਟਿੱਬੇ ਤੇ ਨੀਵੀਆਂ ਥਾਵਾਂ ਨੂੰ ਪੱਧਰਾ ਕਰਕੇ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਸ਼ੁਰੂ ਕੀਤੀ ਤੇ



ਕੁਝ ਅਜਿਹੀਆਂ ਫ਼ਸਲਾਂ ਬੀਜਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਦਾ ਇਸ ਧਰਤੀ ਨਾਲ ਕੋਈ ਸੁਮੇਲ ਨਹੀਂ ਹੈ। ਝੋਨੇ ਵਰਗੀਆਂ ਫ਼ਸਲਾਂ ਜੋ ਰਵਾਇਤੀ ਫ਼ਸਲਾਂ ਨਹੀਂ ਸਨ, ਨੂੰ ਬੀਜ ਕੇ ਲੋਕਾਂ ਨੇ ਨਹਿਰੀ ਪਾਣੀ ਨੂੰ ਬੁਰੀ ਤਰਾਂ ਬਰਬਾਦ ਕੀਤਾ ਤੇ ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ ਧੜਾਧੜ ਬੋਰ ਲਾ ਕੇ ਧਰਤੀ ਹੇਠਲੇ ਪਾਣੀ ਦੀ ਅੰਨੀ ਵਰਤੋਂ ਕਰਨ ਨਾਲ ਅੱਜ ਖ਼ਾਸ ਕਰਕੇ ਪੰਜਾਬ ਵਿਚ ਪਾਣੀ ਤੇ ਬਿਜਲੀ ਦੀ ਭਾਰੀ ਕਮੀ ਪੈਦਾ ਹੋ ਗਈ ਹੈ।

ਉਪਰੋਕਤ ਸਥਿਤੀਆਂ ਦੇ ਕਾਰਨ ਮੌਸਮ ਵਿਚ ਭਾਰੀ ਤਬਦੀਲੀ ਆ ਗਈ ਹੈ ਜਿਸ ਕਰਕੇ ਕਈ ਨਵੀਆਂ ਬਿਮਾਰੀਆਂ ਦੀ ਲਪੇਟ ਵਿਚ ਲੋਕ ਆ ਗਏ ਹਨ। ਕਿਸਾਨਾਂ ਨੂੰ ਆਪਣੀਆਂ ਫ਼ਸਲਾਂ ਨੂੰ ਪਾਲਣ ਲਈ ਬਾਰਿਸ਼ਾਂ 'ਤੇ ਨਿਰਭਰ ਹੋਣਾ ਪੈ ਰਿਹਾ ਹੈ ਤੇ ਪਿਛਲੇ ਕੁਝ ਸਮੇਂ ਤੋਂ ਔਸਤ ਮੁਤਾਬਿਕ ਬਾਰਿਸ਼ਾਂ ਦਾ ਘੱਟ ਪੈਣਾ ਵੀ ਲੋਕਾਂ ਵਲੋਂ ਅੰਨੇਵਾਹ ਦਰੱਖਤਾਂ ਦੀ ਪੁਟਾਈ ਤੇ ਖਾਦਾਂ ਤੇ ਸਪਰੇਆਂ ਕਰਕੇ ਵਧਾਏ ਪ੍ਰਦੂਸ਼ਣ ਨੂੰ ਮੰਨਿਆ ਜਾ ਸਕਦਾ ਹੈ। ਦੂਜੇ ਪਾਸੇ ਵਾਤਾਵਰਨ ਦਾ ਸੰਤੁਲਨ ਵਿਗੜਨ ਨਾਲ ਪਿਛਲੇ ਸਮੇਂ ਤੋਂ ਕੁਝ ਪ੍ਰਦੇਸ਼ਾਂ ਵਿਚ ਹੜਾਂ ਤੇ ਤੂਫ਼ਾਨਾਂ ਦੇ ਸਿਲਸਿਲੇ ਵਿਚ ਵਾਧਾ ਕੀਤਾ ਹੈ। ਇਹ ਸਭ ਮਨੁੱਖ ਵਲੋਂ ਅਪਣਾਏ ਅਖੌਤੀ ਤਰੱਕੀ ਦੇ ਦੁਰਪ੍ਰਭਾਵਾਂ ਦਾ ਹੀ ਪ੍ਰਤੀਕਰਮ ਹੈ। ਪਿਛਲੇ ਸਾਲਾਂ ਤੋਂ ਧਰਤੀ ਹੇਠਲੇ ਪਾਣੀ ਦੀ ਅੰਨੇਵਾਹ ਕੀਤੀ ਵਰਤੋਂ ਨੇ ਅੱਜ ਜੋ ਹਾਲਾਤ ਪੈਦਾ ਕੀਤੇ ਹਨ, ਉਸ ਤੋਂ ਹਰ ਮਨੁੱਖ ਭਲੀਭਾਂਤ ਜਾਣੂ ਹੈ। ਜੇਕਰ ਧਰਤੀ ਹੇਠਲੇ ਪਾਣੀ ਤੇ ਕੁਦਰਤੀ ਪਾਣੀ ਨੂੰ ਬਰਬਾਦ ਹੋਣ ਤੋਂ ਨਾ ਰੋਕਿਆ ਗਿਆ ਤਾਂ ਪੰਜਾਬ ਬੜੀ ਜਲਦੀ ਬਰਬਾਦੀ ਵੱਲ ਵਧ ਸਕਦਾ ਹੈ।

# ਵਿਸਮਾਦੀ ਸ਼ਾਸਕੀ ਵਿਵਸਥਾ : ਮਾਡਲ, ਸਰੂਪ ਅਤੇ ਮਹੱਤਤਾ



ਵਿਕਰਮਜੀਤ ਸਿੰਘ ਤਿਹਾੜਾ

ਬ੍ਰਹਿਮੰਡ ਦੇ ਅਨੰਤ ਪਸਾਰੇ ਵਿੱਚ ਮਾਨਵ ਜਾਤੀ ਦਾ ਮਹੱਤਵਪੂਰਨ ਸਥਾਨ ਹੈ। ਆਪਣੀ ਚੇਤਨਤਾ ਦੇ ਸਦਕਾ ਵਿਸ਼ੇਸ਼ ਮਹੱਤਤਾ ਰੱਖਦਾ ਹੋਇਆ ਮਨੁੱਖ 'ਸਰਦਾਰ' ਜੂਨ ਦੀ ਉਪਾਧੀ ਨੂੰ ਵੀ ਹਾਸਿਲ ਕਰਦਾ ਹੈ।ਪਰ ਕੀ ਇਸ ਸਰਦਾਰ ਮਨੁੱਖ ਨੇ ਆਪਣੀ ਸਰਦਾਰੀ ਦੀ ਮਹੱਤਤਾ, ਜ਼ਿੰਮੇਵਾਰੀ, ਭੂਮਿਕਾ ਨੂੰ ਸਮਝਿਆ ਹੈ ? ਅੱਜ ਦੇ ਅਤਿ-ਆਧੁਨਿਕ ਯੁੱਗ ਵਿੱਚ ਪਹੁੰਚ ਕੇ ਵੀ ਮਨੁੱਖ ਦੀ ਲਾਲਸਾ ਭਰੀ ਪ੍ਰਵਿਰਤੀ ਦਾ ਅੰਤ ਨਹੀਂ ਹੋ ਰਿਹਾ। ਉਹ ਅਨੇਕਾਂ ਸਮੱਸਿਆਵਾਂ ਨਾਲ ਘਿਰਿਆ ਪਿਆ ਹੈ, ਜਿਨਾਂ ਦੇ ਸਿੱਟੇ ਵਜੋਂ ਉਸ ਨੂੰ ਆਪਣਾ ਅੰਤ ਸਾਫ਼ ਦਿਖਾਈ ਦੇ ਰਿਹਾ ਹੈ। ਬੌਧਿਕ ਵਿਕਾਸ ਦੇ ਨਾਲ ਮਨੁੱਖ ਨੇ ਕਈ ਸਿਧਾਂਤਾਂ ਅਤੇ ਜੀਵਨ ਮਾਡਲਾਂ ਨੂੰ ਘੜਿਆ ਅਤੇ ਉਨਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ।ਪਰ ਵਿਚਾਰਨਯੋਗ ਮਸਲਾ ਇਹ ਹੈ ਕੀ ਮਨੁੱਖ ਦੁਆਰਾ ਘੜੇ ਗਏ ਮਾਡਲ ਅਤੇ ਸਿਧਾਂਤ ਮਨੁੱਖੀ ਸਮੱਸਿਆਵਾਂ ਦਾ ਹੱਲ ਕਰਨ ਵਿੱਚ ਕਾਮਯਾਬ ਹੋਏ ਹਨ ? ਕੀ ਉਨਾਂ ਨੇ ਆਦਰਸ਼ਿਕ ਮਨੁੱਖ ਅਤੇ ਸਮਾਜ ਦੀ ਸਿਰਜਣਾ ਕੀਤੀ, ਜਿਸ ਵਿੱਚ ਮਾਨਵੀ ਹਿੱਤਾਂ ਦੀ ਪੂਰਤੀ ਦੇ ਨਾਲ ਮਨੁੱਖ ਬ੍ਰਹਿਮੰਡ ਅਤੇ ਕੁਦਰਤ ਦੇ ਨਾਲ ਵੀ ਸੰਤੁਲਨ ਨੂੰ ਕਾਇਮ ਰੱਖ ਸਕੇ।ਪਰ ਅਸੀਂ ਦੇਖਦੇ ਹਾਂ ਕਿ ਅਜਿਹਾ ਕੁਝ ਵੀ ਨਹੀਂ ਹੋਇਆ।

ਮਨੁੱਖੀ ਲਾਲਸਾ ਵਧਦੀ ਗਈ। ਮਨੁੱਖ ਨੇ ਆਪਣੇ ਸੁਆਰਥ ਅਤੇ ਨਿੱਜੀ ਹਿੱਤਾਂ ਦੀ ਪੂਰਤੀ ਲਈ ਕਿਸੇ ਵੀ ਕੁਦਰਤੀ ਪ੍ਰਬੰਧ ਦੀ ਪ੍ਰਵਾਹ ਨਾ ਕੀਤੀ। ਉਸਨੇ ਕੁਦਰਤੀ ਸਾਧਨਾਂ ਦੀ ਦੁਰਵਰਤੋਂ ਦੇ ਨਾਲ ਨਾਲ ਕੁਦਰਤੀ ਪ੍ਰਬੰਧ ਵਿੱਚ ਦਖ਼ਲ ਦੇਣਾ ਆਰੰਭ ਕਰ ਦਿੱਤਾ।ਆਪਣੇ ਜੀਵਨ ਦੇ ਵਿਗਾਸ ਨੂੰ ਅੱਖੋਂ-ਪਰੋਖੇ ਕਰਕੇ ਅਤੇ ਤਾਕਤ ਦੇ ਨਸ਼ੇ ਵਿੱਚ ਡੀਂਗਾਂ ਮਾਰਦਾ ਮਨੁੱਖ, ਆਪਣੀ ਜਾਤ ਨੂੰ ਹੀ ਪੈਰਾਂ ਹੇਠ ਲਿਤਾੜਨ ਲੱਗਾ। ਵਿਸ਼ਵ ਨੂੰ ਦੋ ਭਿਆਨਕ ਯੁੱਧਾਂ ਦਾ ਸਾਹਮਣਾ ਕਰਨਾ ਪਿਆ। ਕੁਦਰਤ ਦੇ ਅਨੰਦਾਂ ਅਤੇ ਖੇੜਿਆਂ ਨੂੰ ਭੂਗੋਲਿਕ ਹੱਦਾਬੰਦੀ ਦੇ ਦੁਆਰਾ ਸੀਮਿਤ ਕਰ ਦਿੱਤਾ ਗਿਆ। ਮਨੁੱਖ ਆਪਣੀ ਹੀ ਬਣਾਈ ਕੈਦ ਵਿੱਚ ਕੈਦੀ ਬਣ ਗਿਆ। ਇਸ ਤਰਾਂ ਇਹ 'ਸਰਦਾਰ (ਸ਼੍ਰੇਸ਼ਟ)' ਮਨੁੱਖ ਅੱਜ ਆਪਣੇ ਆਪ ਦਾ ਹੀ ਗ਼ੁਲਾਮ ਹੋ ਗਿਆ। ਮਨੁੱਖ ਨੂੰ ਹੋਰ ਕਿਸੇ ਜੀਵ ਜਾਂ ਜਾਨਵਰ ਤੋਂ ਇੰਨਾਂ ਖਤਰਾ ਨਹੀਂ, ਜਿਨਾਂ ਮਨੁੱਖ ਨੂੰ ਮਨੁੱਖ ਤੋਂ ਖਤਰਾ ਹੈ। ਇੰਨੇ ਵੱਡੇ ਪੱਧਰ 'ਤੇ ਤਿਆਰ ਕੀਤੇ ਗਏ ਪ੍ਰਮਾਣੂ ਵਿਸਫੋਟਕ ਹਥਿਆਰ ਕਿਸੇ ਪੰਛੀ ਜਾਂ ਜਾਨਵਰ ਦਾ ਸ਼ਿਕਾਰ ਕਰਨ ਲਈ ਨਹੀਂ ਬਣਾਏ ਗਏ। ਇਹ ਤਾਂ ਮਨੁੱਖ ਨੇ ਆਪਣੇ ਲਈ ਹੀ ਬਣਾਏ ਹਨ। ਇਕ-ਦੂਜੇ ਪ੍ਰਤੀ ਪੈਦਾ ਹੋਈ ਅਜਿਹੀ ਅਸੁਰੱਖਿਆ ਅਤੇ ਡਰ ਦੀ ਭਾਵਨਾ ਨੂੰ ਕਿਸੇ ਵੀ ਯੋਗ ਪ੍ਰਬੰਧ ਦੁਆਰਾ ਦੂਰ ਨਹੀਂ ਕੀਤਾ ਗਿਆ। ਮਨੁੱਖੀ ਜੀਵਨ ਮਾਡਲ ਇਸ ਡਰ ਨੂੰ ਦੂਰ ਕਰਨ ਵਿੱਚ ਨਾ-ਕਾਮਯਾਬ ਰਹੇ। ਜਿਸ ਦੇ ਸਿੱਟੇ ਵਜੋਂ ਵਿਸ਼ਵ ਵਿੱਚ ਅਜਿਹੀਆਂ ਅਨੇਕਾਂ ਸਮੱਸਿਆਵਾਂ ਦਾ ਜਨਮ ਹੋਇਆ ਅਤੇ ਇਨਾਂ ਸਮੱਸਿਆਵਾਂ ਦਾ ਹੱਲ ਕਿਸੇ ਵੀ ਮਨੁੱਖੀ ਮਾਡਲ ਦੁਆਰਾ ਹੁੰਦਾ ਦਿਖਾਈ ਨਹੀਂ ਦੇ ਰਿਹਾ। ਇਸ ਲਈ ਅੱਜ ਜਿਸ ਮਹੱਤਵਪੂਰਨ ਚੁਣੌਤੀ ਦਾ ਸਾਹਮਣਾ ਅਸੀਂ ਕਰ ਰਹੇ ਹਾਂ, ਉਸਦੇ ਹੱਲ ਲਈ ਸਾਨੂੰ ਫਿਰ ਤੋਂ ਕੁਦਰਤ ਵੱਲ ਨੂੰ ਪਰਤਣਾ ਪਵੇਗਾ। ਕੁਦਰਤ, ਕੁਦਰਤ ਤੋਂ ਅੱਗੇ ਬ੍ਰਹਿਮੰਡ ਅਤੇ ਬ੍ਰਹਿਮੰਡ ਸਿਰਜਕ ਪ੍ਰਮਾਤਮਾ ਦੀ ਸ਼ਰਨ ਵਿੱਚ ਜਾਣਾ ਹੀ ਅੱਜ ਸਾਡੇ ਕੋਲ ਯੋਗ ਅਤੇ ਢੁਕਵਾਂ ਹੱਲ ਬਚਿਆ ਹੈ। ਪਰਮ ਸੱਤਾ ਪ੍ਰਮਾਤਮਾ ਦੀ ਰੱਬੀ ਹਕੂਮਤ ਹੀ ਅਜਿਹਾ ਪ੍ਰਬੰਧ ਹੈ ਜੋ ਸਾਡੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਇਸ ਲਈ ਅੱਜ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਇਸ ਦਿਸ਼ਾ ਵੱਲ ਕਦਮ ਉਠਾਈਏ ਅਤੇ ਆਪਣੇ ਮੂਲ ਸੱਚ ਪ੍ਰਤੀ ਜਾਗਰੂਕ ਹੋਈਏ।ਵਿਸਮਾਦੀ ਸ਼ਾਸ਼ਕੀ ਵਿਵਸਥਾ ਨੂੰ ਕਾਇਮ ਕੀਤਾ ਜਾਵੇ, ਜਿਸ ਦੁਆਰਾ ਖੇੜਿਆਂ ਭਰਪੂਰ ਵਿਸਮਾਦੀ ਆਦਰਸ਼ਿਕ ਮਨੁੱਖ ਅਤੇ ਸਮਾਜ ਦੀ ਸਿਰਜਣਾ ਹੋਵੇਗੀ।

ਵਿਸਮਾਦੀ ਸ਼ਾਸ਼ਕੀ ਵਿਵਸਥਾ 'ਵਿਕਾਸ' ਤੋਂ ਅੱਗੇ ਵਿਗਾਸ' 'ਤੇ ਅਧਾਰਿਤ ਹੈ।ਇਸ ਸ਼ਾਸ਼ਕੀ ਵਿਵਸਥਾ ਵਿੱਚ ਵਿਸਮਾਦ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਜਿੱਥੇ ਸਮਾਜਵਾਦ ਅਤੇ ਸਾਮਵਾਦ ਪੂੰਜੀ ਕੇਂਦਰਿਤ ਹਨ। ਪੂੰਜੀਵਾਦ ਵਿੱਚ 'ਪੂੰਜੀ' ਨੂੰ ਸਾਹਮਣੇ ਰੱਖ ਕੇ ਹਰ ਪ੍ਰਬੰਧ ਉਲੀਕਿਆ ਜਾਂਦਾ ਹੈ। ਜਿੱਥੇ ਪੂੰਜੀ ਦੇ ਨਫ਼ੇ ਅਤੇ ਨੁਕਸਾਨ ਦਾ ਮੁੱਦਾ ਪ੍ਰਮੁੱਖ ਹੁੰਦਾ ਹੈ। ਇਸ ਪ੍ਰਕਾਰ ਸਾਰੇ ਸਮਾਜਿਕ ਰਿਸ਼ਤੇ ਅਤੇ ਰਾਜਨੀਤਿਕ ਪ੍ਰਬੰਧਾਂ ਨੂੰ ਪੂੰਜੀ ਪ੍ਰਭਾਵਿਤ ਕਰਦੀ ਹੈ। ਮਨੋਵਿਗਿਆਨਿਕ ਪੱਖ ਤੋਂ ਮਨੁੱਖੀ ਮਾਨਸਿਕ ਵਿਵਸਥਾ ਵੀ ਪੂੰਜੀ ਦੁਆਰਾ ਪ੍ਰਭਾਵਿਤ ਹੁੰਦੀ ਹੈ, ਜਿਸ ਵਿੱਚ ਮਨੁੱਖ ਲਾਲਚੀ ਅਤੇ ਸੁਆਰਥੀ ਬਣ ਜਾਂਦਾ ਹੈ। ਜਿਸ ਕਾਰਨ ਸਾਰੇ ਸਮਾਜੀ ਪ੍ਰਬੰਧਾਂ ਵਿੱਚ ਵਿਗਾੜ ਆ ਜਾਂਦਾ ਹੈ।

ਵਿਸਮਾਦੀ ਸ਼ਾਸ਼ਕੀ ਵਿਵਸਥਾ ਮਾਨਵ ਜਾਤੀ ਲਈ ਤੀਸਰਾ ਬਦਲ ਹੈ, ਜੋ ਮਨੁੱਖ ਲਈ ਖੇੜਿਆਂ ਭਰਪੂਰ ਅਨੰਦਮਈ ਅਤੇ ਵਿਗਾਸਮਈ ਪ੍ਰਬੰਧ ਦੀ ਸਿਰਜਣਾ ਕਰਦਾ ਹੈ। ਭਾਈ ਹਰਿਸਿਮਰਨ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਇਸ ਸੰਬੰਧੀ ਖੋਜ ਅਤੇ ਪੂਰਾ ਮਾਡਲ ਵਿਆਖਿਆ ਸਹਿਤ ਪੇਸ਼ ਕੀਤਾ ਹੈ। ਪ੍ਰਮਾਤਮਾ ਤੋਂ ਸਿਰਜਿਆ ਗਿਆ ਬ੍ਰਹਿਮੰਡ ਅਤੇ ਕੁਦਰਤ ਵਿਸਮਾਦ ਦਾ ਸਰੋਤ ਹੈ। ਜਿਸ ਵਿੱਚ ਬ੍ਰਹਿਮੰਡ ਦੇ ਅਨੰਤ ਪਸਾਰੇ ਅਤੇ ਰਹੱਸਮਈ ਭੇਦਾਂ ਨੂੰ ਦੇਖਦੇ ਹੋਏ ਮਨੁੱਖ ਹੈਰਾਨ ਹੋ ਜਾਂਦਾ ਹੈ ਅਤੇ ਉੱਥੇ ਹੀ ਕੁਦਰਤ ਦੀ ਵੰਨ-ਸਵੰਨਤਾ ਅਤੇ ਵਰਤਾਰੇ ਵਿਸਮਾਦ ਹੀ ਹਨ। ਗੁਰੂ ਨਾਨਕ ਦੇਵ ਜੀ 'ਆਸਾ ਕੀ ਵਾਰ' ਵਿੱਚ ਫੁਰਮਾਉਂਦੇ ਹਨ :-

**ਵਿਸਮਾਦੁ ਨਾਦ ਵਿਸਮਾਦੁ ਵੇਦ॥ਵਿਸਮਾਦੁ ਜੀਅ ਵਿਸਮਾਦੁ ਭੇਦ॥**
**ਵਿਸਮਾਦੁ ਰੂਪ ਵਿਸਮਾਦੁ ਰੰਗ॥ਵਿਸਮਾਦੁ ਨਾਗੇ ਫਿਰਹਿ ਜੰਤ॥**
**ਵਿਸਮਾਦੁ ਪਉਣੁ ਵਿਸਮਾਦੁ ਪਾਣੀ॥ਵਿਸਮਾਦੁ ਅਗਨੀ ਖੇਡਹਿ ਵਿਡਾਣੀ॥**
**ਵਿਸਮਾਦੁ ਧਰਤੀ ਵਿਸਮਾਦੁ ਖਾਣੀ॥ਵਿਸਮਾਦੁ ਸਾਦਿ ਲਗਹਿ ਪਰਾਣੀ॥**
**ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥ਵਿਸਮਾਦੁ ਭੁਖ ਵਿਸਮਾਦੁ ਭੋਗੁ॥**
**ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥ਵਿਸਮਾਦੁ ਉਝੜ ਵਿਸਮਾਦੁ ਰਾਹ॥**
**ਵਿਸਮਾਦੁ ਨੇੜੈ ਵਿਸਮਾਦੁ ਦੂਰਿ॥ਵਿਸਮਾਦੁ ਦੇਖੈ ਹਾਜਰਾ ਹਜੂਰਿ॥**
**ਵੇਖਿ ਵਿਡਾਣੁ ਰਹਿਆ ਵਿਸਮਾਦੁ॥ਨਾਨਕ ਬੁਝਣੁ ਪੂਰੈ ਭਾਗਿ॥(ਅੰਗ : ੪੬੪)**

ਇਸ ਪ੍ਰਕਾਰ ਵਿਸਮਾਦੀ ਵਿਵਸਥਾ ਸਾਨੂੰ ਕੁਦਰਤ ਦੇ ਨੇੜੇ ਲੈ ਕੇ ਜਾਣੀ ਵਾਲੀ ਹੈ। ਅਸੀਂ ਕੁਦਰਤ ਦਾ ਹਿੱਸਾ ਹਾਂ। ਕੁਦਰਤੀ ਪ੍ਰਬੰਧ ਵਿੱਚ ਸਾਡਾ ਅਹਿਮ ਯੋਗਦਾਨ ਅਤੇ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੀ ਚੇਤਨਤਾ ਸਦਕਾ ਕੁਦਰਤੀ ਪ੍ਰਬੰਧ ਦਾ ਸੰਤੁਲਨ ਕਾਇਮ ਰੱਖੀਏ। ਪਰ ਅੱਜ ਦਾ ਮਨੁੱਖ ਇਸ ਦੇ ਬਿਲਕੁਲ ਹੀ ਉਲਟ ਹੋ ਗਿਆ ਹੈ। ਕੁਦਰਤ ਪਾਸ ਸਾਡੇ ਲਈ ਬਹੁਤ ਕੁਝ ਹੈ ਪਰ ਮਨੁੱਖੀ ਲਾਲਸਾ ਦੀ ਪੂਰਤੀ ਵਾਸਤੇ ਨਹੀਂ ਹੈ।ਮਨੁੱਖ ਕੁਦਰਤੀ ਪ੍ਰਬੰਧ ਵਿੱਚ ਵਿਗਾੜ ਪਾ ਰਿਹਾ ਹੈ ਜੋ ਕਿ ਸਰਾਸਰ ਗਲਤ ਹੈ। ਅੱਜ ਸਾਡੇ ਸਾਹਮਣੇ ਜੋ ਵੀ ਸਮੱਸਿਆਵਾਂ ਹਨ, ਉਨਾਂ ਦੇ ਹੱਲ ਲਈ ਕੁਦਰਤਮੁਖੀ ਪ੍ਰਬੰਧ ਸਿਰਜਣਾ ਪਵੇਗਾ।ਇਸ ਨਾਲ ਅਸੀਂ ਕੁਦਰਤ ਦੇ ਨਾਲ ਨਾਲ ਕਾਦਰ ਦੇ ਵੀ ਨੇੜੇ ਹੋ ਜਾਵਾਂਗੇ।

ਸਾਡਾ ਸ਼ਾਸ਼ਨ ਪ੍ਰਬੰਧ ਹਮੇਸ਼ਾ ਹੀ ਪੂੰਜੀਪਤੀ ਵਿਅਕਤੀਆਂ ਦੇ ਹੱਥ ਵਿੱਚ ਰਿਹਾ ਹੈ ਜੋ ਆਪਣੇ ਨਿੱਜ-ਸੁਆਰਥ ਹਿਤ ਸ਼ਾਸ਼ਨ ਪ੍ਰਬੰਧ ਨੂੰ ਪ੍ਰਭਾਵਿਤ ਕਰਦੇ ਆਏ ਹਨ।ਇਤਿਹਾਸ ਵਿੱਚ ਅਸੀਂ ਅਜਿਹੀਆਂ ਅਨੇਕਾਂ ਘਟਨਾਵਾਂ ਦੇਖ ਸਕਦੇ ਹਾਂ, ਜਿੰਨਾਂ ਵਿੱਚ ਨਿੱਜੀ ਲਾਭਾਂ ਲਈ, ਬਸਤੀਆਂ ਕਾਇਮ ਕਰਨ ਲਈ ਹਮੇਸ਼ਾ ਆਪਸੀ ਜੱਦੋ-ਜਹਿਦ ਜ਼ਾਰੀ ਰਹੀ। ਇਸ ਸ਼ਾਸ਼ਨ ਪ੍ਰਬੰਧ ਨੇ ਲੋਕਾਂ ਤੋਂ ਆਜ਼ਾਦੀ ਖੋ ਲਈ। ਅਜ਼ਾਦੀ ਦੇ ਅਰਥ ਬਦਲ ਦਿੱਤੇ ਗਏ।ਪਰਜਾ ਰਾਜਨੀਤਿਕ ਲੋਕਾਂ ਲਈ ਕੇਵਲ ਓਬਜੈਕਿਟ ਬਣ ਕੇ ਹੀ ਰਹਿ ਗਈ। ਲੋਕਾਂ ਨੂੰ ਵਰਤਿਆ ਗਿਆ। ਉਨਾਂ ਨੂੰ ਮਾਮੂਲੀ ਸੁਖ ਸਹੂਲਤਾਂ ਉਪਲਬਧ ਕਰਵਾ ਕੇ ਜੀਵਨ ਦੇ ਖੇੜੇ ਅਤੇ ਆਜ਼ਾਦ ਸੋਚ ਤੋਂ ਦੂਰ ਰੱਖਿਆ ਗਿਆ।ਅਜੋਕੇ ਸਮੇਂ ਵਿੱਚ ਵੀ ਅਜਿਹਾ ਹੀ ਹਾਲ ਹੈ। ਪੂਰੇ ਵਿਸ਼ਵ ਵਿੱਚ ਸਰਦਾਰੀ ਕਾਇਮ ਕਰਨ ਦੀ ਦੌੜ ਜਾਰੀ ਹੈ। ਜਿਸ ਵਿੱਚ ਆਮ ਲੋਕਾਂ ਨੂੰ ਸ਼ਰੇਆਮ ਲਿਤਾੜਿਆ ਜਾ ਰਿਹਾ ਹੈ। ਇਸ ਸ਼ਾਸਨ ਪ੍ਰਬੰਧ ਨੇ ਸਾਡੇ ਸਾਹਮਣੇ ਅਨੇਕਾਂ ਸਮੱਸਿਆਵਾਂ ਖੜੀਆਂ ਕਰ ਦਿੱਤੀਆਂ ਹਨ। ਜਿਸ ਵਿੱਚ ਪ੍ਰਮੁੱਖ ਡਰ ਅਤੇ ਅਸੁਰੱਖਿਆ ਦੀ ਭਾਵਨਾ ਨੂੰ ਲੋਕਾਂ ਦੀ ਮਾਨਸਿਕਤਾ 'ਤੇ ਥੋਪ ਦਿੱਤਾ ਗਿਆ ਹੈ। ਇਸ ਲਈ ਅਜਿਹੇ ਸ਼ਾਸ਼ਨੀ ਪ੍ਰਬੰਧ ਦਾ ਬਦਲ ਬਹੁਤ ਜ਼ਰੂਰੀ ਹੈ।

ਇਸ ਪ੍ਰਬੰਧ ਦੇ ਬਦਲ ਵਜੋਂ ਸਾਡੇ ਪਾਸ ਵਿਸਮਾਦੀ ਸ਼ਾਸ਼ਕੀ ਪ੍ਰਬੰਧ ਹੈ। ਜਿਸ ਦਾ ਮਾਡਲ ਸਿੱਖ ਗੁਰੂ ਸਾਹਿਬਾਨ ਦੁਆਰਾ ਸਿਰਜਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਇਸ ਦਾ ਨਕਸ਼ਾ ਤਿਆਰ ਕਰਦੇ ਹਨ ਅਤੇ ਸਾਨੂੰ ਅਜਿਹੇ ਪ੍ਰਬੰਧ ਨੂੰ ਸਿਰਜਣ ਲਈ ਪ੍ਰੇਰਨਾ ਵੀ ਦਿੰਦੇ ਹਨ। ਵਿਸਮਾਦੀ ਸ਼ਾਸ਼ਕੀ ਪ੍ਰਬੰਧ ਵਿੱਚ ਆਦਰਸ਼ਿਕ ਮਨੁੱਖ ਅਤੇ ਸਮਾਜ ਦੀ ਉਸਾਰੀ ਕੀਤੀ ਜਾਵੇਗੀ। ਸਭ ਤੋਂ ਪਹਿਲਾਂ ਮਨੁੱਖ ਦੀ ਘਾੜਤ ਘੜੀ ਜਾਵੇਗੀ ਤਾਂ ਜੋ ਸਾਰੇ ਪ੍ਰਬੰਧਾਂ ਅਤੇ ਜੀਵਨ ਮਾਡਲਾਂ ਦੀ ਮੂਲ ਇਕਾਈ ਮਨੁੱਖ ਨੂੰ ਇਸ ਲਈ ਤਿਆਰ ਕੀਤਾ ਜਾ ਸਕੇ। ਵਿਸਮਾਦੀ ਮਨੁੱਖ ਹੀ ਵਿਗਾਸਮੁਖੀ ਅਤੇ ਆਪਣੇ ਆਪ ਤੋਂ ਉਪਰ ਉੱਠ ਕੇ ਜੀਣ ਵਾਲਾ ਹੋਵੇਗਾ। ਇਸ ਲਈ ਸਾਨੂੰ ਧਰਮ ਵੱਲ ਪਰਤਣਾ ਪਵੇਗਾ।ਧਰਮ ਸਚਿਆਰ ਮਨੁੱਖ ਦੀ ਸਿਰਜਣਾ ਕਰੇਗਾ ਅਤੇ ਇਸ ਵਿੱਚ ਧਾਰਮਿਕ ਆਗੂਆਂ ਦੀ ਪ੍ਰਮੁੱਖ ਭੂਮਿਕਾ ਹੋਵੇਗੀ ਕਿ ਉਹ ਧਾਰਮਿਕ ਸਥਾਨ ਸਫ਼ਲ ਪ੍ਰਯੋਗਸ਼ਾਲਾ ਦੇ ਰੂਪ ਵਿੱਚ ਤਿਆਰ ਕਰਨ ਅਤੇ ਇਸ ਕਾਰਜ ਨੂੰ ਅਮਲੀ ਰੂਪ ਦੇਣ।ਗੁਰਦੁਆਰਾ ਸੰਸਥਾ ਸਿੱਖਾਂ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪ੍ਰਬੰਧ ਲਈ ਕੇਂਦਰੀ ਸਥਾਨ ਹੈ। ਜੋ ਹਰ ਪ੍ਰਕਾਰ ਦੇ ਸਿੱਖ ਮਸਲਿਆਂ ਨੂੰ ਨਜਿੱਠਦਾ ਹੈ। ਇਸ ਤਰਾਂ ਇਸ ਸੰਸਥਾ ਦੁਆਰਾ ਵਿਸਮਾਦੀ ਮਨੁੱਖ ਸਿਰਜਣ ਵਿੱਚ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਵਿਸਮਾਦੀ ਮਨੁੱਖ ਹੀ ਵਿਸਮਾਦੀ ਸ਼ਾਸ਼ਨੀ ਪ੍ਰਬੰਧ ਦੀ ਸਿਰਜਣਾ ਕਰਨਗੇ। ਇਹ ਸ਼ਾਸ਼ਨ ਪ੍ਰਬੰਧ ਹਰ ਮਾਨਵ ਅਤੇ ਇਸ ਸ੍ਰਿਸਟੀ ਦੇ ਹਰ ਜੀਵ ਦੀ ਆਜ਼ਾਦੀ ਦੀ ਬਹਾਲੀ ਨੂੰ ਯਕੀਨੀ ਬਣਾਏਗਾ। ਇਸ ਵਿਵਸਥਾ ਵਿੱਚ ਅਸੀਂ ਇਕ 'ਵਿਸ਼ਵ ਸਰਕਾਰ' ਸਿਰਜਣਾ ਕਰ ਸਕਦੇ ਹਾਂ ਜੋ 'ਰੱਬੀ ਹਕੂਮਤ' ਦੇ ਰੂਪ ਵਿੱਚ ਹੋਵੇਗੀ। ਸਾਰਾ ਸ਼ਾਸ਼ਨ ਪ੍ਰਬੰਧ ਕੁਦਰਤ ਨੂੰ ਕੇਂਦਰ ਵਿੱਚ ਰੱਖਦੇ ਹੋਏ, ਕੁਦਰਤ ਦੇ ਹਰ ਸਰੋਤ, ਜੀਵ-ਜੰਤੂ ਅਤੇ ਕੁਦਰਤੀ ਸਾਧਨਾਂ ਦੇ ਹਿਤ ਵਿੱਚ ਹੋਵੇਗਾ। ਮਨੁੱਖ ਲਈ ਇੱਥੇ ਇਹ ਚੁਣੌਤੀ ਹੋਵੇਗੀ ਕਿ ਉਸ ਨੂੰ ਸਹਿਜਮਈ ਬਣਨਾ ਪਵੇਗਾ। ਆਪਣੇ ਨਿੱਜ-ਸੁਆਰਥ ਤੋਂ ਉਪਰ ਉੱਠ ਕੇ ਸਹਿਜ ਹਾਸਿਲ ਕਰਨਾ ਇਕ ਅਧਿਆਤਮਿਕ ਅਵਸਥਾ ਦੇ ਨਾਲ ਇਕ ਆਦਰਸ਼ਿਕ ਮਨੁੱਖ ਦੀ ਸਿਰਜਣਾ ਅਤੇ ਮਨੁੱਖਤਾ ਦੀ ਸਿਖ਼ਰਤਾ ਵੀ ਹੈ। ਇਹ ਪ੍ਰਬੰਧ ਇਕਹਿਰੇਵਾਦ ਤੋਂ ਉੱਪਰ ਬਹੁ-ਪੱਖੀ ਹੋਵੇਗਾ।ਇਸ ਸ਼ਾਸ਼ਕੀ ਵਿਵਸਥਾਂ ਵਿੱਚ ਹਰ ਧਰਮ, ਸੱਭਿਆਚਾਰ ਅਤੇ ਸਮਾਜ ਦਾ ਵਿਕਾਸ ਯਕੀਨੀ ਬਣਾਇਆ ਜਾਵੇਗਾ। ਜਿਸ ਨਾਲ ਵਿਸ਼ਵ ਦੀ ਵੰਨ-ਸਵੰਨਤਾ ਇਕ ਗੁਲਦਸਤੇ ਦੀ ਤਰਾਂ ਸੁੰਦਰ ਦਿਖਾਈ ਦੇਵੇਗੀ। ਇਕ ਵਿਸ਼ਵ ਨਾਗਰਿਕ ਦੀ ਸਿਰਜਣਾ ਇਸ ਪ੍ਰਕਾਰ ਹੀ ਸੰਭਵ ਹੈ। ਅੱਜ ਹਰ ਵਿਅਕਤੀ ਆਪਣੇ ਆਪ ਨੂੰ ਕਿਸੇ ਨਾ ਕਿਸੇ ਦੇਸ਼ ਦਾ ਨਾਗਰਿਕ ਮੰਨਦਾ ਹੈ। ਉਹ ਆਪਣੇ ਦੇਸ਼ ਪ੍ਰਤੀ ਤਾਂ ਸ਼ਾਇਦ ਆਪਣੇ ਫਰਜ਼ਾਂ ਨੂੰ ਪਛਾਣ ਲਵੇ, ਪਰ ਵਿਸ਼ਵ ਪ੍ਰਤੀ ਆਪਣੇ ਕਿਸੇ ਵੀ ਫ਼ਰਜ਼ ਦੀ ਨਿਸ਼ਾਨਦੇਹੀ ਨਹੀਂ ਕਰਦਾ। ਇਸ ਲਈ ਜ਼ਰੂਰੀ ਹੈ ਕਿ ਵਿਸ਼ਵ ਨਾਗਰਿਕ ਦੀ ਸਿਰਜਣਾ ਹੋਵੇ, ਜੋ ਕਿ ਪੂਰੇ ਵਿਸ਼ਵ ਪ੍ਰਤੀ ਜਾਗਰੂਕ ਅਤੇ ਵਿਸ਼ਵ ਵਿਕਾਸ ਲਈ ਆਪਣੇ ਯੋਗਦਾਨ ਨੂੰ ਯਕੀਨੀ ਬਣਾਏ।

ਇਸ ਤਰਾਂ ਵਿਸਮਾਦੀ ਯੁੱਗ ਦੀ ਸ਼ੁਰੂਆਤ ਹੋਵੇਗੀ। ਇਹ ਵਿਸਮਾਦੀ ਯੁੱਗ ਸਾਨੂੰ ਕਾਦਰ ਅਤੇ ਕੁਦਰਤ ਦੀ ਗੋਦ ਵਿੱਚ ਲੈ ਜਾਵੇਗਾ। ਜਿੱਥੇ ਅਸੀਂ ਮਹਿਕਦੀ ਹੋਈ ਕੁਦਰਤ ਨਾਲ ਇਕਸੁਰ ਹੋ ਕੇ ਵਿਗਾਸਮੁਖੀ ਜੀਵਨ ਬਤੀਤ ਕਰਾਂਗੇ। ਸੋ ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਸਮਾਦੀ ਸ਼ਾਸ਼ਕੀ ਵਿਵਸਥਾ ਹੀ ਸਾਡੇ ਕੋਲ ਇਕੋ ਇਕ ਹੱਲ ਹੈ ਜਿਸ ਨਾਲ ਮਾਨਵੀ ਹੋਂਦ ਅਤੇ ਇਸ ਧਰਤੀ ਨੂੰ ਬਚਾਇਆ ਜਾ ਸਕਦਾ ਹੈ। ਮਨੁੱਖਤਾ ਵਿੱਚ ਪਿਆਰ, ਏਕਤਾ ਅਤੇ ਖੇੜਿਆਂ ਨੂੰ ਕਾਇਮ ਰੱਖਣ ਲਈ ਇਸ ਪ੍ਰਬੰਧ ਦੀ ਮਹੱਤਵਪੂਰਨ ਲੋੜ ਹੈ। ਸਾਨੂੰ ਇਸ ਪ੍ਰਤੀ ਜਾਗਰੂਕ ਹੋਣ ਅਤੇ ਗਹਿਰੇ ਚਿੰਤਨ ਦੀ ਲੋੜ ਹੈ, ਜਿਸ ਦੁਆਰਾ ਅਜਿਹੇ ਪ੍ਰਬੰਧ ਨੂੰ ਅਮਲੀ ਰੂਪ ਵਿੱਚ ਲਾਗੂ ਕੀਤਾ ਜਾ ਸਕੇ।

# ਸੌਦੇਬਾਜੀ ਦੀ ਭੇਟ ਚੜਦੀਆਂ ਜ਼ਿੰਦਗੀਆਂ



ਹਰਕੀਰਤ ਕੌਰ
੯੭੭੯੧੧੮੦੬੬

ਸੌਦੇਬਾਜੀ ਭਾਵ ਵਪਾਰ। ਵਸਤਾਂ ਦਾ ਵਪਾਰ ਸੋਹਣਾ ਲੱਗਦਾ ਹੈ। ਕਈ ਵਾਰ ਵਸਤਾਂ ਦੇ ਹੁੰਦੇ ਵਪਾਰ ਵਿੱਚ ਬੰਦੇ ਨੂੰ ਨਫਾ ਹੁੰਦਾ ਹੈ ਕਦੇ ਨੁਕਸਾਨ। ਇਸ ਵਪਾਰ ਵਿੱਚ ਹੁੰਦਾ ਵਾਧਾ ਘਾਟਾ ਚੱਲਦਾ ਰਹਿੰਦਾ ਹੈ। ਅੱਜ ਦਾ ਮਨੁੱਖ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਅਤੇ ਹੋਰ ਵਧਣਾ ਚਾਹੁੰਦਾ ਹੈ। ਸਮਾਜ ਦੇ ਬਹੁਤਾਂਤ ਲੋਕ ਜਿਆਦਾ ਨਫਾ ਕਮਾਉਣ ਦੇ ਚੱਕਰ ਵਿੱਚ ਹਰ ਤਰਾਂ ਦੇ ਹੱਥਕੰਡੇ ਅਪਨਾਉਣ ਲੱਗੇ ਅਤੇ ਠੱਗੀਆਂ ਠੋਰੀਆਂ, ਚਲਾਕੀਆਂ, ਭ੍ਰਿਸ਼ਟਾਚਾਰੀ ਆਦਿ ਦਾ ਬੋਲਬਾਲਾ ਵੱਧਣ ਲੱਗਾ। ਵਪਾਰ ਤੋਂ ਹੁੰਦਾ ਹੁੰਦਾ ਇਹ ਧੰਦਾ ਹਰ ਖੇਤਰ ਵਿੱਚ ਵੇਖਣ ਨੂੰ ਮਿਲਣ ਲੱਗਾ। ਹਰ ਖੇਤਰ ਵਿੱਚ ਵਪਾਰ ਹੋਣ ਲੱਗਾ। ਹਸਪਤਾਲਾਂ ਵਿੱਚ ਮਰੀਜ਼ ਦੀ ਜਾਨ ਨੂੰ ਨਹੀਂ ਡਾਕਟਰ ਦੀ ਫੀਸ ਨੂੰ ਜਿਆਦਾ ਤਵੱਜੋ ਮਿਲਣ ਲੱਗੀ, ਵਿਦਿਆ ਦੇ ਖੇਤਰ ਵਿੱਚ ਕਈ ਵਿਦਿਆਰਥੀ ਇਮਤਿਹਾਨ ਇਸ ਕਰਕੇ ਨਹੀਂ ਦੇ ਸਕੇ ਕਿਉਂ ਕਿ ਉਹ ਸਕੂਲ, ਕਾਲਜ ਦੀ ਫੀਸ ਨਹੀਂ ਭਰ ਸਕੇ। ਇੱਕ ਵਿਦਿਆਰਥੀ ਦੇ ਭਵਿੱਖ ਨਾਲੋਂ ਫ਼ੀਸ ਨੂੰ ਜਿਆਦਾ ਮਹੱਤਤਾ ਮਿਲੀ। ਪੁਲਿਸ ਪ੍ਰਸ਼ਾਸਨ ਵਿੱਚ ਇੱਕ ਗ਼ਰੀਬ ਜਾਂ ਔਰਤ ਦੀ ਸ਼ਿਕਾਇਤ ਉੱਪਰ ਇਸ ਕਰਕੇ ਗੌਰ ਨਹੀਂ ਕੀਤਾ ਜਾਂਦਾ ਕਿਉਂਕਿ ਉਸ ਕੋਲ ਪੁਲਿਸ ਕਰਮਚਾਰੀਆਂ ਦੀ ਜੇਬ ਵਿੱਚ ਪਾਉਣ ਲਈ ਪੈਸੇ ਰੂਪੀ ਛਿੱਲੜ ਨਹੀਂ ਹਨ। ਤਿੰਨ ਮਹੱਤਵਪੂਰਨ ਸੱਸੇ (ਸ) ਸਿਹਤ, ਸਿੱਖਿਆ, ਸੁਰੱਖਿਆ ਸਾਰੇ ਵਪਾਰ ਦੀ ਭੇਟ ਚੜ ਗਏ। ਲੋਕਾਂ ਨੇ ਇਸ ਵਿਰੁੱਧ ਅਵਾਜ਼ ਤਾਂ ਕੀ ਉਠਾਉਣੀ ਸੀ ਸਮਾਜ ਨੇ ਇਸੇ ਬਦਲ ਰਹੇ ਵਤੀਰੇ ਨਾਲ ਸਮਝੌਤਾ ਕਰਨਾ ਅਸਾਨ ਸਮਝਿਆ।ਇਹ ਤਾਂ ਗੱਲ ਸੀ ਸਮਾਜ ਦੇ ਕਾਰ ਵਿਹਾਰ ਦੇ ਪੱਖਾਂ ਦੀ, ਪਰ ਹਾਲਤ ਤਾਂ ਉਦੋਂ ਤਰਸਯੋਗ ਹੁੰਦੀ ਨਜ਼ਰ ਆਉਂਦੀ ਹੈ ਜਦੋਂ ਸਮਾਜਿਕ ਕਾਰਕੁਨ ਵਿਹਾਰਾਂ ਤੋਂ ਅੱਗੇ ਸੌਦੇਬਾਜੀ ਨਿੱਜੀ ਜੀਵਨ ਨੂੰ ਪ੍ਰਭਾਵਿਤ ਕਰਨ ਲੱਗੇ। ਅੱਜ ਜਿੱਥੇ ਮਨੁੱਖ ਹਰ ਕੰਮ ਵਿੱਚ ਨਫਾ ਭਾਲਦਾ ਹੈ, ਉੱਥੇ ਲੋਕਾਂ ਦੇ ਜਜ਼ਬਾਤਾਂ, ਭਾਵਨਾਵਾਂ ਦੀ ਵੀ ਸੌਦੇਬਾਜੀ ਹੋਣ ਲੱਗੀ ਹੈ। ਲੋਕ ਆਪਣੀਆਂ ਮੌਜ ਮਸਤੀਆਂ ਲਈ ਕਿਸੇ ਦੇ ਵੀ ਜਜ਼ਬਾਤਾਂ ਨਾਲ ਖੇਡਦੇ ਹਨ, ਇਸ ਸੌਦੇਬਾਜੀ ਦੇ ਚੱਕਰ ਵਿੱਚ ਮਾਨਸਿਕ ਤੌਰ 'ਤੇ ਇੱਕ ਇਨਸਾਨ ਨੂੰ ਐਨਾ ਤੋੜ ਦਿੱਤਾ ਜਾਂਦਾ ਹੈ ਕਿ ਉਹ ਫਿਰ ਕਿਸੇ ਉੱਪਰ ਇਤਬਾਰ ਕਰਨ ਯੋਗ ਨਹੀਂ ਰਹਿੰਦਾ। ਇਸ ਤੋਂ ਇਲਾਵਾ ਲੋਕ ਆਪਣੇ ਬੱਚਿਆਂ ਦੇ ਰਿਸ਼ਤੇ ਤੈਅ ਕਰਨ ਸਮੇਂ ਵੀ ਬੱਚੇ ਬੱਚੀ ਦੇ ਗੁਣ ਔਗੁਣ ਦੇਖਣ ਦੀ ਬਜਾਏ ਲੜਕੀ ਵਾਲੇ ਲੜਕੇ ਦਾ ਵਿਦੇਸ਼ ਹੋਣਾ ਅਤੇ ਲੜਕੀ ਦਾ ਆਈਲੈਟਸ ਦੇਖਦੇ ਹਨ, ਜ਼ਿੰਦਗੀ ਦੀ ਇਸ ਸੌਦੇਬਾਜੀ ਵਿੱਚ ਫਿਰ ਇੱਕ ਜ਼ਿੰਦਗੀ ਹਾਰ ਜਾਂਦੀ ਹੈ ਤੇ ਇਸ ਫਾਨੀ ਸੰਸਾਰ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਜਾਂਦੀ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਸੌਦੇਬਾਜੀ ਨੂੰ ਰੋਕਿਆ ਕਿਵੇਂ ਜਾਵੇ। ਇਸਦਾ ਇੱਕ ਹੀ ਉੱਤਰ ਹੈ ਕਿ ਅਸੀਂ ਸਾਰੇ ਸਕੂਨਮਈ ਜ਼ਿੰਦਗੀ ਜਿਊਣਾ ਤਾਂ ਚਾਹੁੰਦੇ ਹਾਂ, ਪਰ ਸਾਨੂੰ ਪਦਾਰਥਿਕ ਵਾਦੀ ਚੀਜ਼ਾਂ ਵਿੱਚ ਸਕੂਨ ਨਜ਼ਰ ਆਉਣ ਲੱਗਾ ਹੈ, ਜਿੰਨਾ ਨੂੰ ਪਾਉਣ ਲਈ ਮਨੁੱਖ ਇਹ ਸੌਦੇਬਾਜੀ ਕਰਦਾ ਹੈ। ਪਰ ਸਕੂਨ ਫਿਰ ਵੀ ਪ੍ਰਾਪਤ ਨਹੀਂ ਕਰ ਪਾਉਂਦਾ, ਕਿਉਂਕਿ ਸਕੂਨ ਸੱਚ ਵਿੱਚ ਹੁੰਦਾ ਹੈ ਅਤੇ ਇਸ ਸੌਦੇਬਾਜੀ ਦੇ ਚੱਕਰ ਵਿੱਚ ਅਸੀਂ ਸੱਚ ਤੋਂ ਕੋਹਾਂ ਦੂਰ ਆ ਚੁੱਕੇ ਹਾਂ।

ਜਿੰਦਗੀ ਨੂੰ ਅਸਾਨ ਬਣਾਈਏ, ਕੋਝੀਆਂ, ਫੋਕੀਆਂ ਛੋਛੇਬਾਜ਼ੀਆਂ ਤੋਂ ਉੱਪਰ ਉੱਠ ਸਿੱਧਾ ਸਾਦਾ ਜੀਵਨ ਜਿਊਣ ਦਾ ਯਤਨ ਕਰੀਏ ਨਹੀਂ ਤਾਂ ਇੱਕ ਦਿਨ ਅਜਿਹਾ ਆਵੇਗਾ ਕਿ ਜਜ਼ਬਾਤਾਂ ਦੇ ਹੁੰਦੇ ਇਸ ਵਪਾਰ ਵਿੱਚ ਮਨੁੱਖ ਪੈਸਾ ਤਾਂ ਸ਼ਾਇਦ ਅਥਾਹ ਇਕੱਠਾ ਕਰ ਲਵੇ ਪਰ ਮਾਨਸਿਕ ਸ਼ਾਂਤੀ ਤੇ ਖੁਸ਼ੀ ਖੰਭ ਲਾ ਕਿਧਰੇ ਦੂਰ ਉੱਡ ਜਾਵੇਗੀ।

# ‘ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ’

## ਮੂਲ ਰਚਨਾ, ਪੰਥ ਰਤਨ, ਗੁਰਮਿਤ ਮਾਰਤੰਡ, ਗਿਆਨੀ ਸੰਤ ਸਿੰਘ ਮਸਕੀਨ ਜੀ

ਭਾਗ 11

**ਸੰਪਾਦਤ: ਸਰਬਜੀਤ ਕੌਰ**

ਦੁਨਿਆਵੀ ਜੀਵਨ ਵਿੱਚ ਰਹਿੰਦੇ ਹੋਏ ਇਨਸਾਨ ਦੇ ਸਿਰ ਉੱਤੇ ਜ਼ਿੰਮੇਵਾਰੀਆਂ ਦਾ ਬੋਝ ਬਹੁਤ ਜ਼ਿਆਦਾ ਹੈ। ਸਿਰ ਤੇ ਬੋਝ ਬਹੁਤ ਜ਼ਿਆਦਾ ਹੋਵੇ ਤਾਂ ਕਦਮਾਂ ਨੂੰ ਤੇਜ਼ੀ ਦੇਣੀ ਔਖੀ ਹੋ ਜਾਂਦੀ ਹੈ, ਬਹੁਤ ਬੋਝ ਨਾਲ ਲੰਬੀ ਵਾਟ ਤੈਅ ਨਹੀਂ ਕੀਤੀ ਜਾ ਸਕਦੀ।

ਅਸੀਂ ਵੇਖਦੇ ਹਾਂ ਕਿ ਜਿਨਾਂ ਮਨੁੱਖਾਂ ਨੇ ਆਪਣੇ ਸਰੀਰ ਦਾ ਮੋਟਾਪਾ ਵਧਾ ਲਿਆ ਹੈ। ਉਨਾਂ ਵਾਸਤੇ ਤਿੱਖਾ ਅਤੇ ਜ਼ਿਆਦਾ ਚੱਲਣਾ ਕਠਨ ਹੁੰਦਾ ਹੈ। ਸਰੀਰ ਦਾ ਮੋਟਾਪਾ ਇਕ ਰੋਗ ਹੈ ਜਦ ਭਾਰੀ ਮਨੁੱਖ ਨੂੰ ਜ਼ਮੀਨ ਤੇ ਚੱਲਣਾ ਔਖਾ ਹੈ ਤਾਂ ਪਾਣੀ ਵਿੱਚ ਤੈਰਨ ਦਾ ਤੇ ਸਵਾਲ ਹੀ ਨਹੀਂ ਪੈਦਾ ਹੁੰਦਾ। ਪਾਣੀ ਵਿੱਚ ਤੈਰਨ ਲਈ ਨਿਰਭਰ ਤੇ ਫੁਰਤੀਲਾ ਹੋਣਾ ਅਤਿ ਜ਼ਰੂਰੀ ਹੈ ਪਰ ਭਾਰੀ ਮਨੁੱਖ ਫੁਰਤੀਲਾ ਨਹੀਂ ਹੁੰਦਾ ਤੇ ਤੈਰਨ ਵਿਚ ਅਸਮਰੱਥ ਹੁੰਦਾ ਹੈ।

ਜਿਨਾਂ ਦੀ ਸੁਰਤ ’ਤੇ ਬਹੁਤ ਦੁਨਿਆਵੀ ਬੋਝ ਹੈ ਉਨਾਂ ਵਾਸਤੇ ਪ੍ਰਭੂ ਸਿਮਰਨ ਕਰਨਾ ਮੁਸ਼ਕਿਲ ਹੈ ਪ੍ਰਭੂ ਚਿੰਤਨ ਲਈ ਸੁਰਤ ਹੌਲੀ ਅਤੇ ਫੁੱਲਾਂ ਵਾਂਗ ਚਾਹੀਦੀ ਹੈ। ਜੇਕਰ ਇਕ ਸਰੀਰ ਭਾਰਾ ਹੋਵੇ ਦੂਜਾ ਭਾਰੀ ਪੰਡ ਚੁੱਕ ਲਵੇ ਤੇ ਫਿਰ ਗਲੇ ਵਿੱਚ ਪੱਥਰਾਂ ਦੀ ਮਾਲਾ ਪਹਿਨ ਲਵੇ ਅਜਿਹਾ ਮਨੁੱਖ ਤਾਂ ਜ਼ਰੂਰ ਡੁੱਬੇਗਾ ਤੇ ਸੁਪਨੇ ਵਿੱਚ ਵੀ ਪਾਰ ਹੋਣਾ ਔਖਾ ਹੈ।

‘ਬਿਕਾਰ ਪਾਥਰ ਗਲਹਿ ਬਾਧੇ ਨਿੰਦ ਪੋਟ ਸਿਰਾਇ ॥ ਮਹਾ ਸਾਗਰੁ ਸਮੁਦੁ ਲੰਘਨਾ ਪਾਰਿ ਨ ਪਰਨਾ ਜਾਇ ॥੨॥ ਕਾਮਿ ਕ੍ਰੋਧਿ ਲੋਭਿ ਮੋਹਿ ਬਿਆਪਿਓ ਨੇਤ੍ਰ ਰਖੇ ਫਿਰਾਇ ॥ ਸੀਸੁ ਉਠਾਵਨ ਨ ਕਬਹੂ ਮਿਲਈ ਮਹਾ ਦੁਤਰ ਮਾਇ॥’



ਅਸੀਂ ਆਪਣੇ ਚੁਫੇਰੇ ਵੇਖਦੇ ਹਾਂ ਕਿ ਕਈ ਦਫ਼ਾ ਜਿਊਂਦੇ ਮਨੁੱਖ ਡੁੱਬ ਜਾਂਦੇ ਹਨ ਪਰ ਮੁਰਦੇ ਤੈਰਦੇ ਹਨ। ਮੁਰਦੇ ਨੂੰ ਪਾਣੀ ਡਬੋਂਦਾ ਨਹੀਂ ਜਦਕਿ ਜਿਊਂਦਾ ਡੁੱਬ ਜਾਂਦਾ ਹੈ, ਦਰਅਸਲ ਜਿਊਂਦੇ ਮਨੁੱਖ ਦੇ ਮਨ ਉੱਤੇ ਭੈਅ ਵਾਸਨਾ ਅਤੇ ਮਾਇਆ ਦੇ ਵਿਚਾਰਾਂ ਦਾ ਬੋਝ ਹੁੰਦਾ ਹੈ। ਪਾਣੀ ਵਿੱਚ ਆਪਣਾ ਸੰਤੁਲਨ ਖੋ ਬੈਠਦਾ ਹੈ, ਪਰ ਜਦੋਂ ਮਰਿਆ ਹੋਇਆ ਮਨੁੱਖ ਇਨਾਂ ਸਾਰੇ ਬੋਝਾਂ ਤੋਂ ਨਿਆਰਾ ਹੋ ਜਾਂਦਾ ਹੈ ਇਸ ਲਈ ਉਹ ਪਾਣੀ ਦੇ ਉੱਪਰ ਤੈਰਦਾ ਰਹਿੰਦਾ ਹੈ।

ਜੋ ਮੁਰਦੇ ਦੀ ਤਰਾਂ ਮੁਰੀਦ ਹੋਵੇ ਤਾਂ ਹੀ ਭਵ ਸਾਗਰ ਤੋਂ ਤੈਰ ਸਕਦਾ ਹੈ। ਦਿਲ ਦਿਮਾਗ ’ਤੇ ਬੋਝ ਰੱਖ ਕੇ ਜੋ ਸਤਿਸੰਗ ਵਿੱਚ ਜਾਂਦਾ ਹੈ ਉਹ ਰਸ ਤੋਂ ਵਾਂਝਾ ਰਹਿ ਜਾਂਦਾ ਹੈ ਅਤੇ ਸਾਰੇ ਵਿਚਾਰਾਂ ਦੇ ਬੋਝ ਨੂੰ ਮਨ ਵਿੱਚ ਰੱਖ ਕੇ ਉਹ ਸਤਿਸੰਗ ਦਾ ਆਨੰਦ ਹੀ ਨਹੀਂ ਮੰਨ ਸਕਦਾ। ਇਸ ਲਈ ਸਾਰੇ ਵਿਚਾਰਾਂ ਦੇ ਬੋਝ ਨੂੰ ਇੱਕ ਪਾਸੇ ਰੱਖ ਕੇ ਜੋ ਸਿਮਰਨ ਨਿੱਤ ਨੇਮ ਜਾਂ ਸਤਿਸੰਗ ਕਰਦਾ ਹੈ, ਉਸ ਦੀ ਸੁਰਤ ਉਸ ਦੁੱਖ ਤੇ ਭੈਅ ਦੇ ਸਾਗਰ ਵਿਚ ਗਰਕ ਨਹੀਂ ਹੁੰਦੀ।

ਇਕ ਬੇੜੀ ਪੁਰਾਣੀ ਹੋਵੇ, ਦੂਜੀ ਥਾਂ ਥਾਂ ਤੇ ਛੇਕ ਹੋਵੇ ਫਿਰ ਉਸ ਤੇ ਭਾਰ ਬਹੁਤ ਹੋਵੇ ਉਹ ਤਾਂ ਜ਼ਰੂਰ ਡੁੱਬੇਗੀ, ਜਦੋਂ ਬੇੜੀ ਹੀ ਡੁੱਬ ਜਾਵੇਗੀ ਫਿਰ ਪਾਰ ਲੰਘਣਾ ਔਖਾ ਹੋ ਜਾਵੇਗਾ। ਇਸੇ ਤਰਾਂ ਜੀਵਨ ਰੂਪੀ ਲੋਕਾਂ ਵਿਚ ਅਵਿਸਵਾਸ਼ ਤੇ ਅਸ਼ਰਧਾ ਰੂਪੀ ਛਿਦਰ ਹਨ, ਵਿਕਾਰਾਂ ਦਾ ਬੋਝ ਹੈ, ਵਾਸਨਾ ਦੇ ਵਿਚਾਰ ਅਤੇ ਮੰਗਾਂ ਬੜੀਆਂ ਪੁਰਾਣੀਆਂ ਹਨ। ਕੋਈ ਨਵੀਂ ਸੋਚ ਨਵਾਂ ਜੀਵਨ ਦਾ ਢੰਗ ਹੋਵੇ ਤਾਂ ਆਨੰਦ ਮਾਣਿਆ ਜਾ ਸਕਦਾ ਹੈ, ਜਿਸ ਤਰਾਂ ਦਾ ਜੀਵਨ ਅਸੀਂ ਜੀ ਰਹੇ ਹਾਂ, ਇਹ ਤਾਂ ਕਈ ਦਫ਼ਾ ਕਈ ਜਨਮਾਂ ਵਿਚ ਜੀਅ ਚੁੱਕੇ ਹਾਂ।

ਸ਼ਬਦ ਗੁਰੂ ਦਾ ਫੁਰਮਾਨ ਹੈ:

**ਗਉੜੀ ਕਬੀਰ ਜੀ ॥ ਅਸਥਾਵਰ ਜੰਗਮ ਕੀਟ ਪਤੰਗਾ ॥ ਅਨਿਕ ਜਨਮ ਕੀਏ ਬਹੁ ਰੰਗਾ ॥੧॥ ਐਸੇ ਘਰ ਹਮ ਬਹੁਤੁ ਬਸਾਏ ॥ ਜਬ ਹਮ ਰਾਮ ਗਰਭ ਹੋਇ ਆਏ ॥੧॥ ਰਹਾਉ ॥ ਜੋਗੀ ਜਤੀ ਤਪੀ ਬ੍ਰਹਮਚਾਰੀ ॥ ਕਬਹੂ ਰਾਜਾ ਛਤ੍ਰਪਤਿ ਕਬਹੂ ਭੇਖਾਰੀ ॥੨॥ ਸਾਕਤ ਮਰਹਿ ਸੰਤ ਸਭਿ ਜੀਵਹਿ ॥ ਰਾਮ ਰਸਾਇਨੁ ਰਸਨਾ ਪੀਵਹਿ ॥੩॥ ਕਹੁ ਕਬੀਰ ਪ੍ਰਭ ਕਿਰਪਾ ਕੀਜੈ ॥ ਹਾਰਿ ਪਰੇ ਅਬ ਪੂਰਾ ਦੀਜੈ॥’**

ਉਸ ਅਕਾਲ ਪੁਰਖ ਦੀ ਇੱਛਾ ਨਾਲ ਹੀ ਆਪਣੀ ਇੱਛਾ ਜੋੜੀਏ ਵਿਪਰੀਤ ਇੱਛਾ ਨਾ ਹੋਵੇ ਉਸ ਦੀ ਰਜ਼ਾ ਵਿਚ ਹੀ ਰਾਜ਼ੀ ਹੋਈਏ ਤਾਂ ਹੀ ਸੁਰਤ ਸ਼ਬਦ ਗੁਰੂ ਦੇ ਆਸਰੇ ਤੇ ਭਵ ਸਾਗਰ ਤੋਂ ਪਾਰ ਹੋ ਜਾਂਦੀ ਹੈ। ਭਗਤ ਕਬੀਰ ਜੀ ਆਖਦੇ ਹਨ:

ਕਬੀਰ ਬੇੜਾ ਜਰਜਰਾ ਫੂਟੇ ਛੇਂਕ ਹਜਾਰ ॥ ਹਰੂਏ ਹਰੂਏ ਤਿਰਿ ਗਏ ਡੂਬੇ ਜਿਨ ਸਿਰ ਭਾਰ ॥

ਸੋ ਇਸ ਦੁਨਿਆਵੀ ਜੀਵਨ ਤੋਂ ਕੁਝ ਕੁ ਉੱਪਰ ਹੋ ਕੇ ਵੇਖਿਆ ਜਾਵੇ ਤਾਂ ਸਾਨੂੰ ਉਸ ਅਕਾਲ ਪੁਰਖ ਦਾ ਦੀਦਾਰ ਹੋ ਜਾਂਦਾ ਹੈ, ਪਰ ਇਹ ਦੀਦਾਰ ਉਦੋਂ ਹੀ ਹੁੰਦਾ ਹੈ ਜਦੋਂ ਸਾਡੀ ਸੁਰਤ ਉਸ ਸ਼ਬਦ ਨਾਲ ਜੁੜਦੀ ਹੈ। ਸੁਰਤ ਨੂੰ ਸ਼ਬਦ ਨਾਲ ਜੋੜਨ ਲਈ ਸਾਨੂੰ ਦੁਨਿਆਵੀ ਮੋਹ ਮਾਇਆ ਦਾ ਤਿਆਗ ਕਰਨਾ ਪੈਂਦਾ ਹੈ।ਗ੍ਰਹਿਸਤੀ ਜੀਵਨ ਇੱਕ ਪਾਸੇ ਹੈ ਅਤੇ ਉਸ ਦੀਆਂ ਜ਼ਿੰਮੇਵਾਰੀਆਂ ਦੂਜੇ ਪਾਸੇ, ਇਨਾਂ ਦੋਨਾਂ ਵਿਚਕਾਰਲਾ ਜੋ ਜੀਵਨ ਹੈ, ਜਿਸ ਵਿੱਚ ਗ੍ਰਹਿਸਤੀ ਵੀ ਹੈ ਅਤੇ ਜ਼ਿੰਮੇਵਾਰੀਆਂ ਵੀ ਅਤੇ ਇਨਾਂ ਚੀਜ਼ਾਂ ਨੂੰ ਨਿਭਾਉਂਦੇ ਹੋਏ ਉਸ ਅਕਾਲ ਪੁਰਖ ਨਾਲ ਮੇਲ ਮਿਲਾਪ ਕਰਨਾ ਚਾਹੀਦਾ ਹੈ।

# ਗੁਰਦੁਆਰਾ ਸਾਹਿਬ ਜੀ ਦੀ ਭੂਮਿਕਾ ਅਤੇ ਮਾਨਵੀ ਸਰੋਕਾਰ

**ਗੁਰਬਿੰਦਰ ਮਾਣਕ**

ਹਰ ਸ਼ਰਧਾਵਾਨ ਲਈ ਆਪਣੇ ਧਰਮ ਦਾ ਪੂਜਾ ਅਸਥਾਨ ਬੇਹੱਦ ਮਹੱਤਵਪੂਰਨ ਹੁੰਦਾ ਹੈ। ਗੁਰਦੁਆਰੇ ਦੀ ਇਸ ਕਾਰਨ ਵਿਸ਼ੇਸ਼ ਮਹੱਤਤਾ ਹੈ ਕਿ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਸ਼ੋਭਿਤ ਹਨ। ਗੁਰੂ ਗ੍ਰੰਥ ਸਾਹਿਬ ਨੂੰ ਕਿਉਂਕਿ ਸ਼ਬਦ ਗੁਰੂ ਅਤੇ ਜਾਗਦੀ ਜੋਤ ਮੰਨਿਆ ਜਾਂਦਾ ਹੈ, ਇਸੇ ਕਾਰਨ ਇਸ ਨੂੰ ਗੁਰੂ ਦੀ ਨਿਆਈਂ ਸ਼ਰਧਾ ਤੇ ਸਤਿਕਾਰ ਦੇ ਕੇ ਨਿਵਾਜਿਆ ਜਾਂਦਾ ਹੈ। ਬਹੁਤ ਸਾਰੇ ਲੋਕ ਆਪਣਾ ਨਿੱਤ ਕਰਮ ਸ਼ੁਰੂ ਕਰਨ ਤੋਂ ਪਹਿਲਾਂ ਗੁਰਦੁਆਰੇ ਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਨਤਮਸਤਕ ਹੁੰਦੇ ਹਨ ਤੇ ਸ਼ਾਮ ਨੂੰ ਵੀ ਇਹੀ ਕਰਮ ਦੁਹਰਾਇਆ ਜਾਂਦਾ ਹੈ। ਜੇ ਕਿਸੇ ਕਾਰਨ ਗੁਰਦੁਆਰੇ ਨਾ ਵੀ ਜਾਇਆ ਜਾ ਸਕੇ ਤਾਂ ਹਰ ਸ਼ਰਧਾਵਾਨ ਸਵੇਰੇ ਸ਼ਾਮ ਆਪਣਾ ਨਿਤਨੇਮ ਕਰਨ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦਾ ਧਿਆਨ ਧਰ ਕੇ ਹੀ ਆਪਣੀ ਅਰਦਾਸ ਕਰਦਾ ਹੈ।

ਸਿੱਖ ਧਰਮ ਵਿਚ ਸ਼ਰਧਾ ਰੱਖਣ ਵਾਲੇ ਸ਼ਰਧਾਲੂ ਜੀਵਨ ਵਿਚ ਕਿਸੇ ਵੀ ਵਿਸ਼ੇਸ਼ ਕਾਰਜ ਦੀ ਸ਼ੁਰੂਆਤ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹਨ। ਕਿਸੇ ਵੀ ਖ਼ੁਸ਼ੀ ਜਾਂ ਗਮੀ ਦੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਅਗੰਮੀ ਬਾਣੀ ਦੇ ਸਹਿਜ ਪਾਠ ਜਾਂ ਅਖੰਡ ਪਾਠ ਕਰਵਾਉਣੇ ਆਮ ਵਰਤਾਰਾ ਹੈ। ਸ਼ਰਧਾਵਾਨ ਕਿਸੇ ਕਾਰਜ ਦੀ ਸੰਪੂਰਨਤਾ ਹੋਣ ਉਪਰੰਤ ਵੀ ਸ਼ੁਕਰਾਨੇ ਵਜੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪਾਠ ਕੀਰਤਨ ਦੀ ਛਹਿਬਰ ਲਾ ਕੇ ਆਪਣੇ ਅਧਿਆਤਮਕ ਵਿਸ਼ਵਾਸ ਦਾ ਪ੍ਰਗਟਾਵਾ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਅਧਿਆਤਮਕ ਗੁਰੂ ਗ੍ਰੰਥ ਹੋਣ ਦੇ ਨਾਲ-ਨਾਲ ਸਮਾਜਿਕ, ਸੱਭਿਆਚਾਰਕ ਅਤੇ ਰਾਜਨੀਤਕ ਸਰੋਕਾਰਾਂ ਨੂੰ ਵੀ ਭਰਵੇਂ ਰੂਪ ਵਿਚ ਆਪਣੇ ਕਲੇਵਰ ਵਿਚ ਸਮੋਈ ਬੈਠੇ ਹਨ। ਅਸਲ ਅਰਥਾਂ ਵਿਚ ਗੁਰਬਾਣੀ ਸੰਪੂਰਨ ਜੀਵਨ-ਜਾਚ ਹੈ।

ਬਹੁਤ ਸਾਰੇ ਇਤਿਹਾਸਕ ਗੁਰਦੁਆਰਿਆਂ ਤੋਂ ਬਿਨਾਂ ਪੰਜਾਬ ਦਾ ਕੋਈ ਅਜਿਹਾ ਪਿੰਡ, ਸ਼ਹਿਰ ਜਾਂ ਕਸਬਾ ਨਹੀਂ ਹੈ ਜਿੱਥੇ ਸ਼ਾਨਦਾਰ ਗੁਰਦੁਆਰਾ ਸਾਹਿਬ ਨਾ ਉਸਾਰੇ ਗਏ ਹੋਣ। ਭਾਰਤ ਦੇ ਵੱਖ-ਵੱਖ ਰਾਜਾਂ ਅਤੇ ਸੰਸਾਰ ਦੇ ਅਨੇਕਾਂ ਦੇਸ਼ਾਂ ਵਿਚ ਸਿੱਖ ਧਰਮ ਵਿਚ ਆਸਥਾ ਰੱਖਣ ਵਾਲੇ ਸ਼ਰਧਾਵਾਨਾਂ ਨੇ ਗੁਰਦੁਆਰਿਆਂ ਦੀ ਉਸਾਰੀ ਕਰਵਾ ਕੇ ਆਪਣੀ ਡੂੰਘੀ ਸ਼ਰਧਾ ਦਾ ਪ੍ਰਗਟਾਵਾ ਕੀਤਾ ਹੈ। ਸਾਧ-ਸੰਗਤ ਦੀ ਅਪਾਰ ਸ਼ਰਧਾ ਦੀ ਬਦੌਲਤ ਇਹ ਗੁਰਦੁਆਰਾ ਸਾਹਿਬ ਦੀ ਆਭਾ ਦਾ ਜਲੌਅ ਦੇਖਿਆਂ ਹੀ ਬਣਦਾ ਹੈ। ਵਿਦੇਸ਼ਾਂ ਵਿਚ ਰੋਟੀ-ਰੋਜ਼ੀ ਦੀ ਖ਼ਾਤਰ ਗਏ ਪੰਜਾਬੀਆਂ ਨੇ ਪੈਰਾਂ ਸਿਰ ਹੋਣ ਤੋਂ ਬਾਅਦ ਪਹਿਲਾ ਕੰਮ ਹੀ ਗੁਰਦੁਆਰੇ ਉਸਾਰਨ ਦਾ ਕੀਤਾ। ਇਸੇ ਕਾਰਨ ਹੀ ਹੁਣ ਬਹੁਤੇ ਦੇਸ਼ਾਂ ਵਿਚ ਗੁਰਪੁਰਬ ਮਨਾਏ ਜਾਂਦੇ ਹਨ, ਲੰਗਰ ਲਗਦੇ ਹਨ ਤੇ ਨਗਰ ਕੀਰਤਨ ਸਜਦੇ ਹਨ।ਆਮ ਤੌਰ ’ਤੇ ਗੁਰਦੁਆਰਿਆਂ ਵਿਚ ਸਵੇਰੇ ਸ਼ਾਮ ਰੋਜ਼ਾਨਾ ਪਾਠ ਤੋਂ ਬਿਨਾਂ ਹਰ ਮਹੀਨੇ ਸੰਗਰਾਂਦ ਜਾਂ ਗੁਰੂ ਸਾਹਿਬਾਨ ਦੇ ਗੁਰਪੁਰਬ ਵੀ ਮਨਾਏ ਜਾਂਦੇ ਹਨ। ਗੁਰਮਤਿ ਵਿਚਾਰਧਾਰਾ ਦੀਆਂ ਉੱਚੀਆਂ-ਸੁੱਚੀਆਂ ਮਾਨਵੀ ਕਦਰਾਂ-ਕੀਮਤਾਂ ਦੇ ਪ੍ਰਚਾਰ-



ਪ੍ਰਸਾਰ ਲਈ ਗੁਰਦੁਆਰਿਆਂ ਵਿਚ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਬਹੁਤੇ ਪਾਠੀ ਸਾਹਿਬਾਨ ਤਾਂ ਰੋਜ਼ਾਨਾ ਦੀਆਂ ਰਸਮਾਂ ਨਿਭਾਅ ਕੇ ਹੀ ਸੁਰਖ਼ਰੂ ਹੋ ਜਾਂਦੇ ਹਨ। ਗੁਰਬਾਣੀ ਤੱਤ ਗਿਆਨ ਦਾ ਇਕ ਵਿਸ਼ਾਲ ਮਹਾਂਸਾਗਰ ਹੈ। ਸਾਧਾਰਨ ਤੇ ਅਣ-ਸਿੱਖਿਅਤ ਵਿਅਕਤੀ ਇਸ ਦੇ ਡੂੰਘੇ ਅਰਥਾਂ ਦੀ ਥਾਹ ਪਾਉਣ ਤੋਂ ਅਸਮਰਥ ਹਨ। ਗੁਰਬਾਣੀ ਦੀ ਵਿਚਾਰਧਾਰਾ ਨੂੰ ਸਮਝਣ ਲਈ ਕਿਸੇ ਪਾਠੀ ਸਿੰਘ ਨੂੰ ਇਤਿਹਾਸ, ਸੰਸਕ੍ਰਿਤੀ, ਰਾਗ ਵਿੱਦਿਆ, ਵਿਆਕਰਨ ਅਤੇ ਭਾਸ਼ਾਵਾਂ ਦੀ ਸੂਝ ਸਮਝ ਹੋਣੀ ਬਹੁਤ ਜ਼ਰੂਰੀ ਹੈ।

ਧਰਮ ਤੇ ਵਿਰਸਾ

ਗੁਰਮਤਿ ਦੀ ਸਰਬ ਸਾਂਝੀਵਾਲਤਾ ਦੀ ਵਿਚਾਰਧਾਰਾ ਦੇ ਉਲਟ ਅੱਜ ਵੀ ਪਿੰਡਾਂ ਵਿਚ ਜਾਤਾਂ ’ਤੇ ਆਧਾਰਿਤ ਕਈ ਕਈ ਗੁਰਦੁਆਰੇ ਹਨ। ਗੁਰੂ ਸਾਹਿਬਾਨ ਦੇ ਗੁਰਪੁਰਬ ਹੋਰ ਗੁਰਦੁਆਰਿਆਂ ਵਿਚ ਮਨਾਏ ਜਾਂਦੇ ਹਨ ਤੇ ਸ਼੍ਰੋਮਣੀ ਭਗਤ ਸਾਹਿਬਾਨ ਦੇ ਵੱਖਰੇ ਗੁਰੂ ਗ੍ਰੰਥ ਸਾਹਿਬ ਦੇ ਬਾਕੀ ਬਾਣੀਕਾਰਾਂ ਦੇ ਪੁਰਬ ਮਨਾਉਣ ਦੀ ਵੀ ਲੋੜ ਸਮਝੀ ਜਾਣੀ ਚਾਹੀਦੀ ਹੈ। ਗੁਰਮਤਿ ਵਿਚਾਰਧਾਰਾ ਜਾਤ-ਪਾਤ, ਰੰਗ, ਨਸਲ, ਫਿਰਕੇ ਆਦਿ ਦੇ ਵਿਤਕਰਿਆਂ ਨੂੰ ਪੂਰੀ ਤਰਾਂ ਰੱਦ ਕਰਦੀ ਹੈ। ਕੀ ਸਾਰੇ ਗੁਰਪੁਰਬ ਸਾਂਝੇ ਰੂਪ ਵਿਚ ਇਕ ਹੀ ਗੁਰਦੁਆਰੇ ਵਿਚ ਨਹੀਂ ਮਨਾਏ ਜਾ ਸਕਦੇ?

ਗੁਰਦੁਆਰਿਆਂ ਕੋਲ ਮਾਇਆ ਦੀ ਕੋਈ ਤੋਟ ਨਹੀਂ ਹੈ। ਕਿੰਨਾ ਚੰਗਾ ਹੋਵੇ ਜੇ ਹਰ ਗੁਰਦੁਆਰੇ ਵਿਚ ਇਕ ਲਾਇਬ੍ਰੇਰੀ ਦੀ ਸਥਾਪਨਾ ਕੀਤੀ ਜਾਵੇ। ਨੌਜਵਾਨਾਂ ਨੂੰ ਪ੍ਰੇਰਿਤ ਕਰਕੇ ਪੜਾਈ ਤੇ ਖੇਡਾਂ ਵੱਲ ਲਗਾਉਣਾ, ਸਾਡੀ ਪਹਿਲ ਹੋਣੀ ਚਾਹੀਦੀ ਹੈ। ਨਸ਼ਿਆਂ ਦੇ ਕੋਹੜ ਨੇ ਪੂਰੇ ਪੰਜਾਬ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਗੁਰਦੁਆਰੇ ਦੇ ਮੰਚ ਤੋਂ ਅਜਿਹੀਆਂ ਬੁਰਾਈਆਂ ਵਿਰੁੱਧ ਵੀ ਆਵਾਜ਼ ਉਠਾਈ ਜਾਣੀ ਅੱਜ ਦੇ ਸਮੇਂ ਦੀ ਵੱਡੀ ਲੋੜ ਹੈ।

# ਜਾਗਤੀ ਗੁਰਮਤਿ ਮਹਾਂਪੁਰਖ : ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ



**ਅਬਿਨਾਸ਼ ਮਹਾਪਾਤਰਾ**
ਮੋ. ੯੪੩੯੩੯੪੮੮੨, ੮੯੮੪੦੪੮੪੪੬

ਇਸ ਪੂਰੀ ਸ੍ਰਿਸ਼ਟੀ ਵਿਚ ਅਕਾਲ ਪੁਰਖ ਸ੍ਰੀ ਵਾਹਿਗੁਰੂ ਜੀ ਜੋਤ ਰੂਪੀ ਆਕਾਰ ਵਿਚ ਸਭ ਦੇ ਅੰਦਰ ਸਮਾਏ ਹੋਏ ਹਨ। ਇਸ ਲਈ ਜਦੋਂ ਵੀ ਇਸ ਸ੍ਰਿਸ਼ਟੀ ਦੇ ਜੀਵਾਂ ਉਪਰ ਕਲਯੁਗ ਦਾ ਪ੍ਰਭਾਵ ਵੱਧ ਜਾਂਦਾ ਹੈ, ਗਿਆਨ ਰੂਪੀ ਰੋਸ਼ਨੀ ਨੂੰ ਜਦੋਂ ਅਗਿਆਨ ਰੂਪੀ ਅੰਧਕਾਰ ਕੰਬਲ ਨਾਲ ਢੱਕਣ ਦੀ ਕੋਸ਼ਿਸ ਕਰਦਾ ਹੈ, ਜਦੋਂ ਮਨੁੱਖਤਾ ਦਾ ਪ੍ਰਭਾਵ ਪੈਣ ਲੱਗੇ ਤੇ ਗੁਰ ਖ਼ਾਲਸਈ ਗੁਰਮਤਿ ਗਿਆਨ ਦੇ ਪ੍ਰਚਾਰ ਵਿਚ ਰੁਕਾਵਟ ਸ਼ੁਰੂ ਹੋ ਜਾਵੇ ਉਸ ਸਮੇਂ ਮਹਾਂਕਾਲ (ਕਾਲ ਤੋਂ ਪਰੇ : ਅਕਾਲ ਪੁਰਖ) ਅਕਾਲ ਪੁਰਖ ਦੇ ਹੁਕਮ ਅਨੁਸਾਰ ਇਕ ਗੁਰਮਤਿ ਮਹਾਪੁਰਖ ਦਾ ਜਨਮ ਹੁੰਦਾ ਹੈ। ਇਨਾਂ ਹਰਫ਼ਾਂ ਨੂੰ ਸੱਚ ਕਰਦੀ ਪੰਥ ਦੀ ਮਾਇਆ ਏ ਨਾਜ਼ ਹਸਤੀ, ਫ਼ਕਰ ਏ ਕੌਮ ਪਰਮ ਸਨਮਾਨਯੋਗ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਹਨ, ਜੋ ਕਿ ਪੰਥ ਰਤਨ, ਸੇਵਾ ਰਤਨ ਅਤੇ ਸੇਵਾ ਸਿਮਰਨ ਦੇ ਗੁਰ ਖ਼ਾਲਸਈ ਜਾਗਤੀ ਪ੍ਰਤੀਕ ਹੈ। ਜ਼ਹਰਾ ਜ਼ਹੂਰ, ਬਾਦਸ਼ਾਹ ਦਰਵੇਸ਼ ਕਲਗੀਧਰ ਸੱਚੇ ਪਾਤਸ਼ਾਹ ਜਗਤ ਗੁਰੂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਅਤਿ ਨਿਕਟਵਰਤੀ ਤੇ ਉਨਾਂ ਦੀ ਹਜ਼ੂਰੀ ਵਿੱਚ ਰਹਿਣ ਵਾਲੇ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਦਾ ਜਨਮ 1 ਮਈ 1967 ਨੂੰ ਸ੍ਰੀ ਅਬਚਲਨਗਰ ਸਾਹਿਬ ਜੀ (ਨਾਂਦੇੜ ਸਾਹਿਬ) ਦੇ ਸਥਾਨ ਤੇ ਸਤਿਕਾਰ ਯੋਗ ਸਰਦਾਰ ਬਲਵੰਤ ਸਿੰਘ ਦੇ ਘਰ ਮਾਤਾ ਸੰਤ ਕੌਰ ਦੀ ਕੁੱਖੋਂ ਹੋਇਆ। ਅਜਿਹੀ ਮਹਾਨ ਬੰਦਗੀ ਵਾਲੇ, ਖ਼ਾਲਸਈ ਤੱਤ ਗਿਆਨੀ ਗੁਰਮਤਿ ਮਹਾਂਪੁਰਖਾਂ ਦਾ ਜਨਮ ਉਸ ਪਰਿਵਾਰ ਵਿੱਚ ਹੁੰਦਾ ਹੈ ਜੋ ਹਜ਼ੂਰੀ ਗੁਰ ਖ਼ਾਲਸਾ ਸਿੱਖ ਰਹਿਤ ਮਰਿਯਾਦਾ ਨੂੰ ਪੂਰਨ ਰੂਪ ਤੋਂ ਆਪਣੇ



ਸੀਸ ਦਾ ਮੁੱਲ ਲਾ ਕੇ ਮੰਨਣ ਵਾਲੇ ਹੁੰਦੇ ਹਨ। ਇਸ ਗੱਲ ਦਾ ਸਬੂਤ ਇਹ ਹੈ ਕਿ ਸਿੰਘ ਸਾਹਿਬ ਦੇ ਦਾਦਾ ਪਰਮ ਸਨਮਾਨਯੋਗ ਸੰਤ ਬਾਬਾ ਮੰਗਲ ਸਿੰਘ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਜੀ (ਨਾਂਦੇੜ) ਵਿਚ ਕੜਾਹ ਪ੍ਰਸ਼ਾਦ ਦੀ ਸੇਵਾ ਕਰਦੇ ਸਨ, ਉਨਾਂ ਦੇ ਪਿਤਾ ਸਰਦਾਰ ਬਲਵੰਤ ਸਿੰਘ ਅਤੇ ਉਨਾਂ ਦੇ ਭਰਾ ਭਾਈ ਸਾਹਿਬ ਭਾਈ ਸੁਖਦੇਵ ਸਿੰਘ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ (ਨਾਂਦੇੜ) ਵਿਚ ਗੁਰੂ ਘਰ ਦੇ ਕੀਰਤਨੀਏ ਦੀ ਸੇਵਾ ਨਿਭਾਉਂਦੇ ਸਨ।

ਸਿੰਘ ਸਾਹਿਬ ਦੇ ਤਿੰਨ ਵਿਦਿਆ ਗੁਰੂ ਸਨ, ਜਿਨਾਂ ਦਾ ਨਾਮ ਮਾਸਟਰ ਤਾਨ ਸਿੰਘ, ਸਿੰਘ ਸਾਹਿਬ ਗਿਆਨੀ ਜਗਜੀਤ ਸਿੰਘ ਤੇ ਸਿੰਘ ਸਾਹਿਬ ਗਿਆਨੀ ਹਰਦੀਪ ਸਿੰਘ ਸੀ। ਇਨਾਂ ਵਿੱਦਿਆਕ ਗੁਰੂਆਂ ਪਾਸੋਂ ਸਿੰਘ ਸਾਹਿਬ ਨੇ ਕਥਾਕਾਰ, ਦੀਨਾਂ ਦੇ ਮਾਲਿਕ, ਚੰਦੋਇਆ ਤੇ ਚਵਰ ਸੇਵਾ ਦੇ ਦਾਤੇ ਜਗਤ ਗੁਰੂ ਧੰਨ ਧੰਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਬੀਰ ਰਸ ਭਰਭੂਰ ਕਲਗੀਧਰ ਸੱਚੇ ਪਾਤਸ਼ਾਹ ਦੇ ਕਲਮ ਏ ਕਮਾਲ ਸ੍ਰੀ ਦਸਮ ਬਾਣੀ ਦੀ ਸੰਥਿਯਾ ਲੈਣ ਤੋਂ ਬਾਅਦ ਇਕ ਸੰਪੂਰਨ ਸੰਤ ਸਿਪਾਹੀ ਸਜੇ ਜਿਨਾਂ ਦੇ ਕੋਲ ਭਗਤੀ ਦੇ ਨਾਲ ਸ਼ਕਤੀ, ਗਿਆਨ ਦੇ ਧਿਆਨ ਕ੍ਰਾਂਤੀ ਦੇ ਨਾਲ ਸ਼ਾਂਤੀ, ਖੰਡੇ ਦੇ ਨਾਲ ਕ੍ਰਿਪਾ ਤੇ ਬਾਣੀ ਦੇ ਨਾਲ ਬਾਣਾ ਵੀ ਹੈ।

ਸਿੰਘ ਸਾਹਿਬ ਦੀ ਸੇਵਾ ਅਤੁੱਲ ਤੇ ਅਣਮੋਲ ਹੈ ਜਿਨਾਂ ਨੇ ਸਭ ਤੋਂ ਪਹਿਲਾਂ ਤਖ਼ਤ ਸਾਹਿਬ ਉੱਤੇ ਕੀਰਤਾਨੀਏ, ਗ੍ਰੰਥੀ ਤੇ ਕਥਾਵਾਚਕ ਦੀ ਸੇਵਾ ਨਿਭਾਉਂਦੇ ਰਹੇ। ਸੇਵਾ ਕਰਦੇ ਸਮੇਂ ਉਨਾਂ ਦੀਆਂ ਅੱਖਾਂ ਵਿਚੋਂ ਗੁਰੂ ਮਹਾਰਾਜ ਦੇ ਲਈ ਪਿਆਰ ਜਿਹਾ ਝਲਕਾਰਾ, ਗੁਰੂ ਰੂਪੀ ਸਾਧ ਸੰਗਤ ਲਈ ਕ੍ਰਿਪਾ ਰੂਪੀ ਨਜ਼ਰ ਤੇ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਲਈ ਪੂਰਨ ਸਮਰਪਣ ਮਹਿਸੂਸ ਕਰਦੇ ਹੋਏ ਗੁਰਦੁਆਰਾ ਮੈਨੇਜਮੈਂਟ ਬੋਰਡ ਨੇ ਉਨਾਂ ਨੂੰ ਜਥੇਦਾਰ ਥਾਪਿਆ। ਜਥੇਦਾਰ ਰੂਪ ਵਿਚ ਸੇਵਾ ਸੰਭਾਲ, ਤੇ ਹਜ਼ੂਰੀ ਗੁਰੂ ਖ਼ਾਲਸਾ ਸਿੱਖ ਰਹਿਤ ਮਰਿਯਾਦਾ ਉਤੇ ਪਹਿਰਾ ਦੇਣ ਦਾ ਸਮਾਂ 20 ਸਾਲ ਤੋਂ ਉਪਰ ਵੱਧ ਚੁਕਿਆ ਹੈ।

ਅਜੋਕੇ ਸਮੇਂ ਪ੍ਰਤੱਖ ਰੂਪ ਵਿਚ ਨਾਮ ਅਬਿਆਸੀ ਗੁਰਮਤਿ ਗੁਰ ਖ਼ਾਲਸਾ ਸੰਤ ਸਿਪਾਹੀ ਤੇ ਗੁਰਮਤਿ ਬ੍ਰਹਮ ਗਿਆਨੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਪ੍ਰਗਟ ਹੋਏ ਰੂਹਾਨੀਅਤ ਨੂਰ ਜਥੇਦਾਰ ਸਿੰਘ ਸਾਹਿਬ ਸੰਤ ਗਿਆਨੀ ਕੁਲਵੰਤ ਸਿੰਘ ਨੂੰ ਕੋਟਿਨ ਕੋਟ ਨਮਸਕਾਰ ਕਰਦਾ ਹਾਂ।

# ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ

**ਪ੍ਰੋ: ਕਿਰਪਾਲ ਸਿੰਘ ਬਡੂੰਗਰ**

**23 ਅਕਤੂਬਰ ਬਰਸੀ 'ਤੇ ਵਿਸ਼ੇਸ਼**

ਮਹਾਨ ਜਰਨੈਲ ਜੱਸਾ ਸਿੰਘ ਆਹਲੂਵਾਲੀਆ ਪੰਥ ਦੀ ਇਕ ਮਾਨਯੋਗ ਹਸਤੀ ਸੀ। ਉਹ ਆਹਲੂਵਾਲੀਆ ਮਿਸਲ ਦਾ ਸਰਦਾਰ ਤੇ ਇਕ ਵੱਡਾ ਯੋਧਾ ਸੀ। ਮੁੱਢ ਵਿਚ ਆਹਲੂਵਾਲੀਆ ਮਿਸਲ ਦਾ ਬਾਨੀ ਸ੍ਰ. ਬਾਘ ਸਿੰਘ ਸੀ। ਉਹ ਆਹਲੂ ਪਿੰਡ ਦਾ ਸਰਦਾਰ ਸੀ ਇਸ ਕਰਕੇ ਇਸ ਮਿਸਲ ਦਾ ਨਾਂ ਆਹਲੂਵਾਲੀਆ ਪੈ ਗਿਆ ਸੀ। ਬਾਘ ਸਿੰਘ ਦੇ ਸੰਤਾਨ ਨਾ ਹੋਣ ਕਰਕੇ ਇਸ ਮਿਸਲ ਦਾ ਮੁਖੀ ਉਸਦਾ ਭਾਣਜਾ ਜੱਸਾ ਸਿੰਘ ਬਣਿਆ।

ਜੱਸਾ ਸਿੰਘ ਦਾ ਜਨਮ ਮਾਤਾ ਜੀਵਨ ਕੌਰ ਪਿਤਾ ਸ੍ਰ. ਬਦਰ ਸਿੰਘ ਦੇ ਘਰ 3 ਮਈ, 1718 ਈ: ਨੂੰ ਹੋਇਆ। 1723 ਵਿਚ ਬਦਰ ਸਿੰਘ ਦਾ ਅਕਾਲ ਚਲਾਣਾ ਹੋ ਗਿਆ। ਜੱਸਾ ਸਿੰਘ ਦੀ ਮਾਤਾ ਪੁੱਤਰ ਸਮੇਤ ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਦਿੱਲੀ ਚਲੀ ਗਈ। ਉਹ ਮਾਤਾ ਜੀ ਨੂੰ ਆਸਾ ਦੀ ਵਾਰ ਦਾ ਕੀਰਤਨ ਸਰਵਣ ਕਰਾਉਂਦੀ ਸੀ ਅਤੇ ਬਾਲਕ ਜੱਸਾ ਸਿੰਘ ਉਨਾਂ ਦੇ ਨਾਲ-ਨਾਲ ਸ਼ਬਦ ਉਚਾਰਨ ਲੱਗੇ। ਇਸ ਤਰਾਂ ਜੱਸਾ ਸਿੰਘ ਨੂੰ ਮਾਤਾ ਸੁੰਦਰੀ ਜੀ ਦੀ ਛਤਰ ਛਾਇਆ ਹੇਠ ਰਹਿਣ ਦਾ ਮੌਕਾ, ਉਨਾਂ ਦਾ ਲਾਡ ਪਿਆਰ ਤੇ ਆਸ਼ੀਰਵਾਦ ਪ੍ਰਾਪਤ ਹੋਇਆ। 1729 ਵਿਚ ਬਾਘ ਸਿੰਘ ਦਿੱਲੀ ਗਏ ਉਹ ਮਾਤਾ ਸੁੰਦਰੀ ਜੀ ਤੋਂ ਆਗਿਆ ਲੈ ਕੇ ਭੈਣ ਤੇ ਭਾਣਜੇ ਨੂੰ ਆਪਣੇ ਨਾਲ ਲੈ ਆਏ। ਦਿੱਲੀ ਤੋਂ ਆ ਕੇ ਬਾਲਕ ਜੱਸਾ ਸਿੰਘ ਨਵਾਬ ਕਪੂਰ ਸਿੰਘ ਦੇ ਜੱਥੇ ਨਾਲ ਰਹਿਣ ਲੱਗ ਗਿਆ। ਉਸਨੇ ਸ਼ਸਤਰ ਵਿੱਦਿਆ ਵਿਚ ਪ੍ਰਵੀਨਤਾ ਹਾਸਲ ਕੀਤੀ। ਨਵਾਬ ਕਪੂਰ ਸਿੰਘ ਨੇ ਉਨਾਂ ਨੂੰ ਆਪਣਾ ਸਹਾਇਕ ਥਾਪ ਦਿੱਤਾ। ਕਈ ਜੰਗਾਂ ਵਿਚ ਕਪੂਰ ਸਿੰਘ ਦੇ ਨਾਲ ਰਹਿਣ ਕਰਕੇ ਯੁੱਧ ਵਿਦਿਆ ਵਿਚ ਨਿਪੁੰਨ ਹੋ ਗਿਆ ਸੀ ਅਤੇ ਉਨਾਂ ਦਾ ਮੈਦਾਨੇ-ਏ-ਜੰਗ ਵਿਚ ਕਰਤੱਵ ਦਿਖਾਉਣ ਲਈ ਦਿਲ ਖੁੱਲ ਗਿਆ ਸੀ। 1732 ਵਿਚ ਬਾਘ ਸਿੰਘ ਦੇ ਸ਼ਹੀਦ ਹੋ ਜਾਣ ਤੇ ਜੱਸਾ ਸਿੰਘ ਮਿਸਲ ਦਾ ਸਰਦਾਰ ਬਣ ਗਿਆ। ਸਰਦਾਰ ਜੱਸਾ ਸਿੰਘ ਬੜਾ ਬਹਾਦਰ ਤੇ ਦਾਨੀ ਸੀ। ਨਵਾਬ ਕਪੂਰ ਸਿੰਘ ਤੋਂ ਬਾਅਦ ਉਨਾਂ ਦਾ ਸਥਾਨ ਦੂਜੇ ਨੰਬਰ 'ਤੇ ਸਮਝਿਆ ਜਾਂਦਾ ਸੀ। ਨਵਾਬ ਕਪੂਰ ਸਿੰਘ ਦੇ ਹੱਥੋਂ ਉਨਾਂ ਨੇ ਅੰਮ੍ਰਿਤ ਛਕਿਆ ਸੀ।

1740 ਵਿਚ ਸ੍ਰ. ਜੱਸਾ ਸਿੰਘ ਨੇ ਨਾਦਰ ਸ਼ਾਹ ਤੋਂ ਲੁੱਟ ਦਾ ਮਾਲ ਖੋਹ ਲਿਆ ਤੇ ਸ਼ਾਹੀ ਖ਼ਜ਼ਾਨਾ ਲੁੱਟ ਲਿਆ। ਨਾਦਰ ਸ਼ਾਹ ਨੂੰ ਜਦੋਂ ਸਿੰਘਾਂ ਦੁਆਰਾ ਸ਼ਾਹੀ ਖ਼ਜ਼ਾਨਾ ਲੁੱਟਣ ਦੀ ਖ਼ਬਰ ਮਿਲੀ ਤਾਂ ਉਸਨੇ ਜ਼ਕਰੀਆ ਖ਼ਾਨ ਨੂੰ ਉਨਾਂ ਬਾਰੇ ਪੁੱਛਿਆ ਕਿ ਸ਼ੇਰ ਦੇ ਮੂੰਹ 'ਚੋਂ ਖੋਹਣ ਵਾਲੇ ਇਹ ਕੌਣ ਲੋਕ ਹਨ ? ਜ਼ਕਰੀਆ ਖ਼ਾਨ ਨੇ ਉੱਤਰ ਦਿੱਤਾ 'ਜਹਾਂ ਪਨਾਹ ਇਹ ਸਿੰਘ ਨਾਮ ਦਾ ਖ਼ਾਲਸਾ ਪੰਥ ਹੈ। ਇਨਾਂ ਦਾ ਪਿੰਡ ਦੇਸ਼, ਘਰ, ਘਾਟ, ਕਿਲਾ, ਕੋਟ ਕੋਈ ਨਹੀਂ। ਬਿਨਾਂ ਕੁਝ ਖਾਧੇ ਪੀਤੇ ਸੌ-ਸੌ ਕੋਹ ਤਕ ਰੋਜ਼ ਧਾਵੇ ਮਾਰਦੇ ਹਨ। ਘੋੜੇ ਦੀ ਪਿੱਠ ਹੀ ਪਲੰਘ ਹੈ, ਤੁਰਦੇ ਫਿਰਦੇ ਸੌਂ ਲੈਂਦੇ ਹਨ। ਨਾਦਰ ਸ਼ਾਹ ਨੇ ਹੈਰਾਨ ਹੋ ਕੇ ਆਖਿਆ ਜੇਕਰ ਇਹ ਕੌਮ ਠੀਕ ਐਸੀ ਹੀ ਹੈ ਜੈਸੀ ਤੂੰ ਆਖਦਾ ਹੈਂ ਤਾਂ ਅਸੀਂ ਇਨਾਂ ਦਾ ਕੀ ਖੋਹ ਸਕਦੇ ਹਾਂ ? ਤੁਸੀਂ ਸੱਚ ਜਾਣੋ ਕਦੇ ਨਾ ਕਦੇ ਇਹ ਪੰਥ ਮੁਲਕ ਦਾ ਮਾਲਕ ਬਣ ਜਾਵੇਗਾ।' (**ਤਵਾਰੀਖ ਗੁਰੂ ਖਾਲਸਾ**)

ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵਿਚ ਪੰਥਕ ਭਾਵਨਾ ਬਹੁਤ ਡੂੰਘੀ ਸੀ। ਸਰਦਾਰ ਜੱਸਾ ਸਿੰਘ ਰਾਮਗੜੀਏ ਨੂੰ ਪੰਥ ਨੇ ਕੁੜੀ ਮਾਰਨ ਦੇ ਦੋਸ਼ ਕਾਰਨ ਪੰਥ ਵਿੱਚੋਂ ਛੇਕਿਆ ਹੋਇਆ ਸੀ। 1748 ਈ: ਵਿੱਚ ਜਦੋਂ ਰਾਮ ਰੌਣੀ ਦੇ ਕਿਲੇ ਵਿਚ ਖ਼ਾਲਸਾ ਦਲ ਨੂੰ ਜਲੰਧਰ ਦੇ ਹਾਕਮ ਅਦੀਨਾ ਬੇਗ ਨੇ ਘੇਰਾ ਪਾਇਆ ਹੋਇਆ ਸੀ। ਉਦੋਂ ਸ੍ਰ: ਜੱਸਾ ਸਿੰਘ ਰਾਮਗੜੀਆ ਦੇ ਮਨ ਵਿਚ ਸਿੱਖੀ ਜੋਸ਼ ਜਾਗਿਆ। ਉਹ ਖ਼ਾਲਸਾ ਦਲ ਨਾਲ ਮਿਲਣਾ ਚਾਹੁੰਦਾ ਸੀ। ਇਸ ਮੰਤਵ ਲਈ ਉਸਨੇ ਤੀਰ ਦੇ ਨਾਲ ਇਕ ਪੱਤਰ ਭੇਜਿਆ ਕਿ ਜੇ ਪੰਥ ਮੈਨੂੰ ਆਪਣੇ ਵਿਚ ਮਿਲਾ ਲਵੇ ਤਾਂ ਮੈਂ ਅਦੀਨਾ ਬੇਗ ਦਾ ਸਾਥ ਛੱਡ ਕੇ ਆਉਣ ਨੂੰ ਤਿਆਰ ਹਾਂ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਅਤੇ ਹੋਰ ਸਰਦਾਰਾਂ ਨੇ ਸਲਾਹ ਕਰ ਕੇ ਉਸਨੂੰ ਮਿਲਾਉਣ ਦਾ ਫ਼ੈਸਲਾ ਕਰ ਲਿਆ ਤੇ ਸੱਦਾ ਭੇਜ ਦਿੱਤਾ। ਇਸ ਤਰਾਂ ਸ੍ਰ: ਜੱਸਾ ਸਿੰਘ ਆਹਲੂਵਾਲੀਏ ਵਿਚ ਭਰਾਵਾਂ ਨੂੰ ਮਾਫ਼ ਕਰਨ ਦੀ ਪੰਥ ਵਿਚ ਏਕਤਾ ਰੱਖਣ ਦੀ ਦਿਲੀ ਖ਼ਾਹਿਸ਼ ਸੀ। ਉਨਾਂ ਦੀ ਇਹ ਪੰਥ ਵਿਚ ਏਕਤਾ ਰੱਖਣ ਦੀ ਬਿਰਤੀ ਪੰਥਕ ਆਗੂਆਂ ਲਈ ਇਕ ਕੀਮਤੀ ਸਿੱਖਿਆ ਹੈ। ਉਨਾਂ ਦੇ ਨਕਸ਼ੇ ਕਦਮ 'ਤੇ ਚੱਲਦੇ ਹੋਏ ਸਾਡੇ ਆਗੂਆਂ ਨੂੰ ਅੱਜ ਵੀ ਪੰਥ ਵਿਚ ਏਕਤਾ ਬਣਾਈ ਰੱਖਣ ਵਾਲੀ ਸੋਚ ਰੱਖਣੀ ਚਾਹੀਦੀ ਹੈ।

ਸਰਦਾਰ ਜੱਸਾ ਸਿੰਘ ਦੀ ਅਗਵਾਈ ਵਿਚ ਸਿੱਖਾਂ ਨੇ ਅਨੇਕ ਮੁਸੀਬਤਾਂ ਦਾ ਸਾਹਮਣਾ ਦਲੇਰੀ ਨਾਲ ਕੀਤਾ।

ਮਈ 1746 ਈ: ਵਿਚ ਦੀਵਾਨ ਲੱਖਪੱਤ ਰਾਇ ਨੇ ਆਪਣੇ ਭਰਾ ਜੱਸਪੱਤ ਰਾਇ ਦੀ ਮੌਤ ਦਾ ਬਦਲਾ ਲੈਣ ਲਈ ਲਾਹੌਰ ਦੇ ਸੂਬੇ ਬਿਜੈ ਖਾਂ ਤੋਂ ਆਗਿਆ ਲੈ ਲਈ ਅਤੇ ਭਾਰੀ ਫ਼ੌਜ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਨੀਅਤ ਨਾਲ ਚੜ ਆਇਆ। ਉਸਨੇ ਢੋਲ-ਨਗਾਰੇ ਵਜਾਕੇ ਪੰਜਾਬ ਦੇ ਸਾਰੇ ਮੁਸਲਮਾਨ ਇਕੱਠੇ ਕਰ ਲਏ। ਸਿੰਘ ਗੁਰਮੱਤਾ ਕਰ ਕੇ ਕਾਹਨੂੰਵਾਨ ਦੇ ਛੰਭ ਵਿਚ ਜਾ ਵੜੇ। ਲੱਖਪੱਤ ਰਾਇ ਨੇ ਉਸ ਜੰਗਲ ਨੂੰ ਹੀ ਘੇਰਾ ਪਾ ਲਿਆ ਅਤੇ ਅੱਗ ਲਗਵਾ ਦਿੱਤੀ। ਸਿੰਘ ਉੱਥੋਂ ਨਿਕਲ ਕੇ ਪਹਾੜਾਂ ਵੱਲ ਨੂੰ ਤੁਰ ਪਏ। ਅੱਗੋਂ ਪਹਾੜੀਆਂ ਨੇ ਰਾਹ ਰੋਕ ਲਿਆ। ਹੁਣ ਸਿੰਘਾਂ ਨੇ ਸੋਚਿਆ ਕਿ ਇਕੋ ਵਾਰ ਹੱਲਾ ਕਰਕੇ ਦੁਆਬੇ ਵੱਲ ਨਿਕਲ ਚਲੋਂ ਤੇ ਖਿੰਡ ਜਾਵੋ। ਇਸ ਤਰਾਂ ਸਿੰਘਾਂ ਨੇ ਲੱਖਪੱਤ ਰਾਏ ਦੀ ਫ਼ੌਜ ਵੱਲ ਇਕ ਜ਼ੋਰਦਾਰ ਹੱਲਾ ਕੀਤਾ ਅਤੇ ਫ਼ੌਜ ਦੀਆਂ ਸਫਾਂ ਨੂੰ ਚੀਰਦੇ ਹੋਏ ਲੰਘ ਗਏ। ਪਰ ਅੱਗੇ ਰਾਵੀ ਭਰੀ ਵਗਦੀ ਸੀ। ਪਾਣੀ ਬੜਾ ਡੂੰਘਾ ਸੀ। ਇਸ ਵਿੱਚੋਂ ਤਾਂ ਘੋੜੇ ਵੀ ਪਾਰ ਨਹੀਂ ਹੋ ਸਕਦੇ ਸੀ।



ਸੋ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਸਰਦਾਰਾਂ ਨੇ ਫ਼ੈਸਲਾ ਕੀਤਾ ਕਿ ਡੁੱਬਕੇ ਮਰਨ ਨਾਲੋਂ ਤਾਂ ਲੜਕੇ ਮਰਨਾ ਹੀ ਚੰਗਾ ਹੈ। ਉਸ ਸਮੇਂ ਸਭ ਪਿੱਛੇ ਮੁੜਕੇ ਵੈਰੀ ਦਲ 'ਤੇ ਜਾ ਪਏ। ਇਸ ਜੰਗ ਵਿਚ ਜਸਪੱਤ ਰਾਏ ਦਾ ਬੇਟਾ ਹਾਰ ਕੇ ਭੱਜ ਗਿਆ, ਬਿਜੈ ਖਾਂ ਦਾ ਬੇਟਾ ਨਾਹਰ ਖਾਂ ਅਤੇ ਸੈਫ ਅਲੀ ਖਾਂ ਫ਼ੌਜਦਾਰ ਮਾਰੇ ਗਏ। ਸਿੰਘਾਂ ਦਾ ਵੀ ਬਹੁਤ ਨੁਕਸਾਨ ਹੋਇਆ। ਲੜਦਿਆਂ ਨੂੰ ਰਾਤ ਪੈ ਗਈ। ਮੁਸਲਮਾਨੀ ਲਸ਼ਕਰ ਤਾਂ ਬੇਖਟਕ ਹੋ ਕੇ ਸੌਂ ਗਿਆ ਪਰ ਸਿੰਘ ਸਲਾਹਾਂ ਕਰਦੇ ਰਹੇ। ਉਨਾਂ ਨੇ ਪੰਜ-ਛੇ ਘੜੀ ਰਾਤ ਰਹਿੰਦੇ ਫੇਰ ਸੁੱਤੇ ਪਏ ਮੁਸਲਮਾਨੀ ਲਸ਼ਕਰ 'ਤੇ ਹਮਲਾ ਕਰ ਦਿੱਤਾ। ਬੇਸ਼ੁਮਾਰ ਦੁਸ਼ਮਣ ਨੂੰ ਕੱਟ-ਵੱਡ, ਘੋੜੇ ਬਸਤਰ-ਸ਼ਸਤਰ ਲੈ ਕੇ ਮੁੜ ਆਏ ਅਤੇ ਸਵੇਰ ਨੂੰ ਰਾਵੀ ਟੱਪ ਦੁਆਬੇ ਵੱਲ ਹੋ ਤੁਰੇ। ਇਸ ਦਿਨ ਤਿੰਨ ਪਹਿਰ ਤੋਂ ਘੇਰੇ ਵਿਚ ਫਸੇ ਸਿੰਘਾਂ ਨਾਲ ਕਹਿਰ ਦਾ ਜੰਗ ਹੋਇਆ। ਇਸ ਵਿਚ ਅਨੇਕਾਂ ਸਿੰਘ ਸ਼ਹੀਦ ਹੋਏ। ਇਸ ਲਈ ਸਿੱਖ ਇਤਿਹਾਸ ਵਿਚ ਇਸ ਨੂੰ 1746 ਈ: ਦਾ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

1749 ਈ: ਵਿਚ ਮੀਰ ਮਨੂੰ ਨੇ ਦੀਵਾਨ ਕੌੜਾ ਮੱਲ ਨੂੰ ਮੁਲਤਾਨ ਦੀ ਮੁਹਿੰਮ 'ਤੇ ਭੇਜਿਆ। ਉਸ ਕੋਲ ਫ਼ੌਜ ਥੋੜੀ ਸੀ ਜਿਸ ਕਰਕੇ ਉਹ ਮੁਲਤਾਨ ਨੂੰ ਸਰ ਨਹੀਂ ਸੀ ਕਰ ਸਕਦਾ। ਦੀਵਾਨ ਕੌੜਾ ਮੱਲ ਦੇ ਦੀਵਾਨ ਨੌਨੀਤ ਰਾਇ ਨੇ ਸਲਾਹ ਦਿੱਤੀ ਕਿ ਤੁਸੀਂ ਸਿੰਘਾਂ ਤੋਂ ਸਹਾਇਤਾ ਦੀ ਮੰਗ ਕਰੋ। ਉਸਦੀ ਸਲਾਹ ਮੰਨਕੇ ਦੀਵਾਨ ਕੌੜਾ ਮੱਲ ਨੇ ਆਪਣੇ ਪ੍ਰਤੀਨਿਧੀ ਭੇਜਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਖ਼ਾਲਸੇ ਨੂੰ ਬੇਨਤੀ ਕੀਤੀ। ਦੀਵਾਨ ਕੌੜਾ ਮੱਲ ਖ਼ਾਲਸੇ ਨਾਲ ਸਾਂਝ ਰੱਖਦਾ ਸੀ। ਇਸ ਲਈ ਸਿੰਘਾਂ ਨੇ ਉਸਦੀ ਸਹਾਇਤਾ ਲਈ ਸਹਿਮਤੀ ਦੇ ਦਿੱਤੀ। ਸ੍ਰ: ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਵਿਚ ਦਸ ਹਜ਼ਾਰ ਦੇ ਲਗਭਗ ਸਿੰਘ ਮੁਲਤਾਨ ਦੀ ਲੜਾਈ ਵਿਚ ਸ਼ਾਮਲ ਹੋਇਆ। ਸਿੰਘਾਂ ਦੀ ਬਹਾਦਰੀ ਸਦਕਾ ਦੀਵਾਨ ਕੌੜਾ ਮੱਲ ਦੀ ਜਿੱਤ ਹੋਈ ਅਤੇ ਮੁਲਤਾਨ ਦਾ ਹਾਕਮ ਸ਼ਾਹ ਨਿਵਾਜ਼ ਖ਼ਾਨ ਸਰਦਾਰ ਦੀਪ ਸਿੰਘ ਦੇ ਹੱਥੋਂ ਮਾਰਿਆ ਗਿਆ। ਮੀਰ ਮਨੂੰ ਨੇ ਦੀਵਾਨ ਕੌੜਾ ਮੱਲ ਨੂੰ 'ਮਹਾਰਾਜ ਬਹਾਦੁਰ' ਦਾ ਖਿਤਾਬ ਦਿੱਤਾ ਅਤੇ ਮੁਲਤਾਨ ਠੱਟਾ ਆਦਿ ਦਾ ਸੂਬੇਦਾਰ ਮੁਕਰਰ ਕਰ ਦਿੱਤਾ। ਇਸ ਜਿੱਤ ਦੀ ਖ਼ੁਸ਼ੀ ਵਿਚ ਦੀਵਾਨ ਕੌੜਾ ਮੱਲ ਨੇ ਗਿਆਰਾਂ ਹਜ਼ਾਰ ਰੁਪਿਆ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਲਈ ਭੇਟਾ ਕੀਤਾ। ਇਸ ਧਨ ਨਾਲ ਸਰੋਵਰ ਦੀ ਕਾਰ ਸੇਵਾ ਕਰਵਾਈ ਗਈ ਅਤੇ ਕਈ ਸਾਲਾਂ ਤੋਂ ਬਾਅਦ ਸਿੰਘਾਂ ਨੇ ਦੀਵਾਲੀ ਦਾ ਤਿਉਹਾਰ ਇਥੇ ਮਨਾਇਆ।

ਸਰਦਾਰ ਜੱਸਾ ਸਿੰਘ ਆਹਲੂਵਾਲੀਆ 1752 ਈ: ਵਿਚ ਸ੍ਰੀ ਅਨੰਦਪੁਰ ਸਾਹਿਬ ਠਹਿਰਿਆ ਹੋਇਆ ਸੀ। ਇਸ ਵੇਲੇ ਮੀਰ ਮਨੂੰ ਦਾ ਇਕ ਕਾਰਦਾਰ ਪਹਾੜੀ ਰਾਜਿਆਂ ਤੋਂ ਖਰਾਜ ਲੈਣ ਆਇਆ। ਉਸ ਤੋਂ ਤੰਗ ਆ ਕੇ ਕਟੋਚ, ਹਰੀਪੁਰ ਆਦਿ ਦੇ ਰਾਜਿਆਂ ਨੇ ਏਲਚੀ ਭੇਜਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਤੋਂ ਸਹਾਇਤਾ ਮੰਗੀ। ਨਦੌਣ ਦੇ ਅਸਥਾਨ ਉੱਤੇ ਪਹਾੜੀਆਂ ਅਤੇ ਸਿੰਘਾਂ ਦੀ ਕਾਰਦਾਰ ਨੇ ਲਸ਼ਕਰ ਨਾਲ ਲੜਾਈ ਹੋਈ। ਇਸ ਲੜਾਈ ਵਿਚ ਕਾਰਦਾਰ ਮਾਰਿਆ ਗਿਆ। ਪਹਾੜੀ ਰਾਜਿਆਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਸ਼ੁਕਰਾਨੇ ਅਤੇ ਨਜ਼ਰਾਨੇ ਦੇ ਕੇ ਵਿਦਾ ਕੀਤਾ।

ਬਾਕੀ ਸਫ਼ਾ 30 'ਤੇ



# ਮਹਾਰਾਜਾ ਦਲੀਪ ਸਿੰਘ ਦੇ ਵਿਆਹ ਵਿਚ ਲਾਰਡ ਡਲਹੌਜ਼ੀ ਦੀ ਰੁਕਾਵਟ

**ਗੁਰਦੇਵ ਸਿੰਘ ਸਿੱਧੂ**

ਈਸਟ ਇੰਡੀਆ ਕੰਪਨੀ ਦੇ ਹਿੰਦੋਸਤਾਨ ਵਿਚਲੇ ਹੁਕਮਰਾਨ ਲਾਰਡ ਡਲਹੌਜ਼ੀ ਦੀ ਦੇਸੀ ਰਿਆਸਤਾਂ ਨੂੰ ਹੜੱਪਣ ਦੀ ਨੀਤੀ ਅਧੀਨ ਪੰਜਾਬ ਨੂੰ ਲਗਭਗ ਅੱਧੀ ਸਦੀ ਪ੍ਰਭੂਸੱਤਾ ਦਾ ਸੁੱਖ ਭੁਗਤਾਉਣ ਵਾਲੇ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਛੇਤੀ ਹੀ ਪਿੱਛੋਂ ਅੰਗਰੇਜ਼ੀ ਸਲਤਨਤ ਦਾ ਹਿੱਸਾ ਬਣਾਉਣ ਦੀ ਕਵਾਇਦ ਸ਼ੁਰੂ ਹੋ ਗਈ। ਲਾਰਡ ਡਲਹੌਜ਼ੀ ਪੰਜਾਬ ਦੇ ਸੁਤੰਤਰ ਖਾਲਸਾ ਰਾਜ ਨੂੰ ਕੰਪਨੀ ਬਹਾਦਰ ਦੇ ਝੰਡੇ ਹੇਠ ਲਿਆਉਣ ਨੂੰ ਕਿੰਨਾ ਮਹੱਤਵ ਦਿੰਦਾ ਸੀ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਪਹਿਲੇ ਅੰਗਰੇਜ਼-ਸਿੱਖ ਯੁੱਧ ਵਿਚ ਉਹ ਅੰਗਰੇਜ਼ੀ ਸੈਨਾ ਦੇ ਸੈਨਾਪਤੀ ਦਾ ਡਿਪਟੀ ਬਣ ਕੇ ਯੁੱਧ ਵਿਚ ਸ਼ਾਮਲ ਹੋਇਆ ਸੀ।

ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਉਸ ਦੀ ਸਭ ਤੋਂ ਛੋਟੀ ਰਾਣੀ, ਮਹਾਰਾਣੀ ਜਿੰਦਾਂ, ਦੇ ਪੇਟੋਂ 6 ਸਤੰਬਰ 1938 ਨੂੰ ਜਨਮਿਆ ਪੁੱਤਰ ਸੀ। ਉਨੀਂ ਦਿਨੀਂ ਸਿੱਖ ਸਰਦਾਰ ਘਰਾਣਿਆਂ ਵਿਚ ਆਪਣੇ ਬੱਚਿਆਂ ਨੂੰ ਨਿੱਕੀ ਉਮਰ ਵਿਚ ਹੀ ਵਿਆਹ ਲੈਣ ਦਾ ਰਿਵਾਜ ਸੀ। ਮਹਾਰਾਜਾ ਰਣਜੀਤ ਸਿੰਘ ਦਾ ਵਿਆਹ ਪੰਦਰਾਂ ਸਾਲ ਦੀ ਉਮਰ ਵਿੱਚ ਕਨੱਈਆ ਮਿਸਲ ਦੇ (ਸਵਰਗੀ) ਸਰਦਾਰ ਗੁਰਬਖਸ਼ ਸਿੰਘ ਅਤੇ ਸਰਦਾਰਨੀ ਸਦਾ ਕੌਰ ਦੀ ਪੁੱਤਰੀ ਬੀਬੀ ਮਹਿਤਾਬ ਕੌਰ ਨਾਲ ਹੋਇਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੁੱਤਰ ਕੰਵਰ ਖੜਕ ਸਿੰਘ ਦੀ ਸ਼ਾਦੀ ਵੀ ਉਸ ਦੀ ਬਾਲ ਉਮਰ ਵਿੱਚ ਹੀ ਕਰ ਦਿੱਤੀ। ਜਦੋਂ ਇਹ ਸ਼ਾਦੀ ਕਨੱਈਆ ਮਿਸਲ ਦੇ ਸ. ਜੈਮਲ ਸਿੰਘ ਦੀ ਪੁੱਤਰੀ ਚੰਦ ਕੌਰ ਨਾਲ ਹੋਈ, ਉਦੋਂ ਖੜਕ ਸਿੰਘ ਦੀ ਉਮਰ ਕੇਵਲ ਗਿਆਰਾਂ ਸਾਲ ਦੀ ਸੀ। ਪੰਦਰਾਂ ਸਾਲ ਦੀ ਉਮਰ ਵਿੱਚ ਖੜਕ ਸਿੰਘ ਦੀ ਦੂਜੀ ਸ਼ਾਦੀ ਸ. ਜੋਧ ਸਿੰਘ ਬਾਜਵਾ ਕਲਾਸਵਾਲਾ ਦੀ ਬੇਟੀ ਖੇਮ ਕੌਰ ਨਾਲ ਹੋਈ। ਖੜਕ ਸਿੰਘ ਦੇ ਪੁੱਤਰ ਨੌਨਿਹਾਲ ਸਿੰਘ ਦੇ ਵਿਆਹ ਦੀ ਵਿੱਥਿਆ ਵੀ ਇਸ ਤੋਂ ਭਿੰਨ ਨਹੀਂ। ਨੌਨਿਹਾਲ ਸਿੰਘ ਦੀ ਸ਼ਾਦੀ ਉਸ ਦੀ ਉਮਰ ਦੇ ਸੋਲਵੇਂ ਸਾਲ ਵਿੱਚ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ ਦੀ ਛੋਟੀ ਭੈਣ ਬੀਬੀ ਨਾਨਕੀ ਨਾਲ ਹੋ ਗਈ ਸੀ। ਇਸ ਲਈ ਇਹ ਗੱਲ ਹੈਰਾਨੀ ਵਾਲੀ ਨਹੀਂ ਸੀ ਹੋਣੀ, ਜੇਕਰ ਇਸ ਪਰਿਵਾਰਕ ਪਰੰਪਰਾ ਅਨੁਸਾਰ ਦਲੀਪ ਸਿੰਘ ਦੀ ਸ਼ਾਦੀ ਵੀ ਛੋਟੀ ਉਮਰ ਵਿਚ ਹੀ ਹੋ ਜਾਂਦੀ, ਪਰ ਰਾਜਨੀਤਿਕ ਦ੍ਰਿਸ਼ ਬਦਲਣ ਕਾਰਨ ਅਜਿਹਾ ਹੋ ਨਹੀਂ ਸਕਿਆ।

ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕੀਤੇ ਜਾਣ ਪਿੱਛੋਂ 15 ਸਤੰਬਰ 1843 ਨੂੰ ਦਲੀਪ ਸਿੰਘ ਨੂੰ ਰਾਜ ਤਿਲਕ ਲਗਾਇਆ ਗਿਆ। ਇਸ ਵੇਲੇ ਉਸ ਦੀ ਉਮਰ ਕੇਵਲ ਪੰਜ ਸਾਲ ਹੀ ਸੀ। ਰਾਜ ਗੱਦੀ ਉੱਤੇ ਬੈਠਣ ਤੋਂ ਪੌਣੇ ਦੋ ਸਾਲ ਬਾਅਦ ਲਗਭਗ ਸੱਤ ਕੁ ਸਾਲ ਦੀ ਉਮਰ ਵਿੱਚ 21 ਜੁਲਾਈ 1945 ਨੂੰ ਉਸ ਦੀ ਮੰਗਣੀ ਅਟਾਰੀ ਖਾਨਦਾਨ ਦੇ ਸ. ਚਤਰ ਸਿੰਘ ਦੀ ਲੜਕੀ ਨਾਲ ਕੀਤੀ ਗਈ। ਸ. ਚਤਰ ਸਿੰਘ ਲਾਹੌਰ ਦਰਬਾਰ ਦਾ ਸਿਰਕੱਢ ਸਰਦਾਰ ਹੋਣ ਕਾਰਨ ਇਸ ਸਮੇਂ ਹਜ਼ਾਰੇ ਦੇ ਗਵਰਨਰ ਵਜੋਂ ਜ਼ਿੰਮੇਵਾਰੀ ਨਿਭਾ ਰਿਹਾ ਸੀ। ਸੰਭਵ ਹੈ, ਛੇਤੀ ਹੀ ਮਹਾਰਾਜਾ ਦਲੀਪ ਸਿੰਘ ਦੀ ਸ਼ਾਦੀ ਹੋ ਜਾਂਦੀ ਪਰ ਲਾਹੌਰ ਦਰਬਾਰ ਵਿਚ ਚੱਲ ਰਹੀ ਖਾਨਾਜੰਗੀ ਕਾਰਨ ਅਜਿਹਾ ਨਹੀਂ ਹੋ ਸਕਿਆ। ਮਹਾਰਾਜਾ ਦਲੀਪ ਸਿੰਘ ਦਾ ਮਾਮਾ ਜਵਾਹਰ ਸਿੰਘ ਵਜ਼ੀਰ ਵਜੋਂ ਜ਼ਿੰਮੇਵਾਰੀ ਨਿਭਾ ਰਿਹਾ ਸੀ। ਉਹ ਸਿੱਖ ਫ਼ੌਜ ਹੱਥੋਂ 21 ਸਤੰਬਰ 1845 ਨੂੰ ਕਤਲ ਹੋ ਗਿਆ ਅਤੇ ਦਸੰਬਰ 1845 ਵਿੱਚ ਅੰਗਰੇਜ਼ਾਂ ਨਾਲ ਸਿੱਖ ਫ਼ੌਜ ਦੀ ਪਹਿਲੀ ਲੜਾਈ ਸ਼ੁਰੂ ਹੋ ਗਈ। ਮੁੱਦਕੀ, ਫੇਰੂ ਸ਼ਹਿਰ, ਸਭਰਾਉਂ ਆਦਿ ਸਥਾਨਾਂ ਉੱਤੇ ਹੋਈਆਂ ਲੜਾਈਆਂ ਵਿੱਚ ਸਿੱਖ ਫ਼ੌਜ ਨੂੰ ਹਰਾਉਣ ਉਪਰੰਤ ਹਿੰਦੋਸਤਾਨ ਦਾ ਅੰਗਰੇਜ਼ ਗਵਰਨਰ ਜਨਰਲ 20 ਫਰਵਰੀ 1846 ਨੂੰ ਲਾਹੌਰ ਵਿਚ ਦਾਖਲ ਹੋਇਆ। ਨੌਂ ਮਾਰਚ 1846 ਨੂੰ ਲਾਹੌਰ ਦਰਬਾਰ ਅਤੇ ਕੰਪਨੀ ਦਰਮਿਆਨ ਸਹੀ ਕੀਤੀ ਸੰਧੀ ਅਨੁਸਾਰ ਦਲੀਪ ਸਿੰਘ ਦੇ ਨਾਂ ਹੇਠ ਚੱਲ ਰਹੇ ਰਾਜ ਪ੍ਰਬੰਧ ਵਿਚ ਮਹਾਰਾਣੀ ਜਿੰਦਾਂ ਨੂੰ ਕੁਝ ਅਧਿਕਾਰ ਦਿੱਤਾ ਗਿਆ, ਪਰ ਕੁਝ ਹੀ ਮਹੀਨਿਆਂ ਪਿੱਛੋਂ 16 ਦਸੰਬਰ 1846 ਨੂੰ ਹੋਈ ਨਵੀਂ ਸੰਧੀ, ਜੋ ਭਰੋਵਾਲ ਦੀ ਸੰਧੀ ਦੇ ਨਾਮ ਨਾਲ ਜਾਣੀ ਜਾਂਦੀ ਹੈ, ਅਧੀਨ ਰਾਜਭਾਗ ਦਾ ਕੰਟਰੋਲ ਗਵਰਨਰ ਜਨਰਲ ਹਿੰਦ ਵੱਲੋਂ ਲਾਹੌਰ ਵਿਚ ਨਿਯੁਕਤ ਰੈਜ਼ੀਡੈਂਟ ਮਿਸਟਰ ਹੈਨਰੀ ਲਾਰੈਂਸ ਦੇ ਹੱਥ ਦੇ ਦਿੱਤਾ ਗਿਆ। ਮਹਾਰਾਣੀ ਜਿੰਦਾਂ ਨੂੰ ਬਿਲਕੁਲ ਅਧਿਕਾਰਹੀਣ ਕਰ ਦਿੱਤਾ ਗਿਆ, ਦਲੀਪ ਸਿੰਘ ਤਾਂ ਪਹਿਲਾਂ ਹੀ ਨਾਮਧਰੀਕ ਮਹਾਰਾਜਾ ਸੀ।

ਲਾਰਡ ਡਲਹੌਜ਼ੀ ਨੇ ਜਾਣ ਲਿਆ ਸੀ ਕਿ ਪੰਜਾਬੀ ਪਰੰਪਰਾ ਅਨੁਸਾਰ ਵਿਅਕਤੀ ਦੋ ਪਰਿਵਾਰਾਂ ਤੋਂ ਪ੍ਰਭਾਵ ਕਬੂਲਦਾ ਹੈ, ਇਕ ਉਸ ਦਾ ਆਪਣਾ ਪਰਿਵਾਰ ਅਤੇ ਦੂਜਾ ਸਹੁਰਾ ਪਰਿਵਾਰ। ਦਲੀਪ ਸਿੰਘ ਦੇ ਮਾਮਲੇ ਵਿਚ ਉਸ ਦੇ ਪਰਿਵਾਰ ਦੀ ਇਕੋ ਇਕ ਦੂਜੀ ਮੈਂਬਰ ਉਸ ਦੀ ਮਾਂ ਮਹਾਰਾਣੀ ਜਿੰਦਾਂ ਸੀ ਅਤੇ ਲਾਰਡ ਡਲਹੌਜ਼ੀ ਦਾ ਕੱਢਿਆ ਸਿੱਟਾ ਇਹ ਸੀ ਕਿ ਆਪਣੀ ਮਾਂ ਦੀ ਸੰਗਤ ਵਿਚ ਰਹਿੰਦਿਆਂ ਬਾਲਪਨ ਵਿਚੋਂ ਨਿਕਲਣ ਉਪਰੰਤ ਦਲੀਪ ਸਿੰਘ ਦੇ ਮਨ ਵਿਚ ਮਹਾਰਾਜੇ ਵਜੋਂ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਬਾਰੇ ਇੱਛਾ ਕਦੇ



ਵੀ ਜਨਮ ਲੈ ਸਕਦੀ ਹੈ। ਇਸ ਸੰਭਾਵਨਾ ਤੋਂ ਛੁਟਕਾਰਾ ਪਾਉਣ ਲਈ ਉਸ ਨੇ ਮਹਾਰਾਣੀ ਜਿੰਦਾਂ ਨੂੰ ਪਹਿਲਾਂ ਲਾਹੌਰ ਬਦਰ ਅਤੇ ਫਿਰ ਪੰਜਾਬ ਬਦਰ ਕਰ ਦਿੱਤਾ ਸੀ। ਹੁਣ ਉਸ ਦਾ ਨਿਸ਼ਾਨਾ ਲੋੜੀਂਦੀ ਗੰਢਤੁੱਪ ਕਰ ਕੇ ਮਹਾਰਾਜਾ ਦਲੀਪ ਸਿੰਘ ਨੂੰ ਉਸ ਦੇ ਭਾਵੀ ਸਹੁਰੇ ਪਰਿਵਾਰ ਨਾਲੋਂ ਤੋੜਨਾ ਸੀ।

ਸ. ਚਤਰ ਸਿੰਘ ਅਟਾਰੀ ਬੜਾ ਦੂਰਅੰਦੇਸ਼ ਅਤੇ ਸਿਆਣਾ ਬਜ਼ੁਰਗ ਸਰਦਾਰ ਸੀ। ਉਹ ਲਾਹੌਰ ਦਰਬਾਰ ਵਿਚ ਘਟਨਾਵਾਂ ਦੇ ਵਹਿਣ ਨੂੰ ਧਿਆਨ ਨਾਲ ਵੇਖ ਰਿਹਾ ਸੀ ਅਤੇ ਉਹ ਕੁਝ ਹੱਦ ਤੱਕ ਭਵਿੱਖ ਨੂੰ ਸਮਝਣ ਦੇ ਸਮਰੱਥ ਸੀ। ਅੰਗਰੇਜ਼ ਹਾਕਮ ਵੱਲੋਂ ਮਹਾਰਾਣੀ ਜਿੰਦਾਂ ਨੂੰ ਪੰਜਾਬ ਤੋਂ ਬਾਹਰ ਕੈਦ ਕਰਨ ਨੇ ਉਸ ਦੇ ਤੌਖ਼ਲੇ ਵਧਾ ਦਿਤੇ ਸਨ। ਇਸ ਲਈ ਉਹ ਚਾਹੁੰਦਾ ਸੀ ਕਿ ਜਿੰਨੀ ਜਲਦੀ ਹੋ ਸਕੇ ਮਹਾਰਾਜਾ ਦਲੀਪ ਸਿੰਘ ਦਾ ਉਸ ਦੀ ਲੜਕੀ ਨਾਲ ਵਿਆਹ ਕਾਰਜ ਸੰਪੰਨ ਹੋ ਜਾਣਾ ਚਾਹੀਦਾ ਹੈ। ਉਸ ਨੇ ਆਪਣੀ ਧੀ ਨੂੰ ਦੇਣ ਵਾਲਾ ਦਾਜ ਦਹੇਜ ਪੂਰੀ ਤਰਾਂ ਤਿਆਰ ਕੀਤਾ ਹੋਇਆ ਸੀ, ਪਰ ਅੰਗਰੇਜ਼ ਹਾਕਮਾਂ ਦੀ ਨੀਅਤ ਨੂੰ ਸਮਝਦਿਆਂ ਉਹ ਵਿਆਹ ਛੇਤੀ ਕਰ ਦੇਣ ਦੀ ਗੱਲ ਖੁੱਲ ਕੇ ਨਹੀਂ ਸੀ ਕਰਦਾ। ਲਾਹੌਰ ਦਰਬਾਰ ਵਿਚ ਕੁਝ ਟਿਕ ਟਿਕਾਅ ਆ ਜਾਣ ਉਪਰੰਤ ਉਸ ਨੇ 1848 ਈਸਵੀ ਦੇ ਸ਼ੁਰੂ ਵਿਚ ਰੈਜ਼ੀਡੈਂਟ ਨੂੰ ਸੁਨੇਹਾ ਭੇਜਿਆ ਕਿ ਇਸ ਜ਼ਿੰਦਗੀ ਵਿਚ ਉਸ ਦੀਆਂ ਕੇਵਲ ਦੋ ਹੀ ਇੱਛਾਵਾਂ ਬਾਕੀ ਹਨ। ਪਹਿਲੀ ਆਪਣੀ ਲੜਕੀ ਦੀ ਸ਼ਾਦੀ ਕਰ ਦੇਣਾ ਅਤੇ ਦੂਜੀ ਤੀਰਥਾਂ ਦੀ ਯਾਤਰਾ ਕਰਨੀ, ਪਰ ਤੀਰਥ ਯਾਤਰਾ ਲਈ ਜਾਣ ਤੋਂ ਪਹਿਲਾਂ ਉਹ ਆਪਣੀ ਲੜਕੀ ਦੀ ਸ਼ਾਦੀ ਕਰ ਦੇਣੀ ਚਾਹੁੰਦਾ ਹੈ। ਰੈਜ਼ੀਡੈਂਟ ਇਸ ਮਾਮਲੇ ਵਿਚ ਵਾਇਸਰਾਏ ਦੀ ਸੋਚ ਤੋਂ ਜਾਣੂੰ ਸੀ। ਇਸ ਲਈ ਉਸ ਨੇ ਸ. ਚਤਰ ਸਿੰਘ ਦੇ ਸੁਨੇਹੇ ਪ੍ਰਤੀ ਕੋਈ ਹੁੰਗਾਰਾ ਨਾ ਭਰਿਆ। ਰੈਜ਼ੀਡੈਂਟ ਵੱਲੋਂ ਕੋਈ ਉੱਤਰ ਨਾ ਮਿਲਣ ਉੱਤੇ ਸ. ਚਤਰ ਸਿੰਘ ਨੇ ਆਪਣੇ ਲੜਕੇ ਰਾਜਾ ਸ਼ੇਰ ਸਿੰਘ ਨੂੰ ਇਸ ਸਬੰਧੀ ਅੰਗਰੇਜ਼ ਰੈਜ਼ੀਡੈਂਟ ਨਾਲ ਗੱਲ ਕਰਕੇ ਮਹਾਰਾਜੇ ਦੇ ਵਿਆਹ ਦੀ ਤਰੀਕ ਨਿਸ਼ਚਿਤ ਕਰਵਾਉਣ ਲਈ ਆਖਿਆ। ਮਹਾਰਾਜਾ ਦਲੀਪ ਸਿੰਘ ਦਾ ਰਿਸ਼ਤੇ ਵਜੋਂ ਸਾਲਾ ਲੱਗਦਾ ਰਾਜਾ ਸ਼ੇਰ ਸਿੰਘ ਲਾਹੌਰ ਸਥਿਤ ਅੰਗਰੇਜ਼ ਰੈਜ਼ੀਡੈਂਟ ਦੀ ਸਹਾਇਤਾ ਕਰਨ ਲਈ ਬਣਾਈ ਗਈ ਸਲਾਹਕਾਰ ਕੌਂਸਲ ਦਾ ਮੈਂਬਰ ਸੀ। ਉਸ ਨੇ ਇਸ ਮਾਮਲੇ ਬਾਰੇ ਰੈਜ਼ੀਡੈਂਟ ਨਾਲ ਗੱਲ ਕਰਨ ਦਾ ਯਤਨ ਕੀਤਾ, ਪਰ ਉਸ ਦੇ ਯਤਨ ਨੂੰ ਬੂਰ ਨਾ ਪਿਆ। ਰੈਜ਼ੀਡੈਂਟ ਦਾ ਠੰਢਾ ਹੁੰਗਾਰਾ ਵੇਖਦਿਆਂ ਰਾਜਾ ਸ਼ੇਰ ਸਿੰਘ ਨੇ ਰੈਜ਼ੀਡੈਂਟ ਦੇ ਸਹਾਇਕ ਮਿਸਟਰ ਹਰਬਟ ਐਡਵਰਡ, ਜਿਸ ਨਾਲ ਕੰਮ ਕਰਦਿਆਂ ਉਸ ਦੇ ਮਿੱਤਰਾਨਾ ਸਬੰਧ ਬਣ ਚੁੱਕੇ ਸਨ, ਨੂੰ ਸਹਾਇਤਾ ਕਰਨ ਦੀ ਬੇਨਤੀ ਕੀਤੀ। ਹਰਬਰਟ ਐਡਵਰਡ ਨੇ ਰਾਜਾ ਸ਼ੇਰ ਸਿੰਘ ਨਾਲ ਆਪਣੇ ਨਿੱਘੇ ਮਿੱਤਰਾਨਾ ਸੰਬੰਧਾਂ ਕਾਰਨ ਝਟਪਟ ਉਸ ਦੀ ਬੇਨਤੀ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੂੰ ਭੇਜ ਦਿੱਤੀ। ਲਾਰਡ ਡਲਹੌਜ਼ੀ, ਜੋ ਕਿਸੇ ਵੀ ਸੂਰਤ ਵਿਚ ਇਸ ਰਿਸ਼ਤੇ ਨੂੰ ਸਿਰੇ ਚੜਦਾ ਵੇਖਣਾ ਨਹੀਂ ਸੀ ਚਾਹੁੰਦਾ, ਨੇ ਰੈਜ਼ੀਡੈਂਟ ਦੇ ਸਹਾਇਕ ਦੀ ਇਸ ਕਾਰਵਾਈ ਨੂੰ ਬੇਹੱਦ ਨਾ-ਪਸੰਦ ਕੀਤਾ ਅਤੇ ਇਸ ਬਾਰੇ 22 ਅਗਸਤ 1848 ਨੂੰ ਰੈਜ਼ੀਡੈਂਟ ਨੂੰ ਸੰਬੋਧਿਤ ਪੱਤਰ ਵਿੱਚ ਲਿਖਿਆ, 'ਇਹ ਇਕ ਦੋਸਤਾਂ ਵਾਲਾ ਕਾਰਜ ਹੋਵੇਗਾ ਜੇਕਰ ਤੁਸੀਂ ਜਾਂ ਉਸ (ਐਡਵਰਡ) ਦਾ ਭਲਾ ਚਾਹੁਣ ਵਾਲਾ ਕੋਈ ਵਿਅਕਤੀ ਉਸ (ਐਡਵਰਡ) ਨੂੰ ਇਹ ਦੱਸ ਦੇਵੇ ਕਿ ਰੈਜ਼ੀਡੈਂਟ ਦੇ ਸਹਾਇਕ ਵਜੋਂ ਹਿੰਦ ਸਰਕਾਰ ਨੂੰ ਮਨ ਆਈ ਸਲਾਹ ਦੇਣੀ ... ਗੰਭੀਰਤਾ ਰਹਿਤ, ਬਿਲਕੁਲ ਨਾਵਾਜਬ ਅਤੇ ਸਰਾਸਰ ਗ਼ੈਰ-ਜ਼ਰੂਰੀ ਹੈ। ... ਮੇਰਾ ਇਸ (ਐਡਵਰਡ ਦੀ ਕਾਰਵਾਈ) ਬਾਰੇ ਕੋਈ ਕਾਰਵਾਈ ਕਰਨ ਦਾ ਇਰਾਦਾ ਨਹੀਂ ਅਤੇ ਇਸ ਦਾ ਨਿੱਜੀ ਤੌਰ ਉੱਤੇ ਤੁਹਾਡੇ ਨਾਲ ਜ਼ਿਕਰ ਕਰ ਰਿਹਾ ਹਾਂ ਕਿਉਂਕਿ ਮੈਂ ਮਿਸਟਰ ਐਡਵਰਡ ਦਾ ਭਲਾ ਚਾਹੁੰਦਾ ਹਾਂ।'

ਦੂਜੇ ਅੰਗਰੇਜ਼-ਸਿੱਖ ਯੁੱਧ ਵਿਚ ਲਾਹੌਰ ਦਰਬਾਰ ਦੀ ਸੈਨਾ ਦਾ ਮੁਕਾਬਲਾ ਜਿਹੜੇ ਸਿੱਖ ਸਰਦਾਰਾਂ ਨਾਲ ਸੀ, ਸ. ਚਤਰ ਸਿੰਘ ਅਟਾਰੀ ਉਨਾਂ ਵਿਚ ਮੁੱਖ ਸੀ। ਰਾਜਾ ਸ਼ੇਰ ਸਿੰਘ ਵੀ ਲਾਹੌਰ ਦਰਬਾਰ ਵਿਚੋਂ ਨੱਸ ਕੇ ਆਪਣੇ ਪਿਤਾ ਨਾਲ ਜਾ ਰਲਿਆ। ਲੜਾਈ ਵਿਚ ਲਾਹੌਰ ਦਰਬਾਰ ਅਤੇ ਅੰਗਰੇਜ਼ੀ ਸੈਨਾ ਦੀ ਕਮਾਨ ਅੰਗਰੇਜ਼ ਸੈਨਾਪਤੀ ਲਾਰਡ ਗਫ ਦੇ ਹੱਥ ਸੀ। ਸਿੱਖ ਸੈਨਾ ਨੇ ਹਾਰ ਜਾਣ ਉਪਰੰਤ 18 ਮਾਰਚ 1849 ਨੂੰ ਹਥਿਆਰ ਸੁੱਟ ਦਿੱਤੇ। ਸ. ਚਤਰ ਸਿੰਘ, ਰਾਜਾ ਸ਼ੇਰ ਸਿੰਘ ਅਤੇ ਹੋਰਨਾਂ ਸਿੱਖ ਮੁਖੀਆਂ ਨੂੰ ਬੰਦੀ ਬਣਾ ਲਿਆ ਗਿਆ। ਉਪਰੰਤ ਰੈਜ਼ੀਡੈਂਟ ਲਾਹੌਰ ਦਾ ਇਕ ਸਹਾਇਕ ਕੈਪਟਨ ਜੇ. ਨਿਕਲਸਨ ਜਦੋਂ ਪਹਿਲੀ ਅਪਰੈਲ ਨੂੰ ਸ. ਚਤਰ ਸਿੰਘ ਅਟਾਰੀ ਦੀ ਜਾਗੀਰ ਦੇ ਮੁੱਖ ਟਿਕਾਣੇ ਪਿੰਡ ਬੁਸਲੀ (ਹਜ਼ਾਰਾ ਇਲਾਕਾ) ਪਹੁੰਚਿਆ ਤਾਂ ਸਥਾਨਕ ਪਠਾਣ ਵਸੋਂ ਨੇ ਆਪਣੀ ਖ਼ੁਸ਼ੀ ਦੇ ਇਜ਼ਹਾਰ ਵਜੋਂ ਉਸ ਨੂੰ ਸ. ਚਤਰ ਸਿੰਘ ਦੇ ਘਰੋਂ ਲੁੱਟਿਆ ਮਾਲ ਦਿਖਾਇਆ। ਇਸ ਮਾਲ ਵਿਚ ਸ. ਚਤਰ ਸਿੰਘ ਦੁਆਰਾ ਆਪਣੀ ਲੜਕੀ ਨੂੰ ਵਿਆਹ ਸਮੇਂ ਦਿੱਤੇ ਜਾਣ ਵਾਲੇ ਵਸਤਰ ਅਤੇ ਹੋਰ ਵਸਤੂਆਂ ਵੀ ਸ਼ਾਮਲ ਸਨ। ਇਸ ਤੋਂ ਪਤਾ ਲੱਗਦਾ ਹੈ ਕਿ ਸ. ਚਤਰ ਸਿੰਘ ਇਸ ਸ਼ਾਦੀ ਦੇ ਸੰਪੰਨ ਹੋ ਜਾਣ ਦੀ ਕਿੰਨੀ ਤੀਬਰਤਾ ਨਾਲ ਉਡੀਕ ਕਰ ਰਿਹਾ ਸੀ, ਪਰ ਦੂਜੇ ਅੰਗਰੇਜ਼-ਸਿੱਖ ਯੁੱਧ ਕਾਰਨ ਮਹਾਰਾਜਾ ਦਲੀਪ ਸਿੰਘ ਦੇ ਅਟਾਰੀ ਖਾਨਦਾਨ ਨਾਲ ਰਿਸ਼ਤੇ ਦਾ ਭੋਗ ਪੈ ਗਿਆ।

ਇਨੀਂ ਦਿਨੀ ਰੋਪੜ ਅਤੇ ਇਸ ਦੇ ਆਲੇ-ਦੁਆਲੇ ਦੇ ਇਲਾਕੇ ਉੱਤੇ ਡੱਲੇਵਾਲੀਆ ਮਿਸਲ ਦਾ ਰਾਜਾ ਭੂਪ ਸਿੰਘ ਕਾਬਜ਼ ਸੀ। ਰਾਜਾ ਭੂਪ ਸਿੰਘ ਆਪਣੀ ਦੋਹਤੀ ਦਾ ਰਿਸ਼ਤਾ ਮਹਾਰਾਜਾ ਦਲੀਪ ਸਿੰਘ ਨਾਲ ਕਰਨਾ ਚਾਹੁੰਦਾ ਸੀ ਅਤੇ ਇਸ ਮਨੋਰਥ ਲਈ ਗੱਲ ਤੋਰਨ ਵਾਸਤੇ ਉਸ ਨੇ ਆਪਣੇ ਦੋ ਦੂਤ ਲਾਹੌਰ ਭੇਜੇ।

ਗੁਪਤ ਤੌਰ 'ਤੇ ਇਹ ਸੂਚਨਾ ਲੁਧਿਆਣੇ ਸਥਿਤ ਗਵਰਨਰ-ਜਨਰਲ ਦੇ ਏਜੰਟ ਪਾਸ ਵੀ ਪੁੱਜ ਗਈ। ਉਹ ਦਲੀਪ ਸਿੰਘ ਦਾ ਵਿਆਹ ਕਿਸੇ ਸਿੱਖ ਘਰਾਣੇ ਵਿਚ ਨਾ ਹੋਣ ਦੇਣ ਬਾਰੇ ਵਾਇਸਰਾਏ ਦੀ ਸੋਚ ਤੋਂ ਜਾਣੂੰ ਸੀ। ਉਸ ਨੂੰ ਭਰੋਸਾ ਸੀ ਕਿ ਜੇਕਰ ਇਸ ਰਿਸ਼ਤੇ ਦੀ ਗੱਲ ਨੇਪਰੇ ਚੜ ਗਈ ਤਾਂ ਇਸ ਨਾਲ ਲਾਹੌਰ ਦਰਬਾਰ ਵਿਚਲੇ ਕੁਝ ਸਰਦਾਰਾਂ ਅਤੇ ਛੋਟੇ ਸਿੱਖ ਰਾਜਿਆਂ-ਰਜਵਾੜਿਆਂ ਦੀ ਹਮਦਰਦੀ ਅਤੇ ਹਮਾਇਤ ਮਹਾਰਾਜਾ ਦਲੀਪ ਸਿੰਘ ਨੂੰ ਪ੍ਰਾਪਤ ਹੋ ਜਾਵੇਗੀ। ਇਸ ਲਈ ਉਹ ਚਾਹੁੰਦਾ ਸੀ ਕਿ ਇਹ ਰਿਸ਼ਤੇ ਦੀ ਗੱਲ ਸਿਰੇ ਨਾ ਲੱਗੇ। ਫਲਸਰੂਪ ਉਸ ਨੇ ਰਾਜਾ ਭੂਪ ਸਿੰਘ ਨਾਲ ਸੰਪਰਕ ਬਣਾਇਆ ਅਤੇ ਉਸ ਨੂੰ ਬਰਤਾਨਵੀ ਹਿੰਦੋਸਤਾਨ ਸਰਕਾਰ ਦੀ ਤਾਕਤ ਦਾ ਡਰ ਵਿਖਾਉਂਦਿਆਂ ਆਪਣੀ ਦੋਹਤੀ ਦਾ ਰਿਸ਼ਤਾ ਮਹਾਰਾਜਾ ਦਲੀਪ ਸਿੰਘ ਨਾਲ ਕਰਨ ਦੀ ਯੋਜਨਾ ਤੋਂ ਮੁੜਨ ਲਈ ਮਜਬੂਰ ਕਰ ਦਿੱਤਾ। ਬੇਵੱਸ ਰਾਜਾ ਭੂਪ ਸਿੰਘ ਨੇ ਲਾਹੌਰ ਦਰਬਾਰ ਵਿਚ ਭੇਜੇ ਆਪਣੇ ਦੋਵੇਂ ਦੂਤ ਵਾਪਸ ਬੁਲਾ ਲਏ ਅਤੇ ਮਹਾਰਾਜਾ ਦਲੀਪ ਸਿੰਘ ਦੇ ਇਸ ਰਿਸ਼ਤੇ ਦੀ ਗੱਲ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਹੋ ਗਈ।

ਇਸ ਤਰਾਂ ਵਾਇਸਰਾਏ ਹਿੰਦ ਦੇ ਅੜਿੱਕਾ ਬਣਨ ਕਾਰਨ ਮਹਾਰਾਜਾ ਦਲੀਪ ਸਿੰਘ ਦਾ ਕਿਸੇ ਸਿੱਖ ਘਰਾਣੇ ਦੀ ਮੁਟਿਆਰ ਨਾਲ ਵਿਆਹ ਬੰਧਨ ਵਿਚ ਬੱਝਣਾ ਸੰਭਵ ਨਾ ਹੋ ਸਕਿਆ।

# ਫ਼ਿਲਮ 'ਬਲੈਕ ਪ੍ਰਿੰਸ' ਇਤਿਹਾਸ ਦਾ ਕਲਾਤਮਕ ਦਸਤਾਵੇਜ਼

ਸਿੱਖ ਰਾਜ ਦੇ ਬੇਤਾਜ਼ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਅਤੇ ਸਿੱਖਾਂ ਦੇ ਅੰਤਿਮ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ 'ਤੇ ਹਾਲੀਵੁੱਡ ਵਿੱਚ ਵੱਡੇ ਬਜਟ ਦੀ ਬਣੀ ਫਿਲਮ ਸਿਖ ਇਤਿਹਾਸ ਦਾ ਕਲਾਤਮਿਕ ਦਸਤਾਵੇਜ਼ ਹੈ। ਇਹ ਪਹਿਲਾ ਮੌਕਾ ਹੈ ਕਿ ਸਿੱਖ ਕੌਮ ਨਾਲ ਸਬੰਧਤ ਕਿਸੇ ਸ਼ਖ਼ਸੀਅਤ 'ਤੇ ਹਾਲੀਵੱਡ ਨੇ ਇੰਨੇ ਵੱਡੇ ਬਜ਼ਟ ਦੀ ਫਿਲਮ ਬਣਾਈ ਹੈ। ਮਹਾਰਾਜਾ ਦਲੀਪ ਸਿੰਘ ਦਾ ਨਾਂ ਜਿਹਨ ਵਿੱਚ ਆਉਂਦਿਆਂ ਹੀ ਗਵਾਚੇ ਹੋਏ ਸਿੱਖ ਰਾਜ ਦੀ ਪੀੜ, ਸਰਕਾਰੀ ਜਬਰ ਦੀ ਇੰਤਹਾ ਅਤੇ ਇੱਕ ਪਿੰਜਰੇ ਵਿੱਚ ਬੰਦ ਹੋਏ ਸ਼ੇਰ ਦੀਆਂ ਅਜ਼ਾਦੀ ਲਈ ਕੀਤੀਆਂ ਕੋਸ਼ਿਸ਼ਾਂ ਦਾ ਸਮੁੱਚਾ ਸੀਨ ਸਾਹਮਣੇ ਆ ਜਾਂਦਾ ਹੈ। ਮਹਾਰਾਜਾ ਦਲੀਪ ਸਿੰਘ ਸਿੱਖ ਇਤਿਹਾਸ ਦਾ ਉਹ ਪਾਤਰ ਹੈ ਜੋ ਕੁਕਨੂਸ ਵਾਂਗ ਇੱਕ ਵਾਰ ਸੁਆਹ ਹੋ ਕੇ ਫਿਰ ਆਪਣੀ ਹੀ ਰਾਖ ਵਿੱਚੋਂ ਪ੍ਰਜਵੱਲਿਤ ਹੋ ਗਿਆ। ਜਦੋਂ ਉਸਦੀ ਸਮਝ ਅਤੇ ਸੋਝੀ ਨੂੰ ਆਪਣੇ ਵਿਰਸੇ ਦੀ ਜਾਗ ਲੱਗੀ ਤਾਂ ਸਰਕਾਰੀ ਜਬਰ ਨਾਲ ਦਬਾਈ ਹੋਈ ਉਸਦੀ ਅਜ਼ਾਦੀ, ਗੁਰੂ ਸਾਹਿਬ ਨਾਲ ਉਸਦਾ ਰਿਸ਼ਤਾ ਅਤੇ ਆਪਣੇ ਸੰਗੀ ਸਿੱਖਾਂ ਨਾਲ ਉਸਦੀਆਂ ਮੋਹ ਦੀਆਂ ਤੰਦਾਂ ਮੁੜ ਤੋਂ ਜੀਵਤ ਹੋ ਗਈਆਂ। 1839 ਨੂੰ ਜਨਮੇ ਇਸ ਹੋਣਹਾਰ ਬਾਲ ਨੂੰ ਆਪਣੇ ਬਚਪਨ ਦੇ ਕੁਝ ਸਾਲ ਹੀ ਸੁਖਾਂ ਵਿੱਚ ਬਤੀਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸਿੱਖ ਕੌਮ ਦੇ ਬੇਤਾਜ਼ ਮਹਾਰਾਜੇ, ਰਣਜੀਤ ਸਿੰਘ ਦੀ ਇਸ ਆਖਰੀ ਔਲਾਦ ਨੂੰ ਆਪਣੇ ਜੀਵਨ ਵਿੱਚ ਜਿਨਾਂ ਦੁਸ਼ਵਾਰੀਆਂ ਦਾ ਸਾਹਮਣਾਂ ਕਰਨਾ ਪਿਆ ਉਹ ਸ਼ਾਇਦ ਇਤਿਹਾਸ ਦੇ ਕਿਸੇ ਹੋਰ, ਮਹਾਰਾਜੇ ਨੂੰ ਨਾ ਕਰਨਾ ਪਿਆ ਹੋਵੇ । ਪੰਜ ਸਾਲ ਦੀ ਉਮਰ ਵਿੱਚ ਜਿਸ ਨੂੰ ਰਾਜ ਦਾ ਮੁਖੀ ਬਣਾ ਦਿੱਤਾ ਗਿਆ ਅਤੇ ਉਸਦੀ ਮਾਂ ਦੀਆਂ ਇਛਾਵਾਂ ਦੇ ਵਿਰੁੱਧ ਜਾਕੇ ਸਾਜਿਸ਼ਕਾਰਾਂ ਨੇ ਇਹ ਰਾਜ




ਤਿਲਕ ਦਲੀਪ ਸਿੰਘ ਨੂੰ ਉਸਦੇ ਹੋਰਨਾਂ ਭਰਾਵਾਂ ਵਾਂਗ ਕਤਲ ਕਰਵਾਉਣ ਦੇ ਮਨਸ਼ੇ ਨਾਲ ਹੀ ਦਿੱਤਾ ਸੀ। ਉਸਦੇ ਮੱਥੇ ਤੇ ਲਹੂ ਦਾ ਤਿਲਕ ਲਗਾ ਕੇ ਸਿੱਖ ਰਾਜ ਦੇ ਵਿਰੋਧੀਆਂ ਨੇ ਮਹਾਰਾਣੀ ਜਿੰਦ ਕੌਰ ਨੂੰ ਸੁਨੇਹਾ ਦਿੱਤਾ ਸੀ ਉਸਦੇ ਅਰਥ ਬਹੁਤ ਡੂੰਘੇ ਸਨ।ਬੇਸ਼ੱਕ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਤਖਤ ਦਾ ਰਾਜ ਸੰਭਾਲ ਦਿੱਤਾ ਗਿਆ ਸੀ ਪਰ ਅੰਗਰੇਜ਼ਾਂ ਦੀਆਂ ਰਾਜਸੀ ਇਛਾਵਾਂ ਦੇ ਰਾਹ ਵਿੱਚ ਸਿੱਖ ਰਾਜ ਸਭ ਤੋਂ ਵੱਡਾ ਅੜਿਕਾ ਬਣਿਆ ਹੋਇਆ ਸੀ। ਦੋ ਵੱਡੀਆਂ ਅਤੇ ਲਹੂਵੀਟਵੀਆਂ ਜੰਗਾਂ ਨੇ ਅੰਗਰੇਜ਼ ਅਫਸਰਾਂ ਅਤੇ ਰਾਜਸੀ ਨੇਤਾਵਾਂ ਦੇ ਸਾਹ ਸੂਤ ਦਿੱਤੇ ਸਨ। ਜਿਸ ਬਹਾਦਰੀ ਅਤੇ ਜਿੰਦਾਦਿਲੀ ਨਾਲ ਸਿੱਖ ਫੌਜਾਂ ਆਪਣੇ ਰਾਜਭਾਗ ਅਤੇ ਖਾਸ ਕਰਕੇ ਆਪਣੀ ਸਿੱਖੀ ਅਣਖ਼ ਅਤੇ ਗੈਰਤ ਨੂੰ ਬਚਾਉਣ ਲਈ ਲੜੀਆਂ ਸਨ ਉਸਨੇ ਗੋਰਿਆਂ ਦੇ ਮਨਾ ਵਿੱਚ ਸਿੱਖ ਬਹਾਦਰੀ ਦਾ ਦਹਿਲ ਹਮੇਸ਼ਾ ਲਈ ਪਾ ਦਿੱਤਾ ਸੀ। ਬੇਸ਼ੱਕ ਗੋਰਿਆਂ ਨੇ ਕਪਟੀ ਚਾਲਾਂ ਚੱਲਕੇ ਸਿੱਖਾਂ ਨੂੰ ਬਹੁਤ ਸੰਘਰਸ਼ ਤੋਂ ਬਾਅਦ ਜਿੱਤ ਲਿਆ ਸੀ ਪਰ ਇਨਾਂ ਦੋ ਜੰਗਾਂ ਵਿੱਚ ਅੰਗਰੇਜ਼ਾਂ ਦਾ ਜਿੰਨਾ ਜਾਨੀ ਨੁਕਸਾਨ ਹੋਇਆ ਉਸਨੇ ਅੰਗਰੇਜ਼ ਅਫਸਰਸ਼ਾਹੀ ਦੇ ਸਾਹ ਸੂਤ ਦਿੱਤੇ ਸਨ। ਚੇਲਿਆਂਵਾਲੀ ਦੀ ਲੜਾਈ ਤੋਂ ਬਾਅਦ ਇੱਕ ਫੌਜੀ ਕਮਾਂਡਰ ਨੇ ਲੰਡਨ ਨੂੰ ਜੋ ਸੁਨੇਹਾ ਭੇਜਿਆ ਉਹ ਅੰਗਰੇਜ਼ਾਂ ਦੀ ਦਹਿਲੀ ਹੋਈ ਮਾਨਸਿਕਤਾ ਦਾ ਪ੍ਰਤੀਕ ਸੀ। ਉਸਨੇ ਲੰਡਨ ਨੂੰ ਲਿਖਿਆ- ਅਸੀਂ ਇਹ ਜੰਗ ਜਿੱਤ ਲਈ ਹੈ ਪਰ ਇਹ ਜਿੱਤ ਸਾਡੇ ਲਈ ਹਾਰ ਨਾਲੋਂ ਵੀ ਭੈੜੀ ਜਿੱਤ ਸਾਬਤ ਹੋਈ ਹੈ।ਚੇਲਿਆਂ ਵਾਲੀ ਦੀ ਲੜਾਈ ਤੋਂ ਬਾਅਦ ਅੰਗਰੇਜ਼ਾਂ ਨੇ ਇੱਕ ਗੱਲ ਸਾਫ ਤੌਰ ਤੇ ਭਾਂਪ ਲਈ ਸੀ ਕਿ ਜੇ ਭਵਿੱਖ ਵਿੱਚ ਸਿੱਖ ਬਗਾਵਤ ਨੂੰ ਰੋਕਣਾ ਹੈ ਅਤੇ, ਅੰਗਰੇਜ਼ਾਂ ਦੇ ਰਾਜ ਨੂੰ ਸਥਾਈ ਰੱਖਣਾਂ ਹੈ ਤਾਂ ਮਹਾਰਾਜਾ ਦਲੀਪ

ਬਾਕੀ ਸਫ਼ਾ 31 'ਤੇ

# ਨਿਹੰਗ ਸਿੰਘਾਂ ਦਾ ਇਤਿਹਾਸ

**ਡਾ. ਪਰਮਵੀਰ ਸਿੰਘ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੀ ਗਈ ਇਸ ਅਕਾਲੀ ਫੌਜ ਨੇ ਗੁਰ-ਸਿਧਾਂਤ ਅਨੁਸਾਰ ਸੱਚਾਈ ਅਤੇ ਸਦਾਚਾਰ ਦਾ ਪੱਲਾ ਫੜ ਕੇ ਭਾਰਤ ਦੀਆਂ ਬਹੂ-ਬੇਟੀਆਂ ਨੂੰ ਬਚਾਉਣ ਦੇ ਨਾਲ-ਨਾਲ ਇਸ ਮੁਲਕ ਦੇ ਲੋਕਾਂ ਦੀ ਰਾਖੀ ਕਰਦੇ ਹੋਏ ਅਫ਼ਗਾਨਿਸਤਾਨ ਤੋਂ ਆਉਣ ਵਾਲੇ ਹਮਲਾਵਰਾਂ ਦੇ ਦਰਵਾਜੇ ਭਾਰਤ ਵਿਚ ਪੂਰੀ ਤਰਾਂ ਨਾਲ ਬੰਦ ਕਰ ਦਿੱਤੇ ਸਨ। ਦੱਰਾ ਖੈਬਰ ਤੋਂ ਲੈ ਕੇ ਜਮਨਾ ਤੱਕ ਦੇ ਇਲਾਕੇ ਵਿਚ ਵਸਦੇ ਆਮ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਿਚ ਇਹਨਾਂ ਦਾ ਮਹੱਤਵਪੂਰਨ ਯੋਗਦਾਨ ਹੈ। ਇਹਨਾਂ ਦੁਆਰਾ ਪ੍ਰਦਾਨ ਕੀਤੀ ਗਈ ਸੁਰੱਖਿਆ ਪ੍ਰਣਾਲੀ ਨੂੰ 'ਰਾਖੀ ਪ੍ਰਬੰਧ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਦਿੱਲੀ ਵਿਖੇ ਵਾਪਰੀ ਘਟਨਾ ਨੇ ਭਾਰਤੀ ਮੀਡੀਏ ਦਾ ਧਿਆਨ ਨਿਹੰਗ ਸਿੰਘਾਂ ਵੱਲ ਖਿੱਚਿਆ ਹੈ ਅਤੇ ਹੁਣ ਵਿਭਿੰਨ ਮੀਡੀਆ ਚੈਨਲ ਅਤੇ ਅਖ਼ਬਾਰਾਂ ਵਾਲੇ ਨਿਹੰਗ ਸਿੰਘਾਂ ਦੇ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਯਤਨਸ਼ੀਲ ਹੋਏ ਹਨ।

ਨਿਹੰਗ ਇਕ ਐਸਾ ਸ਼ਬਦ ਹੈ ਜਿਸ ਦੀ ਵਰਤੋਂ ਲੰਮੇ ਸਮੇਂ ਤੋਂ ਹੁੰਦੀ ਆ ਰਹੀ ਹੈ। ਭਾਈ ਕਾਨ ਸਿੰਘ ਨਾਭਾ ਇਸ ਸ਼ਬਦ ਦੇ ਅਰਥ ਕਰਦੇ ਹੋਏ ਕਹਿੰਦੇ ਹਨ, 'ਪੂਰਣ ਰਹਿਤਵਾਨ, ਪਰੋਪਕਾਰੀ, ਨਿਸੰਗ, ਉਦਾਰਾਤਮਾ ਸੂਰਵੀਰ, ਪਰਿਸ਼੍ਰਮੀ ਸਿੰਘਾਂ ਦੀ, ਜੋ ਉੱਚਾ ਦੁਮਾਲਾ ਰੱਖਦੇ ਤੇ ਨੀਲੇ ਵਸਤ੍ਰ ਪਹਿਨਦੇ ਤਥਾ ਸ਼ਸ਼ਤਰਾਂ ਨਾਲ ਭੂਸ਼ਿਤ ਰਹਿੰਦੇ ਹਨ, ਨਿਹੰਗ ਸੰਗਯਾ ਹੈ।'

ਬਚਿਤ੍ਰ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਅਕਾਲੀ ਸਿੰਘਾਂ ਲਈ 'ਨਿਹੰਗ' ਸ਼ਬਦ ਵਰਤਦੇ ਹੋਏ ਉਨਾਂ ਲਈ ਪ੍ਰਸੰਸਾ ਯੁਕਤ ਸ਼ਬਦ ਵਰਤਦੇ ਹਨ ਜਿਵੇਂ 'ਗੱਜੇ ਨਿਹੰਗ', 'ਬਿਚਰੇ ਨਿਹੰਗ', 'ਜੁੱਝੇ ਨਿਹੰਗ' ਆਦਿ।

ਸਿੱਖ ਧਰਮ ਵਿਚ ਇਸ ਸ਼ਬਦ ਦੇ ਅਰਥਾਂ ਦਾ ਵਿਸਤਾਰ ਹੋਇਆ ਹੈ। ਸਿੱਖ ਧਰਮ ਵਿਚ ਨਿਹੰਗ ਨੂੰ ਨਿਰਭਉ ਤਾਂ ਮੰਨਿਆ ਹੀ ਗਿਆ ਹੈ ਪਰ ਨਾਲ ਹੀ ਉਹ ਪਰਉਪਕਾਰੀ, ਸੇਵਕ ਅਤੇ ਸਹਿਜ ਦਾ ਪ੍ਰਤੀਕ ਹੈ ਜਿਹੜਾ ਕਿ ਪ੍ਰਮਾਤਮਾ ਦੀ ਰਜ਼ਾ ਵਿਚ ਜੀਵਨ ਬਸਰ ਕਰਨ ਵਾਲਾ, ਕੁਦਰਤ ਦੇ ਨਿਯਮਾਂ ਦਾ ਪਾਲਣ ਕਰਨ ਵਾਲਾ, ਲੋਕਾਈ ਨੂੰ ਪ੍ਰੇਮ ਕਰਨ ਵਾਲਾ, ਯੁੱਧ ਸਮੇਂ ਸੂਰਬੀਰ ਦੇ ਜੌਹਰ ਦਿਖਾਉਂਦਾ ਹੈ।

ਰਤਨ ਸਿੰਘ ਭੰਗੂ ਉਹਨਾਂ ਸਿੰਘਾਂ ਦੇ ਪਰਿਵਾਰ ਨਾਲ ਸਬੰਧਤ ਸੀ ਜਿਹੜੇ ਪੰਥ ਲਈ ਆਪਣਾ ਸਭ ਕੁੱਝ ਵਾਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ। ਇਸ ਦੇ ਦਾਦਾ ਸ. ਮਤਾਬ ਸਿੰਘ ਮੀਰਾਂਕੋਟੀਏ ਨੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਦਾ ਕੇਵਲ ਸਿਰ ਹੀ ਨਹੀਂ ਸੀ ਵੱਢਿਆ ਬਲਕਿ ਉਸ ਦੀਆਂ ਫ਼ੌਜਾਂ ਨੂੰ ਲਲਕਾਰਦੇ ਹੋਏ ਉਹ ਰਾਜਸਥਾਨ ਵਿਚ ਗੰਗਾਨਗਰ ਤੋਂ ਕੋਈ 75-80 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਸਿੰਘਾਂ ਦੀ ਸ਼ਰਨਗਾਹ ਬੁੱਢਾ ਜੌਹੜ ਨਾਮਕ ਸਥਾਨ 'ਤੇ ਉਸ ਦਾ ਸਿਰ ਲੈ ਗਏ ਸਨ। ਇਸ ਘਟਨਾ ਨੇ ਸਮੁੱਚੀ ਮੁਗ਼ਲੀਆ ਹਕੂਮਤ ਵਿਚ ਜਿਥੇ ਡਰ ਦੀ ਭਾਵਨਾ ਪੈਦਾ ਕਰ ਦਿੱਤੀ ਸੀ ਉਥੇ ਧਾਰਮਿਕ ਅਤੇ ਅਮਨ ਪਸੰਦ ਲੋਕਾਂ ਦੇ ਮਨ ਵਿਚ ਖ਼ੁਸ਼ੀ 'ਤੇ ਜੋਸ਼ ਦੀ ਲਹਿਰ ਉਜਾਗਰ ਕਰ ਦਿੱਤੀ ਸੀ।

ਨਿਹੰਗ ਸਿੰਘਾਂ ਦੇ ਪਰਿਵਾਰ ਨਾਲ ਸਬੰਧਤ ਹੋਣ ਕਰ ਕੇ ਰਤਨ ਸਿੰਘ ਭੰਗੂ ਉਨਾਂ ਦੇ ਗੁਣ-ਔਗੁਣਾਂ ਨੂੰ ਭਲੀ-ਭਾਂਤ ਜਾਣਦਾ ਸੀ, ਉਨਾਂ ਦੇ ਗੁਣਾਂ ਦਾ ਵਿਖਿਆਨ ਕਰਦੇ ਹੋਏ ਉਹ ਦੱਸਦਾ ਹੈ :

*ਨਿਹੰਗ ਕਹਾਵੈ ਸੋ ਪੁਰਸ਼ ਦੁਖ ਸੁਖ ਮੰਨੇ ਨ ਅੰਗ।*
*ਜਿਮ ਦੁਖ ਸੁਖ ਦੇਹੀ ਨ ਮੰਨੇ ਉਸ ਕਹੈਂ ਬਿਦੇਹੀ ਚੰਗ।*
*ਜਹਾਂ ਜੁੱਧ ਕੀ ਜਾਗਾ ਹੋਇ। ਮਰਨੈ ਕੈ ਡਰ ਟਰੈ ਨ ਸੋਇ।*
*ਜਹਾਂ ਪੰਥ ਪੈ ਬਡ ਪਵੈ ਭੀਰ। ਡਾਹੈ ਆਪ ਜਾਇ ਤਹਾਂ ਸਰੀਰ।*
*ਜਹਾਂ ਜੁੱਧ ਕੀ ਜਾਗਾ ਹੋਇ। ਫੜ ਨਿਸ਼ਾਨ ਆਪ ਅੱਗੇ ਹੋਇ।*
*ਸਾਥ ਨਗਾਰਾ ਘੁਰਦਾ ਜਾਵੈ। ਜਾਇ ਲੜਾਈ ਮੂਹਰੈ ਪਾਵੈ।*

**ਨਿਹੰਗ ਸਿੰਘਾਂ ਦਾ ਬਾਣਾ ਅਤੇ ਰਹਿਤ**

ਨਿਹੰਗ ਸਿੰਘਾਂ ਦਾ ਬਾਣਾ ਇਨਾਂ ਦੀਆਂ ਪੁਰਾਤਨ ਰਵਾਇਤਾਂ ਦਾ ਪ੍ਰਗਟਾਵਾ ਕਰਦਾ ਹੈ। ਇਨਾਂ ਦਾ ਰਵਾਇਤੀ ਬਾਣਾ ਸਮੇਂ ਦੀ ਪ੍ਰਸਥਿਤੀਆਂ ਵਿਚੋਂ ਪ੍ਰਗਟ ਹੋਇਆ ਮੰਨਿਆ ਜਾਂਦਾ ਹੈ। ਇਸ ਸੰਬੰਧੀ ਇਕ ਘਟਨਾ ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ ਹੈ ਕਿ ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਦੇ ਸਭ ਤੋਂ ਛੋਟੇ ਸਾਹਿਬਜ਼ਾਦਾ ਫ਼ਤਹਿ ਸਿੰਘ ਨੀਲੇ ਬਾਣੇ ਅਤੇ ਦੁਮਾਲੇ ਵਿਚ ਗੁਰੂ ਸਾਹਿਬ ਕੋਲ ਆਇਆ ਤਾਂ ਉਸ ਦਾ ਸੁੰਦਰ ਪੁਸ਼ਾਕਾ ਦੇਖ ਕੇ ਗੁਰੂ ਜੀ ਨੇ ਬਚਨ ਕੀਤਾ ਕਿ ਇਹ ਬਾਣਾ ਅਕਾਲੀ ਸਿੰਘਾਂ ਲਈ ਯੋਗ ਹੋਵੇਗਾ ਅਤੇ ਗੁਰੂ ਜੀ ਦੇ ਸਿੰਘਾਂ ਨੇ ਉਹ ਬਾਣਾ ਧਾਰਨ ਕਰ ਲਿਆ। ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਢਿਲਵਾਂ ਪਿੰਡ ਵਿਖੇ ਸੋਢੀ ਕੌਲ ਦੇ ਗ੍ਰਹਿ ਵਿਖੇ ਨਿਵਾਸ ਕੀਤਾ ਤਾਂ ਉਹਨਾਂ ਉਥੇ ਚਿੱਟੀ ਪੁਸ਼ਾਕ ਪਹਿਨੀ ਅਤੇ ਨੀਲੀ ਸਾੜ ਦਿੱਤੀ। ਜਦੋਂ 'ਗੁਰੂ ਜੀ ਪਾਸ ਓਸ ਨੀਲੇ ਕੱਪੜੇ ਦੀ ਇਕ ਲੀਰ ਰਹਿ ਗਈ, ਉਸ ਨੂੰ ਭੀ ਸਾੜਨ ਲੱਗੇ ਤਾਂ ਭਾਈ ਮਾਨ ਸਿੰਘ ਨੇ ਓਹ ਲੀਰ ਗੁਰੂ ਸਾਹਿਬਾਂ ਪਾਸੋਂ ਮੰਗ ਕੇ ਆਪਣੇ ਸੀਸ ਪੁਰ ਬੰਨ ਲਈ। ਸਜੀ ਹੋਈ ਵੇਖ ਕੇ ਗੁਰੂ ਜੀ ਨੇ ਬਚਨ ਕੀਤਾ ਕਿ ਏਹੋ ਜੇਹੇ ਨੀਲੇ ਬਸਤ੍ਰ ਧਾਰਨ ਕਰਨ ਵਾਲਾ ਤੇਰਾ ਪੰਥ ਚੱਲੇਗਾ। ਸੋ ਨਿਹੰਗ ਸਿੰਘ ਓਥੋਂ ਆਪਣੇ ਪੰਥ ਦਾ ਪ੍ਰਵਿਰਤ ਹੋਣਾ ਦੱਸਦੇ ਹਨ।'

ਨਿਹੰਗ ਸਿੰਘਾਂ ਦੇ ਬਾਣੇ ਦੇ ਆਰੰਭ ਸਬੰਧੀ ਇਕ ਵਿਚਾਰ ਇਹ ਦਿੱਤਾ ਜਾਂਦਾ ਹੈ ਕਿ ਬਾਬਾ ਨੈਣਾ ਸਿੰਘ ਅਕਾਲੀ ਦੁਮਾਲੇ ਵਾਲੀ ਦਸਤਾਰ ਸਜਾਉਂਦਾ ਸੀ ਜਿਸ ਤੋਂ ਇਹ ਪਰੰਪਰਾ ਨਿਹੰਗ ਸਿੰਘਾਂ ਵਿਚ ਪ੍ਰਚਲਿਤ ਹੋ ਗਈ। ਬਾਬਾ ਨੈਣਾ ਸਿੰਘ ਨਿਹੰਗ ਦੁਆਰਾ ਸਿਰ 'ਤੇ ਦੁਮਾਲਾ ਸਜਾਉਣ ਦੀ ਅਰੰਭ ਹੋਈ ਪਰੰਪਰਾ ਦਾ ਜ਼ਿਕਰ ਕਰਦੇ ਹੋਏ ਭਾਈ ਕਾਨ ਸਿੰਘ ਦੱਸਦੇ ਹਨ ਕਿ 'ਬਾਬਾ ਨੈਣਾ ਸਿੰਘ ਅਕਾਲੀ ਨੇ ਫ਼ੌਜ ਦੇ ਨਿਸ਼ਾਨਚੀ ਸਿੰਘਾਂ ਦੇ ਸਿਰ ਉੱਚੇ ਦੁਮਾਲੇ ਕਰ ਕੇ ਉਨਾਂ ਤੇ ਫਰਹਰੇ



ਝੂਲਾ ਦਿੱਤੇ ਸਨ ਜਿਸ ਤੋਂ ਨਿਸ਼ਾਨ (ਉੱਚਾ ਦੁਮਾਲਾ) ਹੱਥ ਫੜਨ ਦੀ ਲੋੜ ਨਾ ਰਹੇ। ਦੁਮਾਲੇ ਵਾਲਾ ਸਿੰਘ ਹੀ ਨਿਸ਼ਾਨ ਸਮਝਿਆ ਜਾਵੇ, ਅਰ ਨਿਸ਼ਾਨ ਤੋਂ ਹੱਥ ਵੇਹਲੇ ਹੋਣ ਕਰ ਕੇ ਉਹ ਤਲਵਾਰ, ਬੰਦੂਕ ਆਦਿ ਸ਼ਸਤਰ ਭੀ ਆਸਾਨੀ ਨਾਲ ਵਰਤ ਸਕੇ।'

ਨਿਹੰਗ ਸਿੰਘ ਸਿੱਖਾਂ ਦੀ ਇਕ ਅਜਿਹਾ ਹਰਾਵਲ ਦਸਤਾ ਹੈ ਜਿਹੜਾ ਕਿ ਬਾਣੇ ਅਤੇ ਸ਼ਸਤਰਾਂ ਨਾਲ ਪ੍ਰੇਮ ਕਰਨ ਵੱਜੋਂ ਪ੍ਰਸਿਧੀ ਪ੍ਰਾਪਤ ਕਰ ਗਿਆ ਹੈ। ਸ਼ਸਤਰ ਇਹਨਾਂ ਦੇ ਬਾਣੇ ਦਾ ਅਟੁੱਟ ਅੰਗ ਹਨ ਜਿਨਾਂ ਨੂੰ ਸਜਾ ਕੇ ਇਹ ਫ਼ਖ਼ਰ ਮਹਿਸੂਸ ਕਰਦੇ ਹਨ। ਕਿਹਾ ਜਾਂਦਾ ਹੈ ਕਿ ਨਿਹੰਗ ਸਿੰਘ

ਬਾਣਾ ਨਿਹੰਗ ਸਿੰਘਾਂ ਦੀ ਸ਼ਾਨ ਅਤੇ ਪਹਿਚਾਨ ਦਾ ਪ੍ਰਤੀਕ ਹੈ ਜਿਸ ਵਿਚੋਂ ਅਧਿਆਤਮਿਕ ਉੱਚਤਾ, ਸਮਾਜਿਕ ਬਰਾਬਰੀ ਤੇ ਸਾਦਗੀ ਅਤੇ ਜੁਝਾਰੂ ਚਿੰਨਾਂ ਦਾ ਪ੍ਰਗਟਾਵਾ ਵਿਸ਼ੇਸ਼ ਤੌਰ 'ਤੇ ਪ੍ਰਗਟ ਹੁੰਦਾ ਹੈ।

ਰਤਨ ਸਿੰਘ ਭੰਗੂ ਕਹਿੰਦਾ ਹੈ ਕਿ ਸਿੰਘਾਂ ਦਾ ਜਨਮ ਹੀ ਜੰਗਾਂ ਯੁੱਧਾਂ ਲਈ ਹੋਇਆ ਹੈ। ਗੁਰੂ ਸਾਹਿਬ ਨੇ ਇਸ ਨੂੰ ਖੰਡੇ ਨਾਲ ਗੁੜਤੀ ਦਿੱਤੀ ਹੈ ਅਤੇ ਸ਼ਸਤਰ ਸਿੰਘਾਂ ਦੇ ਜੀਵਨ ਦਾ ਅਟੁੱਟ ਅੰਗ ਹਨ। ਆਪਣੇ ਪਹਿਰਾਵੇ ਅਤੇ ਗੁਣਾਂ ਕਰਕੇ ਇਹ ਕਿਤੇ ਵੀ ਲੁਕ ਨਹੀਂ ਸਕਦੇ।

ਰਤਨ ਸਿੰਘ ਭੰਗੂ ਅੱਗੇ ਕਹਿੰਦਾ ਹੈ ਕਿ ਖ਼ਾਲਸਾ ਪੰਥ ਦੀ ਸਿਰਜਨਾ ਸਮੇਂ ਗੁਰੂ ਜੀ ਨੇ ਪਹਿਲਾਂ ਪੰਜ ਸਿੰਘਾਂ ਨੂੰ ਰਹਿਤ ਦੱਸੀ ਅਤੇ ਫਿਰ ਉਨਾਂ ਨੂੰ ਸ਼ਸਤਰ ਧਾਰਨ ਕਰਵਾਏ। ਸ਼ਸਤਰਾਂ ਦੀ ਖੁਲੀ ਵਰਤੋਂ ਕਰਨ ਦੀ ਬਜਾਏ ਉਨਾਂ ਦਾ ਮੂੰਹ ਅਕਾਲ ਪੁਰਖ ਦੀ ਭਾਵਨਾ ਵੱਲ ਸੇਧਿਤ ਕਰ ਦਿੱਤਾ :

ਯੌਂ ਕਹਿਕੈ ਸ੍ਰੀ ਸਤਿਗੁਰੁ ਗਲ ਤੇਗੋ ਦੀਨੋ ਪਾਇ।
ਕਰਦ ਚਕਰ ਸਿਰ ਪਰ ਧਰੇਂ ਮੁਖੋਂ ਅਕਾਲ ਜਪਾਇ।

ਸ਼ਸਤਰਧਾਰੀ ਖ਼ਾਲਸਾ ਕਦੇ ਵੀ ਅਕਾਲ ਪੁਰਖ ਦੇ ਮਾਰਗ ਤੋਂ ਦੂਰ ਨਹੀਂ ਜਾ ਸਕਦਾ। ਸ਼ਸਤਰ ਅਤੇ ਸ਼ਾਸਤਰ ਦੇ ਸੁਮੇਲ ਨੇ ਸਿੰਘਾਂ ਨੂੰ ਸਤਿ-ਕਰਤਾਰੀ ਅਤੇ ਸਦਾਚਾਰੀ ਮਾਰਗ ਦਾ ਧਾਰਨੀ ਬਣਾ ਦਿੱਤਾ ਸੀ।

ਕੇਵਲ ਬਾਣੇ ਕਰਕੇ ਹੀ ਨਿਹੰਗ ਸਿੰਘਾਂ ਦਾ ਸਤਿਕਾਰ ਨਹੀਂ ਸੀ। ਬਲਕਿ ਨਿਹੰਗ ਸਿੰਘਾਂ ਨੇ ਆਪਣੇ ਜੀਵਨ ਵਿਚ ਉੱਚੇ ਇਖ਼ਲਾਕੀ ਗੁਣਾਂ ਦਾ ਸੰਚਾਰ ਕਰ ਲਿਆ ਸੀ ਜਿਸ ਤੋਂ ਹਰ ਆਮ ਖ਼ਾਸ ਅਤੇ ਵਿਰੋਧੀ ਵੀ ਪ੍ਰਭਾਵਿਤ ਹੋਏ ਬਗੈਰ ਨਹੀਂ ਸੀ ਰਹਿੰਦਾ। ਤਤਕਾਲੀ ਸਮੇਂ ਵਿਚ ਜਦੋਂ ਮੁਲਕ ਭਾਰੀ ਗੜਬੜ, ਬੇਚੈਨੀ ਅਤੇ ਅਸ਼ਾਂਤੀ ਦਾ ਸ਼ਿਕਾਰ ਸੀ ਤਾਂ ਕਿਸੇ ਗ਼ੈਰ ਵਿਅਕਤੀ 'ਤੇ ਤਾਂ ਕੀ ਆਪਣਿਆਂ 'ਤੇ ਵੀ ਸ਼ੱਕ ਹੋਣ ਲੱਗ ਪੈਂਦਾ ਸੀ, ਉਸ ਸਮੇਂ ਨਿਹੰਗ ਸਿੰਘਾਂ ਦੀ ਸ਼ਖ਼ਸੀਅਤ ਦਾ ਅਜਿਹਾ ਪ੍ਰਭਾਵ ਲੋਕ-ਮਨਾਂ ਤੇ ਉਕਰਿਆ ਹੋਇਆ ਸੀ ਕਿ ਜਿਸ ਵਿਚੋਂ ਮਾਨਵਤਾ ਲਈ ਪਿਆਰ, ਇਸਤਰੀ ਲਈ ਸਤਿਕਾਰ ਅਤੇ ਦੁਸ਼ਮਣ ਲਈ ਵੰਗਾਰ ਦੀ ਭਾਵਨਾ ਪ੍ਰਗਟ ਹੁੰਦੀ ਸੀ। ਗੁਰੂ ਸਾਹਿਬ ਦੁਆਰਾ ਪ੍ਰਗਟ ਕੀਤੇ ਉੱਚੇ ਆਦਰਸ਼ਾਂ ਦੀ ਪਾਲਣਾ ਕਰਦੇ ਹੋਏ ਇਹ ਪਰਉਪਕਾਰੀ ਕਾਰਜਾਂ ਹਿਤ ਆਪਣਾ ਜੀਵਨ ਬਸਰ ਕਰ ਰਹੇ ਸਨ।

ਨਿਹੰਗ ਸਿੰਘਾਂ ਦਾ ਕਿਸੇ ਵੀ ਘਰ ਜਾ ਕੇ ਇਤਨਾ ਕਹਿਣਾ ਹੀ ਕਾਫ਼ੀ ਹੁੰਦਾ ਸੀ ਕਿ 'ਆਏ ਨੀ ਨਿਹੰਗ, ਬੂਹਾ ਖੋਲ ਦੇ ਨਿਸੰਗ'। ਨਿਹੰਗ ਸਿੰਘਾਂ ਦੀ ਮੌਜੂਦਗੀ ਵਿਚ ਲੋਕ ਸੁਰੱਖਿਅਤ ਮਹਿਸੂਸ ਕਰਦੇ ਸਨ। ਉਸ ਸਮੇਂ ਸ਼ਸਤਰਧਾਰੀ ਸਿੰਘਾਂ ਲਈ 'ਨਿਹੰਗ ਸਿੰਘ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ ਅਤੇ ਇਨਾਂ ਤੋਂ ਇਲਾਵਾ ਜਿਤਨੇ ਵੀ ਨਾਨਕ ਪੰਥੀ ਜਾਂ ਸਹਿਜਧਾਰੀ ਗੁਰੂ-ਘਰ ਪ੍ਰਤੀ ਸ਼ਰਧਾ ਰੱਖਦੇ ਸਨ ਉਨਾਂ ਨੂੰ ਸਿੱਖ ਕਿਹਾ ਜਾਂਦਾ ਸੀ। ਜਦੋਂ ਕਿਸੇ ਨਿਹੰਗ ਸਿੰਘ ਨੂੰ ਕਿਸੇ ਵੀ ਵਸਤੂ ਦੀ ਲੋੜ ਹੁੰਦੀ ਸੀ ਤਾਂ ਉਹ ਸਿੱਖਾਂ ਦੇ ਘਰ ਦਾ ਦਰਵਾਜਾ ਖੜਕਾਉਂਦੇ ਸਨ। ਸਿੱਖ ਘਰ ਹੋਵੇ ਜਾਂ ਨਾ ਹੋਵੇ, ਉਸ ਦੀ ਅਰਧਾਂਗਣੀ ਨਿਹੰਗ ਸਿੰਘਾਂ ਪ੍ਰਤੀ ਭੈ-ਰਹਿਤ ਹੋ ਕੇ ਸਤਿਕਾਰ ਪ੍ਰਗਟ ਕਰਦੀ ਹੋਈ ਉਨਾਂ ਨੂੰ ਲੋੜ ਅਨੁਸਾਰ ਦਾਣਾ-ਪਾਣੀ ਅਤੇ ਮਾਇਆ ਭੇਟ ਕਰ ਦਿੰਦੀ ਸੀ।

ਨਿਹੰਗ ਸਿੰਘ ਅਤੇ ਅੰਗਰੇਜ਼

ਅੰਗਰੇਜ਼ਾਂ ਦੇ ਰਾਜ ਵਿਚ ਸਿੱਖ ਰਿਆਸਤਾਂ ਕਾਇਮ ਹੋ ਗਈਆਂ ਸਨ। ਆਪਣੇ ਹਿਤਾਂ ਨੂੰ ਮੁੱਖ ਰੱਖ ਕੇ ਅੰਗਰੇਜ਼ਾਂ ਨੂੰ ਮਹਾਰਾਜਾ ਰਣਜੀਤ ਸਿੰਘ ਨਾਲ 1809 ਵਿਚ ਸੰਧੀ ਵੀ ਕਰਨੀ ਪਈ ਸੀ। ਇਸ ਕਰਕੇ ਅੰਗਰੇਜ਼ਾਂ ਨੂੰ ਰਣਜੀਤ ਸਿੰਘ ਦਾ ਰਾਜ ਹਮੇਸ਼ਾਂ ਰੜਕਦਾ ਰਿਹਾ ਸੀ। ਏਸੇ ਦੇ ਸਿੱਟੇ ਵੱਜੋਂ ਉਹਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਹਰ ਕੋਨੇ ਦੀ ਖ਼ਬਰ ਰੱਖਣੀ ਅਰੰਭ ਕਰ ਦਿੱਤੀ ਸੀ ਤਾਂ ਕਿ ਪ੍ਰਾਪਤ ਕੀਤੀ ਜਾਣਕਾਰੀ ਨੂੰ ਸਮਾਂ ਆਉਣ ਤੇ ਵਰਤਿਆ ਜਾ ਸਕੇ।

ਨਿਹੰਗ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਅਟੁੱਟ ਅੰਗ ਸਨ ਅਤੇ ਉਸ ਦੇ ਰਾਜ ਦੀਆਂ ਹੱਦਾਂ ਦਾ ਵਿਸਤਾਰ ਕਰਨ ਅਤੇ ਉਨਾਂ ਨੂੰ ਕਾਇਮ ਰੱਖਣ ਵਿਚ ਨਿਹੰਗ ਸਿੰਘਾਂ ਦੀ ਵਿਸ਼ੇਸ਼ ਭੂਮਿਕਾ ਸੀ। ਅਕਾਲੀ ਬਾਬਾ ਫੂਲਾ ਸਿੰਘ ਨਿਹੰਗ ਸਿੰਘਾਂ ਦਾ ਮੁਖੀ ਹੋਣ ਕਰਕੇ ਅੰਗਰੇਜ਼ਾਂ ਦੀ ਖਿੱਚ ਦਾ ਵਿਸ਼ੇਸ਼ ਕਾਰਨ ਸੀ। ਬਹੁਤ ਸਾਰੇ ਅੰਗਰੇਜ਼ ਇਤਿਹਾਸਕਾਰਾਂ ਨੇ ਅਕਾਲੀ ਬਾਬਾ ਫੂਲਾ ਸਿੰਘ ਅਤੇ ਉਸ ਸਮੇਂ ਦੇ ਨਿਹੰਗ ਸਿੰਘਾਂ ਦੀ ਦਲੇਰੀ, ਹਿੰਮਤ ਅਤੇ ਸੂਰਬੀਰਤਾ ਬਾਰੇ ਵਿਸ਼ੇਸ਼ ਟਿੱਪਣੀਆਂ ਕੀਤੀਆਂ ਹਨ।

ਇਨਾਂ ਦੇ ਜੀਵਨ ਆਦਰਸ਼ਾਂ ਵਿਚੋਂ ਪ੍ਰਗਟ ਹੁੰਦੇ ਸਦਗੁਣਾਂ ਦਾ ਵਰਨਨ ਕਰਦੇ ਹੋਏ ਕੈਂਪਬੈਲ ਕਹਿੰਦਾ ਹੈ :

The manners and customs of these sectaries are as peculiar as their personal appearance. When an Akali is going to eat, he is required to shout with a loud voice, 'Is anyone in want of a meal?' and, in the unlikely event of anybody coming forward in response to this inquiry, he is to satisfy the hungry stranger before touching food himself.

**ਅੰਗਰੇਜ਼ਾਂ ਦੇ ਮਨ ਵਿਚ ਰੜਕ**

ਨਿਹੰਗ ਸਿੰਘਾਂ ਨਾਲ ਸਭ ਤੋਂ ਪਹਿਲਾ ਵਾਸਤਾ ਅੰਗਰੇਜ਼ ਅਫ਼ਸਰ ਮੈਟਕਾਫ਼ ਦਾ ਪਿਆ ਸੀ। 1809 ਵਿਚ ਅੰਮ੍ਰਿਤਸਰ ਵਿਖੇ ਸੰਧੀ ਕਰਨ ਆਏ ਇਸ ਅੰਗਰੇਜ਼ ਅਫ਼ਸਰ ਨਾਲ ਮੁਸਲਮਾਨ ਫ਼ੋਜਾਂ ਦੀ ਇਕ ਟੁਕੜੀ ਵੀ ਸੀ ਜਿਸ ਨੇ ਅੰਮ੍ਰਿਤਸਰ ਵਿਖੇ ਤਾਜ਼ੀਆ ਕੱਢਿਆ ਸੀ। ਅੰਮ੍ਰਿਤਸਰ ਦੀ ਪਰੰਪਰਾ ਦੇ ਉਲਟ ਹੁੰਦਾ ਦੇਖ ਅਕਾਲੀ ਫੂਲਾ ਸਿੰਘ ਨੇ ਉਹਨਾਂ ਨੂੰ ਸਮਝਾਉਣ ਲਈ ਦੋ ਨਿਹੰਗ ਸਿੰਘ ਭੇਜੇ ਸਨ। ਏਸ਼ੀਆ ਵਿਚ ਸਮੇਂ ਦੀ ਸਭ ਤੋਂ ਵੱਡੀ ਤਾਕਤ ਵੱਜੋਂ ਉੱਭਰ ਚੁਕੇ ਅੰਗਰੇਜ਼ਾਂ ਦੀ ਫ਼ੌਜ ਵਿਚ ਸ਼ਾਮਲ ਹੋਣਾ ਬਹੁਤ ਹੀ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ।

ਅੰਗਰੇਜ਼ ਅਫ਼ਸਰ ਨਾਲ ਆਈਆਂ ਮੁਸਲਮਾਨ ਫ਼ੌਜਾਂ ਨੂੰ ਵੀ ਇਸ ਗੱਲ ਦਾ ਪੂਰਨ ਗੁਮਾਨ ਸੀ, ਇਸ ਕਰਕੇ ਉਨਾਂ ਨੇ ਸਮਝਾਉਣ ਆਏ ਸਿੰਘਾਂ ਦੀ ਬੇਪਤੀ ਕਰ ਦਿੱਤੀ ਜਿਹੜੀ ਕਿ ਸਿੰਘਾਂ ਦੇ ਮੁਖੀ ਅਕਾਲੀ ਬਾਬਾ ਫੂਲਾ ਸਿੰਘ ਲਈ ਬਰਦਾਸ਼ਤ ਤੋਂ ਬਾਹਰ ਸੀ। ਇਸ ਨੇ ਉਸੇ ਸਮੇਂ ਮੌਜੂਦ ਥੋੜੇ ਜਿਹੇ ਸਿੰਘਾਂ ਦੇ ਦਲ ਨਾਲ ਉਸ ਮੁਸਲਮਾਨ ਟੁਕੜੀ ਤੇ ਹਮਲਾ ਕਰ ਦਿੱਤਾ ਅਤੇ ਬਹੁਤ ਭਾਰੀ ਫ਼ਸਾਦ ਪੈਦਾ ਹੋ ਗਿਆ ਸੀ। ਕਿਹਾ ਜਾਂਦਾ ਹੈ ਕਿ ਇਸ ਫ਼ਸਾਦ ਵਿਚ ਬਹੁਤ ਸਾਰੇ ਸਿੰਘ ਅਤੇ ਮੁਸਲਮਾਨ ਫ਼ੌਜੀ ਜ਼ਖ਼ਮੀ ਹੋ ਗਏ ਸਨ। ਇਸ ਫ਼ਸਾਦ ਨੂੰ ਖ਼ਤਮ ਕਰਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਆਪ ਦਖ਼ਲ ਦੇਣ ਲਈ ਆਉਣਾ ਪਿਆ ਸੀ।

ਮੈਟਕਾਫ਼ ਦੇ ਮਨ ਤੇ ਇਸ ਘਟਨਾ ਦੀ ਅਜਿਹੀ ਮੋਹਰ ਲੱਗ ਗਈ ਸੀ ਕਿ ਉਸ ਨੇ ਆਪਣੀ ਰਿਪੋਰਟ ਵਿਚ ਵੀ ਅਕਾਲੀ ਨਿਹੰਗਾਂ ਬਾਰੇ ਵਿਸ਼ੇਸ਼ ਟਿੱਪਣੀ ਕੀਤੀ ਸੀ। ਭਾਵੇਂ ਕਿ ਇਹ ਕੋਈ ਸਕਾਰਾਤਮਕ ਟਿੱਪਣੀ ਨਹੀਂ ਸੀ ਪਰ ਫਿਰ ਵੀ ਨਿਹੰਗ ਸਿੰਘਾਂ ਦੀ ਸੂਰਬੀਰਤਾ ਨੇ ਸਮੇਂ ਦੀ ਸਭ ਤੋਂ ਸ਼ਕਤੀਸ਼ਾਲੀ ਫ਼ੌਜ ਦਾ ਧਿਆਨ ਆਪਣੇ ਵੱਲ ਖਿੱਚਿਆ ਸੀ। ਆਪਣੀ ਰਿਪੋਰਟ ਵਿਚ ਇਹ ਅਕਾਲੀ ਬਾਬਾ ਫੂਲਾ ਸਿੰਘ ਨੂੰ **Notorious Firebrand** ਲਿਖਦਾ ਹੈ :

1820 ਵਿਚ ਮੈਟਕਾਫ਼ ਨੂੰ ਹੈਨਰੀ ਰਸਲ ਦੀ ਜਗਾ ਹੈਦਰਾਬਾਦ ਦਾ ਰੈਜ਼ੀਡੈਂਟ ਲਾਇਆ ਗਿਆ। ਉਥੇ ਵੀ ਇਸ ਨੇ ਨਿਹੰਗ ਸਿੰਘਾਂ ਨੂੰ ਦੇਖਿਆ ਤਾਂ ਪੁਰਾਣੀਆਂ ਯਾਦਾਂ ਤਾਜਾ ਹੋ ਗਈਆਂ ਸਨ। ਇਸ ਨੇ ਨਿਹੰਗ ਸਿੰਘਾਂ ਨੂੰ ਦੇਖਦਿਆਂ ਹੀ ਇਹ ਰਾਇ ਬਣਾ ਲਈ ਸੀ ਕਿ ਇਹ ਹੈਦਰਾਬਾਦ ਦੀ ਸਥਿਰਤਾ ਅਤੇ ਸ਼ਾਂਤੀ ਲਈ ਖਤਰਾ ਹਨ।

1849 ਵਿਚ ਜਦੋਂ ਹੀ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕੀਤਾ ਤਾਂ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਦਖ਼ਲ ਦੇਣਾ ਅਰੰਭ ਕਰ ਦਿੱਤਾ ਸੀ। ਉਹ ਗੁਰਦੁਆਰਿਆਂ ਵਿਚ ਆਪਣੀ ਮਰਜ਼ੀ ਦੇ ਪ੍ਰਬੰਧਕ ਲਾਉਣ ਅਤੇ ਅੰਮ੍ਰਿਤਸਰ ਵਿਖੇ ਨਿਹੰਗ ਸਿੰਘਾਂ ਦੀ ਪੱਕੀ ਛਾਉਣੀ ਨੂੰ ਖ਼ਤਮ ਕਰਨ ਲਈ ਯਤਨਸ਼ੀਲ ਹੋ ਗਏ ਸਨ। ਨਿਹੰਗ ਸਿੰਘ ਖਿੰਡ-ਪੁੰਡ ਗਏ ਸਨ ਅਤੇ ਕੋਈ ਚਾਰਾ ਚੱਲਦਾ ਨਾ ਦੇਖ ਇਨਾਂ ਨੇ ਚੱਕਰਵਰਤੀ ਰੁਖ ਧਾਰਨ ਕਰ ਲਿਆ ਸੀ। ਇਨਾਂ 'ਤੇ ਸਖ਼ਤੀਆਂ ਦਾ ਦੌਰ ਅਰੰਭ ਹੋ ਗਿਆ ਸੀ। ਏਸੇ ਸਮੇਂ ਦੌਰਾਨ ਹੀ ਅੰਬਾਲੇ ਕੋਲ ਇਹਨਾਂ ਦੀ ਝੜਪ ਅੰਗਰੇਜ਼ਾਂ ਦੀ ਇਕ ਫ਼ੌਜੀ ਟੁਕੜੀ ਨਾਲ ਹੋ ਗਈ ਸੀ। ਇਸ ਸਮੇਂ ਬਾਬਾ ਹਨੂਮਾਨ ਸਿੰਘ ਇਹਨਾਂ ਦੇ ਜਥੇਦਾਰ ਸਨ। ਨਿਹੰਗ ਸਿੰਘ ਲੜਦੇ ਹੋਏ ਪਟਿਆਲਾ ਰਿਆਸਤ ਵਿਚ ਪ੍ਰਵੇਸ਼ ਕਰ ਗਏ ਸਨ। ਇਥੋਂ ਦੀ ਰਿਆਸਤ ਨੇ ਅੰਗਰੇਜ਼ਾਂ ਦਾ ਸਾਥ ਦਿੰਦੇ ਹੋਏ ਇਨਾਂ ਨੂੰ ਖਦੇੜ ਦਿੱਤਾ ਸੀ। ਕਿਸੇ ਪਾਸਿਉਂ ਸਹਾਇਤਾ ਮਿਲਦੀ ਨਾ ਦੇਖ ਇਨਾਂ ਨੇ ਨਾਂਦੇੜ ਸਾਹਿਬ ਵੱਲ ਚਾਲੇ ਪਾ ਦਿੱਤੇ ਸਨ, ਇਸ ਸਮੇਂ ਬਾਬਾ ਪ੍ਰਹਿਲਾਦਾ ਸਿੰਘ ਇਨਾਂ ਦੇ ਜਥੇਦਾਰ ਸਨ।

ਬਾਬਾ ਪ੍ਰਹਿਲਾਦ ਸਿੰਘ ਪਿੱਛੋਂ ਬਾਬਾ ਗਿਆਨ ਸਿੰਘ ਜਥੇਬੰਦੀ ਦੇ ਮੁਖੀ ਬਣੇ ਸਨ। ਲਗਭਗ ਬਾਰਾਂ ਸਾਲ ਉਥੇ ਨਿਵਾਸ ਉਪਰੰਤ ਇਨਾਂ ਨੇ ਪੰਜਾਬ ਦਾ ਰੁਖ ਕਰ ਲਿਆ। ਇਸ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਇਕ ਗੱਡਾ, ਨਿਸ਼ਾਨ ਸਾਹਿਬ, ਧੌਂਸਾ ਅਤੇ ਪੰਜ-ਸੱਤ ਘੋੜੇ ਇਹਨਾਂ ਦੇ ਨਾਲ ਸਨ। ਪੰਜਾਬ ਆ ਕੇ ਇਨਾਂ ਨੇ ਗੁਰਦੁਆਰਿਆਂ ਵਿਚ ਪ੍ਰਚਾਰ ਦਾ ਕਾਰਜ ਅਰੰਭ ਕਰ ਦਿੱਤਾ ਸੀ ਜਿਸ ਨਾਲ ਕੁੱਝ ਸਿੰਘ ਇਨਾਂ ਦੇ ਜੱਥੇ ਵਿਚ ਸ਼ਾਮਲ ਹੋਣੇ ਅਰੰਭ ਹੋ ਗਏ ਸਨ। ਇਨਾਂ ਤੋਂ ਪਿੱਛੋਂ ਬਾਬਾ ਤੇਜਾ ਸਿੰਘ ਦੀ ਅਗਵਾਈ ਵਿਚ ਇਹ ਦਲ ਵੱਧਣਾ ਸ਼ੁਰੂ ਹੋ ਗਿਆ ਸੀ ਜਿਹੜਾ ਕਿ ਬਾਬਾ ਸਾਹਿਬ ਸਿੰਘ ਕਲਾਧਾਰੀ ਦੇ ਸਮੇਂ ਬਹੁਤ ਤਰੱਕੀ ਕਰ ਗਿਆ ਸੀ। ਭਾਵੇਂ ਕਿ ਇਹ ਸ਼ਸਤਰ ਸਜਾਉਂਦੇ ਸਨ ਪਰ ਇਨਾਂ ਨੇ ਆਪਣਾ ਧਿਆਨ ਬਾਣੀ ਪੜਨ ਅਤੇ ਗੁਰਮਤਿ ਪ੍ਰਚਾਰ ਹਿਤ ਕੇਂਦਰਿਤ ਕਰ ਲਿਆ ਸੀ।

ਇਸ ਤਰਾਂ ਇਹ ਪੰਥ ਪੰਜਾਬ ਵਿਚ ਬਹੁਤ ਵੱਧ ਗਿਆ ਸੀ ਅਤੇ ਮੌਜੂਦਾ ਸਮੇਂ ਵਿਚ ਲਗਪਗ ਹਰ ਇਕ ਇਤਿਹਾਸਿਕ ਗੁਰਦੁਆਰੇ ਕੋਲ ਇਨਾਂ ਦੀਆਂ ਛਾਉਣੀਆਂ ਕਾਇਮ ਹਨ। ਛਾਉਣੀਆਂ ਕਾਇਮ ਕਰਨ ਦੇ ਨਾਲ-ਨਾਲ ਇਨਾਂ ਨੇ ਸਕੂਲਾਂ ਅਤੇ ਕਾਲਜਾਂ ਰਾਹੀਂ ਵਿੱਦਿਆ ਪ੍ਰਦਾਨ ਕਰਨ ਵਿਚ ਵੀ ਦੀਰਘ ਰੁਚੀ ਦਿਖਾਈ ਹੈ।

1984 ਵਿਚ ਬਾਬਾ ਸੰਤਾ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਰਵਾਈ ਗਈ ਕਾਰ-ਸੇਵਾ ਨੇ ਨਿਹੰਗ ਸਿੰਘਾਂ ਪ੍ਰਤੀ ਰੋਸ ਦੀ ਭਾਵਨਾ ਵਿਚ ਚੌਖਾ ਵਾਧਾ ਕੀਤਾ ਸੀ। ਨਿਹੰਗ ਬਾਣੇ ਵਿਚ ਪੂਹਲਾ ਸਿੰਘ ਦੀਆਂ ਕਰਤੂਤਾਂ ਨੇ ਇਨਾਂ ਪ੍ਰਤਿ ਨਕਾਰਾਤਮਿਕ ਭਾਵਨਾ ਪੈਦਾ ਕਰਨ ਵਿਚ ਯੋਗਦਾਨ ਪਾਇਆ ਹੈ।

ਕੁਝ ਇਕ ਘਟਨਾਵਾਂ ਨੂੰ ਛੱਡ ਕੇ ਜੇਕਰ ਨਿਹੰਗ ਸਿੰਘ ਦੇ ਸਮੁੱਚੇ ਕਿਰਦਾਰ ਨੂੰ ਸਾਹਮਣੇ ਰੱਖ ਕੇ ਦੇਖਿਆ ਜਾਵੇ ਤਾਂ ਹਾਲੇ ਵੀ ਇਹ ਆਮ ਲੋਕਾਂ ਵਿਚ ਸਤਿਕਾਰ ਪ੍ਰਾਪਤ ਕਰਦੇ ਹਨ। ਬਾਣੀ ਅਤੇ ਬਾਣੇ ਦੇ ਧਾਰਨੀ ਬਹੁਤ ਸਾਰੇ ਨਿਹੰਗ ਸਿੰਘ ਆਮ ਤੌਰ 'ਤੇ ਆਪਣੀਆਂ ਛਾਉਣੀਆਂ ਵਿਚ ਹੀ ਜੀਵਨ ਬਸਰ ਕਰਦੇ ਹਨ ਅਤੇ ਆਮ ਲੋਕਾਂ ਨਾਲ ਇਹਨਾਂ ਦਾ ਰਾਬਤਾ ਬਹੁਤ ਘੱਟ ਹੋਣ ਕਰਕੇ ਜਦੋਂ ਨਿਹੰਗ ਬਾਣੇ ਵਾਲੇ ਕਿਸੇ ਸਿੰਘ ਰਾਹੀਂ ਕੋਈ ਨਕਾਰਾਤਮਿਕ ਘਟਨਾ ਸਾਹਮਣੇ ਆਉਂਦੀ ਹੈ ਤਾਂ ਸਮੂਹ ਦਲਾਂ ਨੂੰ ਸ਼ੱਕ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਣ ਲੱਗ ਪੈਂਦਾ ਹੈ, ਇਸ ਧਾਰਨਾ ਨੂੰ ਬਦਲਣ ਦੀ ਲੋੜ ਹੈ।

ਬਾਹਰਲੇ ਮੁਲਕਾਂ ਵਿਚ ਬਹੁਤ ਸਾਰੇ ਨਿਹੰਗ ਸਿੰਘ ਬਾਣੇ ਦੇ ਧਾਰਨੀ ਹੋ ਕੇ ਟੈਕਨਾਲੋਜੀ ਅਤੇ ਹੋਰ ਵਿੱਦਿਆ ਗ੍ਰਹਿਣ ਕਰ ਰਹੇ ਹਨ ਪਰ ਪੰਜਾਬ ਦੇ ਨਿਹੰਗ ਸਿੰਘਾਂ ਨੂੰ ਇਸ ਪਾਸੇ ਕਿਵੇਂ ਤੋਰਿਆ ਜਾਵੇ, ਵਰਤਮਾਨ ਸਮੇਂ ਵਿਚ ਇਸ ਪਾਸੇ ਯਤਨਸ਼ੀਲ ਹੋਣ ਦੀ ਵਧੇਰੇ ਲੋੜ ਹੈ।

# 21 ਅਕਤੂਬਰ 1914 : ਕੈਨੇਡਾ ਦੇ ਇਤਿਹਾਸ ਵਿਚ ਚਿੱਟੇ ਨਸਲਵਾਦ ਦੇ ਖ਼ਾਤਮੇ ਦੀ ਗੌਰਵਮਈ ਗਾਥਾ



**ਡਾ. ਗੁਰਵਿੰਦਰ ਸਿੰਘ**
੬੦੪-੮੨੫-੧੫੫੦

21 ਅਕਤੂਬਰ 1914 ਦੇ ਦਿਨ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਨੂੰ 'ਚਿੱਟੀ ਚਮੜੀ ਵਾਲਿਆਂ ਦਾ ਦੇਸ਼' ਸਾਬਤ ਕਰਨ ਦੀ ਕੋਸ਼ਿਸ਼ ਵਿਚ ਲੱਗੇ ਵਿਲੀਅਮ ਚਾਰਲਸ ਹੌਪਕਿਨਸਿਨ ਨੂੰ ਸੋਧਿਆ ਸੀ। ਭਾਈ ਮੇਵਾ ਸਿੰਘ ਜੀ ਦੇ 21 ਅਕਤੂਬਰ ਨੂੰ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ, ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਮੁੱਢ ਬੱਝਿਆ। ਇਸ ਦਿਨ ਦਾ ਇਤਿਹਾਸ ਵਿਚਾਰਨਾ ਜ਼ਰੂਰੀ ਹੈ ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿਚ ਜ਼ਿਕਰ ਨਾਮਾਤਰ ਹੀ ਮਿਲਦਾ ਹੈ। ਭਾਈ ਮੇਵਾ ਸਿੰਘ ਕੈਨੇਡਾ ਵਿਚ ਫਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਭਾਈ ਮੇਵਾ ਸਿੰਘ ਨੂੰ ਫਾਂਸੀ ਕਿਉਂ ਦਿੱਤੀ ਗਈ, ਇਹ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹ ਕੁਰਬਾਨੀ ਹੀ ਅੱਗਿਓਂ ਅਨੇਕਾਂ ਗਦਰੀ ਯੋਧਿਆਂ ਤੇ ਅਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ।

21 ਅਕਤੂਬਰ 1914 ਈ. ਨੂੰ ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬੀਆ ਪ੍ਰੋਵਿੰਸ਼ਿਅਲ ਕੋਰਟ ਵਿੱਚ, ਇੱਕ ਮੁਕੱਦਮੇ ਦੌਰਾਨ ਭਾਈ ਮੇਵਾ ਸਿੰਘ ਨੇ ਬਦਨਾਮ ਤੇ ਗ਼ੱਦਾਰ, ਐਂਗਲੋ-ਇੰਡੀਅਨ ਅਧਿਕਾਰੀ ਹਾਪਕਿਨਸਨ ਨੂੰ ਸੋਧਿਆ ਸੀ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ ਸੀ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ 'ਚ ਪੰਜਾਬ ਦੇ ਸਾਬਕਾ ਗਵਰਨਰ, ਮਾਈਕਲ ਉਡਵਾਇਰ ਨੂੰ ਸੰਨ 1940 ਵਿੱਚ ਮਾਰਨ ਨਾਲ ਕਾਫੀ ਮਿਲਦੀ ਹੈ, ਫਰਕ ਸਿਰਫ਼ ਏਨਾ ਹੈ ਕਿ ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ 26 ਸਾਲ ਪਹਿਲਾਂ ਕੀਤਾ ਸੀ, ਜਿਹੜਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ ਦੀ ਧੂੜ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਘੱਟੋ-ਘੱਟ ਪੰਜਾਬ ਦੇ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜੀਆਂ ਲਈ ਸੇਧ ਲਈ ਜਾਵੇ। ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲੇ ਵਿਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। 20ਵੀਂ ਸਦੀ ਦੇ ਸ਼ੁਰੂ ਵਿਚ ਹੋਰਨਾਂ ਪੰਜਾਬੀਆਂ ਵਾਂਗ ਮੇਵਾ ਸਿੰਘ ਵੀ ਸੁਨਹਿਰੀ ਭਵਿੱਖ ਸਿਰਜਨ ਲਈ 1906 ਈਂ ਵਿੱਚ ਵੈਨਕੂਵਰ ਆ ਵਸੇ।

ਉਨੀਂ ਦਿਨੀਂ ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 1907 ਵਿੱਚ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫਰੇਜ਼ਰ ਮਿੱਲ ਵਿਚ ਕੰਮ ਕਰਦੇ ਸਨ, ਪਰ ਉਨਾਂ ਦਾ ਸੰਪਰਕ ਅਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ -ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫਲਸਫਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ। ਕੈਨੇਡਾ ਦੀ ਪਹਿਲੀ ਸੰਸਥਾ ਖਾਲਸਾ ਦੀਵਾਨ ਸੁਸਾਇਟੀ,



*ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਚਿੱਤਰ ਅਤੇ ਹਾਪਕਿਨਸਨ ਤੇ ਉਸ ਦੀ ਜੁੰਡਲੀ ਦੀ ਗੁਰੂ ਨਾਨਕ ਜਹਾਜ਼ ਕਾਮਾਗਾਟਾ ਮਾਰੂ ਤੇ ਤਸਵੀਰ।*

ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। ਇਥੇ ਹੀ 21 ਜੂਨ 1908 ਨੂੰ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਉਨਾਂ ਵਿਆਹ ਨਹੀਂ ਸੀ ਕਰਾਇਆ, ਜਦੋਂ ਉਹ ਭਰ ਜੁਆਨੀ ਵਿਚ ਸ਼ਹੀਦੀ ਪਾ ਗਏ।

ਭਾਈ ਮੇਵਾ ਸਿੰਘ ਦੇ ਜੀਵਨ 'ਤੇ ਗੁਰੂ ਨਾਨਕ ਜਹਾਜ਼ (ਕਾਮਾਗਾਟਾਮਾਰੂ) ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ ਵਿਚ 'ਗੁਰੂ ਨਾਨਕ ਜਹਾਜ਼' ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ ਵਿਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖਿਲਾਫ਼ ਫੈਸਲਾ ਸੁਣਾ ਕੇ, ਉਨਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਗਦਰੀ ਬਾਬਿਆਂ ਨੇ ਫੈਸਲਾ ਕੀਤਾ ਕਿ ਕਾਮਾਗਾਟਾਮਾਰੂ ਦੇ ਵਾਪਿਸ ਜਾਣ ਤੋਂ ਪਹਿਲਾਂ ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ ਵਿਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ। ਕੈਨੇਡਾ ਦੇ ਸ਼ਹਿਰ ਐਬਟਸਫੋਰਡ 'ਚ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ।

ਹਿੰਦ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ, ਪ੍ਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ ਨੂੰ ਉਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਇੱਕ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਅਰਦਾਸ ਮੌਕੇ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ।

ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਰੀਡ ਮੁੱਖ ਦੋਸ਼ੀ ਸਨ, ਜਿਨਾਂ ਵਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ, ਜਿਵੇਂ ਕੁਝ ਵਰਿਆਂ ਬਾਅਦ ਸੰਨ 1919 ਵਿਚ ਅੰਮ੍ਰਿਤਸਰ ਦੇ ਜਲਿਆਂ ਵਾਲਾ ਬਾਗ਼ ਵਿਚ ਸ਼ਾਂਤਮਈ ਇਕੱਠ ਤੇ ਗੋਲ਼ੀਆਂ ਚਲਦਿਆਂ ਬੇਕਸੂਰ ਸੈਂਕੜੇ ਲੋਕਾਂ ਦੀ ਸ਼ਹੀਦੀ ਮਗਰੋਂ ਊਧਮ ਸਿੰਘ ਦਾ ਖ਼ੂਨ ਖੌਲ ਉਠਿਆ ਸੀ ਤੇ ਉਸਨੇ ਖ਼ੂਨੀ ਸਾਕੇ ਲਈ ਜਨਰਲ ਡਾਇਰ ਤੇ ਮਾਈਕਲ ਉਡਵਾਇਰ ਨੂੰ ਦੋਸ਼ੀ ਮੰਨਦਿਆਂ ਸੋਧਣ ਦੀ ਸਹੁੰ ਖਾਈ ਸੀ। ਝੋਲੀ ਚੁੱਕ ਤੇ ਗ਼ੱਦਾਰ ਬੇਲਾ ਜਿਆਣ ਖਿਲਾਫ਼, ਵੈਨਕੂਵਰ ਦੀ ਸੂਬਾਈ ਅਦਾਲਤ ਵਿੱਚ, ਗੁਰਦੁਆਰੇ ਅੰਦਰ ਗੋਲੀ ਚਲਾ ਕੇ ਸਿੰਘਾਂ ਨੂੰ ਸ਼ਹੀਦ ਕਰਨ ਦਾ ਮੁਕੱਦਮਾ ਚੱਲ ਰਿਹਾ ਸੀ, ਜਿਸ ਵਿੱਚ ਵਿਲੀਅਮ ਹਾਪਕਿਨਸਨ ਗਵਾਹੀ ਦੇਣ ਲਈ ਅਦਾਲਤ ਵਿੱਚ ਪੁੱਜਿਆ। ਅਜੇ ਉਹ ਬਰਾਂਡੇ ਵਿੱਚ ਹੀ ਸੀ, ਜਦੋਂ ਭਾਈ ਮੇਵਾ ਸਿੰਘ ਨੇ ਉਸ ਨੂੰ ਦਬੋਚ ਲਿਆ ਤੇ ਆਪਣੇ ਪਿਸਤੌਲ ਅਤੇ ਰਿਵਾਲਵਰ ਦੋਹਾਂ ਹੱਥਾਂ 'ਚ ਵਾਰੀ-ਵਾਰੀ ਲੈ ਕੇ, ਗੋਲੀਆਂ ਦਾਗ਼ ਦਿੱਤੀਆਂ।

ਹਿੰਦ ਸਰਕਾਰ ਦਾ ਸੂਹੀਆ ਵਿਲੀਅਮ ਚਾਰਲਸ ਹਾਪਕਿਨਸਨ ਮੌਕੇ 'ਤੇ ਹੀ ਮਾਰਿਆ ਗਿਆ ਤੇ ਭਾਈ ਸਾਹਿਬ ਨੇ ਖ਼ੁਦ ਨੂੰ ਹਥਿਆਰਾਂ ਸਮੇਤ ਪੁਲਿਸ ਹਵਾਲੇ ਕਰ ਦਿੱਤਾ। 30 ਅਕਤੂਬਰ ਨੂੰ ਭਾਈ ਮੇਵਾ ਸਿੰਘ ਤੇ ਮੁਕੱਦਮੇ ਦੀ ਸੁਣਵਾਈ ਲਈ, ਬੀ.ਸੀ. ਸੁਪਰੀਮ ਕੋਰਟ ਦੇ ਜੱਜ ਮਿਸਟਰ ਆਈਲੇ ਮੌਰੀਸਨ ਵਲੋਂ 12 ਮੈਂਬਰੀ ਜਿਊਰੀ ਚੁਣੀ ਗਈ। ਬਣਾਉ ਪੱਖ ਦੇ ਵਕੀਲ ਮਿਸਟਰ ਵੁੱਡ ਅਤੇ ਸਰਕਾਰੀ ਵਕੀਲ ਮਿਸਟਰ ਟੇਲਰ ਸਨ। ਅਦਾਲਤ ਵਿਚ ਇੱਕ ਹਜ਼ਾਰ ਦੇ ਕਰੀਬ ਲੋਕ ਹਾਜ਼ਰ ਸਨ, ਜਿਨਾਂ 'ਚੋਂ ਚਾਰ ਕੁ ਹੀ ਭਾਰਤੀ ਸਨ। ਇਸ ਮੌਕੇ 'ਤੇ ਭਾਈ ਮੇਵਾ ਸਿੰਘ ਨੇ ਜੋ ਬਿਆਨ ਦਿੱਤੇ, ਉਹ ਬਹਾਦਰੀ ਤੇ ਨਿਡਰਤਾ ਪੱਖੋਂ ਖਾਸ ਅਹਿਮੀਅਤ ਰੱਖਦੇ ਸਨ। ਅਦਾਲਤ ਅਨੁਵਾਦਕ ਡਾਲਟਨ ਵਲੋਂ, ਭਾਈ ਸਾਹਿਬ ਦੇ ਬਿਆਨ ਜੱਜ ਅੱਗੇ ਰੱਖੇ ਗਏ, ਜਿਨਾਂ ਨੂੰ ਇਤਿਹਾਸਕਾਰ ਸੋਹਣ ਸਿੰਘ ਪੂਨੀ ਨੇ ਪੰਜਾਬੀ ਵਿੱਚ ਇਉਂ ਲਿਖਿਆ ਹੈ: 'ਮੇਰਾ ਨਾਂ ਮੇਵਾ ਸਿੰਘ ਹੈ, ਮੈਂ ਰੱਬ ਤੋਂ ਡਰਨ ਵਾਲਾ ਬੰਦਾ ਹਾਂ, ਜੋ ਹਰ ਰੋਜ਼ ਅਰਦਾਸ ਕਰਦਾ ਹਾਂ। ਮੇਰੀ ਜ਼ੁਬਾਨ ਵਿੱਚ ਐਸੇ ਸ਼ਬਦ ਨਹੀਂ, ਜੋ ਬਿਆਨ ਕਰ ਸਕਣ ਕਿ ਵੈਨਕੂਵਰ ਵਿੱਚ ਮੈਨੂੰ ਕਿਹੜੇ-ਕਿਹੜੇ ਦੁੱਖ, ਮੁਸੀਬਤਾਂ ਅਤੇ ਪ੍ਰੇਸ਼ਾਨੀਆਂ ਝੱਲਣੀਆਂ ਪਈਆਂ ਹਨ। ਅਸੀਂ ਸਿੱਖ ਗੁਰਦੁਆਰੇ ਵਿਚ ਅਰਦਾਸ ਕਰਨ ਜਾਂਦੇ ਹਾਂ ਪਰ ਇਨਾਂ ਪਾਪੀਆਂ ਨੇ ਗੁਰਦੁਆਰੇ 'ਚ ਗੋਲੀ ਚਲਾਕੇ ਅਤੇ ਭਾਈ ਭਾਗ ਸਿੰਘ ਦਾ ਕਤਲ ਕਰਕੇ, ਗੁਰਦੁਆਰੇ ਦੀ ਪਵਿੱਤਰਤਾ ਭੰਗ ਕੀਤੀ ਹੈ। ਇਨਾਂ ਪਾਪੀਆਂ ਨੇ ਦੋ ਮਾਸੂਮ ਬੱਚਿਆਂ ਨੂੰ ਯਤੀਮ ਬਣਾਇਆ ਹੈ। ਦੁਸ਼ਟਾਂ ਵਲੋਂ ਗੁਰਦੁਆਰੇ 'ਚ ਕੀਤੇ ਇਨਾਂ ਕਾਰਿਆਂ ਨੇ ਮੇਰੇ ਸੀਨੇ ਵਿਚ ਅੱਗ ਲਾ ਦਿੱਤੀ ਹੈ। ਇਹ ਸਭ ਕਾਸੇ ਲਈ ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਜ਼ਿੰਮੇਵਾਰ ਹਨ।

'ਮੈਂ ਆਪਣੇ ਭਾਈਚਾਰੇ ਅਤੇ ਆਪਣੇ ਧਰਮ ਦੀ ਅਣਖ ਅਤੇ ਇੱਜ਼ਤ ਲਈ, ਹਾਪਕਿਨਸਨ ਦਾ ਕਤਲ ਕੀਤਾ ਹੈ। ਮੈਂ ਇਹ ਸਭ ਕੁਝ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੱਜ ਸਾਹਿਬ, ਜੇ ਇਹ ਸਭ ਕੁਝ ਤੁਹਾਡੇ ਚਰਚ ਵਿੱਚ ਹੋਇਆ ਹੁੰਦਾ, ਤਾਂ ਤੁਸੀਂ ਈਸਾਈਆਂ ਨੇ ਵੀ ਬਰਦਾਸ਼ਤ ਨਹੀਂ ਸੀ ਕਰਨਾ, ਕਿਉਂਕਿ ਅਜਿਹਾ ਕਰਨ ਨਾਲ ਤੁਸੀਂ ਆਪਣੇ ਆਪ ਨੂੰ ਮੁਰਦਾ ਕੌਮ ਸਮਝਣਾ ਸੀ। ਕਿਸੇ ਸਿੱਖ ਲਈ ਵੀ ਗੁਰਦੁਆਰੇ 'ਚ ਇਹ ਸਭ ਕੁਝ ਹੁੰਦਾ ਵੇਖਣ ਨਾਲੋਂ, ਮਰ ਜਾਣਾ ਚੰਗਾ ਹੈ। ਮੈਨੂੰ ਕਿਸੇ ਇਨਸਾਫ਼ ਦੀ ਆਸ ਨਹੀਂ। ਮੈਨੂੰ ਪਤਾ ਹੈ ਕਿ ਮੈਂ ਹਾਪਕਿਨਸਨ ਨੂੰ ਗੋਲ਼ੀ ਮਾਰੀ ਹੈ ਅਤੇ ਇਸ ਵਾਸਤੇ ਮੈਨੂੰ ਮਰਨਾ ਪਵੇਗਾ। ਮੈਂ ਇਹ ਬਿਆਨ ਇਸ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਪਤਾ ਲੱਗ ਸਕੇ ਕਿ ਸਾਡੇ ਨਾਲ ਕੀ ਵਰਤਾਉ ਹੁੰਦਾ ਰਿਹਾ ਹੈ। ਸਾਨੂੰ ਜੱਜਾਂ ਕੋਲੋਂ, ਪੁਲਿਸ ਕੋਲੋਂ ਜਾਂ ਕਿਸੇ ਹੋਰ ਕੋਲੋਂ ਕਦੀ ਇਨਸਾਫ਼ ਨਹੀਂ ਮਿਲਿਆ ਅਤੇ ਮੈਂ ਆਪਣੀ ਜਾਨ ਇਸੇ ਕਰਕੇ ਦੇ ਰਿਹਾ ਹਾਂ ਤਾਂ ਜੋ ਲੋਕਾਂ ਨੂੰ ਇਸ ਗੱਲ ਦਾ ਪਤਾ ਲੱਗ ਸਕੇ...।' ਭਾਈ ਮੇਵਾ ਸਿੰਘ ਦਾ ਵੈਨਕੂਵਰ ਦੀ ਅਦਾਲਤ ਵਿੱਚ ਦਿੱਤਾ ਬਿਆਨ ਇਤਿਹਾਸਕ ਦਸਤਾਵੇਜ਼ ਹੈ, ਜਿਸ ਵਿਚ ਉਨਾਂ ਪ੍ਰਵਾਸੀਆਂ ਅਤੇ ਘੱਟਗਿਣਤੀ ਭਾਈਚਾਰਿਆਂ ਨਾਲ ਹੁੰਦੇ ਵਰਤਾਉ ਦੀ ਦਿਲ ਕੰਬਾਊ ਤਸਵੀਰ ਪੇਸ਼ ਕੀਤੀ ਹੈ।

ਆਪਣੇ ਸ਼ਬਦਾਂ 'ਚ ਕਤਲ ਦੀ ਜ਼ਿੰਮੇਵਾਰੀ ਕਬੂਲਣ ਮਗਰੋਂ ਅਦਾਲਤ ਨੇ ਸਿਰਫ਼ ਇੱਕ ਘੰਟਾ ਚਾਲੀ ਮਿੰਟ 'ਚ ਫੈਸਲਾ ਕਰਦਿਆਂ ਭਾਈ ਸਾਹਿਬ ਲਈ ਸਜ਼ਾ-ਏ-ਮੌਤ ਸੁਣਾ ਦਿੱਤੀ। 11 ਜਨਵਰੀ 1915 ਈ. ਨੂੰ ਨਿਊਵੈਸਟ ਮਿਨਿਸਟ ਦੀ ਪ੍ਰੋਵਿੰਸ਼ਿਅਲ ਜੇਲ ਵਿੱਚ ਸਵੇਰੇ ਪੌਣੇ ਅੱਠ ਵਜੇ ਭਾਈ ਮੇਵਾ ਸਿੰਘ ਗੁਰਬਾਣੀ ਦਾ ਸ਼ਬਦ 'ਹਰਿ ਜਗੁ ਰੇ ਮਨਾ ਗਾਇ ਲੈ ਜੋ ਸੰਗੀ ਹੈ ਤੋਰੋ' ਗਾਇਨ ਕਰਦਿਆਂ, ਹੱਸਦੇ-ਹੱਸਦੇ ਫਾਂਸੀ ਚੜ ਗਏ। ਜੇਲ ਬਾਹਰ ਹਾਜ਼ਰ ਚਾਰ ਸੌ ਦੇ ਕਰੀਬ ਲੋਕ ਵੈਰਾਗ 'ਚ 'ਸ਼ਹੀਦ ਮੇਵਾ ਸਿੰਘ ਅਮਰ ਰਹੇ' ਦੇ ਨਾਅਰੇ ਲਾ ਕੇ ਧਰਮੀ ਯੋਧੇ ਦੀ ਜੈ ਜੈ ਕਾਰ ਕਰ ਰਹੇ ਸਨ।

ਕੈਨੇਡਾ ਦੇ ਇਤਿਹਾਸ ਵਿੱਚ ਚਿੱਟੇ ਨਸਲਵਾਦ ਦੇ ਖ਼ਾਤਮੇ ਦੀ ਇਹ ਗੌਰਵਮਈ ਗਾਥਾ ਸਾਡਾ ਸ਼ਾਨਾਮੱਤਾ ਇਤਿਹਾਸ ਹੈ। ਇਸ ਦਿਨ ਨੂੰ ਕੈਨੇਡਾ ਦੇ ਬਹੁ -ਸਭਿਆਚਾਰਕ ਢਾਂਚੇ ਦੇ ਮੁੱਢ ਬੱਝਣ ਬੰਨਣ ਵਜੋਂ ਚੇਤੇ ਕਰਨਾ ਚਾਹੀਦਾ ਹੈ। ਨਿਊ ਵੈਸਟਮਿਨਸਟਰ ਸ਼ਹਿਰ ਦੇ ਸਿਟੀ ਕੌਂਸਲਰ ਚੱਕ ਪਿੱਕਮਾਇਰ ਨੇ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਵਿਚਾਰਨ ਮਗਰੋਂ, ਸਿਟੀ ਕੌਂਸਲ ਵਿਚ 2020 ਨੂੰ ਮਤਾ ਲਿਆਂਦਾ ਸੀ ਅਤੇ 'ਸ਼ਹੀਦ ਮੇਵਾ ਸਿੰਘ ਲੋਪੋਕੇ ਦਿਹਾੜੇ' ਵਜੋਂ ਪ੍ਰੋਕਲੇਮੇਸ਼ਨ ਜਾਰੀ ਕਰਵਾਇਆ ਸੀ। ਇਸ ਸ਼ਹਿਰ ਵਿਚ ਹੀ ਭਾਈ ਸਾਹਿਬ ਨੂੰ ਫਾਂਸੀ ਦਿੱਤੀ ਗਈ ਸੀ। ਹੁਣ ਸਾਡੇ ਸੂਬਾਈ ਅਤੇ ਫੈਡਰਲ ਪੱਧਰ ਦੇ ਦੇਸੀ ਸਿਆਸਤਦਾਨਾਂ ਦਾ ਫ਼ਰਜ਼ ਬਣਦਾ ਹੈ ਕਿ ਭਾਈ ਮੇਵਾ ਸਿੰਘ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਵਿਚਾਰਨ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਨੂੰ ਕੈਨੇਡਾ ਵਿਚ ਮਲਟੀ-ਕਲਚਰਲਿਜ਼ਮ ਸਥਾਪਤ ਕਰਨ ਵਾਲੀ ਸ਼ਖ਼ਸੀਅਤ ਵਜੋਂ ਸਨਮਾਨ ਦਿੱਤਾ ਜਾਏ। 21 ਅਕਤੂਬਰ ਦੇ ਇਤਿਹਾਸ ਨੂੰ ਗੰਭੀਰਤਾ ਨਾਲ ਵਿਚਾਰ ਕੇ, ਇਸ ਦਿਨ 'ਤੇ ਫ਼ਖ਼ਰ ਮਹਿਸੂਸ ਕਰੀਏ ਕਿ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਸਿਆਸੀ ਉਦੇਸ਼ ਹਿਤ, ਕੈਨੇਡਾ ਵਿੱਚੋਂ ਚਿੱਟੇ ਨਸਲਵਾਦ ਦਾ ਅੰਤ ਕਰਨ ਲਈ ਵਿਲੀਅਮ ਹਾਪਕਿਨਸਨ ਨੂੰ ਸੋਧ ਕੇ, ਕੈਨੇਡੀਅਨ ਬਹੁ-ਸੱਭਿਆਚਾਰ ਨੂੰ ਪ੍ਰਫੁੱਲਤ ਕੀਤਾ ਹੈ।

# ਜਦੋਂ ਮੈਂ ਟੂਣੇ ਵਾਲਾ ਲੱਡੂ ਖਾਧਾ

**ਮਨਿੰਦਰ ਭਾਟੀਆ**

ਭਾਰਤ ਪਾਕਿ ਦੀ ਵੰਡ ਤੋਂ ਬਾਅਦ ਮੇਰੇ ਮਾਤਾ ਪਿਤਾ ਕਾਦੀਆਂ ਆ ਗਏ। ਇਹ ਜ਼ਿਲਾ ਗੁਰਦਾਸਪੁਰ ਦਾ ਆਖਰੀ ਕਸਬਾ ਹੈ। ਅੰਮ੍ਰਿਤਸਰ ਤੋਂ ਰੇਲਵੇ ਲਾਈਨ ਆ ਕੇ ਕਾਦੀਆਂ ਖ਼ਤਮ ਹੋ ਜਾਂਦੀ ਹੈ। ਮੇਰਾ ਜਨਮ ਇੱਥੇ ਹੀ ਉੱਨੀ ਸੌ ਅਠਵੰਜਾ ਵਿੱਚ ਹੋਇਆ। ਅਸੀਂ ਉੱਨੀ ਸੌ ਬਾਹਠ ਤੱਕ ਇੱਥੇ ਰਹੇ ਅਤੇ ਉਸ ਬਾਅਦ ਅਸੀਂ ਪਟਿਆਲੇ ਜਾਣ ਦਾ ਫ਼ੈਸਲਾ ਕਰ ਲਿਆ। ਪਟਿਆਲੇ ਜਾਣ ਦਾ ਫ਼ੈਸਲਾ ਇਸ ਕਰਕੇ ਕੀਤਾ ਕਿਉਂਕਿ ਪਟਿਆਲੇ ਮੇਰੇ ਨਾਨਕੇ ਸਨ।

ਅਸੀਂ 1962 ਵਿੱਚ ਕਾਦੀਆਂ ਤੋਂ ਪਟਿਆਲੇ ਆ ਕੇ ਰਹਿਣ ਲੱਗ ਪਏ। ਮੇਰੇ ਨਾਨਕਾ ਪਰਿਵਾਰ ਸਾਰਾ ਪੜ੍ਹਿਆ ਲਿਖਿਆ ਸੀ। ਸਾਡੇ ਮਾਤਾ ਜੀ ਨੂੰ ਬਹੁਤ ਸ਼ੌਕ ਸੀ ਕਿ ਉਨਾਂ ਦੇ ਬੱਚੇ ਪੜ੍ਹੇ ਲਿਖੇ ਹੋਣ ਅਤੇ ਪਟਿਆਲੇ ਜਾਣ ਤੋਂ ਬਾਅਦ ਇਹ ਗੱਲ ਸੱਚ ਵੀ ਹੋ ਗਈ। ਸਾਡੇ ਵੱਡੇ ਭੈਣ ਜੀ ਅੰਮ੍ਰਿਤ ਕੌਰ ਸਾਡੇ ਦਾਦਕੇ ਪਰਿਵਾਰ ਦੇ ਪਹਿਲੇ ਸਨ ਜਿਨਾਂ ਨੇ ਦਸਵੀਂ ਪਾਸ ਕੀਤੀ। ਸਾਡੀ ਮਾਂ ਸਾਨੂੰ ਮਾਸੀ ਕੋਲ ਛੱਡ ਕੇ ਵਾਪਸ ਕਾਦੀਆਂ ਚਲੀ ਗਈ ਕਿਉਂਕਿ ਉੱਥੇ ਸਾਡੇ ਦਾਦੀ ਜੀ ਬਿਮਾਰ ਸਨ। ਸਾਡੀ ਛੋਟੀ ਭੈਣ ਨੋਨੀ ਅਜੇ ਕੁਝ ਮਹੀਨਿਆਂ ਦੀ ਹੀ ਸੀ ਜੋ ਮਾਤਾ ਦੇ ਕੋਲ ਹੀ ਸੀ। ਮੈਂ, ਮੇਰੇ ਵੱਡੇ ਵੀਰ ਅਵਤਾਰ ਅਤੇ ਵੱਡੇ ਭੈਣ ਜੀ ਅੰਮ੍ਰਿਤ ਪਟਿਆਲੇ ਭਗਤੀ ਮਾਸੀ ਜੋ ਮਾਤਾ ਤੋਂ ਵੱਡੇ ਸਨ, ਕੋਲ ਰਹਿੰਦੇ ਸਾਂ। ਇਹ ਮਾਸੀ ਜੀ ਅਰੋੜਿਆਂ ਦੇ ਮਹੱਲੇ ਕਿਰਾਏ 'ਤੇ ਰਹਿੰਦੇ ਸਨ ਅਤੇ ਸਾਡੇ ਮਾਸੜ ਜੀ ਸਰਦਾਰ ਹਰਨਾਮ ਸਿੰਘ ਜੀ ਦੀ ਨੌਕਰੀ ਆਯੂਰਵੈਦਿਕ ਮਹਿਕਮੇ ਵਿੱਚ ਸੀ। ਉੱਥੇ ਹੀ ਮੈਂਨੂੰ ਮਹੱਲੇ ਦੇ ਇੱਕ ਸਕੂਲ ਵਿੱਚ ਦਾਖਲ ਕਰਵਾਇਆ ਗਿਆ।

ਸਕੂਲ ਵਿੱਚ ਇੱਕ ਬੜਾ ਹੀ ਦਿਲਚਸਪ ਕਿੱਸਾ ਮੇਰੇ ਨਾਲ ਹੋਇਆ। ਜਦੋਂ ਸਕੂਲ ਵਿੱਚ ਪਿਤਾ ਦਾ ਨਾਂ ਪੁੱਛਿਆ ਗਿਆ ਤਾਂ ਮੈਂ ਸਰਦਾਰ ਹਰਨਾਮ ਸਿੰਘ ਲਿਖਾ ਦਿੱਤਾ, ਕਿਉਂਕਿ ਸਾਰੇ ਬੱਚੇ ਉਨਾਂ ਨੂੰ ਪਿਤਾ ਜੀ ਕਹਿੰਦੇ ਸਨ। ਮੇਰੀ ਇਸ ਗੱਲ 'ਤੇ ਸਾਰੇ ਹੀ ਬੜੇ ਹੱਸੇ। ਜਦੋਂ ਮਾਤਾ ਜੀ ਕਾਦੀਆਂ ਤੋਂ ਆ ਗਏ ਤਾਂ ਅਸੀਂ ਅਜੀਤ ਨਗਰ ਸਾਡੇ ਵੱਡੇ ਮਾਮਾ ਜੀ ਡਾ. ਜੀਤ ਸਿੰਘ ਸੀਤਲ, ਜੋ ਭਾਸ਼ਾ ਵਿਭਾਗ ਵਿੱਚ ਡਾਇਰੈਕਟਰ ਸਨ, ਦੇ ਨੇੜੇ ਮਕਾਨ ਕਿਰਾਏ 'ਤੇ ਲੈ ਕੇ ਰਹਿਣ ਲੱਗੇ। ਮੇਰੇ ਮਾਮਾ ਜੀ ਸਾਈਕਲ 'ਤੇ ਹੀ ਦਫਤਰ ਜਾਂਦੇ ਸਨ ਅਤੇ ਸ਼ਾਮ ਨੂੰ ਜਦੋਂ ਦਫਤਰ ਤੋਂ ਵਾਪਸ ਆਉਂਦੇ ਸਨ ਤਾਂ ਉਨਾਂ ਦੇ ਸਾਈਕਲ ਦੀ ਟੋਕਰੀ ਵਿੱਚ ਮੂੰਗਫਲੀ ਪਾਈ ਹੁੰਦੀ




ਸੀ। ਉਹ ਸਾਈਕਲ ਦੀ ਘੰਟੀ ਵਜਾਉਂਦੇ ਆਉਂਦੇ ਅਤੇ ਅਸੀਂ ਸਾਰੇ ਬੱਚੇ ਉਨਾਂ ਕੋਲ ਇਕੱਠੇ ਹੋ ਜਾਂਦੇ।

ਮੈਨੂੰ ਫ਼ੌਜੀ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ ਗਿਆ। ਮੈਨੂੰ ਯਾਦ ਹੈ ਕਿ ਸਾਨੂੰ ਸਾਰਿਆਂ ਨੂੰ ਸਕੂਲ ਤੋਂ ਇੱਕੋ ਜਿਹੇ ਬਸਤੇ ਮਿਲੇ ਸਨ। ਮੇਰੇ ਭੈਣ ਜੀ, ਜੋ ਸਿਲਾਈ ਕਢਾਈ ਜਾਣਦੇ ਸਨ ਉਨਾਂ ਨੇ ਮੇਰੇ ਬਸਤੇ ਤੇ ਮੇਰਾ ਨਾਂ ਕਢਾਈ ਕਰ ਦਿੱਤਾ ਤੇ ਸਕੂਲ ਵਿੱਚ ਪ੍ਰਿੰਸੀਪਲ ਨੇ ਉਹ ਬਸਤਾ ਸਵੇਰ ਦੀ ਸਭਾ ਵਿੱਚ ਸਾਰੇ ਬੱਚਿਆਂ ਨੂੰ ਦਿਖਾਇਆ। ਸਾਡੇ ਮਾਤਾ ਜੀ ਬੜੇ ਧਾਰਮਿਕ ਖਿਆਲਾਂ ਦੇ ਸਨ। ਉਨਾਂ ਨੇ ਅਜੀਤ ਨਗਰ ਵਿੱਚ ਹੀ ਬੀਬੀਆਂ ਦਾ ਇੱਕ ਜਥਾ ਬਣਾ ਲਿਆ ਜੋ ਲੋਕਾਂ ਦੇ ਘਰਾਂ ਵਿੱਚ ਜਾ ਕੇ ਪਾਠ ਕਰਦਾ ਸੀ ਅਤੇ ਉੱਥੋਂ ਮਿਲਣ ਵਾਲੀ ਮਾਇਆ ਨਾਲ ਮਹੱਲੇ ਵਿੱਚ ਇੱਕ ਗੁਰਦੁਆਰਾ ਬਣਾਇਆ ਜਾ ਰਿਹਾ ਸੀ। ਹਰੇਕ ਗੁਰਪੁਰਬ ਤੇ ਪ੍ਰਭਾਤ ਫੇਰੀਆਂ ਕੱਢੀਆਂ ਜਾਂਦੀਆਂ।

ਉੱਨੀ ਸੌ ਛਿਆਹਠ ਵਿੱਚ ਜਦੋਂ ਅਸੀਂ ਕਾਲਕਾ ਜਾਣ ਲੱਗੇ ਤਾਂ ਸਾਰੀਆਂ ਬੀਬੀਆਂ ਬਹੁਤ ਹੀ ਉਦਾਸ ਹੋ ਗਈਆਂ ਸਨ।। ਮੇਰੇ ਵੱਡੇ ਵੀਰ ਜੀ ਅਵਤਾਰ ਢੁਡਿਆਲ ਖਾਲਸਾ ਸਕੂਲ ਅਤੇ ਵੱਡੇ ਭੈਣ ਜੀ ਅੰਮ੍ਰਿਤ ਕੌਰ ਮਹਿੰਦਰਾ ਕੰਨਿਆ ਮਹਾਂਵਿਦਿਆਲਾ ਸਕੂਲ ਵਿੱਚ ਪੜਦੇ ਸਨ। ਫਿਰ ਅਸੀਂ ਸੰਤ ਨਗਰ ਕਿਰਾਏ 'ਤੇ ਚਲੇ ਗਏ। ਜਦੋਂ ਸਾਰੇ ਮਾਮੇ ਤੇ ਮਾਸੀਆਂ ਇਕੱਠੇ ਹੁੰਦੇ ਸਨ ਤਾਂ ਸਾਡੀ ਇੱਕ ਹੋਰ ਮਾਸੀ ਨਿੰਨੀ ਅਤੇ ਮਾਸੜ ਜੀ ਡਾ. ਕਿਰਪਾਲ ਸਿੰਘ ਕੋਮਲ, ਜੋ ਦੋਨੋਂ ਹੀ ਬਣੇ ਮਜ਼ਾਕੀਆ ਸੁਭਾਅ ਦੇ ਸਨ, ਆਪਣੀਆਂ ਗੱਲਾਂ ਨਾਲ ਸਾਡੇ ਢਿੱਡੀਂ ਪੀੜਾਂ ਪਾ ਦਿੰਦੇ ਸਨ। 1965 ਦੀ ਭਾਰਤ ਪਾਕਿਸਤਾਨ ਦੀ ਲੜਾਈ ਜਦੋਂ ਲੱਗੀ ਉਸਦੀ ਮੈਨੂੰ ਸੰਭਾਲ ਹੈ। ਉਸ ਵੇਲੇ ਬਲੈਕਆਊਟ ਹੋ ਜਾਂਦੀ ਸੀ ਤੇ ਅਕਸਰ ਜਹਾਜ਼ ਉੱਤੋਂ ਦੀ ਬੜੇ ਨੇੜਿਉਂ ਲੰਘਦੇ ਸਨ। ਰਾਤ ਦੀ ਰੋਟੀ ਜਲਦੀ ਬਣ ਜਾਂਦੀ ਸੀ ਤੇ ਅਸੀਂ ਖਾ ਕੇ ਕਿੰਨੀ ਦੇਰ ਤੱਕ ਬਾਹਰ ਮੰਜਿਆਂ 'ਤੇ ਬੈਠੇ ਰਹਿੰਦੇ। ਕਈ ਵਾਰੀ ਤਾਂ ਘਰ ਦੇ ਪਿਛਲੇ ਪਾਸੇ ਖਾਲੀ ਥਾਂ 'ਤੇ ਬਣਾਏ ਹੋਏ ਮੋਰਚਿਆਂ ਵਿੱਚ ਲੁਕ ਜਾਂਦੇ। ਉਨਾਂ ਦਿਨਾਂ ਵਿੱਚ ਫ਼ੌਜ ਦੇ ਰਾਜੂ ਨਿਸ਼ਾਨਚੀ ਦਾ ਨਾਂ ਬਹੁਤ ਮਸ਼ਹੂਰ ਸੀ, ਜੋ ਪਾਕਿਸਤਾਨ ਦੇ ਜਹਾਜ਼ ਨੂੰ ਸੁੱਕਾ ਨਹੀਂ ਸੀ ਜਾਣ ਦਿੰਦਾ ਤੇ ਫੁੰਡ ਲੈਂਦਾ ਸੀ।

ਮੇਰਾ ਸਕੂਲ ਸਾਡੇ ਘਰ ਤੋਂ ਬਹੁਤ ਦੂਰ ਸੀ। ਸਕੂਲ ਦੇ ਰਾਹ ਵਿੱਚ ਉਜਾੜ ਜਿਹਾ ਇਲਾਕਾ ਸੀ। ਉਸ ਵੇਲੇ ਮੈਂ ਸਕੂਲ ਪਹੁੰਚਣ ਤੋਂ ਪਹਿਲਾਂ ਰਾਹ ਵਿੱਚ ਕਈ ਜਗਾ ਰੁਕਦਾ ਹੁੰਦਾ ਸੀ। ਮੈਨੂੰ ਭੁੱਖ ਵੀ ਬੜੀ ਲਗਦੀ ਸੀ। ਮੈਨੂੰ ਅੱਧੀ ਛੁੱਟੀ ਲਈ ਦਿੱਤੀ ਗਈ ਰੋਟੀ ਮੈਂ ਸਕੂਲ ਜਾਂਦੇ ਜਾਂਦੇ ਸਵੇਰੇ ਹੀ ਖਾ ਲੈਂਦਾ ਸਾਂ। ਮੈਨੂੰ ਵੱਡੇ ਹੋਣ 'ਤੇ ਇਹ ਦੱਸਿਆ ਗਿਆ ਕਿ ਮੈਂ ਬਹੁਤ ਹੀ ਸ਼ਰਾਰਤੀ ਹੁੰਦਾ ਸੀ। ਇੱਕ ਵਾਰੀ ਮੈਂ ਤੇ ਮੇਰੇ ਵੱਡੇ ਵੀਰ ਜੀ ਸਕੂਲ ਜਾ ਰਹੇ ਸਾਂ ਤਾਂ ਇੱਕ ਚੌਕ ਵਿੱਚੋਂ ਵੀਰ ਜੀ ਆਪਣੇ ਸਕੂਲ ਵੱਲ ਚਲੇ ਗਏ ਤੇ ਮੈਂ ਉਨਾਂ ਦੇ ਜਾਣ ਤੋਂ ਬਾਅਦ ਥੋੜੀ ਜਿਹਾ ਅੱਗੇ ਜਾ ਕੇ ਫਿਰ ਪਿੱਛੇ ਮੁੜ ਆਇਆ, ਕਿਉਂਕਿ ਚੌਕ ਦੇ ਕੋਲ ਕਿਸੇ ਨੇ ਇੱਕ ਡੂਨੇ ਦੇ ਵਿੱਚ ਲੱਡੂ ਅਤੇ ਹੋਰ ਖਾਣ ਦਾ ਸਾਮਾਨ ਪਾ ਕੇ ਰੱਖਿਆ ਹੋਇਆ ਸੀ ਜੋ ਮੈਂ ਉੱਥੋਂ ਲੰਘਦਿਆਂ ਹੋਏ ਦੇਖ ਲਿਆ ਸੀ। ਮੈਂ ਡੂਨਾ ਚੁੱਕਿਆ ਤੇ ਸਭ ਕੁਝ ਖਾ ਗਿਆ। ਮੈਨੂੰ ਇਸ ਤਰਾਂ ਕਰਦੇ ਨੂੰ ਵੀਰ ਜੀ ਨੇ ਪਿੱਛੇ ਮੁੜ ਕੇ ਦੇਖ ਲਿਆ। ਉਨਾਂ ਨੇ ਸਕੂਲ ਜਾ ਕੇ ਆਪਣੇ ਦੋਸਤਾਂ ਨਾਲ ਗੱਲ ਕੀਤੀ ਤਾਂ ਉਨਾਂ ਨੇ ਮੇਰੇ ਵੀਰ ਜੀ ਨੂੰ ਕਿਹਾ ਕਿ ਹੁਣ ਤਕ ਤਾਂ ਤੇਰਾ ਭਰਾ ਮਰ ਗਿਆ ਹੋਵੇਗਾ, ਕਿਉਂਕਿ ਉਹ ਕਿਸੇ ਨੇ ਟੂਣਾ ਕੀਤਾ ਹੋਇਆ ਸੀ ਤੇ ਟੂਣਾ ਖਾਣ ਵਾਲਾ ਬਚਦਾ ਨਹੀਂ। ਦੁਪਹਿਰ ਤੋਂ ਬਾਅਦ ਜਦੋਂ ਉਹ ਸਕੂਲੋਂ ਵਾਪਸ ਘਰ ਆਏ ਤਾਂ ਆਉਂਦਿਆਂ ਉਨਾਂ ਨੇ ਮੈਨੂੰ ਦੇਖਿਆ ਤੇ ਪੁੱਛਿਆ ਕਿ ਤੂੰ ਠੀਕ ਹੈਂ? ਜਦੋਂ ਮੈਂ ਕਿਹਾ ਠੀਕ ਹਾਂ, ਤਾਂ ਉਨਾਂ ਦੇ ਸਾਹ ਵਿੱਚ ਸਾਹ ਆਇਆ। ਉਸ ਦਿਨ ਤੋਂ ਵੀਰ ਜੀ ਦਾ ਵਹਿਮਾਂ ਭਰਮਾਂ ਤੋਂ ਵਿਸ਼ਵਾਸ ਉੱਠ ਗਿਆ।

---

# ਆਮ ਤੇ ਖ਼ਾਸ ਦਾ ਸਫ਼ਰ

**ਲਿਖਤ ਰੂਪ: ਐਸ ਅਸ਼ੋਕ ਭੌਰਾ**

ਇਕ ਬਾਦਸ਼ਾਹ ਆਪਣੇ ਘੋੜਿਆਂ ਦੇ ਕਾਫ਼ਲੇ ਵਿਚ ਆਪ ਵੀ ਘੋੜੇ 'ਤੇ ਬੈਠਾ ਇਕ ਪਿੰਡ ਵਿਚੋਂ ਗੁਜ਼ਰ ਰਿਹਾ ਸੀ ਕਿ ਇਕ ਕੱਚੀ ਫਿਰਨੀ 'ਤੇ ਕੁਝ ਗੁਜਰੀਆਂ ਜਿਨ੍ਹਾਂ ਵਿਚ ਇਕ ਬਜ਼ੁਰਗ ਔਰਤ ਅਤੇ ਬਾਕੀ ਜਵਾਨ ਮੁਟਿਆਰਾਂ ਸਨ, ਸਿਰ 'ਤੇ ਦੁੱਧ ਦਹੀਂ ਦੇ ਮਟਕੇ ਚੁੱਕੀ ਜਾ ਰਹੀਆਂ ਸਨ। ਘੋੜਿਆਂ ਦੀ ਦਗੜ-ਦਗੜ, ਪੌੜਾਂ ਦਾ ਸ਼ੋਰ ਤੇ ਤੇਜ਼ ਹਵਾ ਨਾਲ ਉਨ੍ਹਾਂ ਸਾਰੀਆਂ ਦੇ ਸਿਰਾਂ ਤੋਂ ਦੁੱਧ-ਦਹੀਂ ਨਾਲ ਭਰੇ ਕੱਚੀ ਮਿੱਟੀ ਦੇ ਮਟਕੇ ਥੱਲੇ ਜਾ ਪਏ। ਮਟਕਿਆਂ ਦੀਆਂ ਠੀਕਰੀਆਂ ਬਣ ਗਈਆਂ ਤੇ ਦੁੱਧ-ਦਹੀਂ ਮਿੱਟੀ ਵਿਚ ਰਲ ਗਏ। ਮੁਟਿਆਰਾਂ ਥਾਂਵੇਂ ਬੈਠ ਕੇ ਰੋਣ ਲੱਗ ਪਈਆਂ। ਰਾਜਾ ਘੋੜੇ ਤੋਂ ਉਤਰਿਆ, ਮੁਟਿਆਰਾਂ ਦੇ ਸਿਰ 'ਤੇ ਹੱਥ ਰੱਖਿਆ, ਖ਼ਿਮਾ ਮੰਗੀ ਤੇ ਉਨ੍ਹਾਂ ਨੂੰ ਚਾਂਦੀ ਦੀਆਂ ਮੋਹਰਾਂ ਵੀ ਦਿੱਤੀਆਂ। ਜਦੋਂ ਰਾਜੇ ਦਾ ਧਿਆਨ ਬਜ਼ੁਰਗ ਗੁੱਜਰੀ ਵੱਲ ਗਿਆ ਤਾਂ ਉਸ ਨੇ ਵੇਖਿਆ, ਇਹ ਇਕੱਲੀ ਹੱਸ ਕਿਉਂ ਰਹੀ ਹੈ? ਰਾਜੇ ਨੇ ਉਹਦੇ ਵੱਲ ਮੋਹਰਾਂ ਨਾਲ ਭਰੀ ਮੁੱਠ ਕੀਤੀ ਤਾਂ ਉਹ ਹੋਰ ਉਚੀ ਦੇਣੀ ਹੱਸ ਕੇ ਬੋਲੀ:

"ਕੀ ਹੋਇਆ ਜੇ ਚਾਰ ਸੇਰ ਦੁੱਧ ਡੁੱਲ੍ਹ ਗਿਐ? ਮੈਂ ਤੇਰੇ ਪੈਸੇ ਨਹੀਂ ਲਵਾਂਗੀ, ਇਹ ਕੋਈ ਵੱਡਾ ਨੁਕਸਾਨ ਏ?"

"ਬੀਬੀ, ਤੂੰ 'ਕੱਲੀ ਹੀ ਕਿਉਂ ਹੱਸ ਰਹੀ ਏਂ?" ਰਾਜੇ ਨੇ ਸਵਾਲ ਕੀਤਾ।

"ਖ਼ਾਸ ਗੱਲਾਂ ਆਮ ਲੋਕਾਂ ਨੂੰ ਨਹੀਂ ਦੱਸੀਦੀਆਂ," ਉਹਨੇ ਬਹੁਤ ਠਰ੍ਹੰਮੇ ਨਾਲ ਜਵਾਬ ਦਿੱਤਾ।

"ਬੀਬੀ, ਮੈਂ ਆਮ ਲੋਕ ਨਹੀਂ, ਬਾਦਸ਼ਾਹ ਹਾਂ।"

"ਮੇਰੀਆਂ ਨਜ਼ਰਾਂ ਵਿਚ ਤੂੰ ਖ਼ਾਸ ਨਹੀਂ।"

"ਪਰ ਤੂੰ ਹੱਸ ਕਿਉਂ ਰਹੀ ਏਂ!"

"ਜ਼ਰੂਰੀ ਪੁੱਛਣੈ?"

"ਹਾਂ।"

"ਤਾਂ ਫਿਰ ਆਮ ਬੰਦਿਆ ਸੁਣ, ਜਿਸ ਰਿਆਸਤ ਵਿਚ ਮੈਂ ਜਵਾਨ ਹੋਈ, ਉਥੇ ਦਾ ਬਾਦਸ਼ਾਹ ਬੜਾ ਕਮੀਨਾ ਸੀ। ਹਰ ਨਵਵਿਆਹੀ ਨੂੰ ਮੁਕਲਾਵੇ ਵਾਲੀ ਰਾਤ ਉਸ ਕੋਲ ਕੱਟਣੀ ਪੈਂਦੀ ਸੀ, ਪਰ ਮੇਰੇ ਪਤੀ ਨੇ ਸਾਡੇ ਵਿਆਹ ਦੀ ਭਿਣਕ ਹੀ ਬਾਦਸ਼ਾਹ ਨੂੰ ਨਹੀਂ ਪੈਣ ਦਿੱਤੀ। ਸਾਡੇ ਇਕ ਪੁੱਤਰ ਪੈਦਾ ਹੋਇਆ ਤੇ ਫਿਰ ਮੇਰਾ ਪਤੀ ਲਾਮ ਨੂੰ ਕਮਾਈਆਂ ਕਰਨ ਚਲੇ ਗਿਆ। ਪਿੱਛੋਂ ਬਾਦਸ਼ਾਹ ਤਕ ਮੇਰੇ ਹੁਸਨ ਦੀ ਖ਼ਬਰ ਪੁੱਜ ਗਈ। ਤੇ ਉਹਦੇ ਨੌਕਰ ਮੈਨੂੰ ਜਬਰੀ ਚੁੱਕ ਕੇ ਲੈ ਗਏ ਅਤੇ ਮੈਂ ਇਕ ਸਾਧਾਰਨ ਔਰਤ ਬਾਦਸ਼ਾਹ ਦੀ ਰਖੇਲ ਬਣ ਗਈ।ਤੇ ਫਿਰ ਕਈ ਵਰ੍ਹੇ ਬੀਤ ਗਏ।

ਮੇਰਾ ਪਤੀ ਕਈ ਵਰ੍ਹਿਆਂ ਪਿੱਛੋਂ ਜਦੋਂ ਕਮਾਈਆਂ ਕਰ ਕੇ ਮੁੜਿਆ ਤਾਂ ਉਹਨੂੰ ਪਤਾ ਲੱਗਾ ਕਿ ਘਰ ਉਜੜ ਗਿਆ ਹੈ। ਕਿਸੇ ਤਰ੍ਹਾਂ ਉਸ ਨੇ ਮੇਰੇ ਨਾਲ ਰਾਬਤਾ ਕਾਇਮ ਕੀਤਾ ਤੇ ਮੈਨੂੰ ਪੁੱਛਿਆ ਕਿ ਜੇ ਤਾਂ ਤੂੰ ਆਪਣੀ ਮਰਜ਼ੀ ਨਾਲ ਆਈ ਏਂ ਤਾਂ ਠੀਕ, ਤੇ ਜੇ ਬਾਦਸ਼ਾਹ ਜਬਰੀ ਚੁੱਕ ਕੇ ਲਿਆਇਆ ਤਾਂ ਦੱਸ, ਮੈਂ ਕੋਈ ਹੀਲਾ ਕਰਾਂਗਾ। ਮੈਂ ਕਿਹਾ, 'ਰੱਬ ਦਿਆ ਬੰਦਿਆ, ਰੱਬ ਦੇ ਵਾਸਤੇ ਮੈਨੂੰ ਲੈ ਚੱਲ। ਮੈਂ ਇਥੇ ਇਕ ਦਿਨ ਵੀ ਹੋਰ ਨ੍ਹੀਂ ਰਹਿਣਾ ਚਾਹੁੰਦੀ। ਤੇ ਫਿਰ ਮੈਂ ਉਹਨੂੰ ਦੱਸਿਆ ਕਿ ਬਾਦਸ਼ਾਹ ਹਰ ਮੰਗਲਵਾਰ ਦੀ ਰਾਤ, ਇਕ ਪਹਾੜੀ ਜੰਗਲ ਦੀ ਕਿਸੇ ਇਕਾਂਤ ਥਾਂ ਤੇ ਗੁਜ਼ਾਰਦਾ ਹੈ ਤੇ ਮੈਂ ਉਹ ਦੇ ਨਾਲ ਹੁੰਦੀ ਹਾਂ। ਤੇ ਸਾਰਾ ਪਤਾ-ਟਿਕਾਣਾ ਦੱਸ ਦਿੱਤਾ। ਮੇਰਾ ਪਤੀ ਇਕ ਰਾਤ ਪਹਿਲਾਂ ਹੀ ਆ ਕੇ ਉਸ ਥਾਂ 'ਤੇ ਲੁਕ ਗਿਆ। ਅੱਧੀ ਰਾਤ ਜਦੋਂ ਬਾਦਸ਼ਾਹ ਘੂਕ ਸੁੱਤਾ ਪਿਆ ਸੀ, ਪਹਿਰੇਦਾਰ ਸੌਂ ਰਹੇ ਸਨ ਤਾਂ ਮੇਰਾ ਪਤੀ ਆਇਆ ਤੇ ਉਸ ਨੇ ਤੇਜ਼ਧਾਰ ਹਥਿਆਰ ਨਾਲ ਬਾਦਸ਼ਾਹ ਦੀ ਧੌਣ ਧੜ ਤੋਂ ਅਲੱਗ ਕਰ ਦਿੱਤੀ। ਸਾਨੂੰ ਪਤਾ ਸੀ ਕਿ ਬਾਦਸ਼ਾਹ ਨੂੰ ਮਾਰਨ ਦਾ ਹਰਜਾਨਾ ਕੀ ਹੋਵੇਗਾ? ਫਿਰ ਅਸੀਂ ਰਾਤ ਦੇ ਘੁੱਪ ਹਨ੍ਹੇਰੇ ਵਿਚ ਜੰਗਲ ਦੀ ਘੁੰਮਣ-ਘੇਰੀ ਵਿਚ ਫਸ ਗਏ। ਅਗਲੀ ਆਫ਼ਤ ਇਹ ਪਈ ਕਿ ਇਕ ਨਾਗ ਜੋ ਫਨ ਫੈਲਾ ਕੇ ਫੁੰਕਾਰੇ ਮਾਰ ਰਿਹਾ ਸੀ, ਨੇ ਸਾਡਾ ਰਾਹ ਘੇਰ ਲਿਆ। ਮੇਰੇ ਪਤੀ ਨੇ ਕਿਹਾ, "ਤੂੰ ਅੱਗੇ ਨਿਕਲ, ਇਹਨੂੰ ਮੈਂ ਵੇਖਦਾ ਹਾਂ। ਮੇਰੀਆਂ ਅੱਖਾਂ ਸਾਹਮਣੇ ਨਾਗ ਨੇ ਉਸ ਨੂੰ ਇਕ ਵਾਰ ਨਹੀਂ ਸਗੋਂ ਕਈ ਵਾਰ ਡਸਿਆ ਅਤੇ ਉਹ ਅੱਖਾਂ ਹੀ ਮੀਚ ਗਿਆ।

'ਕੱਲੀ ਜਿੰਦੜੀ, ਜੰਗਲ ਦਾ ਰਾਹ ਤੇ ਮਾਮਲੇ ਭਾਰੇ ਪੈਣੇ ਹੀ ਸਨ। ਦਿਨ ਚੜ੍ਹਿਆ ਤਾਂ ਡਾਕੂਆਂ ਨੇ ਮੈਨੂੰ ਘੇਰ ਲਿਆ। ਮੇਰਾ ਹੁਸਨ ਵੇਖ ਕੇ ਉਹ ਹੋਸ਼ ਗਵਾ ਬੈਠੇ। ਇਕ ਆਖੇ, 'ਮੈਂ'ਤੈਨੂੰ ਲੈ ਕੇ ਜਾਵਾਂਗਾ' ਤੇ ਦੂਜਾ ਕਹੇ, ਏਡੀ ਸੋਹਣੀ ਤੂੰ! ਇਹ ਮੇਰੀ ਬਣੇਗੀ।'

ਫਿਰ ਤੀਜਾ, ਚੌਥਾ; ਸਾਰੇ ਦਾਅਵੇਦਾਰ ਬਣ ਗਏ। ਝਗੜਾ ਸੁਣ ਕੇ ਉਨ੍ਹਾਂ ਦਾ ਸਰਦਾਰ ਆਣ ਟਪਕਿਆ। ਉਹ ਕਿੱਲ੍ਹ ਕੇ ਬੋਲਿਆ: ਨਹੀਂ, ਇਸ ਪਰੀ ਨੂੰ ਕੋਈ ਨਹੀਂ ਲੈ ਜਾਵੇਗਾ। ਡਾਕੂਆਂ ਵਾਲਾ ਕੰਮ ਕਰਦੇ ਆਂ, ਇਹਦਾ ਮੁੱਲ ਵੱਟਾਂਗੇ। ਤੇ ਉਨ੍ਹਾਂ ਨੇ ਫੇਰ ਬੜੇ ਮਹਿੰਗੇ ਭਾਅ ਮੈਨੂੰ ਕੋਠੇ 'ਤੇ ਵੇਚ ਦਿੱਤਾ। ਮੈਂ ਵੇਸਵਾ ਬਣ ਗਈ ਤੇ ਫੁੱਲਾਂ ਤੋਂ ਮਲੂਕ ਜਿੰਦੜੀ ਹਵਸੀ ਮਰਦ ਨੇ ਨੋਚ-ਨੋਚ ਕੇ ਖਾ ਲਈ। ਸਿਤਮਜ਼ਰੀਫ਼ੀ ਦੀ ਹੱਦ ਇਥੇ ਵੀ ਨਹੀਂ ਮੁੱਕੀ। ਇਕ ਰਾਤ ਜੋ ਗਾਹਕ ਬਣ ਕੇ ਆਪਣੀ ਹਵਸ ਮਿਟਾ ਕੇ ਗਿਆ, ਉਹਨੇ ਧਰਤੀ ਤੇ ਆਸਮਾਨ ਕੰਬਣ ਲਾ ਦਿੱਤੈ। ਉਹ ਮੇਰਾ ਉਹੀ ਪੁੱਤਰ ਸੀ ਜਿਸ ਨੂੰ ਮੈਂ ਚਾਰ ਵਰ੍ਹਿਆਂ ਦੇ ਨੂੰ 'ਕੱਲਾ ਛੱਡ ਆਈ ਸਾਂ। ਮੈਂ ਤਾਂ ਉਸ ਨੂੰ ਨੈਣ-ਨਕਸ਼ ਅਤੇ ਹੱਥਾਂ-ਪੈਰਾਂ ਤੋਂ ਪਛਾਣ ਲਿਆ ਸੀ ਕਿ ਇਹ ਇੰਨਾ ਸੋਹਣਾ, ਬੁਰਾ ਕਰਮ ਕਰਨ ਵਾਲਾ, ਹੈ ਤਾਂ ਮੇਰਾ ਪੁੱਤ ਈ ਪਰ ਉਹਨੂੰ ਦੱਸਦੀ ਕਿਵੇਂ ਕਿ ਮਾਂ ਤੇਰੀ ਵੇਸਵਾ ਕੀਹਨੇ ਬਣਾਈ ਹੈ? ਇਹ ਦੁੱਖ ਤਾਂ ਅੰਦਰ ਜਰ ਲਿਆ ਪਰ ਦੂਜਾ, ਪੁੱਤ ਦਾ ਭਾਰ ਜਰਿਆ ਨਾ ਗਿਆ। ਨਾਸੂਰ ਬਣ ਕੇ ਕੋਹਕੋਹ ਮਾਰਨ ਲੱਗਾ। ਧਰਤੀ 'ਤੇ ਪਾਪ ਨਹੀਂਮਹਾਂ ਪਾਪ ਦਾ ਸਿਖਰ ਸੀ।

ਇਕ ਦਿਨ ਫ਼ੈਸਲਾ ਕੀਤਾ ਕਿ ਆਪਣੇ ਆਪ ਨੂੰ ਹੱਥੀਂ ਚਿਖ਼ਾ ਵਿਚ ਚਿਣ ਕੇ ਲਾਬੂੰ ਲਾ ਲੈਣ ਨਾਲ ਹੀ ਮਨ ਸ਼ਾਂਤ ਹੋ ਸਕਦੈ। ਕੋਠੇ ਤੋਂ ਭੱਜ ਕੇ ਇਕ ਸਮੁੰਦਰ ਕਿਨਾਰੇ ਚਲੀ ਗਈ। ਲੱਕੜਾਂ 'ਕੱਠੀਆਂ ਕੀਤੀਆਂ ਤੇ ਉਨ੍ਹਾਂ ਵਿਚ ਆਪਣੇ ਆਪ ਨੂੰ ਵੀ ਚਿਣ ਲਿਆ। ਉਪਰ ਆਲੇ ਅੱਗੇ ਫ਼ਰਿਆਦ ਕੀਤੀ, ਹੱਥ ਜੋੜੇ, ਜੇ ਤੂੰ ਸੱਚੀਂ ਹੈਂ ਤਾਂ ਮੁੜ ਕੇ ਏਸ ਜਾਮੇ 'ਚ ਫੇਰ ਕਦੇ ਨਾ ਭੇਜੀਂ। ਹਾਲੇ ਮੈਂ ਤੀਲੀ ਲਾਉਣ ਹੀ ਲੱਗੀ ਸਾਂ ਕਿ ਏਡੀ ਜ਼ੋਰ ਦੀ ਤੂਫ਼ਾਨ ਆਇਆ ਕਿ ਸਣੇ ਲੱਕੜਾਂ ਦੇ ਮੈਂ ਸਮੁੰਦਰ ਵਿਚ ਜਾ ਡਿੱਗੀ। ਲੱਗਿਆ ਕਿ ਹੁਣ ਛੁਟਕਾਰਾ ਮਿਲ ਜਾਵੇਗਾ। ਜਿਹਦੇ ਮੂਹਰੇ ਮੈਂ ਤਰਲੇ ਕਰਦੀ ਸੀ, ਉਹ ਮੌਤ ਫਿਰ ਕੰਨੀ ਖਿਸਕਾ ਗਈ। ਘਾਟ 'ਤੇ ਕੱਪੜੇ ਧੋਂਦੇ ਧੋਬੀਆਂ ਨੇ ਵੇਖਿਆ ਕਿ ਸੱਸੀ ਵਾਂਗ ਕੋਈ ਰੁੜ੍ਹਿਆ ਆਉਂਦੈ। ਉਨ੍ਹਾਂ ਨੇ ਛਾਲਾਂ ਮਾਰੀਆਂ ਤੇ ਮੈਨੂੰ ਅਧਮੋਈ ਨੂੰ ਬਾਹਰ ਕੱਢ ਲਿਆ। ਘੜੇ 'ਤੇ ਪੁੱਠਾ ਪਾ ਕੇ ਪੇਟ ਵਿਚਲਾ ਪਾਣੀ ਨਿਕਲਿਆ ਤਾਂ ਮੈਨੂੰ ਸੁਰਤ ਆ ਗਈ। ਧੋਬੀ ਆਪਸ ਵਿਚ ਪਹਿਲਾਂ ਹੀ ਫ਼ੈਸਲਾ ਕਰ ਚੁੱਕੇ ਸਨ। ਉਨ੍ਹਾਂ ਦਾ ਵਾਰਤਾਲਾਪ ਕੀ ਸੀ:

ਕੋਈ ਆਖੇ, 'ਬੜੀ ਸੋਹਣੀ ਏ, ਗੁੱਜਰੀ ਲਗਦੀ ਏ!'

ਇੰਦਰ ਦਰਬਾਰ ਵਿਚੋਂ ਕੋਈ ਭੱਜੀ ਲਗਦੀ ਏ!!'

'ਪਤਾ ਨਹੀਂ ਕਿਹੜੇ ਦੁੱਖਾਂ ਕਰਕੇ ਸਮੁੰਦਰ ਵਿਚ ਛਾਲ ਮਾਰ'ਤੀ।'

ਤੇ ਆਖ਼ਰੀ ਦੀ ਤਜਵੀਜ਼ ਕਿਆ ਕਮਾਲ ਸੀ! ਕਹਿਣ ਲੱਗਾ, 'ਗੁੱਜਰ ਦੀ ਤੀਵੀਂ ਮਰ ਗਈ ਏ, ਵਿਚਾਰਾ 'ਕੱਲੈਉਹਨੂੰ ਦੇ ਦਿੰਨੇ ਆਂ ਲਿਜਾ ਕੇ। ਸਾਲ ਭਰ ਦੁੱਧ ਹੀ ਮੁਫ਼ਤ ਲਵਾਂਗੇ।'

ਤੇ ਮੈਂ ਇਹ ਤਾਂ ਨਹੀਂ ਦੱਸਣਾ ਕਿ ਮੈਂ ਕੌਣ ਸੀ ਪਰ ਫਿਰ ਮੈਂ ਗੁੱਜਰੀ ਜ਼ਰੂਰ ਬਣ ਗਈ।ਪਿਛਲੇ ਸਾਲ ਗੁੱਜਰ ਵੀ ਚਾਲੇ ਪਾ ਗਿਆ।" ਤੇ ਕੰਨ ਲਾ ਕੇ ਦਰਦ ਦਾ ਮਹਾਂਭਾਰਤ ਸੁਣਨ ਵਾਲੇ ਰਾਜੇ ਹੱਥੋਂ ਘੋੜੇ ਦੀ ਲਗਾਮ ਖਿੱਚ ਕੇ ਗੁੱਜਰੀ ਬੋਲੀ, 'ਤੂੰ ਦੱਸ, ਮਟਕਾ ਤੇ ਦੁੱਧ ਗਿਆ ਤਾਂ ਕੀ ਹੋਇਆ, ਮੇਰਾ ਬਚਿਆ ਹੀ ਪਹਿਲਾਂ ਕੀ ਹੈ? ਤੇ ਤੈਨੂੰ ਲੱਗਦਾ ਨ੍ਹੀਂ ਤੂੰ ਆਮ ਬੰਦਾ ਈ ਏਂ, ਖ਼ਾਸ ਤਾਂ ਮੈਂ ਹਾਂ।'

# ਸੰਸਾਰ ਵਾਸਤੇ ਅਫ਼ਗਾਨ ਘਟਨਾਵਾਂ ਚੈਲਿੰਜ

**ਅਭੈ ਸਿੰਘ**

ਅੱਜ ਸਾਰਾ ਸੰਸਾਰ ਇਹ ਪ੍ਰਭਾਵ ਦੇ ਰਿਹਾ ਹੈ ਕਿ ਉਹ ਅਫ਼ਗਾਨਿਸਤਾਨ ਦੀਆਂ ਘਟਨਾਵਾਂ ਤੋਂ ਫਿਕਰਮੰਦ ਹੈ। ਘੋਰ ਪਿਛਾਂਹਖਿੱਚੂ ਤੇ ਕੱਟੜ ਧਾਰਮਿਕ ਜਨੂੰਨ ਵਾਲੇ ਲੋਕਾਂ ਦਾ ਹਕੂਮਤ ਉਪਰ ਕਬਜ਼ਾ ਹੋ ਗਿਆ ਹੈ। ਜਮਹੂਰੀਅਤ ਦਾ ਨਾਮੋ-ਨਿਸ਼ਾਨ ਖ਼ਤਮ ਹੈ, ਔਰਤਾਂ ਪ੍ਰਤੀ ਘੋਰ ਜ਼ੁਲਮਾਂ ਦਾ ਦੌਰ ਸ਼ੁਰੂ ਹੋ ਰਿਹਾ ਹੈ ਤੇ ਇਨਸਾਫ਼ ਪ੍ਰਣਾਲੀ ਖ਼ਤਮ ਹੈ। ਇਸ ਆਧੁਨਿਕ ਯੁੱਗ ਵਿਚ ਇਕ ਖਿੱਤਾ ਮੱਧਕਾਲੀ ਬਰਬਰਤਾ ਦਾ ਕਾਇਮ ਹੋ ਰਿਹਾ ਹੈ। ਸ਼ਖ਼ਸੀ ਅਜ਼ਾਦੀ ਦੀ ਅਣਹੋਂਦ ਹੈ ਤੇ ਧਾਰਮਿਕ ਘੱਟ ਗਿਣਤੀਆਂ ਦੇ ਸਾਹਮਣੇ ਹਨੇਰੇ ਬੱਦਲ ਛਾਏ ਪਏ ਹਨ। ਕੋਈ ਸੁਣਵਾਈ ਨਹੀਂ, ਪੁਕਾਰ ਨਹੀਂ, ਫ਼ਰਿਆਦ ਨਹੀਂ।

ਇਹ ਸਭ ਕੁਝ ਠੀਕ ਹੈ, ਫਿਕਰ ਵਾਜਿਬ ਹੈ ਪ੍ਰੰਤੂ ਸੰਸਾਰ ਨੂੰ ਕੁਝ ਆਪਣੇ ਕਿਰਦਾਰ ਬਾਰੇ ਵੀ ਸੋਚਣਾ ਪਵੇਗਾ ਕਿ ਇਹ ਸਾਰਾ ਕੁਝ ਕਿਉਂ ਵਾਪਰਿਆ। ਅੱਜ ਯੂਰਪ ਦੇ ਸ਼ਕਤੀਸ਼ਾਲੀ ਮੁਲਕ ਅਤੇ ਖੁਦ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬੁਸ਼ ਅਮਰੀਕਾ ਵੱਲੋਂ ਉਥੋਂ ਫੌਜਾਂ ਕੱਢਣ ਦੀ ਨੁਕਤਾਚੀਨੀ ਕਰ ਰਹੇ ਹਨ। ਉਹ ਇਸ ਨੂੰ ਜਲਦਬਾਜ਼ੀ ਦੱਸ ਰਹੇ ਹਨ ਪਰ ਵੀਹ ਸਾਲ ਅਮਰੀਕਾ ਅਤੇ ਹੋਰ ਦੇਸ਼ਾਂ ਦੀ ਫੌਜਾਂ ਤਾਇਨਾਤ ਰਹੀਆਂ। ਸਵਾਲ ਇਹ ਹੈ ਕਿ ਕੀ ਉਹ ਅਫ਼ਗਾਨਿਸਤਾਨ ਨੂੰ ਆਧੁਨਿਕ ਬਣਾ ਸਕੇ, ਕੀ ਜਮਹੂਰੀਅਤ ਤੇ ਸ਼ਖ਼ਸੀ ਅਜ਼ਾਦੀ ਕਾਇਮ ਕਰ ਸਕੇ? ਉਹ ਜੋ ਕੁਝ ਵੀ ਕਰ ਸਕੇ, ਸਿਰਫ਼ ਕਾਬੁਲ ਤੇ ਇਕ ਦੋ ਹੋਰ ਸ਼ਹਿਰਾਂ ਵਿਚ ਕਰ ਸਕੇ, ਸਾਰਾ ਅਫ਼ਗਾਨਿਸਤਾਨ ਉਨਾਂ ਦੀ ਪਹੁੰਚ ਤੋਂ ਬਾਹਰ ਹੀ ਰਿਹਾ।

ਜਦੋਂ ਅਮਰੀਕਾ ਨੇ ਅਫ਼ਗਾਨਿਸਤਾਨ 'ਚੋਂ ਬਾਹਰ ਆਉਣ ਦਾ ਮਨ ਬਣਾਇਆ ਤੇ ਕਰੀਬ ਤਿੰਨ ਸਾਲ ਤਾਲਿਬਾਨ ਨਾਲ ਗੱਲਬਾਤ ਚੱਲਦੀ ਰਹੀ ਤਾਂ ਉਦੋਂ ਇਤਲਾਹ ਸੀ ਕਿ ਤਾਲਿਬਾਨ ਦਾ 75% ਅਫ਼ਗਾਨਿਸਤਾਨ ਉਪਰ ਕਬਜ਼ਾ ਹੈ। ਸੋਚਣ ਵਾਲੀ ਪਹਿਲੀ ਗੱਲ ਇਹ ਹੈ ਕਿ ਜਿਨਾਂ ਦਾ ਤਿੰਨ ਚੌਥਾਈ ਮੁਲਕ ਉਪਰ ਕਬਜ਼ਾ ਹੋਵੇ, ਉਨਾਂ ਵਾਸਤੇ ਬਾਕੀ ਦਾ ਇਕ ਚੌਥਾਈ ਹਾਸਿਲ ਕਰਨਾ ਮੁਸ਼ਕਿਲ ਤਾਂ ਹੋ ਸਕਦਾ ਹੈ, ਦੇਰੀ ਵਾਲਾ ਵੀ ਹੋ ਸਕਦਾ ਹੈ ਪਰ ਅਸੰਭਵ ਨਹੀਂ। ਬਿਨਾ ਗੱਲਬਾਤ ਅਜਿਹਾ ਹੋਣ ਦੇ ਨਤੀਜੇ ਇਸ ਨਾਲੋਂ ਕਾਫ਼ੀ ਖ਼ਰਾਬ ਨਿਕਲਣੇ ਸਨ।



ਇਕ ਮੁਲਕ ਦੇ ਅੰਦਰ ਇਨਸਾਫ਼ ਦਾ ਤਕਾਜ਼ਾ ਤਲਾਸ਼ਣ ਵੇਲੇ ਤੇ ਜਮਹੂਰੀਅਤ ਦੀ ਅਹਿਮਤ ਦਰਸਾਉਣ ਵੇਲੇ ਦੇਖਣਾ ਪਵੇਗਾ ਕਿ ਕੀ ਕੌਮਾਂਤਰੀ ਪੱਧਰ ਉਪਰ ਮੁਲਕਾਂ ਦਰਮਿਆਨ ਇਨਸਾਫ਼ ਦੀ ਮਜ਼ਬੂਤ ਪ੍ਰਣਾਲੀ ਹੈ। ਗੱਲ ਵੀਹ ਸਾਲ ਪਹਿਲਾਂ ਤੋਂ ਕਰਦੇ ਹਾਂ। ਅਮਰੀਕਾ ਦੇ ਦੋ ਟਰੇਡ ਟਾਵਰਾਂ ਉਪਰ ਹਵਾਈ ਜਹਾਜ਼ਾਂ ਨਾਲ ਆਤਮ-ਘਾਤੀ ਦਹਿਸ਼ਤੀ ਹਮਲਾ ਹੋਇਆ। ਇਮਾਰਤਾਂ ਤਬਾਹ ਹੋਈਆਂ, ਹਜ਼ਾਰਾਂ ਲੋਕ ਮਾਰੇ ਗਏ। ਅਮਰੀਕਾ ਅੰਦਰ ਘੋਰ ਗ਼ਮ ਅਤੇ ਗੁੱਸਾ ਵਾਜਿਬ ਸੀ। ਸਾਰੀ ਦੁਨੀਆ ਵਿਚ ਤ੍ਰਾਹ ਤ੍ਰਾਹ ਸੀ। ਇਹ ਸੱਚਮੁੱਚ ਅਮਰੀਕਾ ਉਪਰ ਹਮਲਾ ਸੀ ਤੇ ਉਸ ਮੁਲਕ ਨੂੰ ਇਨਸਾਫ਼ ਮਿਲਣਾ ਚਾਹੀਦਾ ਸੀ ਲੇਕਿਨ ਕੌਮਾਂਤਰੀ ਪੱਧਰ ਤੇ ਇਨਸਾਫ਼ ਦਾ ਜਮਹੂਰੀ ਤਕਾਜ਼ਾ ਇਕੋ ਰਸਤਾ ਦੱਸਦਾ ਹੈ ਕਿ ਆਲਮੀ ਅਦਾਲਤ ਵਿਚ ਸ਼ਿਕਾਇਤ ਕੀਤੀ ਜਾਵੇ ਤੇ ਆਲਮੀ ਪੰਚਾਇਤ ਯੂਐੱਨਓ ਵਿਚ ਫਰਿਆਦ ਕੀਤੀ ਜਾਵੇ। ਉਹ ਕਾਰਾ ਉਸਾਮਾ ਬਿਨ-ਲਾਦਿਨ ਦੇ ਬੰਦਿਆਂ ਨੇ ਜਾਂ ਅਲ-ਕਾਇਦਾ ਨੇ ਕੀਤਾ ਸੀ, ਅਜੇ ਤੱਕ ਇਸ ਦੇ ਸਬੂਤ ਨਹੀਂ ਮਿਲੇ। ਅਮਰੀਕਾ ਦੇ ਉਸ ਵੇਲੇ ਦੇ ਪ੍ਰਧਾਨ ਨੇ ਕਿਹਾ ਸੀ ਕਿ ਉਹ ਕਾਤਲ ਨੂੰ ਖੁੱਡਾਂ ਵਿਚੋਂ ਵੀ ਕੱਢ ਕੇ ਲਿਆਉਣ ਦੀ ਸਮਰੱਥਾ ਰੱਖਦੇ ਹਨ ਤੇ ਇਸੇ ਨਾਲ ਅਫ਼ਗਾਨਿਸਤਾਨ ਉਪਰ ਮਿਜ਼ਾਈਲਾਂ ਨਾਲ ਹਮਲਾ ਕਰ ਦਿੱਤਾ। ਅਮਰੀਕਾ ਤੇ ਨਾਟੋ ਮੁਲਕਾਂ ਦੀਆਂ ਫੌਜਾਂ ਕਾਬੁਲ ਪਹੁੰਚ ਗਈਆਂ, ਉਥੋਂ ਤਾਲਿਬਾਨ ਭਜਾ ਦਿੱਤੇ ਤੇ ਤਾਲਿਬਾਨ ਵਿਰੋਧੀਆਂ ਵਿਚੋਂ ਆਪਣੇ ਏਜੰਟਾਂ ਦੀ ਆਰਜ਼ੀ ਹਕੂਮਤ ਕਾਇਮ ਕਰ ਦਿੱਤੀ। ਕਿਹਾ ਜਾ ਸਕਦਾ ਹੈ ਕਿ ਅਮਰੀਕਾ ਦੀ ਫੌਜੀ ਸ਼ਕਤੀ ਦੀ ਜਿੱਤ ਹੋਈ, ਹਜ਼ਾਰਾਂ ਮੀਲ ਦੂਰ, ਸਮੁੰਦਰ ਤੋਂ ਵੀ ਹਟਵੇਂ ਮੁਲਕ ਉਪਰ ਕਬਜ਼ਾ ਕਰ ਲਿਆ, ਲੇਕਿਨ ਆਲਮੀ ਭਾਈਚਾਰੇ ਨੂੰ ਸੋਚਣਾ ਪਵੇਗਾ ਕਿ ਕੀ ਇਹ ਕਾਰਵਾਈ ਇਨਸਾਫ਼ ਵਾਲੀ ਸੀ, ਜਮਹੂਰੀ ਸੀ? ਕੀ ਇਹ ਜਵਾਬੀ ਦਹਿਸ਼ਤਗਰਦੀ ਨਹੀਂ ਸੀ? ਅਮਰੀਕਾ ਨਾਟੋ ਮੁਲਕਾਂ ਨੂੰ ਆਲਮੀ ਭਾਈਚਾਰਾ ਦੱਸਦਾ ਹੈ ਜਦੋਂ ਕਿ ਆਲਮੀ ਭਾਈਚਾਰੇ ਦੀ ਨਮਾਇੰਦਗੀ ਸਿਰਫ਼ ਯੂਐੱਨਓ ਕਰਦੀ ਹੈ ਤੇ ਉਸ ਨੂੰ ਦਰ-ਕਿਨਾਰ ਕੀਤਾ ਜਾ ਰਿਹਾ ਹੈ। ਦੁੱਖ ਦੀ ਗੱਲ ਹੈ ਕਿ ਜਦੋਂ ਭਾਰਤ ਦਾ ਪਾਕਿਸਤਾਨ ਤੇ ਚੀਨ ਨਾਲ ਪੰਗਾ ਪਿਆ ਤਾਂ ਰਾਫ਼ੇਲ ਖਰੀਦੇ ਪਰ ਯੂਐੱਨਓ ਅੱਗੇ ਸ਼ਿਕਾਇਤ ਨਹੀਂ ਕੀਤੀ।

ਇਹ ਆਦਰਸ਼ ਮੰਨਿਆ ਜਾਂਦਾ ਹੈ ਕਿ ਸੰਸਾਰ ਦੇ ਹਰ ਮੁਲਕ ਵਿਚ ਜਮਹੂਰੀਅਤ ਹੋਵੇ, ਬਾਲਗ ਵੋਟ ਦਾ ਅਧਿਕਾਰ ਹੋਵੇ ਤੇ ਬਹੁ-ਪਾਰਟੀ ਪ੍ਰਣਾਲੀ ਹੋਵੇ। ਇਸ ਮੰਤਵ ਵਾਸਤੇ ਜਮਹੂਰੀਅਤ ਦਾ ਦਾਅਵਾ ਕਰਨ ਵਾਲੇ ਹਰ ਮੁਲਕ ਲਈ ਜ਼ਰੂਰੀ ਹੈ ਕਿ ਕੌਮਾਂਤਰੀ ਪੱਧਰ ਤੇ ਜਮਹੂਰੀ ਰਵੱਈਆ ਅਪਣਾਇਆ ਜਾਵੇ। ਅੱਜ ਤਾਲਿਬਾਨ ਹਕੂਮਤ ਨੂੰ ਤਸਲੀਮ ਕਰਨ ਵਿਰੁੱਧ ਬਹੁਤ ਕੁਝ ਕਿਹਾ ਜਾਂਦਾ ਹੈ ਪਰ ਇਸ ਬਾਰੇ ਹੁਣ ਤੱਕ ਸਥਾਪਤ ਕੌਮਾਂਤਰੀ ਰਵਾਇਤ ਮੁਤਾਬਕ ਸਿਰਫ਼ ਇਕ ਹੀ ਆਧਾਰ ਹੈ ਕਿ ਕੀ ਉਹ ਹਕੂਮਤ ਮੁਲਕ ਉਪਰ ਕਾਬਜ਼ ਹੈ ਕਿ ਨਹੀਂ? ਤਾਲਿਬਾਨ ਸਰਕਾਰ ਅਫ਼ਗਾਨਿਸਤਾਨ ਉਪਰ ਕਾਬਜ਼ ਹੈ, ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ, ਇਸ ਬਾਰੇ ਵੀ ਅਜੇ ਤੱਕ ਕਿਸੇ ਨੂੰ ਸ਼ੰਕਾ ਨਹੀਂ ਕਿ ਇਹ ਲੰਮੀ ਦੇਰ ਕਾਬਜ਼ ਰਹੇਗੀ।

ਜੇ ਤਸਲੀਮ ਕਰਨ ਵਾਸਤੇ ਸ਼ਰਤ ਇਹ ਰੱਖਣੀ ਹੈ ਕਿ ਸਰਕਾਰ ਜਮਹੂਰੀ ਹੋਵੇ, ਔਰਤਾਂ ਦੇ ਹੱਕਾਂ ਦੀ ਹਿਫ਼ਾਜ਼ਤ ਰੱਖਦੀ ਹੋਵੇ, ਘੱਟਗਿਣਤੀ ਪ੍ਰਤੀ ਵਿਤਕਰਾ ਨਾ ਰੱਖੇ ਤਾਂ ਦੁਨੀਆ ਦੀਆਂ ਬਹੁਤੀਆਂ ਹਕੂਮਤਾਂ ਤਸਲੀਮ ਨਹੀਂ ਹੋਣਗੀਆਂ। ਕਿਧਰੇ ਪਿਤਾ ਪੁਰਖੀ ਰਾਜ ਹਨ ਤੇ ਕਿਧਰੇ ਡਿਕਟੇਟਰਸ਼ਿਪ। ਉੱਤਰੀ ਕੋਰੀਆ ਤੇ ਤੀਜੀ ਪੀੜੀ ਰਾਜ ਕਰ ਰਹੀ ਹੈ, ਉਥੇ ਜਮਹੂਰੀਅਤ ਨਹੀਂ ਪਰ ਉਹ ਸਰਕਾਰ ਸਾਰੇ ਸੰਸਾਰ ਵੱਲੋਂ ਮਾਨਤਾ ਪ੍ਰਾਪਤ ਹੈ। ਕਿਸੇ ਮੁਲਕ ਵਿਚ ਕਿਹੋ ਜਿਹਾ ਤੰਤਰ ਹੋਵੇ, ਇਹ ਉਸ ਮੁਲਕ ਦੀ ਹੀ ਮਰਜ਼ੀ ਮੰਨਿਆ ਜਾਂਦਾ ਹੈ। ਜੇ ਕਿਧਰੇ ਜ਼ਾਲਮ ਡਿਕਟੇਟਰਸ਼ਿਪ ਹੈ ਤਾਂ ਇਹ ਵੀ ਉਥੋਂ ਦੇ ਲੋਕਾਂ ਦਾ ਹੀ ਕੰਮ ਹੈ ਕਿ ਉਸ ਨੂੰ ਕਦੋਂ ਤੇ ਕਿਵੇਂ ਬਦਲਣਾ ਹੈ, ਜਾਂ ਨਹੀਂ ਬਦਲਣਾ ਹੈ। ਬਾਹਰੋਂ ਕੋਈ ਹੋਰ ਮੁਲਕ ਫੌਜਾਂ ਲੈ ਕੇ ਉਥੇ ਜਮਹੂਰੀਅਤ ਬਹਾਲ ਨਹੀਂ ਕਰ ਸਕਦਾ ਤੇ ਨਾ ਹੀ ਕਿਸੇ ਨੂੰ ਅਜਿਹਾ ਹੱਕ ਹੈ।

ਬਾਕੀ ਸਫ਼ਾ 28 'ਤੇ

# ਸਮੁੰਦਰੀ ਖ਼ਾਨਾਬਦੋਸ਼ ਬਜਾਊ ਕਬੀਲਾ

**ਸਿਮਰਨਜੀਤ ਕੌਰ**

ਇੰਡੋਨੇਸ਼ੀਆ, ਫਿਲੀਪੀਨਜ਼ ਅਤੇ ਮਲੇਸ਼ੀਆ ਦੇ ਤੱਟਾਂ ਨੇੜੇ ਸਮੁੰਦਰੀ ਖ਼ਾਨਾਬਦੋਸ਼ਾਂ ਦੇ ਤਿੰਨ ਸਮੂਹ ਹਨ: ਓਰੰਗ ਲੌਟ ਕਬੀਲਾ, ਬਜਾਊ ਕਬੀਲਾ ਅਤੇ ਮੋਕਨ ਕਬੀਲਾ। ਇਨਾਂ ਸਮੂਹਾਂ ਵਿਚੋਂ ਸਭ ਤੋਂ ਵੱਡਾ ਸਮੁੰਦਰੀ ਜਿਪਸੀਆਂ ਦਾ ਸਮੂਹ 'ਬਜਾਊ' ਹੈ। ਇਸ ਸਮੇਂ ਘੱਟੋ-ਘੱਟ 100,000 ਦੇ ਕਰੀਬ ਬਜਾਊ ਲੋਕ ਹਨ। ਵਿਕੀਪੀਡੀਆ ਅਨੁਸਾਰ ਇਹ ਗਿਣਤੀ ਇਸ ਤਰਾਂ ਹੈ : ਫਿਲੀਪੀਨਜ਼ 470,000, ਮਲੇਸ਼ੀਆ 436,672, ਇੰਡੋਨੇਸ਼ੀਆ 345,000 ਅਤੇ ਬਰੂਨੇਈ 12,000 ਦੇ ਕਰੀਬ ਹਨ, ਪਰ ਪੂਰੀ ਤਰਾਂ ਅੰਦਾਜ਼ਾ ਲਗਾਉਣਾ ਮੁਸ਼ਕਿਲ ਹੈ ਕਿਉਂਕਿ ਇਨਾਂ ਕੋਲ ਪਛਾਣ ਪੱਤਰ ਜਾਂ ਕੋਈ ਦਸਤਾਵੇਜ਼ ਨਹੀਂ ਹੁੰਦੇ।

ਬਜਾਊ ਕਬੀਲਾ ਰਵਾਇਤੀ ਖ਼ਾਨਾਬਦੋਸ਼ ਅਤੇ ਸਮੁੰਦਰੀ ਯਾਤਰੀਆਂ ਦਾ ਕਬੀਲਾ ਹੈ ਜੋ ਲਗਭਗ 1,000 ਸਾਲਾਂ ਤੋਂ ਇੰਡੋਨੇਸ਼ੀਆ, ਫਿਲੀਪੀਨਜ਼ ਅਤੇ ਮਲੇਸ਼ੀਆ ਦੇ ਤੱਟਾਂ 'ਤੇ ਸ਼ੈੱਲ ਫਿਸ਼ ਇਕੱਠਾ ਕਰਦਿਆਂ ਵੱਸਦਾ ਆ ਰਿਹਾ ਹੈ। ਇਹ ਕਬੀਲਾ ਸਮੁੰਦਰੀ ਖ਼ਾਨਾਬਦੋਸ਼ ਜਾਂ ਸਮੁੰਦਰੀ ਜਿਪਸੀ ਵਜੋਂ ਵੀ ਜਾਣਿਆ ਜਾਂਦਾ ਹੈ। ਇਨਾਂ ਸਮੁੰਦਰੀ ਖ਼ਾਨਾਬਦੋਸ਼ਾਂ ਦੇ ਤਿੰਨ ਵੱਖੋ-ਵੱਖਰੇ ਸਮੂਹ ਹਨ- ਓਰੰਗ ਲੌਟ ਕਬੀਲਾ, ਬਜਾਊ ਕਬੀਲਾ ਅਤੇ ਮੋਕਨ ਕਬੀਲਾ। ਇਨਾਂ ਸਮੂਹਾਂ ਵਿਚੋਂ ਸਭ ਤੋਂ ਵੱਡਾ ਸਮੁੰਦਰੀ ਜਿਪਸੀਆਂ ਦਾ ਸਮੂਹ 'ਬਜਾਊ' ਹੈ। ਉਹ ਕਿਸ਼ਤੀਆਂ 'ਚ ਤੱਟਾਂ 'ਤੇ ਘੁੰਮਦੇ ਅਤੇ ਨਵੇਂ ਪਿੰਡ ਵਸਾਉਂਦੇ ਰਹਿੰਦੇ ਹਨ। ਉਨਾਂ ਦੇ ਪਿੰਡ ਬਹੁਤ ਖ਼ਾਸ ਹੁੰਦੇ ਹਨ ਕਿਉਂਕਿ ਉਹ ਸਮੁੰਦਰ ਦੀ ਸਤਹਿ 'ਤੇ ਬਣਾਏ ਗਏ ਹੁੰਦੇ ਹਨ। ਸਾਡੇ ਭਾਰਤੀ ਸਮਾਜ ਵਾਂਗ ਪਰਿਵਾਰ ਦੀ ਦੇਖਭਾਲ ਕਰਨਾ ਬਜਾਊ ਕਬੀਲੇ 'ਚ ਵੀ ਸਭ ਤੋਂ ਵੱਧ ਜ਼ਰੂਰੀ ਸਮਝਿਆ ਜਾਂਦਾ ਹੈ। ਉਹ ਆਪਣੇ ਬੱਚਿਆਂ ਨੂੰ ਅੱਠ ਸਾਲ ਦੀ ਉਮਰ ਤੋਂ ਹੀ ਤੈਰਨਾ, ਡੂੰਘੀ ਡੁਬਕੀ ਲਾਉਣਾ ਅਤੇ ਮੱਛੀ ਫੜਨਾ ਸਿਖਾ ਦਿੰਦੇ ਹਨ ਤਾਂ ਕਿ ਉਹ ਸਮੁੰਦਰ ਵਿਚ ਗਹਿਰਾਈ ਤੱਕ ਸ਼ਿਕਾਰ ਕਰਨ ਦੇ ਯੋਗ ਬਣ ਸਕਣ।

ਬਜਾਊ ਕਬੀਲੇ ਦੇ ਲੋਕਾਂ ਨੂੰ ਬੇਸ਼ੱਕ ਪੜਨਾ-ਲਿਖਣਾ ਨਹੀਂ ਆਉਂਦਾ ਅਤੇ ਨਾ ਹੀ ਇਹ ਇਸ ਨੂੰ ਪਹਿਲ ਦਿੰਦੇ ਹਨ, ਪਰ ਇਨਾਂ ਲਈ ਸਿੱਖਣਾ ਅਤੇ ਸਿੱਖਦੇ ਰਹਿਣਾ ਬਹੁਤ ਮਾਅਨੇ ਰੱਖਦਾ ਹੈ। ਇਹ ਪੀੜੀ ਦਰ ਪੀੜੀ ਆਪਣੇ ਪੂਰਵਜਾਂ, ਸਮੁੰਦਰ, ਸਮੁੰਦਰੀ ਜੀਵਾਂ ਅਤੇ ਸਮੁੰਦਰੀ ਸਰੋਤਾਂ ਤੋਂ ਪ੍ਰੇਰਿਤ ਹੁੰਦੇ ਰਹਿੰਦੇ ਹਨ। ਇਹ ਕਬੀਲਾ ਸਮੁੰਦਰ ਤੋਂ ਸਿਰਫ਼ ਸਿੱਖਦਾ ਹੀ ਨਹੀਂ ਸਗੋਂ ਸਮੁੰਦਰ ਉੱਤੇ ਰਹਿ ਕੇ ਸਿੱਖਦਾ ਹੈ। ਇਹੀ ਸਿੱਖਿਆ ਇਨਾਂ ਲਈ ਮੁੱਢਲੀ ਅਤੇ ਅੰਤਿਮ ਹੈ। ਇਹ ਸਮੁੰਦਰ ਵਿਚ ਰਹਿ ਕੇ ਜਿਉਂਦੇ ਰਹਿਣਾ ਅਤੇ ਆਪਣੇ ਪਰਿਵਾਰ ਦੀ ਦੇਖਭਾਲ ਕਰਨਾ ਸਿੱਖਦੇ ਹਨ।

ਇਸ ਕਬੀਲੇ ਦੇ ਲੋਕ ਸਮੁੰਦਰੀ ਸਤਹਿ 'ਤੇ ਕੈਬਿਨ ਬਣਾ ਕੇ ਰਹਿੰਦੇ ਹਨ ਜੋ ਹਲਕੀ ਲੱਕੜ ਦੇ ਸਤੰਭਾਂ ਜਾਂ ਕਿਸ਼ਤੀਆਂ 'ਤੇ ਬਣੇ ਹੁੰਦੇ ਹਨ, ਪਰ ਇਹ ਹਮੇਸ਼ਾ ਨਰਮ ਜ਼ਮੀਨ 'ਤੇ ਹੁੰਦੇ ਹਨ ਜੋ ਉਨਾਂ ਦੇ ਪੈਰਾਂ ਹੇਠ ਹੁੰਦੀ ਹੈ।

ਇਨਾਂ ਸਮੁੰਦਰੀ ਖ਼ਾਨਾਬਦੋਸ਼ਾਂ ਦੀ ਇਕ ਖ਼ੂਬੀ ਹੈ ਕਿ ਇਹ ਆਮ ਲੋਕਾਂ ਤੋਂ ਜ਼ਿਆਦਾ ਲੰਮਾ ਸਾਹ ਲੈ ਸਕਦੇ ਹਨ ਜਿਸ ਕਾਰਨ ਇਹ ਸਮੁੰਦਰ ਵਿਚ 40 ਮੀਟਰ ਤੋਂ 70 ਮੀਟਰ ਦੀ ਗਹਿਰਾਈ ਤੱਕ ਜਾ ਕੇ ਆਪਣੇ ਲਈ ਸ਼ਿਕਾਰ ਕਰ ਸਕਦੇ ਹਨ ਅਤੇ 30 ਸਕਿੰਟ ਤੋਂ 10 ਮਿੰਟ ਤੱਕ ਸਾਹ ਰਾਹ ਰੋਕ ਸਕਦੇ ਹਨ। ਇਸ ਜੀਵਨ ਸ਼ੈਲੀ ਦੇ ਜੀਵ ਵਿਗਿਆਨ ਦੇ ਪ੍ਰਭਾਵਾਂ ਦਾ ਅਧਿਐਨ ਕਰਨ ਵਾਲੇ ਵਿਗਿਆਨੀਆਂ ਨੇ ਪਾਇਆ ਕਿ ਇਸ ਕਬੀਲੇ ਦੇ ਲੋਕਾਂ ਦੀ ਤਿੱਲੀ ਸਬੰਧਤ ਖੇਤਰ ਦੇ ਲੋਕਾਂ ਨਾਲੋਂ ਵੱਡੀ ਹੁੰਦੀ ਹੈ। ਵੱਡੀ ਤਿੱਲੀ





ਗੋਤਾਖੋਰੀ ਲਈ ਉਨਾਂ ਦੇ ਖ਼ੂਨ ਵਿਚ ਵਧੇਰੇ ਆਕਸੀਜਨ ਉਪਲੱਬਧ ਕਰਵਾਉਂਦੀ ਹੈ। ਪੇਟ ਕੋਲ ਸਥਿਤ ਮੁੱਠੀ ਦੇ ਆਕਾਰ ਦੀ ਤਿੱਲੀ ਖ਼ੂਨ 'ਚੋਂ ਪੁਰਾਣੇ ਸੈੱਲ ਹਟਾ ਕੇ, ਲੰਮੀ ਡੁਬਕੀ ਦੌਰਾਨ ਜੈਵਿਕ 'ਸਕੂਬਾ ਟੈਂਕ' ਵਜੋਂ ਕੰਮ ਕਰਦੀ ਹੈ। ਇਨਾਂ ਖ਼ਾਨਾਬਦੋਸ਼ਾਂ ਦਾ ਜ਼ਿਕਰ ਇਤਾਲਵੀ ਖੋਜੀ ਐਂਟੋਨੀਓ ਪਿਗਾਫਿਟਾ ਨੇ 1521 ਦੀਆਂ ਲਿਖਤਾਂ ਵਿੱਚ ਵੀ ਕੀਤਾ ਸੀ ਜੋ ਦੁਨੀਆ ਦੀ ਪਰਿਕਰਮਾ ਕਰਨ ਵਾਲੀ ਪਹਿਲੀ ਯਾਤਰਾ ਦਾ ਹਿੱਸਾ ਸੀ। ਬਜਾਊ ਲੋਕ ਆਪਣੇ ਸਾਹ ਰੋਕਣ ਦੀ ਅਸਾਧਾਰਨ ਯੋਗਤਾ ਲਈ ਜਾਣੇ ਜਾਂਦੇ ਹਨ। ਜਦੋਂ ਇਹ ਆਪਣੇ ਰਵਾਇਤੀ ਤਰੀਕੇ ਨਾਲ ਗੋਤਾਖੋਰੀ ਕਰਦੇ ਹਨ ਤਾਂ ਇਹ ਦਿਨ ਵਿਚ ਲਗਾਤਾਰ ਅੱਠ ਘੰਟੇ ਵਾਰ ਵਾਰ ਪਾਣੀ ਅੰਦਰ ਜਾਂਦੇ ਹਨ ਅਤੇ ਆਪਣੀ ਜ਼ਿੰਦਗੀ ਦਾ ਲਗਭਗ 60 ਫ਼ੀਸਦੀ ਹਿੱਸਾ ਪਾਣੀ ਦੇ ਅੰਦਰ ਬਿਤਾਉਂਦੇ ਹਨ। ਇਨਾਂ ਦੀਆਂ ਯੋਗਤਾਵਾਂ ਇਨਾਂ ਦੇ ਤਜ਼ਰਬੇ ਅਤੇ ਸਿਖਲਾਈ ਨਾਲ ਹੀ ਆਖ਼ਰੀ ਰੂਪ ਲੈਂਦੀਆਂ ਹਨ, ਪਰ ਓਤਾਹ ਯੂਨੀਵਰਸਿਟੀ ਦੀ ਖੋਜਾਰਥੀ ਡਾ. ਮੇਲਿਸਾ ਇਲਾਰਡੋ ਨੂੰ ਇਸ ਗੱਲ ਦਾ ਸਬੂਤ ਮਿਲਿਆ ਹੈ ਕਿ ਇਹ ਜੈਨੇਟਿਕ ਤੌਰ 'ਤੇ ਵੀ ਸਮੁੰਦਰੀ ਜੀਵਨ ਦੇ ਅਨੁਕੂਲ ਹਨ। ਇਹ ਪਾਣੀ ਵਿਚ ਓਨੇ ਹੀ ਸਹਿਜ ਹਨ ਜਿੰਨੇ ਆਮ ਲੋਕ ਜ਼ਮੀਨ 'ਤੇ ਹੁੰਦੇ ਹਨ। ਗੋਤਾਖੋਰੀ ਸਮੇਂ ਇਹ ਸਿਰਫ਼ ਸਾਧਾਰਨ ਲੱਕੜੀ ਦਾ ਮਾਸਕ ਜਾਂ ਐਨਕਾਂ ਅਤੇ ਇਕ ਵਜ਼ਨ ਬੈਲਟ ਦਾ ਇਸਤੇਮਾਲ ਕਰਦੇ ਹਨ। ਇਸ ਤੋਂ ਇਲਾਵਾ ਇਹ ਆਕਸੀਜਨ ਸਿਲੰਡਰ ਜਾਂ ਹੋਰ ਸਾਧਨਾਂ ਦਾ ਇਸਤੇਮਾਲ ਨਹੀਂ ਕਰਦੇ।

ਸਮੁੰਦਰੀ ਤੱਟ ਅਤੇ ਅਬਾਦੀ ਤੋਂ ਦੂਰ ਰਹਿਣ ਕਾਰਨ ਇਹ ਖ਼ਾਨਾਬਦੋਸ਼ ਸਮਾਜ ਦੇ ਵੀ ਕਿਨਾਰੇ 'ਤੇ ਰਹਿ ਜਾਂਦੇ ਹਨ ਜਿਸ ਕਾਰਨ ਸਬੰਧਤ ਖੇਤਰ ਦੇ ਲੋਕ ਇਨਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੇ ਹਨ ਅਤੇ ਇਨਾਂ ਬਾਰੇ ਮਨਘੜਤ ਗੱਲਾਂ ਬਣਾ ਰੱਖੀਆਂ ਹਨ। ਜ਼ਮੀਨੀ ਲੋਕ ਇਨਾਂ ਸਮੁੰਦਰੀ ਬਾਸ਼ਿੰਦਿਆਂ 'ਤੇ ਜ਼ਿਆਦਾ ਭਰੋਸਾ ਨਹੀਂ ਕਰਦੇ ਜਿਸ ਕਾਰਨ ਇਨਾਂ ਲੋਕਾਂ ਨੂੰ ਕੁਝ ਭੇਦ-ਭਾਵ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਅਸਲ ਵਿਚ ਇਹ ਮਿਹਨਤੀ ਲੋਕ ਹਨ ਜੋ ਆਪਣੇ ਬਣਾਏ ਘੇਰੇ ਅੰਦਰ ਰਹਿਣਾ ਪਸੰਦ ਕਰਦੇ ਹਨ। ਇਸ ਦਾ ਮਤਲਬ ਇਹ ਬਿਲਕੁਲ ਵੀ ਨਹੀਂ ਕਿ ਇਹ ਆਪਣੇ ਘੇਰੇ ਤੋਂ ਬਾਹਰ ਦੇ ਲੋਕਾਂ ਨੂੰ ਪਸੰਦ ਨਹੀਂ ਕਰਦੇ ਸਗੋਂ ਇਸ ਤੋਂ ਉਲਟ ਇਹ ਉਨਾਂ ਦਾ ਖਿੜੇ ਮੱਥੇ ਸੁਆਗਤ ਕਰਦੇ ਹਨ।

ਇਸ ਤੋਂ ਇਲਾਵਾ ਡਾ. ਇਲਾਰਡੋ ਦੇ ਦੱਸਣ ਮੁਤਾਬਿਕ ਇਨਾਂ ਸਮੁੰਦਰੀ ਖ਼ਾਨਾਬਦੋਸ਼ਾਂ ਦੀ ਰਵਾਇਤੀ ਜੀਵਨ ਸ਼ੈਲੀ ਸਮੇਂ ਦੇ ਨਾਲ ਨਾਲ ਖ਼ਤਮ ਹੁੰਦੀ ਜਾ ਰਹੀ ਹੈ, ਸਬੰਧਿਤ ਖੇਤਰਾਂ ਦੇ ਤੱਟਾਂ ਦੀ ਸਰਕਾਰ ਵੱਖ ਵੱਖ ਸਮਾਗਮਾਂ ਵਿਚ ਸ਼ਾਮਿਲ ਹੋਣ ਲਈ ਇਨਾਂ ਨੂੰ ਜ਼ੋਰ ਦਿੰਦੀ ਹੈ ਅਤੇ ਇਹ ਆਪਣੇ ਕਿਸ਼ਤੀ ਵਾਲੇ ਘਰਾਂ ਨੂੰ ਮਜ਼ਬੂਤੀ ਨਾਲ ਬਰਕਰਾਰ ਰੱਖਣ ਤੋਂ ਅਸਮਰੱਥ ਹਨ ਕਿਉਂਕਿ ਜਿਹੜੇ ਰੁੱਖਾਂ ਦੀ ਹਲਕੀ ਲੱਕੜ ਤੋਂ ਇਹ ਘਰ ਬਣਾਉਂਦੇ ਸਨ,

ਉਹ ਕਈ ਕਾਰਨਾਂ ਕਰਕੇ ਖ਼ਤਮ ਹੁੰਦੀ ਜਾ ਰਹੀ ਹੈ। ਹੁਣ ਇਨਾਂ ਨੂੰ ਭਾਰੀ ਲੱਕੜ ਦੀ ਵਰਤੋਂ ਕਰਨੀ ਪੈਂਦੀ ਹੈ। ਉਸ ਦੇ ਨਾਲ ਮੋਟਰ ਅਤੇ ਗੈਸ ਜਿਹਾ ਕੁਝ ਵੀ ਹੋ ਸਕਦਾ ਹੈ ਜੋ ਉਨਾਂ ਨੂੰ ਬਹੁਤ ਮਹਿੰਗਾ ਪੈਂਦਾ ਹੈ। ਇਹ ਹੌਲੀ ਹੌਲੀ ਧਰਤੀ ਨਾਲ ਜੁੜ ਰਹੇ ਹਨ, ਪਰ ਹਾਲੇ ਵੀ ਕੁਝ ਲੋਕ ਸਮੁੰਦਰ ਜਾਂ ਆਪਣੀਆਂ ਜੜਾਂ ਨਾਲ ਜੁੜੇ ਰਹਿਣ ਦੀ ਕੋਸ਼ਿਸ਼ ਵਿਚ ਬਾਂਸ ਜਿਹੀ ਹਲਕੀ ਲੱਕੜ 'ਤੇ ਘਰ ਬਣਾਉਂਦੇ ਹਨ।

# .ਗ਼ਫ਼ੂਰ ਸੀ ਉਸਦਾ ਨਾਉਂ

ਭਾਗ 1



ਦਲੀਪ ਕੌਰ ਟਿਵਾਣਾ

ਹਰ ਵਾਰੀ ਛੁੱਟੀਆਂ ਵਿੱਚ ਸਾਡਾ ਪਰਿਵਾਰ ਪਿੰਡ ਮਾਂ ਜੀ ਅਤੇ ਬਾਬਾ ਜੀ ਕੋਲ ਜਾਂਦਾ ਤਾਂ ਗਿਆਰਾਂ-ਬਾਰਾਂ ਸਾਲਾਂ ਦੇ ਮਾੜੂਏ ਜਿਹੇ ਗ਼ਫ਼ੂਰ ਨੂੰ ਚਾਅ ਚੜ ਜਾਂਦਾ। ਨਿੱਕੇ-ਮੋਟੇ ਕੰਮਾਂ ਲਈ ਬਾਬਾ ਜੀ ਨੇ ਮੰਡੀਆਂ ਪਿੰਡ ਦੇ ਅਰਾਈਆਂ ਦੇ ਮੁੰਡੇ ਨੂੰ ਨੌਕਰ ਰੱਖ ਲਿਆ ਸੀ। ਉਂਜ ਤਾਂ ਸਾਈਂ ਨਾਂ ਦਾ ਇੱਕ ਬੁੱਢਾ ਪਹਿਲਾਂ ਹੀ ਘਰ ਦੇ ਕੰਮਾਂ ਲਈ ਰੱਖਿਆ ਹੋਇਆ ਸੀ। ਜ਼ਮੀਨ ਤਾਂ ਸਾਰੀ ਠੇਕੇ 'ਤੇ ਦਿੱਤੀ ਹੋਈ ਸੀ। ਇਸ ਲਈ ਘਰ ਦੇ ਕੰਮ ਮੱਝਾਂ ਜਾਂ ਘੋੜੀ ਲਈ ਪੱਠੇ ਲਿਆਉਣੇ, ਉਨਾਂ ਨੂੰ ਅੰਦਰ ਬਾਹਰ ਲੈ ਆਉਣਾ, ਉਨਾਂ ਲਈ ਹਰਾ ਚਾਰਾ ਅਤੇ ਤੂੜੀ ਪਾਉਣੀ, ਸੰਨੀ ਰਲਾਉਣੀ, ਉਨਾਂ ਹੇਠਲੇ ਗਿੱਲੇ ਸੁੱਕੇ ਥਾਂ ਦਾ ਖ਼ਿਆਲ ਕਰਨਾ ਸਾਈਂ ਦਾ ਕੰਮ ਸੀ। ਸਾਈਂ ਨੂੰ ਆਮ ਕਰਕੇ ਪਿੰਡ ਵਿੱਚ ਕੋਈ ਸੀਰੀ ਨਹੀਂ ਸੀ ਰਲਾਉਂਦਾ। ਇੱਕ ਤਾਂ ਉਹ ਬੁੱਢਾ ਹੋ ਗਿਆ ਸੀ ਤੇ ਦੂਜਾ ਹਰ ਕੰਮ ਲਈ ਜਿੱਲਾ ਸੀ। ਸਭ ਤੋਂ ਵੱਡੀ ਗੱਲ ਉਹ ਰੋਟੀ ਬਹੁਤ ਖਾਂਦਾ ਸੀ। ਵੀਹ ਰੋਟੀਆਂ, ਬਾਟਾ ਦਾਲ ਦਾ, ਡਲਾ ਗੁੜ ਦਾ ਤੇ ਡੋਲੂ ਲੱਸੀ ਦਾ ਉਹ ਆਰਾਮ ਨਾਲ ਖਾ-ਪੀ ਲੈਂਦਾ ਸੀ। ਮਾਂ ਜੀ ਉਸਨੂੰ ਆਖਦੇ ਕਿ ਸਾਈਂ ਰੋਟੀ ਲੈ ਲੈ ਤਾਂ ਉਹ ਆਖਦਾ ਕਿ ਟੱਬਰ ਟੀਹਰ ਨੂੰ ਖਾ ਲੈਣ ਦਿਓ ਮੈਂ ਕਿਹੜਾ ਭੱਜਿਆ ਜਾਂਦਾ। ਅਸਲ ਵਿੱਚ ਉਹਦਾ ਮਤਲਬ ਹੁੰਦਾ ਸੀ ਕਿ ਵੀਹ ਰੋਟੀਆਂ ਤਾਂ ਮੇਰੇ ਲਈ ਬਣੀਆਂ ਹੋਣਗੀਆਂ। ਜੇ ਇੱਕ ਦੋ ਟੱਬਰ ਦੇ ਖਾ ਜਾਣ ਮਗਰੋਂ ਵੀ ਬਚ ਗਈਆਂ ਤਾਂ ਉਹ ਵੀ ਖਾਣ ਨੂੰ ਮਿਲ ਜਾਣਗੀਆਂ।

ਇੱਕ ਵਾਰ ਮਾਂ ਜੀ ਨੇ ਕਿਹਾ, 'ਵੇ ਸਾਈਂ ਤੇਰਾ ਢਿੱਡ ਐ ਕਿ ਟੋਆ। ਸੁਣਿਐ ਤੂੰ ਪੀਪਾ ਰਸ ਦਾ ਇੱਕੋ ਵਾਰੀ ਪੀ ਜਾਨੈਂ।' ਪਲ ਕੁ ਭਰ ਮਾਂ ਜੀ ਦੇ ਮੂੰਹ ਵੱਲ ਦੇਖ ਸਾਈਂ ਬੋਲਿਆ, 'ਮਾਂ ਜੀ, ਮੈਂ ਤਾਂ ਜਿਵੇਂ ਜਨਮਾਂ ਜਨਮਾਂਤਰਾਂ ਦਾ ਭੁੱਖਾ ਹੋਵਾਂ।'

ਇਹ ਸੁਣ ਕੇ ਮਾਂ ਜੀ ਨੂੰ ਉਸ ਉਪਰ ਤਰਸ ਆ ਗਿਆ। ਉਹ ਕਹਿਣ ਲੱਗੇ, 'ਤੂੰ ਸਾਈਂ ਰੱਜ ਕੇ ਰੋਟੀ ਖਾ ਲਿਆ ਕਰ। ਖਬਰੇ ਰੱਬ ਕੀਹਦੇ ਭਾਗਾਂ ਦਾ ਦਿੰਦੈ।' ਨਿੱਕਾ ਜਿਹਾ ਗ਼ਫ਼ੂਰ ਕੋਠੇ 'ਤੇ ਰਾਤ ਵੇਲੇ ਉਸਦੀ ਮੰਜੀ 'ਤੇ ਬੈਠ ਕੇ ਪੁੱਛਦਾ, 'ਸਾਈਂ, ਤੇਰਾ ਅੱਬਾ ਵੀ ਸੀਗਾ ?' ਸਾਈਂ ਆਖਦਾ, 'ਹੋਰ ਮੈਂ ਅਸਮਾਨੋਂ ਡਿੱਗਿਆ ਸੀ ?' 'ਹੁਣ ਤੇਰਾ ਅੱਬਾ ਕਿੱਥੇ ਐ ?' ਗ਼ਫ਼ੂਰ ਪੁੱਛਦਾ। ਸਾਈਂ ਆਖਦਾ, 'ਹੁਣ ਉਹ ਰੱਬ ਕੋਲ ਐ ਅਸਮਾਨ 'ਤੇ।'

ਗ਼ਫ਼ੂਰ ਨੂੰ ਉਸ ਦੀ ਗੱਲ ਦੀ ਸਮਝ ਨਹੀਂ ਲੱਗੀ। ਉਹ ਪੁੱਛਦਾ, 'ਫੇਰ ਉਹ ਤੈਨੂੰ ਮਿਲਣ ਕਿਉਂ ਨਹੀਂ ਆਉਂਦਾ ?' ਸਾਈਂ ਨੇ ਕਿਹਾ, 'ਹੁਣ ਤਾਂ ਮੈਂ ਹੀ ਉਹਦੇ ਕੋਲ ਜਾਊਂਗਾ।' ਗ਼ਫ਼ੂਰ ਨੇ ਹੈਰਾਨ ਹੋ ਕੇ ਪੁੱਛਿਆ, 'ਤੂੰ ਅਸਮਾਨ 'ਤੇ ਜਾਏਂਗਾ ਕਿਵੇਂ ? ਏਡੀ ਵੱਡੀ ਤਾਂ ਪੌੜੀ ਹੀ ਨਈਂ ਹੁੰਦੀ।'

ਸਾਈਂ ਉਸਨੂੰ ਸਮਝਾਉਣ ਲੱਗਾ, 'ਜਦੋਂ ਬੰਦਾ ਮਰ ਜਾਂਦਾ ਐ ਤਾਂ ਉਸ ਨੂੰ ਦੱਬ ਦਿੰਦੇ ਨੇ, ਪਰ ਉਸਦੇ ਅੰਦਰ ਜਿਹੜਾ ਹਵਾ ਦਾ ਬਣਿਆ ਬੰਦਾ ਹੁੰਦਾ ਐ ਉਹ ਬੰਦੇ ਦੇ ਮਰਦਿਆਂ ਸਾਰ ਹੀ ਨਿਕਲ ਕੇ ਰੱਬ ਵੱਲ ਅਸਮਾਨ ਵੱਲ ਉੱਡ ਜਾਂਦੈ ਤੇ ਦੂਜੀ ਦੁਨੀਆਂ ਵਿੱਚ ਜਾ ਕੇ ਆਪਣੇ ਘਰਦਿਆਂ ਨੂੰ ਲੱਭ ਲੈਂਦਾ ਐ।'

ਸਾਈਂ ਦੀ ਇਹ ਗੱਲ ਗ਼ਫ਼ੂਰ ਨੂੰ ਸਮਝ ਨਾ ਲੱਗੀ। ਪਰ ਉਸ ਨੂੰ ਇਹ ਗੱਲ ਚੰਗੀ ਲੱਗੀ ਕਿ ਇੱਥੋਂ ਵਾਲੇ ਸਾਰੇ ਲੋਕ ਮਰਨ ਮਗਰੋਂ ਅਸਮਾਨ ਵਿੱਚ ਜਾ ਕੇ ਰਹਿੰਦੇ ਨੇ। ਉਸਨੂੰ ਖਿਆਲ ਆਇਆ ਕਿ ਮੇਰੀ ਨਿੱਕੀ ਭੈਣ ਆਇਸ਼ਾਂ ਮਰ ਗਈ ਸੀ ਉਹ ਵੀ ਉਪਰ ਅਸਮਾਨ 'ਤੇ ਰਹਿੰਦੀ ਹੋਊ। ਹੁਣ ਤਾਂ ਕਾਫ਼ੀ ਵੱਡੀ ਵੀ ਹੋ ਗਈ ਹੋਵੇਗੀ। ਹੋ ਸਕਦੈ ਉੱਤੇ ਬੈਠੀ ਮੈਨੂੰ ਦੇਖਦੀ ਵੀ ਹੋਵੇ। ਇਹ ਸੋਚਦਿਆਂ ਉਸ ਨੇ ਸਾਈਂ ਨੂੰ ਪੁੱਛਿਆ, 'ਸਾਈਂ, ਜਦ ਤੂੰ ਮਰ ਕੇ ਅਸਮਾਨ 'ਤੇ ਚਲਿਆ ਗਿਆ ਤਾਂ ਸਾਨੂੰ ਮਿਲਣ ਤਾਂ ਆਇਆ ਕਰੇਂਗਾ ਨਾ ?'

ਸਾਈਂ ਨੇ ਕਿਹਾ, 'ਜੇ ਮੈਂ ਆਵਾਂ ਵੀ ਤਾਂ ਵੀ ਤੂੰ ਮੈਨੂੰ ਹਵਾ ਦੇ ਬਣੇ ਨੂੰ ਸਿਆਣ ਹੀ ਨਹੀਂ ਸਕਣਾ।'

ਇਹ ਸੁਣ ਕੇ ਗ਼ਫ਼ੂਰ ਚੁੱਪ ਕਰ ਗਿਆ।

ਸਾਡੇ ਪਿੰਡ ਗਿਆਂ ਤੋਂ ਗ਼ਫ਼ੂਰ ਬਹੁਤ ਹੀ ਖ਼ੁਸ਼ ਹੋ ਜਾਂਦਾ ਸੀ। ਖ਼ਾਸਕਰ ਬੀਰੇ ਸੁਖਜੀਤ ਨਾਲ ਖੇਡਣਾ ਉਸਨੂੰ ਚੰਗਾ ਲੱਗਦਾ। ਬੇਜੀ ਉਸ ਲਈ ਕੋਈ ਨਾ ਕੋਈ ਚੀਜ਼ ਜ਼ਰੂਰ ਲੈ ਕੇ ਜਾਂਦੇ। ਕਦੇ ਕੋਈ ਤਸਵੀਰਾਂ ਵਾਲੀ ਕਿਤਾਬ, ਕਦੇ ਰੰਗ-ਬਿਰੰਗੇ ਬੰਟੇ, ਕਦੇ ਸਵੈਟਰ, ਖੰਡ ਖੇਲਣੇ ਹਰ ਵਾਰੀ ਉਹ ਲੈ ਕੇ ਜਾਂਦੇ ਸਨ। ਪਿੰਡ ਦੇ ਜੁਆਕਾਂ ਨੂੰ ਉਹ ਆਪਣੀਆਂ ਚੀਜ਼ਾਂ ਦਿਖਾ ਕੇ ਸ਼ਾਨ ਮਾਰਦਾ। ਦੇਖਣ ਵਾਲੀ ਗੱਲ ਤਾਂ ਉਦੋਂ ਹੁੰਦੀ ਜਦੋਂ ਉਹ ਜੁਆਕਾਂ ਨੂੰ ਘੂਰਦਾ ਤੇ ਉਨਾਂ ਨਾਲ ਲੜਦਾ ਕਿ ਸਾਡੀ ਕਾਰ ਨੂੰ ਹੱਥ ਲਾ ਲਾ ਕੇ ਕਿਉਂ ਵੇਖਦੇ ਓ। ਉਹ ਉਨਾਂ ਨੂੰ ਦੱਸਦਾ ਕਿ ਸਾਡੇ ਪਟਿਆਲੇ ਆਲਿਆਂ ਕੋਲ ਜਿਹੜੀ ਕਾਰ ਐ ਓਸ ਵਰਗੀ ਕਾਰ ਕਿਸੇ ਕੋਲ ਵੀ ਨਹੀਂ।

ਮਾਂ ਜੀ ਨੇ ਦੱਸਿਆ ਕਿ ਗ਼ਫ਼ੂਰ ਬੜੇ ਉਲਾਂਭੇ ਲਿਆਉਂਦੈ। ਮਜਾਲ ਐ ਕੋਈ ਬਾਬਾ ਜੀ ਨੂੰ ਬੁੜਾ ਆਖ ਦੇਵੇ ਗ਼ਫ਼ੂਰ ਦੇ ਸਾਹਮਣੇ। ਉਹ ਆਖਦਾ ਸੀ ਕਿ ਸਾਡਾ ਬਾਬਾ ਜੀ ਤਾਂ ਸਰਦਾਰ ਐ ਸਰਦਾਰ।

ਸਾਡੇ ਚੁਬਾਰਿਆਂ ਵਰਗੇ ਚੁਬਾਰੇ ਪਿੰਡ ਵਿੱਚ ਕਿਸੇ ਦੇ ਨਹੀਂ ਸਨ। ਚੁਬਾਰਿਆਂ ਤੇ ਦਰਵਾਜ਼ਿਆਂ ਉਪਰ ਰੰਗ-ਬਿਰੰਗੇ ਸ਼ੀਸ਼ਿਆਂ ਦੀਆਂ ਟੁਕੜੀਆਂ ਲੱਗੀਆਂ ਹੋਈਆਂ ਸਨ। ਚੁਬਾਰਿਆਂ ਵਿੱਚ ਟੋਕਰੇ ਜਿੱਡੇ ਜਿੱਡੇ ਬਲੌਰਾਂ ਦੇ ਛਾਬੇ ਲਟਕ ਰਹੇ ਸਨ। ਉੱਥੇ ਪਤਾ ਨਹੀਂ ਕੀਹਦੀਆਂ ਕੀਹਦੀਆਂ ਤਸਵੀਰਾਂ ਫਰੇਮ ਕਰਕੇ ਰੱਖੀਆਂ ਹੋਈਆਂ ਸਨ। ਉੱਥੇ ਇੱਕ ਚੁਬਾਰੇ ਵਿੱਚ ਧੂ-ਧੂ ਵਾਲੀ ਗਰਾਮੋਫੋਨ ਵੀ ਸੀ ਜਿਸ ਉਪਰ ਜਦੋਂ ਰਿਕਾਰਡ ਵੱਜਦਾ ਤਾਂ ਗ਼ਫ਼ੂਰ ਹੈਰਾਨ ਹੋ ਹੋ ਸੋਚਦਾ ਕਿ ਇਹ ਧੂ-ਧੂ ਅੰਦਰ ਕਿਵੇਂ ਚਲੀ ਗਈ ਜਿਹੜੀ ਗਾਉਂਦੀ ਵੀ ਐ। ਉਹ ਤੀਵੀਂ ਖ਼ਬਰੇ ਕਿਸੇ ਜਾਦੂਗਰਨੀ ਨੇ ਨਿੱਕੀ ਜਿਹੀ ਕੁੜੀ ਬਣਾ ਕੇ ਬਿਠਾ ਦਿੱਤੀ ਹੋਵੇ। ਕਦੇ ਕਦੇ ਉਹ ਜਦੋਂ ਚੁਬਾਰੇ ਵਿੱਚ ਇਕੱਲਾ ਹੁੰਦਾ ਤਾਂ ਉਹ ਧੂ-ਧੂ ਵਿੱਚ ਮੂੰਹ ਦੇ ਕੇ ਆਖਦਾ ਕਿ ਤੂੰ ਧੂ-ਧੂ ਵਿੱਚੋਂ ਬਾਹਰ ਨਿਕਲ ਆ, ਬਾਬਾ ਜੀ ਤੈਨੂੰ ਸੰਤਾਂ ਕੋਲ ਲੈ ਜਾਣਗੇ। ਉਹ ਇਹ ਵੀ ਆਖਦਾ ਕਿ ਬਾਬੇ ਦੇ ਡੇਰੇ ਨੂੰ ਜਾਂਦੇ ਰਾਹ ਉੱਤੇ ਇੱਕ ਫਨੀਅਰ ਆ ਬੈਠਾ ਸੀ। ਉਹ ਕਿਸੇ ਤੋਂ ਨਹੀਂ ਸੀ ਡਰਦਾ ਸਗੋਂ ਲੋਕ ਡਰਨ ਲੱਗੇ। ਕਿਸੇ ਨੇ ਬਾਬੇ ਨੂੰ ਦੱਸਿਆ ਤਾਂ ਬਾਬੇ ਨੇ ਪਿੰਡੋਂ ਚੱਪਣ ਵਾਲਾ ਘੜਾ ਮੰਗਵਾਇਆ ਤੇ ਘੜਾ ਲੈ ਕੇ ਕੁਝ ਵਿੱਥ 'ਤੇ ਇਸ ਨੂੰ ਰੱਖ ਕੇ ਸੱਪ ਨੂੰ ਆਖਣ ਲੱਗਿਆ ਕਿ ਏਥੇ ਤੈਨੂੰ ਕੋਈ ਜੱਟ ਮਾਰ ਦੇਊਗਾ। ਰਾਹ ਵਿੱਚ ਕਾਹਦੇ ਲਈ ਬੈਠੈਂ। ਅੰਦਰ ਝਿੜੀ ਵਿੱਚ ਚੱਲ। ਇਹ ਆਖ ਕੇ ਉਹਨੇ ਜਾ ਕੇ ਸੱਪ ਨੂੰ ਗਲੋਂ ਫੜਿਆ ਤੇ ਘੜੇ ਵਿੱਚ ਪਾ ਲਿਆ ਤੇ ਉਪਰੋਂ ਚੱਪਣ ਲਾ ਦਿੱਤਾ ਤੇ ਘੜਾ ਝਿੜੀ 'ਚ ਲੈ ਆਂਦਾ। ਉੱਥੇ ਲਿਆ ਕੇ ਬਾਬੇ ਨੇ ਝਾੜੀਆਂ ਕੋਲ ਲਿਜਾ ਕੇ ਘੜਾ ਰੱਖ ਦਿੱਤਾ। ਘੜੇ ਤੋਂ ਚੱਪਣ ਚੁੱਕ ਦਿੱਤਾ। ਆਰਾਮ ਨਾਲ ਘੜੇ ਵਿੱਚੋਂ ਬਾਹਰ ਨਿਕਲ ਕੇ ਸੱਪ ਝਿੜੀ ਵਿਚਲੇ ਟੋਭੇ ਵਿੱਚ ਚਲਿਆ ਗਿਆ। ਹੁਣ ਵੀ ਲੋਕ ਆਖਦੇ ਨੇ ਡੇਰੇ ਵਿੱਚ ਫਿਰਦਾ ਰਹਿੰਦੈ, ਪਰ ਆਖਦਾ ਕਿਸੇ ਨੂੰ ਕੁਝ ਵੀ ਨਈਂ। ਪਰ ਧੂ-ਧੂ ਵਿਚਲੀ ਕੁੜੀ ਉਸਦੀ ਗੱਲ ਦਾ ਜਵਾਬ ਨਹੀਂ ਸੀ ਦਿੰਦੀ।

ਇਸ ਵਾਰੀ ਜਦੋਂ ਅਸੀਂ ਪਟਿਆਲੇ ਨੂੰ ਆਉਣਾ ਸੀ ਤਾਂ ਉਹ ਕਹਿਣ ਲੱਗਾ ਕਿ ਬੀਬਾ ਜੀ ਐਂਤਕੀ ਜਦੋਂ ਆਓਗੇ ਤਾਂ ਪਟਿਆਲੇ ਤੋਂ ਮੇਰੇ ਲਈ ਖੇਡਣ ਵਾਲੇ ਅਖਰੋਟ ਵੀ ਲਿਆਉਣਾ। ਜਦੋਂ ਕਾਰ ਵਿੱਚ ਬੈਠ ਕੇ ਅਸੀਂ ਸਾਰੇ ਪਟਿਆਲੇ ਨੂੰ ਆਉਂਦੇ ਤਾਂ ਉਹ ਮਗਰ ਖੜਾ ਦੂਰ ਤਕ ਕਾਰ ਨੂੰ ਜਾਂਦਿਆਂ ਦੇਖਦਾ ਰਹਿੰਦਾ।

ਸਾਨੂੰ ਪਿੰਡੋਂ ਆਇਆਂ ਨੂੰ ਤਿੰਨ ਚਾਰ ਮਹੀਨੇ ਹੀ ਹੋਏ ਸਨ ਜਦੋਂ ਪਤਾ ਲੱਗਿਆ ਕਿ ਬਾਬਾ ਜੀ ਬਿਮਾਰ ਹੋ ਗਏ। ਅਸੀਂ ਅਗਲੇ ਹੀ ਦਿਨ ਪਿੰਡ ਜਾਣ ਦੀ ਤਿਆਰੀ ਕਰ ਲਈ। ਜਾਣ ਤੋਂ ਪਹਿਲਾਂ ਮੈਂ ਬੇਜੀ ਨਾਲ ਬਾਜ਼ਾਰ ਜਾ ਕੇ ਗ਼ਫ਼ੂਰ ਲਈ ਕਾਫ਼ੀ ਸਾਰੇ ਬੰਟੇ ਖਰੀਦੇ ਤੇ ਖੇਡਣ ਵਾਲੇ ਅਖਰੋਟ ਵੀ ਤੇ ਬਾਂਹ 'ਤੇ ਬੰਨਣ ਵਾਲੀ ਨਕਲੀ ਘੜੀ ਵੀ ਖਰੀਦੀ। ਹੋਰ ਤਾਂ ਮੈਨੂੰ ਪਤਾ ਨਹੀਂ ਸੀ ਲੱਗਿਆ ਉਸ ਲਈ ਹੋਰ ਕੀ ਲੈ ਕੇ ਜਾਵਾਂ। ਮੈਂ ਵੀ ਤਾਂ ਉਸ ਦੇ ਜਿੱਡੀ ਹੀ ਸੀ ਦਸ ਗਿਆਰਾਂ ਸਾਲ ਦੀ।

ਜਦ ਅਸੀਂ ਪਿੰਡ ਗਏ ਬਾਬਾ ਜੀ ਨੂੰ ਕਾਫ਼ੀ ਆਰਾਮ ਸੀ। ਸੰਤਾ ਨਾਈ ਜੋ ਨਾਈ ਦੇ ਕੰਮ ਦੇ ਨਾਲ ਨਾਲ ਦਵਾ-ਦਾਰੂ ਦਾ ਕੰਮ ਵੀ ਕਰਦਾ ਸੀ, ਮਾਲੇਰਕੋਟਲੇ ਜਾ ਕੇ ਸਰਕਾਰੀ ਹਸਪਤਾਲ ਦੇ ਡਾਕਟਰ ਤੋਂ ਪੁੱਛ ਕੇ ਦਵਾਈਆਂ ਲੈ ਆਇਆ ਸੀ। ਗ਼ਫ਼ੂਰ ਨੂੰ ਜਦੋਂ ਮੈਂ ਬੰਟੇ, ਅਖਰੋਟ ਤੇ ਘੜੀ ਲਿਆ ਕੇ ਦਿੱਤੇ ਉਸ ਤੋਂ ਖ਼ੁਸ਼ੀ ਸਾਂਭੀ ਨਹੀਂ ਸੀ ਜਾਂਦੀ। ਆਪਣੀ ਬਾਂਹ 'ਤੇ ਘੜੀ ਬੰਨ ਸਭ ਨੂੰ ਦਿਖਾਉਂਦਾ ਫਿਰਦਾ ਸੀ। ਆਥਣੇ ਉਹ ਅਖਰੋਟ ਤੇ ਬੰਟੇ ਵੀ ਮੁੰਡਿਆਂ ਨੂੰ ਦਿਖਾਉਣ ਚਲਿਆ ਗਿਆ।

ਆਥਣੇ ਮਾਂ ਜੀ ਨੇ ਕਿਹਾ ਕਿ ਚਾਬੀ ਲੈ ਜੋ। ਵੱਡਾ ਚੁਬਾਰਾ ਖੋਲ ਕੇ ਵਿੱਚੋਂ ਬੇਰ ਕੱਢ ਲਿਆਓ। ਬਾਹਰ ਤਾਂ ਚੁਬਾਰੇ ਨੂੰ ਜਿੰਦਰਾ ਲੱਗਾ ਹੋਇਆ ਸੀ, ਪਰ ਅੰਦਰੋਂ ਇੱਕ ਸੀਖਾਂ ਵਾਲੀ ਬਾਰੀ ਗ਼ਫ਼ੂਰ ਨੇ ਖੁੱਲੀ ਰੱਖ ਲਈ ਸੀ। ਬਾਹਰੋਂ ਗ਼ਫ਼ੂਰ ਜਦੋਂ ਬੇਰ ਲਿਆਉਂਦਾ ਤਾਂ ਮਿੱਠੇ ਮਿੱਠੇ ਬੇਰ ਕੱਢ ਕੇ ਬਾਰੀ ਵਿੱਚ ਦੀ ਅੰਦਰ ਚੁਬਾਰੇ ਵਿੱਚ ਸੁੱਟ ਆਉਂਦਾ। ਆਖਦਾ ਸੀ ਕਿ ਜਦੋਂ ਸਾਡੇ ਪਟਿਆਲੇ ਵਾਲੇ ਆਉਣਗੇ ਉਨਾਂ ਨੂੰ ਦਿਆਂਗਾ। ਰੁੜ ਜਾਣਾ ਉਲਾਂਭੇ ਵੀ ਬੜੇ ਲਿਆਉਂਦਾ। ਨਿਆਈਂ ਵਾਲੇ ਖੇਤ ਵਿੱਚੋਂ ਮਜਾਲ ਐ ਕੋਈ ਸਾਗ ਤੋੜ ਕੇ ਲੈ ਜਾਵੇ ਜਾਂ ਮਜਾਲ ਐ ਕੋਈ ਹਵੇਲੀ ਦੀਆਂ ਪੌੜੀਆਂ 'ਤੇ ਚੜ ਕੇ ਬੈਠ ਹੀ ਜਾਵੇ। ਘੋੜੀ ਨੂੰ ਜਦੋਂ ਪਾਣੀ ਪਿਆਉਣ ਲਈ ਲੈ ਕੇ ਜਾਣਾ ਤਾਂ ਉੱਥੇ ਜੇ ਕੋਈ ਤੀਵੀਂ ਕੱਪੜੇ ਧੋ ਰਹੀ ਹੁੰਦੀ ਤਾਂ ਆਖਦਾ ਕਿ ਬੀਬੀ ਸਾਡੀ ਘੋੜੀ 'ਤੇ ਮੈਲੇ ਛਿੱਟੇ ਨਾ ਪਾ। ਜੇ ਕੋਈ ਉਸਦਾ ਕਹਿਣਾ ਨਾ ਮੰਨਦੀ ਤਾਂ ਅਗਲੀ ਦਾ ਧੋਤਾ ਕੱਪੜਾ ਚੁੱਕ ਕੇ ਉਸੇ ਨਾਲ ਹੀ ਘੋੜੀ ਦਾ ਪਿੰਡਾ ਪੂੰਝਣ ਲੱਗ ਪੈਂਦਾ। ਅਗਲੀ ਬਥੇਰੀਆਂ ਗਾਲਾਂ ਦਿੰਦੀ।

ਸਵੇਰੇ ਸਵੇਰੇ ਜਦੋਂ ਮਾਂ ਜੀ ਦੁੱਧ ਰਿੜਕਦੇ ਤਾਂ ਲਾਗੀਆਂ ਤੱਥੀਆਂ ਦੇ ਜੁਆਕ ਆਪੋ ਆਪਣਾ ਭਾਂਡਾ ਲੈ ਕੇ ਲੱਸੀ ਲੈਣ ਆ ਜਾਂਦੇ। ਮਾਂ ਜੀ ਤੋਂ ਡੋਲੂ ਫੜ ਉਹ ਆਪ ਉਨਾਂ ਦੇ ਭਾਂਡਿਆਂ ਵਿੱਚ ਲੱਸੀ ਪਾਉਂਦਾ ਤੇ ਨਾਲ ਹੀ ਮੱਤਾਂ ਦੇਣ ਲੱਗ ਪੈਂਦਾ। ਕਿਸੇ ਨੂੰ ਆਖਦਾ ਕਿ ਕੱਲ ਜੇ ਸਾਡੇ ਘਰ ਲੱਸੀ ਨੂੰ ਆਉਣਾ ਐ ਤਾਂ ਮੈਲਾ ਝੱਗਾ ਪਾ ਕੇ ਨਾ ਆਈਂ। ਕਿਸੇ ਨੂੰ ਆਖਦਾ ਕਿ ਛੋਟਾ ਭਾਂਡਾ ਲਿਆਇਆ ਕਰ, ਸਾਰੀ ਲੱਸੀ ਤੈਨੂੰ ਤਾਂ ਨਹੀਂ ਦੇ ਦੇਣੀ।

ਇੱਕ ਦਿਨ ਮੈਂ ਗ਼ਫ਼ੂਰ ਨੂੰ ਪੁੱਛਿਆ, 'ਗ਼ਫ਼ੂਰ, ਤੈਨੂੰ ਤੇਰੀ ਅੰਮੀ ਤੇ ਅੱਬਾ ਯਾਦ ਨਹੀਂ ਆਉਂਦੇ।' ਇਹ ਸੁਣ ਕੇ ਉਹ ਚੁੱਪ ਕਰ ਜਿਹਾ ਗਿਆ। ਫੇਰ ਆਖਣ ਲੱਗਿਆ, 'ਮੇਰੀ ਇੱਕ ਛੋਟੀ ਭੈਣ ਵੀ ਸੀ। ਉਸਨੂੰ ਤਾਪ ਚੜ ਗਿਆ ਸੀ। ਦੋ ਵਾਰੀ ਅੱਬਾ ਕਿਸੇ ਤੋਂ ਪੈਸੇ ਮੰਗ ਕੇ ਮਲੇਰਕੋਟਲੇ ਤੋਂ ਦਵਾਈ ਲੈ ਆਇਆ। ਫਿਰ ਉਸਦੇ ਕੋਲ ਦਵਾਈ ਲਈ ਪੈਸੇ ਨਹੀਂ ਸਨ। ਫਿਰ ਇੱਕ ਦਿਨ ਉਹ ਮਰ ਗਈ। ਉਸਨੂੰ ਅੱਬਾ ਖੱਦਰ ਦੇ ਕੋਰੇ ਕੱਪੜੇ 'ਚ ਲਪੇਟ ਕੇ ਕਬਰਾਂ ਵਿੱਚ ਦਫ਼ਨਾ ਆਇਆ ਸੀ। ਅੰਮੀ ਬੜੀ ਰੋਂਦੀ ਹੁੰਦੀ ਸੀ। ਸਾਡੇ ਇੱਕ ਮੱਝ ਹੁੰਦੀ ਸੀ ਜੀਹਦਾ ਦੁੱਧ ਵੀ ਪੀਂਦੇ ਹੁੰਦੇ ਸੀ। ਦੁੱਧ ਵੇਚ ਕੇ ਅੰਮੀ ਹੱਟੀ ਤੋਂ ਸੌਦਾ ਲਿਆਉਂਦੀ ਹੁੰਦੀ ਸੀ। ਫਿਰ ਸਾਡੀ ਮੱਝ ਨੂੰ ਕਿਸੇ ਨੇ ਸੂਈ ਖੁਆ ਦਿੱਤੀ ਤਾਂ ਜੋ ਮੱਝ ਮਰ ਜਾਵੇ। ਅੱਬਾ ਲੈ ਕੇ ਵੀ ਗਿਆ ਦੂਰ ਪਿੰਡ ਵਿੱਚ ਜਿੱਥੇ ਦੀ ਇੱਕ ਬੁੜੀ ਪਸ਼ੂਆਂ ਦੇ ਅੰਦਰੋਂ ਸੂਈ ਕੱਢ ਦਿੰਦੀ ਹੁੰਦੀ ਸੀ। ਪਰ ਸਾਡੀ ਮੱਝ ਤਾਂ ਰਾਹ ਵਿੱਚ ਹੀ ਮਰ ਗਈ ਤਾਂ ਹੀ ਤਾਂ ਮੇਰਾ ਅੱਬਾ ਬਾਬਾ ਜੀ ਕੋਲ ਮੈਨੂੰ ਛੱਡ ਗਿਐ। ਆਖਦਾ ਸੀ ਕਿ ਤੂੰ ਰੱਜ ਕੇ ਰੋਟੀ ਤਾਂ ਖਾਏਂਗਾ।'

ਇੱਕ ਦਿਨ ਗ਼ਫ਼ੂਰ ਨੇ ਛਪਾਰ ਦਾ ਮੇਲਾ ਦੇਖਣ ਜਾਣਾ ਸੀ। ਉਸ ਨੂੰ ਚਾਅ ਚੜਿਆ ਹੋਇਆ ਸੀ। ਉਸ ਨੇ ਧੋਤੀ ਹੋਈ ਨਿੱਕਰ ਤੇ ਕੁੜਤਾ ਪਾਇਆ ਹੋਇਆ ਸੀ। ਮੰਗੋ ਕੱਟੀ ਦੇ ਗਲ 'ਚ ਬਾਂਹ ਪਾ ਕੇ ਪੁੱਛਣ ਲੱਗਾ ਕਿ ਮੰਗੋ ਤੇਰੇ ਲਈ ਮੈਂ ਕੀ ਲਿਆਵਾਂ। ਮੰਗੋ ਉਸੇ ਤਰਾਂ ਬਿਟ ਬਿਟ ਝਾਕਦੀ ਰਹੀ। ਜਦੋਂ ਉਸ ਨੇ ਬਾਬਾ ਜੀ ਤੋਂ ਪੈਸੇ ਮੰਗੇ ਬਾਬਾ ਜੀ ਨੇ ਉਸਨੂੰ ਚਾਂਦੀ ਦਾ ਇੱਕ ਰੁਪਈਆ ਦਿੱਤਾ। ਫੇਰ ਪਤਾ ਨਹੀਂ ਕੀ ਸੋਚ ਕੇ ਅਠਿਆਨੀ ਹੋਰ ਦੇ ਦਿੱਤੀ। ਉਹ ਟਪੂਸੀਆਂ ਮਾਰਦਾ ਬਾਹਰ ਨਿਕਲ ਆਇਆ। ਮੁੱਠੀ ਵਿੱਚ ਪੈਸੇ ਦਿਖਾ ਕੇ ਆਖਣ ਲੱਗਿਆ ਕਿ ਮਾਂ ਜੀ ਮੈਨੂੰ ਇੱਕ ਵੱਡਾ ਸਾਰਾ ਝੋਲਾ ਦੇ ਦਿਓ, ਮੈਂ ਮੇਲੇ ਤੋਂ ਚੀਜ਼ਾਂ ਪਾ ਕੇ ਲਿਆਊਂਗਾ।

'ਮੇਲੇ ਤੋਂ ਤੂੰ ਕੀ ਹਵਾਈ ਜਹਾਜ਼ ਲੈ ਕੇ ਆਏਂਗਾ। ਸੰਦੂਕ ਦੇ ਕੋਲ ਟੰਗੇ ਝੋਲਿਆਂ ਵਿੱਚ ਛੋਟਾ ਝੋਲਾ ਲੈ ਜਾ।' ਮਾਂ ਜੀ ਨੇ ਕਿਹਾ।

ਝੋਲਿਆਂ ਵਿੱਚੋਂ ਜਿਹੜਾ ਮੋਰਨੀਆਂ ਵਾਲਾ ਕੱਢਿਆ ਝੋਲਾ ਨਾਈਆਂ ਦੀ ਕੁੜੀ ਨੇ ਮਾਂ ਜੀ ਨੂੰ ਦਿੱਤਾ ਸੀ ਗ਼ਫ਼ੂਰ ਨੇ ਉਹੀ ਲੈ ਲਿਆ। ਡਿਓਢੀ ਵਿੱਚ ਆ ਕੇ ਆਪਣੇ ਮੌਜਿਆਂ ਨੂੰ ਤੇਲ ਦਾ ਫੰਬਾ ਲਾ ਕੇ ਚੋਪੜਨ ਲੱਗਾ।

ਮਾਂ ਜੀ ਉਸ ਵੱਲ ਝਾਕ ਕੇ ਬੋਲੀ, 'ਰੁੜ ਜਾਣਿਆ, ਤੇਲ ਉੱਤੇ ਤਾਂ ਸਗੋਂ ਹੋਰ ਮਿੱਟੀ ਜੰਮ ਜਾਣੀ ਐਂ।' ਗ਼ਫ਼ੂਰ ਨੇ ਮੌਜੇ ਦਾ ਇੱਕ ਪੈਰ ਆਪਣੇ ਹੱਥ ਵਿੱਚ ਚੁੱਕ ਆਪਣੇ ਝੱਗੇ ਨਾਲ ਰਗੜ ਰਗੜ ਕੇ ਪੂੰਝਦਿਆਂ ਦੱਸਿਆ, 'ਮਾਂ ਜੀ, ਤੇਲ ਨਾਲ ਤਾਂ ਮੈਂ ਆਪਣੇ ਮੌਜੇ ਲਿਸ਼ਕਾ ਰਿਹਾ ਆਂ।'

ਬਾਬਾ ਜੀ ਦੇ ਦਿੱਤੇ ਪੈਸੇ ਉਸ ਨੇ ਲੀਰ ਵਿੱਚ ਬੰਨ ਕੇ ਗੀਝੇ ਵਿੱਚ ਪਾ ਲਏ। ਉਪਰ ਬਸਕੂਆ ਲਾ ਦਿੱਤਾ ਤੇ ਗੀਝਾ ਨਿੱਕਰ ਦੇ ਅੰਦਰ ਕਰ ਲਿਆ। ਨੱਚਦਾ ਟੱਪਦਾ ਉਹ ਮੇਲੇ ਜਾਣ ਵਾਲਿਆਂ ਵਿੱਚ ਜਾ ਰਲਿਆ। ਉਸ ਦੇ ਜਾਣ ਤੋਂ ਪਹਿਲਾਂ ਮਾਂ ਜੀ ਨੇ ਉਸ ਨੂੰ ਹਾਕ ਮਾਰ ਕੇ ਕਿਹਾ ਸੀ ਕਿ ਨੇਰਾ ਹੋਣ ਤੋਂ ਪਹਿਲਾਂ ਮੁੜ ਆਈਂ। ਕਿਧਰੇ ਰੁਲ ਨਾ ਜਾਈਂ। ਫਿਰ ਰੁਕ ਕੇ ਕਹਿਣ ਲੱਗੇ ਕਿ ਜੇ ਇਹ ਬਾਬਾ ਜੀ ਨੂੰ ਆਖਦਾ ਤਾਂ ਉਹ ਇਸ ਨੂੰ ਕਿਸੇ ਸਾਈਕਲ ਵਾਲੇ ਨਾਲ ਤੋਰ ਦਿੰਦੇ ਥੱਕ ਜੂਗਾ ਨਿਆਣਾ ਏਨੀ ਵਾਟ ਤੁਰਦਾ।

ਉਹ ਮੇਲੇ ਦੇ ਚਾਅ ਵਿੱਚ ਉੱਡਿਆ ਫਿਰਦਾ ਸੀ। ਮਾਂ ਜੀ ਨੇ ਆਪਣੇ ਹੱਥੀਂ ਗ਼ਫ਼ੂਰ ਲਈ ਮੱਕੀ ਦੀਆਂ ਰੋਟੀਆਂ ਲਾਹੀਆਂ, ਸਾਗ ਘੋਟਿਆ, ਥਾਲੀ ਵਿੱਚ ਰੋਟੀ ਪਾ ਕੇ ਰੋਟੀ ਉਪਰ ਸਾਗ ਪਾ ਕੇ ਉਨਾਂ ਨੇ ਕਿੰਨਾ ਸਾਰਾ ਮੱਖਣ ਸਾਗ 'ਤੇ ਧਰ ਕੇ ਚਮਚੇ ਨਾਲ ਮੱਖਣ ਸਾਗ ਵਿੱਚ ਰਲਾ ਦਿੱਤਾ। ਨਾਲ ਹੀ ਲੱਸੀ ਦਾ ਗਿਲਾਸ ਦਿੱਤਾ। ਬਾਕੀ ਟੱਬਰ ਦੇ ਜੀਆਂ ਨੂੰ ਵੀ ਉਨਾਂ ਨੇ ਆਪਣੇ ਕੋਲ ਬਿਠਾ ਰੋਟੀ ਖੁਆਈ। ਬਾਪੂ ਜੀ ਰੋਟੀ ਖਾਂਦੇ ਮੇਰੇ ਵੱਲ ਝਾਕ ਕੇ ਮਾਂ ਜੀ ਨੂੰ ਆਖਣ ਲੱਗੇ ਕਿ ਜੇ ਏਨਾ ਏਨਾ ਮੱਖਣ ਪਾ ਕੇ ਇਸਨੂੰ ਦਿਓਗੇ ਤਾਂ ਚਹੁੰ ਸਾਲਾਂ ਨੂੰ ਇਸ ਨੇ ਮੇਰੇ ਜਿੱਡੀ ਹੋ ਜਾਣੈ, ਫਿਰ ਤੁਸੀਂ ਕਹਿਣਾ ਵਿਆਹ ਦਿਓ ਇਸਨੂੰ ਵਿਆਹ ਜੋਗੀ ਹੋ ਗਈ ਐ। ਇਹ ਸੁਣ ਕੇ ਮੈਂ ਕਿਹਾ, 'ਨਾ ਮਾਂ ਜੀ, ਮੈਂ ਨਹੀਂ ਆਖਦੀ ਵਿਆਹ ਕਰੋ ਮੇਰਾ। ਬਾਪੂ ਜੀ ਤਾਂ ਮੈਨੂੰ ਉਈ ਖਿਝਾਉਂਦੇ ਰਹਿੰਦੇ ਐ।'

'ਸਾਈਂ ਵੇ ਆ ਜਾ ਤੂੰ ਵੀ ਲੈ ਲੈ ਰੋਟੀ।' ਸਾਈਂ ਨੂੰ 'ਵਾਜਾਂ ਮਾਰੀਆਂ ਮਾਂ ਜੀ ਨੇ। 'ਕੋਈ ਨੀ ਖਾਣ ਲੈਣ ਦਿਓ ਟੱਬਰ ਨੂੰ।' ਸਾਈਂ ਨੇ ਭੁੰਜੇ ਬੋਰੀ 'ਤੇ ਬੈਠਦਿਆਂ ਆਖਿਆ। 'ਤੇਰੀ ਜੋਗੀਆਂ ਮੈਂ ਬਥੇਰੀਆਂ ਰੋਟੀਆਂ ਪਕਾ ਦਿੱਤੀਆਂ ਨੇ। ਹੋਰ ਜਿਹੜੀਆਂ ਬਚਣਗੀਆਂ ਉਹ ਵੀ ਲੈ ਲਈਂ ਫ਼ਿਕਰ ਨਾ ਕਰੀਂ।' ਮਾਂ ਜੀ ਨੇ ਕਿਹਾ।

ਫਿਰ ਬਾਪੂ ਜੀ ਵੱਲ ਝਾਕ ਕੇ ਮਾਂ ਜੀ ਕਹਿਣ ਲੱਗੇ, 'ਮਾੜਕੂ ਜਿਹੇ ਦਾ ਢਿੱਡ ਐ ਕਿ ਟੋਆ। ਵੀਹ ਵੀਹ ਰੋਟੀਆਂ ਖਾ ਲੈਂਦਾ ਐ। ਖਬਰੇ ਤਾਹੀਂ ਇਸਦਾ ਵਿਆਹ ਨਹੀਂ ਹੋਇਆ। ਤੇਲੀ ਸੀ ਇਸ ਦੇ ਮਾਂ-ਪਿਓ। ਮਾਂ ਇਸ ਦੀ ਆਪਣੇ ਸਾਕ ਸਕੀਰੀਆਂ ਦੇ ਅੱਗੇ ਬਥੇਰੇ ਹਾੜੇ ਕੱਢਦੀ ਰਹੀ ਬਈ ਮੇਰੇ ਮੁੰਡੇ ਨੂੰ ਵੀ ਸਾਕ ਲਿਆ ਦਿਓ। ਅੱਗੇ ਤੇਲੀ ਰੂੰ ਪਿੰਜ ਕੇ ਰਜਾਈਆਂ ਗਦੈਲੇ ਭਰ ਕੇ ਗੁਜ਼ਾਰਾ ਕਰਦੇ ਸਨ ਤੇ ਬੁੜੀਆਂ ਕੁੜੀਆਂ ਰੂੰ ਪਿੰਜਾ ਕੇ ਕੱਤਣ ਲਈ ਪੂਣੀਆਂ ਵੱਟ ਕੇ ਲੈ ਜਾਂਦੀਆਂ ਤੇ ਨਾਲੇ ਤੇਲੀ ਕੋਲਹੂ ਜੋੜ ਕੇ ਸਰੋਂ ਵਿੱਚੋਂ ਤੇਲ ਕੱਢਦੇ ਹੁੰਦੇ। ਸਾਈਂ ਦਾ ਅੱਬਾ ਕਈ ਸਾਲ ਹੋਏ ਮਰ ਚੁੱਕਿਆ ਸੀ। ਸਾਈਂ ਤੇ ਉਹਦੀ ਮਾਂ ਪਿੰਡ ਵਿੱਚ ਨਿੱਕੇ ਮੋਟੇ ਕੰਮ ਕਰਕੇ ਆਪਣਾ ਗੁਜ਼ਾਰਾ ਕਰੀ ਜਾਂਦੇ ਸੀ, ਪਰ ਕੁਝ ਸਾਲਾਂ ਮਗਰੋਂ ਉਹਦੀ ਮਾਂ ਵੀ ਮਰ ਗਈ। ਮਾਂ ਦੇ ਮਰਨ ਤੋਂ ਬਾਅਦ ਰੋਟੀ ਲਈ ਸਾਈਂ ਕਦੇ ਗੁਰਦੁਆਰੇ ਜਾ ਬੈਠਦਾ, ਕਦੇ ਕਿਸੇ ਬੁੜੀ ਨਾਲ ਪੀਹਣ ਕਰ ਦਿੰਦਾ, ਕਦੇ ਮੰਜਾ ਬੁਣਨ, ਕਦੇ ਖੇਤ ਰੋਟੀ ਫੜਾਉਣ ਵਰਗੇ ਕੰਮ ਕਰਵਾ ਦਿੰਦਾ ਤੇ ਉੱਥੇ ਹੀ ਰੋਟੀ ਖਾ ਲੈਂਦਾ।

(ਚਲਦਾ...)

Worldwide Services, LLC
Professional Services Under One Roof:
Immigration Consultants (Registered & Bonded):
Family Immigration; Green Card Petition; Citizenship; Business/ Visitor Visa; Student Visa; India Visa; Passport Renewal; OCI & other immigration services.
Income Tax Preparation (Individual & Business).
Financial Accounting, Bookkeeping & Payroll Services.
COVID-19 Stimulus SBA's PPP & EIDL loans & SVOG grant.
your CERTIFIED, REGISTERED and BONDED CONSULTANT:
Ravdeep S. Bhasin Cell: 408-613-3876
www.worldwidesvcs.com | ravdeep@worldwidesvcs.com
15437 Stratford Drive, Ste 1, San Jose, CA 95124

# 'ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ'

**ਅਰਪਿੰਦਰ ਬਿੱਟੂ, ਜਰਮਨ**
੦੦੪੯੧੭੭੫੩੦੪੧੪੧

ਸ੍ਰੀ ਅਕਾਲ ਤਖਤ ਮਹਾਨ ਹੈ ਤੇ ਸਦਾ ਰਹਿਣਾ। ਸਾਨੂੰ ਸੱਭ ਨੂੰ ਪਤਾ, ਉਸ ਉੱਪਰ ਬਿਰਾਜਮਾਨ ਜਥੇਦਾਰ ਢਿੱਲੀ ਬਿਰਤੀ ਵਾਲਾ ਅਰੂੜ ਸਿੰਘ ਵਰਗਾ ਵੀ ਹੋ ਸਕਦਾ ਜੋ ਜਨਰਲ ਡਾਇਰ ਨੂੰ ਸਰੋਪੇ ਨਾਲ ਨਿਵਾਜ ਦੇਵੇ ਅਤੇ ਗੜਕ ਵਾਲਾ ਅਕਾਲੀ ਫੂਲਾ ਸਿੰਘ ਜਾਂ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਵਰਗਾ ਨਿਧੱੜਕ ਵੀ।

ਇਸੇ ਤਰਾਂ ਦਸ਼ਮੇਸ਼ ਪਿਤਾ ਵੱਲੋਂ ਨਿਵਾਜੀ ਦਮਦਮੀ ਟਕਸਾਲ ਵੀ ਮਹਾਨ ਹੈ ਤੇ ਸਦਾ ਮਹਾਨ ਹੀ ਰਹਿਣੀ ਹੈ। ਹਾਂ, ਕੋਈ ਮੁਖੀ ਢਿੱਲੀ ਬਿਰਤੀ ਜਾਂ ਬਾਬੇ ਜਰਨੈਲ ਸਿੰਘ ਵਾਲੀ ਸਿੰਘ ਗਰਜ ਵਾਲਾ ਹੋ ਸਕਦਾ ਹੈ। ਕਈ ਕਹਿੰਦੇ ਨੇ ਟਕਸਾਲ ਦੀ ਹਾਲਤ ਬਾਈ ਮੰਜੀਆਂ ਵਾਲੀ ਹੋਗੀ। ਹਾ, ਹਾ, ਬਾਈ ਛੱਡ ਕੇ ਚੁਤਾਲੀ ਹੋ ਜਾਣ ਬਾਜਾਂ ਵਾਲੇ ਦੇ ਦਰਬਾਰ ਪਰਵਾਨ ਉਹਨੇ ਹੀ ਚੜਨਾ ਜੋ ਤੀਰ ਵਾਲੇ ਬਾਬੇ ਵਾਂਗ ਸਵਾ ਲੱਖ ਨਾਲ ਟਕਰਾਵੇਂਗਾ, ਭਾਵ ਸੁਪਰ ਪਾਵਰ ਰੂਸ, ਹਿੰਦ ਵਲੈਤ ਨਾਲ ਮੱਥਾ ਲਾਉਣ ਦੀ ਜੁਰੱਅਤ ਕਰੇਗਾ।

ਸਭ ਜਾਣਦੇ ਹਾਂ ਕਿ ਸੰਤਾਂ ਕਦੇ ਝੂਠ ਨਹੀਂ ਸੀ ਬੋਲਿਆ। ਸੰਤ ਕਿਹਾ ਕਰਦੇ ਸਨ ਕਿ ਇਹ ਟਕਸਾਲ ਪੁੱਤਰਾਂ ਦੇ ਦਾਨੀ ਵੱਲੋਂ ਥਾਪੜਾ ਪ੍ਰਾਪਤ ਟਕਸਾਲ ਹੈ ਜਿਸਦੇ ਪੂਰਵਜ ਜਿੱਥੇ ਬਿਰਧ ਅਵਸਥਾ ਵਿੱਚ ਖੰਡਾ ਵਹੁੰਦੇ ਇਤਿਹਾਸ ਨੇ ਵੇਖੇ, ਉੱਥੇ ਭਾਈ ਮਨੀ ਸਿੰਘ ਵਰਗੇ ਜੱਲਾਦਾਂ ਨੂੰ ਹੈਰਾਨ ਕਰਦੇ ਵੀ ਵੇਖੇ ਜੋ ਗੁੱਟ ਤੇ ਟੋਕਾ ਮਾਰਨ ਲੱਗੇ ਜੱਲਾਦ ਅੱਗੇ ਪੋਟਾ ਕਰਦੇ ਕਹਿੰਦੇ ਏਥੋਂ ਸ਼ੁਰੂ ਕਰ, ਮੈਂ ਸ੍ਰੀ ਸੁਖਮਨੀ ਸਾਹਿਬ ਦੀਆਂ ਅਸ਼ਟਪਦੀਆਂ ਸਮਾਪਤ ਕਰਲਾਂ। ਇਸੇ ਤਰਾਂ ਬਾਬਾ ਗੁਰਬਖਸ਼ ਸਿੰਘ ਮੁੱਠੀ ਭਰ ਸਿੰਘਾਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੇ ਸਨਮੁਖ ਜੂਝੇ ਸਨ। ਐਮਰਜੈਂਸੀ ਵੇਲੇ ਸੰਤ ਕਰਤਾਰ ਸਿੰਘ ਹੋਰਾਂ ਵੱਲੋਂ ਵਰਤੀ ਬੇਬਾਕ ਦਲੇਰੀ ਬਾਰੇ ਕੌਣ ਨਹੀਂ ਜਾਣਦਾ। ਭਾਵ ਸੰਤਾਂ ਤੋਂ ਪਹਿਲਾਂ ਸਾਰੇ ਮੁਖੀ ਖੰਡਾ ਖੜਕਾਉਣ ਵਾਲੇ ਨਹੀਂ ਹੋਏ, ਸਮੇਂ ਸਮੇਂ ਸਿਰ ਆਪਣਾ ਕਾਰਜ ਨਿਭਾਉਂਦੇ ਰਹੇ। ਗੁਰੂ ਕਾਲ ਵੇਲੇ ਵੀ ਗੁਰੂ ਸਾਹਿਬਾਨ ਆਪਣਾ ਕਾਰਜ ਸਮੇਂ ਅਨੁਸਾਰ ਕਰਦੇ ਰਹੇ। ਕਈ ਲੱਕੜ ਦਿਮਾਗ ਅਪਣਾ ਨਜ਼ਲਾ ਕਿਸੇ ਵਿਅਕਤੀ ਵਿਸ਼ੇਸ਼ ਤੇ ਕੱਢਣ ਦੀ ਬਜਾਏ ਟਕਸਾਲ ਤੇ ਕੱਢਦੇ ਹਨ। ਅਖੇ, ਇਹ ਆਪਣੇ ਆਪ ਨੂੰ ਸ਼ਹੀਦਾਂ ਨਾਲ ਜੋੜਦੇ ਹਨ। ਉਹ ਟਕਸਾਲੀ ਨਹੀਂ ਸਨ, ਮਤਲਬ ਸੰਤ ਬਾਬੇ ਨੂੰ ਹਰ ਪੱਖੋਂ ਝੂਠੇ ਸਾਬਤ ਕਰਨ ਤੇ ਤੁਲੇ ਹਨ। ਚਲੋ ਜੇ ਉਹ ਟਕਸਾਲ ਨਾਲ ਸਬੰਧਤ ਨਹੀਂ ਵੀ ਸਨ, ਪਰ ਹਨ ਤਾਂ ਦਸ਼ਮੇਸ਼ ਦੇ ਖਾਲਸੇ ਤੇ ਤੀਰ ਵਾਲਾ ਬਾਬਾ ਉਨਾਂ ਨੂੰ ਆਈਕੋਨ ਸਮਝ ਉਨਾਂ ਵਾਂਗ ਜੂਝਿਆ ਕੋਈ ਸ਼ੱਕ। ਤੁਸੀਂ ਵੀ ਕੁਝ ਕਰੋ ਸਿਰਫ ਸਟੇਜ ਤੇ ਚੌਂਕੜਾ ਮਾਰ ਕੇ ਮਾਇਆ ਦੇ ਸਿਰਵਾਰਨੇ ਨਾਂ ਕਰਾਓ। ਕੋਈ ਆਪਣੀ ਕਾਰਕਰਦਗੀ ਦਾ ਰਿਪੋਰਟ ਕਾਰਡ ਸੰਗਤਾਂ ਨੂੰ ਸ਼ੋਅ ਕਰੋ।

ਆਕਸਫ਼ੋਰਡ ਤੇ ਹਾਵਰਡ ਯੂਨੀਵਰਸਿਟੀ ਦਾ ਨਾਂ ਇਸ ਕਰਕੇ ਸੰਸਾਰ ਵਿੱਚ ਪ੍ਰਸਿੱਧ ਹੈ ਕਿ ਉੱਥੋਂ ਧੁਰੰਤਰ ਵਿਦਵਾਨ ਦਾਰਸ਼ਨਿਕ ਤੇ ਅਨੇਕਾਂ ਨੋਬਲ ਪ੍ਰਾਈਜ਼ ਵਿਜੇਤਾ ਨਿਕਲੇ ਹਨ। ਜਦੋਂ ਕਦੇ ਡਾ. ਮਨਮੋਹਨ ਸਿੰਘ ਅਰਥ-ਸ਼ਾਸ਼ਤਰੀ ਦੀ ਕਾਰਗੁਜ਼ਾਰੀ ਦੀ ਗੱਲ ਚਲਦੀ ਹੈ ਤੇ ਨਾਂ **Oxford** ਦਾ ਆਉਂਦਾ। ਇਸੇ ਤਰਾਂ ਜਦੋਂ ਬੀਤੇ ਸਿੱਖ ਇਤਿਹਾਸ ਅਥਵਾ ਸਿੱਖ ਸੰਘਰਸ਼ ਵੱਲ ਨਿਗਾਹ ਮਾਰੀਏ ਤਾਂ ਮਰਜੀਵੜਿਆਂ ਦੀ ਬਾਹਲੀ ਗਿਣਤੀ ਕਿਸੇ ਨਾਂ ਕਿਸੇ ਰੂਪ ਵਿੱਚ ਸਿੱਖੀ ਦੀ ਯੂਨੀਵਰਸਿਟੀ ਟਕਸਾਲ ਨਾਲ ਹੀ ਸਬੰਧਤ ਰਹੀ ਹੈ। ਭਾਈ ਕਾਉਂਕੇ ਤੇ ਬਾਬੇ ਮਾਨੋਚਾਹਲ ਵਰਗੇ ਜਥੇਦਾਰ ਆਪਣੀ ਸ਼ਹਾਦਤ ਟਕਸਾਲ ਦੇ ਨਾਂ ਦਰਜ ਕਰਾ ਚੁੱਕੇ ਹਨ। ਬਾਬੇ ਮਾਨੋਚਾਹਲ ਨੇ ਤਾਂ ਆਪਣੇ ਪਰਿਵਾਰ ਦੇ ਜੀਅ ਤੱਕ ਕੌਮ ਦੇ ਲੇਖੇ ਲਾ ਦਿੱਤੇ। ਭਾਈ ਅਮਰੀਕ ਸਿੰਘ ਤੋਂ ਬਾਅਦ ਫੈਡਰੇਸ਼ਨ ਦੇ ਸਾਰੇ ਯੋਧੇ ਕਿਸੇ ਨਾਂ ਕਿਸੇ ਰੂਪ ਵਿੱਚ ਟਕਸਾਲ ਨਾਲ ਸਬੰਧਤ ਰਹੇ। ਹੈਰਾਨੀ ਹੁੰਦੀ ਹੈ ਜਦੋਂ ਵਿਦੇਸ਼ਾਂ ਵਿਚਲੇ (ਸਾਬਕਾ) ਫੈਡਰੇਸ਼ਨੀਏ ਜਿਹੜੇ ਕਦੇ ਟਕਸਾਲ






ਦੇ ਖਾਲ਼ੀ ਲੈਟਰਪੈਡਾਂ 'ਤੇ ਪੂਰਨੇ ਪਾ ਪਾ ਕੇ ਅਜ਼ੀਲਾਂ ਪੱਕੀਆਂ ਕਰਾ ਚੁੱਕੇ ਹਨ। ਹੁਣ ਹੱਥਾਂ 'ਚ ਮਾਈਕ ਫੜ ਕੇ ਦੱਸਦੇ ਹਨ ਜੀ ਸ਼ਹੀਦ ਸੱਭ ਦੇ ਸਾਂਝੇ ਹੁੰਦੇ ਹਨ, ਕਿਸੇ ਸੰਸਥਾ ਦੇ ਨਹੀਂ। ਭਾਵ ਬਾਬਾ ਜਰਨੈਲ ਸਿੰਘ ਖਾਲਸਾ ਟਕਸਾਲ ਦਾ ਨਹੀਂ।

ਓ ਭਾਈ ਸਭ ਨੂੰ ਪਤਾ ਸ਼ਹੀਦ ਸਭ ਦੇ ਸਾਂਝੇ ਹੁੰਦੇ ਹਨ, ਭਾਵੇਂ ਉਹ ਸਾਊਥ ਅਮਰੀਕਾ ਦਾ ਚੇ ਗਵਾਰਾ ਹੋਵੇ ਜਾਂ ਕਸ਼ਮੀਰ ਦਾ ਬੁਰਹਾਨੀ ਜਾਂ ਲਿਟੇ ਦਾ ਪ੍ਰਭਾਕਰਨ ਜਾਂ ਹਿੰਦ ਦਾ ਚੰਦਰ ਸ਼ੇਖਰ ਭਗਤ ਸਿੰਘ ਜਾਂ ਸੰਘਰਸ਼ ਵਾਲੇ ਸਿੰਘ। ਹਾਂ, ਕੁਝ ਫੁਲਵਾੜੀਆਂ, ਕੁਝ ਨਰਸਰੀਆਂ ਹੁੰਦੀਆਂ ਹਨ ਜਿੱਥੋਂ ਸੋਹਣੀਆਂ ਨਸਲਾਂ ਪੈਦਾ ਕੀਤੀਆਂ ਜਾਂਦੀਆਂ ਹਨ ਤੇ ਉਹ ਹੈ ਦਮਦਮੀ ਟਕਸਾਲ। ਜੇ ਕਿਸੇ ਹੋਰ ਸੰਸਥਾ ਮਹਿਕਮੇ ਨੇ ਏਨੇ ਮਰਜੀਵੜੇ ਪੈਦਾ ਕੀਤੇ ਤਾਂ ਦੱਸੋ। ਨਾਲੇ ਤੁਲਨਾ ਬਰਾਬਰ ਵਾਲ਼ਿਆਂ ਨਾਲ ਕਰੀਦੀ, ਜਿਹੜੇ ਮਹਿਕਮੇ ਨਾਲ ਤੁਸੀਂ ਟਕਸਾਲ ਦੀ ਤੁਲਨਾ ਕਰਦੇ ਹੋ, ਸ਼ਹਾਦਤ ਤਾਂ ਬੜੀ ਦੂਰ ਕਿਸੇ ਨੇ ਕਦੇ ਚੀਚੀ 'ਚੋਂ ਲਹੂ ਵੀ ਕਢਾਇਆ, ਹਾਸਾ ਵੀ ਆਉਂਦਾ, ਬਈ ਮਨੁੱਖ ਏਨਾ ਬੇਸ਼ਰਮ ਵੀ ਹੋ ਸਕਦਾ।

ਜੇ ਕਿਤੇ ਇਸ ਬੇ-ਗ਼ੈਰਤ ਮਹਿਕਮੇ ਵਾਲਿਆਂ ਦੇ ਕਿਸੇ ਕੰਪਿਊਟਰ ਵਿਚ ਫਿੰਗਰ ਪਰਿੰਟ ਪਾ ਲਏ ਜਾਣ ਤਾਂ ਸੱਤ ਹਜਾਰ ਪੰਜ ਸੌ ਤੇਰਾਂ ਛਿੱਤਰ ਪਲੱਸ ਲਾਹਨਤਾਂ ਜ਼ਰੂਰ ਨਿਕਲ ਆਉਣੀਆਂ।

ਭਾਈ ਸਾਨੂੰ ਕਿਸੇ ਨਾਲ ਕੋਈ ਦਿੱਕਤ ਨਹੀਂ। ਸਭ ਜਾਣਦੇ ਹਾਂ ਕਿ ਦੁੱਧ ਧੋਤਾ ਕੋਈ ਨਹੀਂ । ਕੁਝ ਬੱਕਰੇ ਝਟਕਾਈ ਜਾਂਦੇ ਤੇ ਥਾਲਾਂ ਵਿਚ ਦੀਵੇ ਜਗਾਈ ਫਿਰਦੇ, ਹੋਰਨਾਂ ਕਰਮ ਕਾਂਡਾਂ ਵਿਚ ਰੁੱਝੇ ਹਨ ਅਤੇ ਦੂਜੇ ਪਾਸੇ ਆਲੇ ਸਾਇੰਟੇਫਿਕ ਪ੍ਰਚਾਰ ਰਾਹੀਂ ਟੈਸਟ ਟਿਊਬ ਬੱਚਿਆਂ ਬਾਰੇ ਸੰਗਤਾਂ ਨੂੰ ਜਾਗਰੂਕ ਕਰ ਰਹੇ ਹਨ। ਕੋਈ ਹੈਂਡੀ ਬਾਰੇ ਵਾਓ ਤੋਂ ਵਾਹਿਗੁਰੂ ਜਪਣ ਦੀ ਵਿੱਧੀ ਸਮਝਾ ਕਿਹਾ ਹੈ। ਇੱਕ ਮਹਾਂਪੁਰਸ਼ ਤਾਂ 'ਪਾਤਾਲਾ ਪਾਤਾਲ ਲਖ ਆਗਾਸਾ ਆਗਾਸ' ਦੀ ਗੱਲ ਕਰਨ ਵਾਲੇ ਬਾਬੇ ਨਾਨਕ ਬਾਰੇ ਇੱਥੋਂ ਤੱਕ ਕਹਿ ਗਿਆ ਕਿ ਜੇ ਬਾਬਾ ਹੁਣ ਆ ਜਾਵੇ ਤਾਂ ਉਸ ਨੂੰ ਮੋਬਾਇਲ ਚਲਾਉਣਾ ਨਹੀਂ ਆਉਣਾ। ਆਖੋ ਵਾਹਿਗੁਰੂ, ਤੇ ਕੋਈ ਚੋਲਿਆਂ ਅਤੇ ਸਕਰਟਾਂ ਦੇ ਸਾਈਜ਼ ਦੱਸ ਰਿਹਾ ਹੈ। ਇਨਾਂ ਲੱਕੜ ਦਿਮਾਗ ਕਲਾਕਾਰਾਂ ਨੂੰ ਕੋਈ ਪੁੱਛੇ ਬਈ ਕੀ ਇਹ ਪ੍ਰਚਾਰ ਹੀ ਸਮੇਂ ਦੀ ਮੰਗ ਹੈ, ਕਰਾ ਲਏ ਬਾਕੀ ਸਾਰੇ ਮਸਲੇ ਹੱਲ। ਇਕ ਦੂਜੇ ਨੂੰ ਨਾਗਪੁਰੀ ਦੱਸਣ ਵਾਲੇ ਅਸਲ ਵਿੱਚ ਸਾਰੇ ਹੀ (ਦੋਹਾਂ ਪਾਸਿਆਂ ਤੋਂ ਕੁਝ ਕੁ ਨੂੰ ਛੱਡ ਕੇ) ਉਨਾਂ ਦੀ ਪੈਦਾਇਸ਼ ਨੇ ਜਿਨਾਂ ਦਾ ਸਾਰਾ ਜ਼ੋਰ ਟਕਸਾਲ ਵਰਗੀ ਸ਼ਹੀਦਾਂ ਦੀ ਨਰਸਰੀ ਨੂੰ ਬਦਨਾਮ ਕਰਨ 'ਤੇ ਲੱਗਾ ਹੋਇਆ ਹੈ। ਕੋਈ ਗੱਲ ਹੋਵੇ ਟਕਸਾਲ ਟਕਸਾਲ ਕਰ ਖ਼ਾਸ ਕਰਕੇ ਵਿਦੇਸ਼ੀ ਖਾਲਿਸਤਾਨੀ, ਸੰਤ ਸਿਪਾਹੀ ਨੂੰ ਤੇ ਬਦਨਾਮ ਕਰ ਨਹੀਂ ਸਕਦੇ, ਉਹ ਤੇ ਸੂਰਜ ਤੇ ਥੁੱਕਣ ਵਾਂਗ ਹੈ, ਜ਼ੋਰ ਲਾਇਆ ਟਕਸਾਲ ਭੰਡਣ 'ਤੇ, ਸਮਝਣ ਨੂੰ ਕੋਈ ਤਿਆਰ ਨਹੀਂ। ਹੋਣਗੇ ਦੋ ਚਾਰ ਮਾੜੇ ਸੰਪਰਦਾ ਦਾ ਕੀ ਦੋਸ਼। ਜਿਸਨੂੰ ਕਿੜ ਬਾਬੇ ਧੁੰਮੇ ਨਾਲ ਹੈ ਟੱਕਰੇ ਜਾ ਕੇ ਉਨਾਂ ਨੂੰ, ਉਹ ਲਾਵੇ ਤੁਹਾਡੀ ਛਬੀਲ, ਤੁਸੀਂ ਲਾਓ ਉਨਾਂ ਦੀ । ਭਰੇ ਸਾਰੇ ਜ਼ਹਿਰ ਨਾਲ ਦੱਸਦੇ ਲੋਕਾਂ ਨੂੰ ਰਹਿਤ ਮਰਿਆਦਾ। ਵੱਡੇ ਮਰਿਆਦਾ ਪ੍ਰਸ਼ੋਤਮ । ਇੱਕ ਹਜ਼ਾਰ ਵਰਾ ਗੁਲਾਮੀ ਦਾ ਗੰਦ ਸੁੰਘ ਸੁੰਘ ਖਾਣ ਵਾਲੇ ਪਾਂਡੇ ਨੂੰ ਮੌਕਾ ਤੁਸਾਂ ਆਪ ਦਿੱਤਾ। ਅਗਲਿਆਂ ਤੁਹਾਨੂੰ ਨਿਸ਼ਾਨੇ ਤੋਂ ਖੁੰਝਾ ਕੇ ਹਰ ਮਸਲੇ 'ਤੇ ਪਾੜ ਕੇ ਇਕ ਦੂਜੇ ਸਾਹਮਣੇ ਲਿਆ ਖੜਾ ਕੀਤਾ ਅਤੇ ਤੁਸੀਂ ਇੱਕ ਦੂਜੇ ਦੀਆਂ ਪੱਗਾਂ ਲਾਹੁਣ 'ਤੇ ਭਾਰੂ ਹੋ, ਸੋਧੇ ਲਾਉਣ ਨੂੰ ਫਿਰਦੇ ਹੋ, ਪਤਾ ਨੀ ਤੁਹਾਡੇ ਕਪਟ ਨੇ ਹੋਰ ਕੀ ਚੰਦ ਚਾੜਨੇ ਹਨ।

ਬਾਕੀ ਰਹਿਗੇ ਵਿਦੇਸ਼ੀ ਹਾਉਮੈ ਗ੍ਰਸਤ ਲੰਬੜਦਾਰ ਜੋ ਧੁੱਖਦੀ ਨੂੰ ਪੱਖੀ ਇਸ ਕਰਕੇ ਝੱਲ ਰਹੇ ਕਿ ਗੁਰੂਘਰ ਦੀ ਪ੍ਰਧਾਨਗੀ ਲਈ ਨਹੁੰ ਅੜਦਾ ਰਹੇ। ਕਈ ਬਾਂਦਰ ਤੇ ਬਿੱਲੀਆਂ ਦੀ ਲੜਾਈ 'ਚੋਂ ਗੱਫਾ ਛੱਕਣ ਵਿਚ ਪੂਰੇ ਮਾਹਿਰ ਹਨ। ਰੇਂਜ ਸਿਰਫ ਗੋਲਕ ਤੱਕ, ਧਰਮ ਕਰਮ ਦਾ ਓ ਅ ਨਹੀਂ ਜਾਣਦੇ। 'ਪ੍ਰਗਟ ਗੁਰੂ ਕੀ ਦੇਹ' ਕੋਲ ਖਲੋ ਕੇ ਤੋਲਦੇ ਹਨ ਕੁਫ਼ਰ ਅਤੇ ਬੜਾ ਸੋਹਣਾ ਬੋਲਣਗੇ ਡਾਇਲਾਗ 'ਗੁਰੂ ਦੀ ਹਜ਼ੂਰੀ ਵਿਚ ਖੜੇ ਹਾਂ, ਸੱਚ ਕਹਿ ਰਹੇ ਹਾਂ, ਭਾਵ ਆਪਣੇ ਹੀ ਝੂਠ ਨੂੰ ਸੱਚ ਵਿੱਚ ਆਪੇ ਹੀ ਤਸਦੀਕ ਕਰ ਰਹੇ ਹੁੰਦੇ ਹਨ। ਅਸਲ ਵਿੱਚ ਬਾਹਲ਼ਿਆਂ ਨੂੰ ਸੱਚ ਦੀ ਆਮਦ ਹੀ ਪਿਛਲੇ ਕੁਝ ਅਰਸੇ ਤੋਂ ਹੋਈ ਹੈ। ਜੇ ਇਨਾਂ ਦਾ ਪੁਰਾਣਾ ਚਰਿੱਤਰ ਚੈੱਕ ਕਰੋ ਤਾਂ ਬਹੁਤੇ ਮੇਮਾਂ ਨਾਲ ਤਰਾਂ ਤਰਾਂ ਦੇ ਚਲਿੱਤਰ ਕਰਕੇ ਹੀ ਸੈੱਟ ਹੋਏ ਹਨ। ਕਈ ਗੁਰੂ ਪਿਆਰਿਆਂ ਨੇ ਤਾਂ ਥਾਂ ਥਾਂ ਅੰਡਕੋਸ਼ ਵੀ ਵਰਤਾ ਰੱਖੇ ਹਨ। ਜਿਨਾਂ ਦਾ ਪਾਲਣ ਪੋਸਣ ਭਲੀਆਂ ਮਾਣਸ ਮੇਮਾਂ ਕਰ ਰਹੀਆਂ ਹਨ ਤੇ ਆਪ ਵਿਚਾਰੇ ਗੁਰੂਘਰਾਂ ਨੂੰ ਪੂਰਨ ਸਮਰਪਿਤ ਹਨ ਤੇ ਰਹਿਤ ਮਰਿਆਦਾ ਬਾਰੇ ਸੰਗਤਾਂ ਨੂੰ ਜਾਗਰੂਕ ਕਰ ਰਹੇ ਹਨ। ਇਨਾਂ ਵਲੋਂ ਪੀੜਤ ਅੱਠ ਦਸ ਮੇਮਾਂ ਨੂੰ ਤੇ ਦਾਸ ਵੀ ਜਾਣਦਾ ਹੈ। ਕਈ ਵਾਰ ਮਨ ਵਿੱਚ ਵਿਚਾਰ ਆਉਂਦਾ ਬਈ ਕਿਸੇ ਪੰਜਾਬੀ ਚੈਨਲ ਵਾਲੇ ਨੂੰ ਸੱਦ ਕੇ ਮੇਮਾਂ ਤੋਂ ਇਨਾਂ ਦੇ ਉੱਚੇ ਸੁੱਚੇ ਕਿਰਦਾਰਾਂ ਬਾਰੇ ਸੰਗਤਾਂ ਨੂੰ ਜਾਗਰੂਕ ਕਰਾਇਆ ਜਾਵੇ । ਯਕੀਨ ਕਰਿਓ 'ਤ੍ਰੀਆ ਚਰਿੱਤਰਾਂ' ਦੇ ਸਾਰੇ ਪਾਤਰ ਤੁਹਾਨੂੰ ਫ਼ਰੈਂਕਫੋਰਟ ਤੇ ਇਰਦ ਗਿਰਦ ਹੀ ਲੱਭ ਪੈਣੇ। ਫਿਰ ਮਨ ਵਿੱਚ ਵਿਚਾਰ ਆਉਂਦਾ ਬਈ ਇਨਾਂ ਦਾ ਕੀ ਜਾਣਾ, ਪਹਿਲਾਂ ਹੀ ਢੀਠ ਹੋ ਚੁੱਕੇ ਹਨ। ਪ੍ਰਚਾਰ ਤੇ ਦਸਤਾਰ ਦਾ ਗਲਤ ਚੱਲ ਜਾਣਾ ਲੋਕਾਂ ਵਿੱਚ।

_ਆਫ ਕਰਨਾ, ਮੈਨੂੰ ਕਿਸੇ ਨਾਲ ਕੋਈ ਨਿੱਜੀ ਰੰਜਿਸ਼ ਨਹੀਂ, ਸਾਰਿਆਂ ਨਾਲ ਮੇਰੀ ਹੈਲੋ ਹਾਏ ਹੈ, ਪਤਾ ਨਹੀਂ ਕਿਉਂ ਲੋਕ ਦੋਹਰੀ ਤੀਹਰੀ ਜ਼ਿੰਦਗੀ ਜੀਅ ਰਹੇ ਹਨ। ਕਹਿੰਦੇ ਕੁਝ, ਕਰਦੇ ਕੁਝ ਤੇ ਦੱਸਦੇ ਕੁਝ ਹਨ। ਮੇਰਾ ਮਨ ਜਦੋਂ ਇਹੋ ਜਿਹੇ ਲੋਕਾਂ ਨੂੰ ਵੇਖਦਾ ਪ੍ਰੇਸ਼ਾਨ ਹੋ ਜਾਂਦਾ ਤੇ ਮੈਂ ਲਿਖਣ ਬਹਿ ਜਾਂਦਾ ਹਾਂ। ਸੋਚਦਾ ਕਿ ਸਾਰੇ ਨਿਖੇੜੇ ਇਨਾਂ ਹੁਣੇ ਪੰਥ ਵਿਚਲੇ ਕਰਨੇ ਹਨ। 84 ਤੋਂ 92 ਤੱਕ ਸਮੂਹ ਖਾੜਕੂ ਜਥੇਬੰਦੀਆਂ ਦੇ ਜਰਨੈਲਾਂ ਤੇ ਪੰਥਕ ਕਮੇਟੀਆਂ ਦੇ ਮੁਖੀਆਂ ਨੇ ਕਦੇ ਬਾਬੇ ਠਾਕਰ ਸਿੰਘ ਕੋਲ ਸੰਤ ਜਰਨੈਲ ਸਿੰਘ ਜੀ ਦੀ ਸ਼ਹਾਦਤ ਬਾਰੇ ਮਸਲਾ ਖੜਾ ਨਹੀਂ ਕੀਤਾ, ਅਜੇ ਕਿ ਸਾਰੇ ਜਾਣਦੇ ਸਨ, ਕਾਰਨ ਇਹ ਕਿ ਮਸਲਾ ਘਰ ਦਾ ਹੈ ਤੇ ਲੜਾਈ ਹਕੂਮਤ ਨਾਲ। ਸੱਭ ਇਕ ਨਿਸ਼ਾਨੇ ਨੂੰ ਸਮਰਪਿਤ ਸਨ ।

# ਜੈਸੀ ਕਰਨੀ ਵੈਸੀ ਭਰਨੀ

**ਸਰਬਜੀਤ ਸਿੰਘ**

ਨਾਲ਼ ਦੇ ਜੰਮੇ ਭਰਾ ਅਤੇ ਭੈਣ ਦੇ ਧੋਖਾ ਦੇਣ ਤੋਂ ਬਾਅਦ ਪਤਾ ਨੀ ਕਿਉਂ ਮੈਂ ਬਿਲਕੁਲ ਵੀ ਉਦਾਸ ਨਹੀਂ ਸੀ। ਕਿਉਂਕਿ ਐਨੇ ਸਾਲ ਇੰਗਲੈਂਡ ਰਹਿਕੇ ਬਹੁਤ ਕੁਝ ਸਿੱਖਣ ਨੂੰ ਮਿਲਿਆ। ਗੁਰੂ ਸਾਹਿਬ ਜੀ ਦੀ ਬਾਣੀ ਪੜਨ ਨਾਲ ਮਨ ਵਿੱਚ ਇਹ ਵਿਸ਼ਵਾਸ਼ ਸੀ ਕਿ ਜੋ ਕਰੇਗਾ ਸੋਈ ਭਰੇਗਾ। ਮੈਂ ਤੇ ਮੇਰੀ ਪਤਨੀ ਨੇ ਕਦੇ ਵੀ ਕੋਈ ਕਾਲਾ ਪੈਸਾ ਨਹੀਂ ਕਮਾਇਆ ਸੀ। ਨਾ ਹੀ ਕਦੇ ਕਿਸੇ ਨਾਲ ਧੋਖਾ ਕੀਤਾ ਸੀ। ਸਦਾ ਨੌਕਰੀ ਕੀਤੀ ਤੇ ਹੱਕ ਸੱਚ ਦੀ ਰੋਟੀ ਖਾਧੀ ਸੀ।

ਕਰਦੇ ਕਰਦੇ ਡੇਢ ਮਹੀਨਾ ਨਿਕਲ ਗਿਆ ਸੀ। ਕੋਈ ਖ਼ਬਰਸਾਰ ਲੈਣ ਲਈ ਨਾ ਕਿਸੇ ਨੂੰ ਫੋਨ ਕੀਤਾ ਤੇ ਨਾ ਹੀ ਕਿਸੇ ਦਾ ਫ਼ੋਨ ਮੈਨੂੰ ਆਇਆ। ਅੱਜ ਐਤਵਾਰ ਦਾ ਦਿਨ ਸੀ। ਗੁਰਦਵਾਰਾ ਸਾਹਿਬ ਜਾਣ ਲਈ ਸਵੇਰੇ ਤਿਆਰ ਹੋ ਰਿਹਾ ਸੀ ਤਾਂ ਅਚਨਚੇਤ ਮੇਰੇ ਘਰ ਦੇ ਨੰਬਰ 'ਤੇ ਫ਼ੋਨ ਆਇਆ। ਮੈਂ ਵੇਖਿਆ ਇਹ ਨੰਬਰ ਅਮਰੀਕਾ ਦਾ ਸੀ। ਫ਼ੋਨ ਚੁੱਕਿਆ ਤਾਂ ਅਵਾਜ ਕੁਝ ਪਹਿਚਾਣੀ ਜਹੀ ਜਾਪਦੀ ਸੀ, ਫੋਨ ਵਿੱਚੋਂ ਆਵਾਜ਼ ਆਈ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਿਹ।' ਮੈਂ ਸੁਰਿੰਦਰ ਸਿੰਘ ਸਰਪੰਚ ਬੋਲਦਾਂ ਏ, ਸੁਰਿੰਦਰ ਸਿੰਘ ਜੀ ਉਸ ਸਮੇਂ ਸਰਪੰਚ ਸਨ ਜਦੋ ਮੈਂ ਹਾਈ ਸਕੂਲ ਵਿੱਚ ਪੜਦਾ ਸੀ। ਇਨਾਂ ਤੋਂ ਬਾਅਦ ਪਿੰਡ ਵਿੱਚ ਸਰਪੰਚ ਤਾਂ ਕਈ ਬਣੇ ਪਰ ਕਿਸੇ ਨੂੰ ਏਨੀ ਜਿਆਦਾ ਇੱਜ਼ਤ ਨੀਂ ਮਿਲੀ ਜਿੰਨੀ ਕਿ ਸੁਰਿੰਦਰ ਸਿੰਘ ਜੀ ਨੂੰ ਲੋਕ ਹੁਣ ਤੱਕ ਦਿੰਦੇ ਸਨ। ਸੁਰਿੰਦਰ ਸਿੰਘ ਜੀ ਵਾਹਿਗੁਰੂ ਨੂੰ ਮੰਨਣ ਵਾਲੇ ਇਨਸਾਨ ਸਨ। ਇੰਨੇ ਸੁਲਝੇ ਤੇ ਸਿਆਣੇ ਇਨਸਾਨ ਦਾ ਫ਼ੋਨ ਮੈਨੂੰ ਸਵੇਰੇ-ਸਵੇਰੇ ਆਇਆ ਗੱਲ ਤਾਂ ਜ਼ਰੂਰ ਕੋਈ ਵੱਡੀ ਅਤੇ ਖ਼ਾਸ ਹੋਣੀ ਸੀ। ਸੁਰਿੰਦਰ ਸਿੰਘ ਜੀ ਨੇ ਦੱਸਿਆ ਕਿ ਮੇਰਾ ਭਾਈ ਮੁੜ ਪਿੰਡ ਵਾਲੇ ਘਰ ਵਿੱਚ ਰਹਿਣ ਲੱਗ ਪਿਆ। ਅਸਲ ਵਿੱਚ ਜਿਸ ਭਜਨ ਸਿੰਘ ਨੂੰ ਜ਼ਮੀਨ ਵੇਚੀ ਸੀ, ਉਸੇ ਭਜਨ ਸਿੰਘ ਨੇ ਫਸਾਇਆ ਸੀ ਮੇਰੇ ਭਾਈ ਨੂੰ। ਘਰ ਦੇ ਸਾਰੇ ਕਾਗ਼ਜ਼ ਨਕਲੀ ਨਿਕਲੇ। ਜਿਸ




ਪ੍ਰਾਪਰਟੀ ਡੀਲਰ ਰਾਹੀਂ ਘਰ ਦਾ ਸੌਦਾ ਕੀਤਾ ਸੀ ਉਹ ਵੀ ਸ਼ਹਿਰ ਵਿੱਚੋਂ ਜਾ ਚੁੱਕਾ ਸੀ। ਕਿਸੇ ਪਾਸੇ ਵੀ ਉਸਦਾ ਕੋਈ ਪਤਾ ਟਿਕਾਣਾ ਨਹੀਂ ਮਿਲ ਰਿਹਾ ਸੀ। ਹੁਣ ਮੇਰਾ ਭਰਾ ਮੈਨੂੰ ਆਪਣਾ ਦੁੱਖ ਵੀ ਨਹੀਂ ਦਸ ਸਕਦਾ ਸੀ। ਨਾ ਹੀ ਕਿਸੇ ਤਰਾਂ ਦੀ ਮੱਦਦ ਲਈ ਕਹਿ ਸਕਦਾ ਸੀ। ਗ਼ੁੱਸੇ ਵਿੱਚ ਪਾਗਲ ਹੋਇਆ ਉਹ ਜਦੋਂ ਭਜਨ ਸਿੰਘ ਨਾਲ ਲੜਨ ਗਿਆ ਤਾਂ ਅਗਲੇ ਨੇ ਮੂਹਰੇ ਤੋਂ ਕਹਿ ਦਿੱਤਾ ਜੋ ਭਾਈ ਤੇਰੇ ਨਾਲ਼ ਦਾ ਜੰਮਿਆ ਸੀ, ਤੇਰਾ ਖ਼ੂਨ ਸੀ, ਤੇਰੇ ਲਈ ਇੰਨਾਂ ਕੁਝ ਕਰਦਾ ਸੀ ਤੂੰ ਉਸਦਾ ਨਹੀਂ ਹੋਇਆ, ਮੇਰਾ ਤੇਰਾ ਰਿਸ਼ਤਾ ਹੀ ਕੀ ਹੈ ? ਕੋਈ ਲਹੂ ਦੀ ਸਾਂਝ ਵੀ ਨਹੀਂ ਹੈ, ਤੂੰ ਮੇਰਾ ਵਿਸ਼ਵਾਸ ਕਿਵੇਂ ਕਰ ਲਿਆ ? ਜੇ ਤੂੰ ਆਪਣੇ ਵੱਡੇ ਅਤੇ ਰੱਬ ਵਰਗੇ ਸਕੇ ਭਾਈ ਨੂੰ ਧੋਖਾ ਦੇ ਸਕਦਾ ਹੈਂ ਤਾਂ ਮੈਂ ਤੈਨੂੰ ਕਿਉਂ ਨਹੀਂ ਧੋਖਾ ਦੇ ਸਕਦਾ ? ਘਰ ਕਿਸੇ ਹੋਰ ਮਾਲਕ ਦਾ ਸੀ, ਜੋ ਕੈਨੇਡਾ ਰਹਿਣ ਕਰਕੇ ਘਰ ਵਿੱਚ ਕਿਰਾਏਦਾਰ ਰੱਖ ਕੇ ਗਿਆ ਸੀ। ਅਸਲ ਵਿੱਚ ਉਹ ਕਿਰਾਏਦਾਰ ਹੀ ਏਜੰਟ ਬਣਕੇ ਮੇਰੇ ਭਰਾ ਨੂੰ ਚੂਨਾ ਲਾ ਗਿਆ। ਮੇਰੇ ਭਰਾ ਦੇ ਲਈ ਹੁਣ ਦੁੱਖ ਕਈ ਸਨ, ਇਕ ਤਾਂ ਜ਼ਮੀਨ ਗਈ, ਨਵਾਂ ਲਿਆ ਘਰ ਵੀ ਗਿਆ, ਨਾਲ਼ ਦੇ ਜੰਮੇ ਭਰਾ ਜਾਣੀ ਮੇਰੇ ਨਾਲੋਂ ਵੀ ਟੁੱਟਕੇ ਬੈਠ ਗਿਆ। ਸੁਰਿੰਦਰ ਸਿੰਘ ਜੀ ਨੇ ਇਕ ਬਹੁਤ ਡੂੰਘੀ ਗੱਲ ਕੀਤੀ ਜੋ ਮੈਨੂੰ ਵੀ ਬਹੁਤ ਪਸੰਦ ਆਈ, 'ਲਾਲਚ ਵਿੱਚ ਆ ਕੇ ਬੰਦਾ ਬੰਨਣ ਨੂੰ ਤਾਂ ਬੋਰੀਆਂ ਬੰਨਦਾ ਫਿਰਦਾ ਹੈ ਪਰ ਮੁੱਠੀ ਵਿੱਚੋਂ ਹੀਰੇ ਵੀ ਗਵਾ ਕੇ ਬੈਠ ਜਾਂਦਾ ਹੈ'।

ਸਬਰ ਤੇ ਸੰਤੋਖ ਨਾਲ਼ ਦਾ ਕੋਈ ਸੁੱਖ ਨਹੀਂ,
ਧੋਖੇ ਤੋਂ ਵੱਡਾ ਕੋਈ ਦੁੱਖ ਨਹੀਂ
ਮਿਹਨਤ ਨਾਲ਼ ਤੂੰ ਜੋ ਕਮਾਇਆ
ਕਦੇ ਹੁੰਦਾ ਨਾ ਤੇਰੇ ਤੋਂ ਪਰਾਇਆ
ਐਵੇ ਨਾ ਲਾਲਚ ਕਰ ਬੰਦਿਆ
ਉਸ ਡਾਹਢੇ ਰੱਬ ਤੋਂ ਡਰ ਬੰਦਿਆ
ਕਰਦਾ ਤੂੰ ਜੋ ਮੇਰੀ ਮੇਰੀ ਏ
ਹਰ ਥਾਂ ਝੂਠ ਤੇ ਹੇਰਾਫੇਰੀ ਏ
ਸਭ ਰੁਲ ਜਾਂਦਾ ਵਿੱਚ ਮਿੱਟੀ ਦੇ
ਤੇਰੀ ਤਾਂ ਬਣਨੀ ਇਕ ਦਿਨ
ਬੇਕਾਰ ਰਾਖ ਦੀ ਢੇਰੀ ਏ
ਇਕ ਦਿਨ ਬੇਕਾਰ ਰਾਖ ਦੀ ਢੇਰੀ ਏ।

ਅੱਜ ਭਰਾ ਨਾਲ ਹੋਏ ਧੋਖੇ ਦਾ ਸੁਣ ਕੇ ਮੇਰਾ ਮਨ ਨਾ ਹੀ ਦੁਖੀ ਸੀ ਨਾ ਹੀ ਖੁਸ਼ ਸੀ। ਬਸ ਸ਼ੁਕਰ ਕਰਨ ਚਲਾ ਗਿਆ ਗੁਰੂਘਰ ਆਪਣੇ ਗੁਰੂ ਦਾ ਕਿ ਤੂੰ ਲਾਜ ਰੱਖ ਲਈ ਮਾਲਕਾਂ। ਮੇਰੇ ਭਰਾ ਦੇ ਧੋਖੇ ਤੋਂ ਬਾਅਦ ਮੇਰਾ ਦਿਲ ਭੋਰਾ ਵੀ ਡੋਲਣ ਨੀਂ ਦਿੱਤਾ। ਵਾਹਿਗੁਰੂ ਚੜਦੀ ਕਲਾ ਰੱਖਿਓ, ਮੇਰੇ ਪਰਿਵਾਰ ਦੀ, ਹਰ ਦੁੱਖ ਅਤੇ ਸੁੱਖ ਵਿੱਚ ਆਪਣੇ ਭਾਣੇ ਅੰਦਰ ਰਹਿਣ ਦੀ ਸੁਮੱਤ ਬਖ਼ਸ਼ਿਸ਼ ਕਰਿਓ।

## ਬਾਜ ਦੀ ਫੇਰੀ

ਆਦਿ ਪੁਰਖ ਨੇ ਸਾਜੀ ਕੁਦਰਤ ਕੌਣ ਕਰੇ ਵਡਿਆਈ,
ਨਾਇਕ ਤੇ ਖਲਨਾਇਕ ਥਾਪੇ ਅਚਰਜ ਖੇਡ ਰਚਾਈ।
ਭਗਤ ਸੂਰਮੇ ਵਾੜ ਜਗਤ ਦੀ ਰਾਜੇ ਬਣਨ ਕਸਾਈ,
ਜੁੱਗ ਜੁੱਗ ਆਪ ਰਖੇ ਸਰਨਾਗਤ ਆਪਣੀ ਪੈਜ ਵਧਾਈ।
ਹਰਿਮੰਦਰ ਨੂੰ ਲਸ਼ਕਰ ਕੋਈ ਬਾਦਸਾਹੀ ਜਦ ਘੇਰੇ,
ਫੇਰ ਜਥੇ ਜਰਨੈਲ ਸਿੰਘਾਂ ਦੇ ਰਣ ਵਿੱਚ ਲਾਵਣ ਡੇਰੇ।
ਢੱਠੇ ਤਖਤ ਅਕਾਲ ਦਾ ਮਲਬਾ ਜਦ ਮੱਥੇ ਨੂੰ ਲਾਇਆ
ਦੇਸ ਕਾਲ ਦੀਆਂ ਹੱਦਾਂ ਟੱਪ ਕੇ ਸੋਦਰ ਬਖਸ਼ਿਸ਼ ਪਾਇਆ।
ਸਿੰਘ ਸਤਵੰਤ ਦੇ ਖਾਬਾਂ ਵਿੱਚ ਜੇ ਬਾਜ ਨਾ ਫੇਰੀ ਪਾਉਂਦਾ,
ਪੰਥ ਖਾਲਸਾ ਦੁਨੀਆਂ ਦੇ ਨਾਲ ਕੀਕਣ ਅੱਖ ਮਿਲਾਉਂਦਾ।
ਜੇ ਬੇਅੰਤ ਦੀ ਸੁਰਤ ਨਾ ਸੁਣਦੀ ਸ਼ੂਕ ਤੀਰਾਂ ਦੀ ਪਇੰਦੀ,
ਅਜਲਾਂ ਤੀਕਰ ਪੰਥ ਦੇ ਨੈਣੀਂ ਰੜਕ ਦਿੱਲੀ ਦੀ ਰਹਿੰਦੀ।
ਜੇ ਕੇਹਰ ਸਿੰਘ ਅੱਗ ਦੇ ਦਰਿਆ ਵਿੱਚ ਨਾ ਲਾਉਂਦਾ ਤਾਰੀ,
ਦੇਸ ਪੰਜਾਬ ਦੇ ਪਾਕ ਖ਼ੂਨ ਵਿੱਚ ਟਿਕ ਜਾਣੀ ਸੀ ਠਾਰੀ।
ਵਡ ਬਖਸ਼ਿੰਦ ਪਾਤਿਸ਼ਾਹ ਸੱਚਾ ਦੀਨ ਦੁਨੀ ਦਾ ਵਾਲੀ,
ਪੰਥ ਨੇ ਐਸੇ ਬਹੁਤ ਖਪਾਏ ਮੱਸੇ ਤੇ ਅਬਦਾਲੀ।

**ਹਰਦੇਵ ਸਿੰਘ**

# ਪੰਜਾਬ ਦੀ ਖੇਡ ਵਿਕਾਸ ਵੱਲ ਕਿਵੇਂ ਜਾਵੇ ?

**ਜਤਿੰਦਰ ਸਾਬੀ**

ਪਿਛਲੇ ਦੋ ਸਾਲਾਂ ਤੋਂ ਕੋਰੋਨਾ ਮਹਾਂਮਾਰੀ ਦੇ ਡਰ ਨਾਲ ਘਰ ਦੇ ਪਿੰਜਰੇ 'ਚ ਹੋਈ ਕੈਦ ਤੋਂ ਜਲਦੀ ਹੀ ਪੰਜਾਬ ਦੇ ਖਿਡਾਰੀਆਂ ਨੂੰ ਹੁਣ ਮੁਕਤੀ ਮਿਲਣ ਵਾਲੀ ਹੈ, ਕਿਉਂਕਿ ਪੰਜਾਬ ਵਿਚ ਨਵੀਂ ਸਰਕਾਰ ਨੇ ਹਲਫ਼ ਲੈ ਲਿਆ ਹੈ ਤੇ ਹੁਣ ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਪੰਜਾਬ, ਖੇਡ ਮੰਤਰੀ ਪੰਜਾਬ ਤੇ ਸੱਤਾਧਾਰੀ ਪਾਰਟੀ ਦੇ ਪ੍ਰਧਾਨ ਦਾ ਪਿਛੋਕੜ ਖੇਡਾਂ ਦੇ ਖੇਤਰ ਨਾਲ ਜੁੜਿਆ ਹੋਇਆ ਹੈ ਤੇ ਇਸ ਵਿਚ ਹੁਣ ਖਿਡਾਰੀਆਂ ਦਾ ਚਹੇਤਾ ਖੇਡ ਮੰਤਰੀ ਬਣਿਆ ਪਰਗਟ ਸਿੰਘ ਆਪ ਸਾਬਕਾ ਹਾਕੀ ਉਲੰਪੀਅਨ ਹੈ। ਉਸ ਦੀ ਇਹ ਦਿਲੀ ਇੱਛਾ ਸੀ ਕੀ ਉਹ ਪੰਜਾਬ ਦਾ ਖੇਡ ਮੰਤਰੀ ਬਣੇ। ਵਾਹਿਗੁਰੂ ਨੇ ਉਸ ਦੀ ਇਹ ਇੱਛਾ ਹੁਣ ਪੂਰੀ ਕਰ ਦਿੱਤੀ ਹੈ ਅਤੇ ਨਾਲ ਹੀ ਉਹ ਪੰਜਾਬ ਦਾ ਸਾਬਕਾ ਡਾਇਰੈਕਟਰ ਸਪੋਰਟਸ ਰਹਿ ਚੁੱਕਾ ਹੈ। ਪੰਜਾਬ ਦੇ ਖਿਡਾਰੀਆਂ ਨੂੰ ਉਮੀਦ ਹੈ ਕਿ ਪੰਜਾਬ ਦੇ ਖੇਡ ਸਲਾਹਕਾਰ ਤੇ ਖੇਡ ਮੰਤਰੀ ਪੰਜਾਬ ਵੋਟਾਂ ਦੀਆਂ ਫ਼ਸਲਾਂ ਨੂੰ ਪਾਣੀ ਦੇਣ ਦੀ ਬਜਾਏ ਪੰਜਾਬ ਦੀ ਜਵਾਨੀ ਦੀ ਰੱਖਿਆ ਕਰਨ ਲਈ ਜ਼ਰੂਰ ਪਹਿਲ ਕਰਨਗੇ। ਪੰਜਾਬ ਦੇ ਖਿਡਾਰੀਆਂ ਦੀਆਂ ਆਸਾਂ 'ਤੇ ਪੂਰਾ ਉਤਰਨ ਦਾ ਯਤਨ ਜ਼ਰੂਰ ਕਰਨਗੇ। ਖੇਡਾਂ ਦਾ ਸਿਰਮੌਰ ਸੂਬਾ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਖੇਡ ਖੇਤਰ ਵਿਚ ਨਿਵਾਣ ਵੱਲ ਜਾ ਰਿਹਾ ਹੈ ਅਤੇ ਸਮੇਂ-ਸਮੇਂ ਦੀਆਂ ਸਰਕਾਰਾਂ ਦੇ ਉਭਰਦੀ ਗਭਰੇਟ ਜਵਾਨੀ ਵੱਲ ਧਿਆਨ ਨਾ ਦੇਣ ਕਰਕੇ ਪੰਜਾਬ ਖੇਡਾਂ ਦੇ ਖੇਤਰ ਵਿਚ ਲਗਾਤਾਰ ਪਛੜ ਰਿਹਾ ਹੈ। ਸਕੂਲ ਪੱਧਰ ਤੋਂ ਯੂਨੀਵਰਸਿਟੀ ਪੱਧਰ ਤੱਕ ਕੋਈ ਠੋਸ ਖੇਡ ਨੀਤੀ ਨਾ ਹੋਣ ਕਰਕੇ, ਪੰਜਾਬ ਦੇ ਖਿਡਾਰੀਆਂ ਦੀ ਕਿਤੇ ਸੁਣਵਾਈ ਨਾ ਹੋਣ ਕਰਕੇ ਉਹ ਨਿਰਾਸ਼ਾ ਦੇ ਆਲਮ ਵਿਚ ਡੁੱਬ ਗਏ ਹਨ। ਸਾਬਕਾ ਖੇਡ ਮੰਤਰੀ ਦੀ ਖੇਡ ਨੀਤੀ 2018 ਨੂੰ ਪੜਨ ਅਤੇ ਇਸ 'ਤੇ ਅਮਲ ਕਰਨ ਦਾ ਕਿਸੇ ਕੋਲ ਸਮਾਂ ਹੀ ਨਹੀਂ ਹੈ। ਇਸ ਵਿਚ ਇਕ ਲੱਖ ਖਿਡਾਰੀਆਂ ਨੂੰ ਖੇਡ ਸਿਖਲਾਈ ਕੇਂਦਰ 'ਤੇ ਲਿਆਉਣ ਦਾ ਟੀਚਾ, 750 ਕੋਚਾਂ ਦੀ ਭਰਤੀ



ਕਰਨਾ, ਠੇਕੇ 'ਤੇ ਰੱਖੇ ਕੋਚਾਂ ਨੂੰ ਮਾਣ-ਸਨਮਾਨ ਦੇਣਾ, ਖਿਡਾਰੀਆਂ ਨੂੰ ਤਮਗ਼ਿਆਂ ਅਨੁਸਾਰ ਨੌਕਰੀਆਂ ਦੇਣ ਦੇ ਟੀਚੇ ਸਨ। ਪਰ ਸਰਕਾਰ ਨੇ ਸਾਢੇ ਚਾਰ ਸਾਲਾਂ 'ਚ ਉਸ ਖੇਡ ਨੀਤੀ ਦੀ ਸੇਰ 'ਚੋਂ ਇਕ ਪੂਣੀ ਵੀ ਨਹੀਂ ਕੱਤੀ। ਦੋ ਸਾਲ ਤੋਂ ਬੰਦ ਪਏ ਖੇਡ ਵਿੰਗਾਂ ਨੂੰ ਖੋਲਣ ਲਈ ਕੋਈ ਯਤਨ ਨਹੀਂ ਕੀਤਾ। ਖਿਡਾਰੀਆਂ ਨੂੰ ਖੇਡ ਹੋਸਟਲਾਂ 'ਚੋਂ ਧੱਕੇ ਨਾਲ ਬਾਹਰ ਕੱਢ ਕੇ ਘਰਾਂ ਵਿਚ ਤਾੜ ਦਿੱਤਾ। ਰਿਹਾਇਸ਼ੀ ਤੇ ਗ਼ੈਰ ਰਿਹਾਇਸ਼ੀ ਖੇਡ ਵਿੰਗਾਂ ਦੇ ਖਿਡਾਰੀਆਂ ਲਈ ਖ਼ੁਰਾਕ ਰਾਸ਼ੀ ਦੇ ਪੈਸੇ ਕੋਰੋਨਾ ਦੀ ਭੇਟ ਚੜ ਗਏ। 2017 ਤੋਂ 2021 ਤੱਕ ਰਾਸ਼ਟਰੀ, ਕੌਮਾਂਤਰੀ ਪੱਧਰ 'ਤੇ ਖਿਡਾਰੀ ਇਨਾਮੀ ਰਾਸ਼ੀ ਨੂੰ ਤਰਸ ਰਹੇ ਹਨ। ਖੇਡਾਂ ਦੀ ਸਿਰਮੌਰ ਸੰਸਥਾ ਪੰਜਾਬ ਉਲੰਪਿਕ ਐਸੋਸੀਏਸ਼ਨ ਤੇ ਬਾਕੀ ਸਾਰੀਆਂ ਖੇਡ ਐਸੋਸੀਏਸ਼ਨਾਂ ਖੜੋਤ ਦਾ ਸ਼ਿਕਾਰ ਹਨ। ਪੰਜਾਬ ਸਰਕਾਰ ਇਨਾਂ ਨੂੰ ਇਕ ਧੇਲਾ ਵੀ ਗ੍ਰਾਂਟ ਨਹੀਂ ਦੇ ਰਹੀ। ਕੇਂਦਰ ਸਰਕਾਰ ਦੀਆਂ ਵਕਾਰੀ ਖੇਡ ਸਕੀਮਾਂ ਵਿਚੋਂ ਪੰਜਾਬ ਦੀ ਹਿੱਸੇਦਾਰੀ ਲਗਾਤਾਰ ਨਿਵਾਣ ਵੱਲ ਜਾ ਰਹੀ ਹੈ। ਇਕ ਪਾਸੇ ਕਰੋੜਾਂ ਖਰਚ ਕਰਕੇ ਪਟਿਆਲਾ ਵਿਖੇ ਸਪੋਰਟਸ ਯੂਨੀਵਰਸਿਟੀ ਬਣਾਈ ਜਾ ਰਹੀ ਹੈ ਅਤੇ ਦੂਜੇ ਪਾਸੇ ਸਕੂਲਾਂ ਵਿਚੋਂ ਸਰੀਰਕ ਸਿੱਖਿਆ ਤੇ ਖੇਡਾਂ ਦਾ ਵਿਸ਼ਾ ਖ਼ਤਮ ਹੋਣ ਕਰਕੇ ਹਜ਼ਾਰਾਂ ਬੇਰੁਜ਼ਗਾਰ ਖੇਡ ਅਧਿਆਪਕ ਟੈਂਕੀਆਂ ੦ਤੇ ਚੜ ਕੇ ਰੈਗੂਲਰ ਰੁਜ਼ਗਾਰ ਲਈ ਜ਼ੋਰ ਅਜ਼ਮਾਈ ਕਰ ਰਹੇ ਹਨ। ਖੇਡ ਸੈਂਟਰਾਂ ਵਿਚ ਕੋਈ ਖੇਡ ਸਾਮਾਨ ਨਹੀਂ ਹੈ। ਡੀ.ਐਸ.ਓ. ਦੀਆਂ ਪੋਸਟਾਂ ਖਾਲੀ ਹੋਣ ਦੇ ਬਾਵਜੂਦ ਵੀ ਜੂਨੀਅਰ ਕੋਚਾਂ ਦੀਆਂ ਤਰੱਕੀਆਂ ਨਹੀਂ ਹੋ ਰਹੀਆਂ। ਕੰਪਨੀ ਸਿਸਟਮ ਵਿਚ ਭਰਤੀ ਕੀਤੇ ਗਏ ਕੋਚਾਂ ਨੂੰ ਨਿਗੂਣੀਆਂ ਤਨਖਾਹਾਂ ਦੇ ਕੇ ਉਲੰਪਿਕ 'ਚੋਂ ਤਮਗ਼ੇ ਜਿੱਤਣ ਦੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ। ਭਾਵੇਂ ਸਾਡੇ ਪੰਜਾਬ ਦੇ ਨਵੇਂ ਬਣੇ ਖੇਡ ਮੰਤਰੀ ਦਾ ਖੇਡਾਂ 'ਚ ਉਲੰਪਿਕ ਪੱਧਰ 'ਤੇ ਰਿਕਾਰਡ ਸ਼ਲਾਘਾਯੋਗ ਹੈ, ਪਰ ਅਕਾਲੀ ਸਰਕਾਰ ਵੇਲੇ ਖੇਡ ਡਾਇਰੈਕਟਰ ਸਨ, ਇਸ ਤੋਂ ਇਲਾਵਾ ਵਿਧਾਇਕ ਵੀ ਰਹੇ ਅਤੇ ਉਸ ਵੇਲੇ ਸਿੱਖਿਆ ਵਿਭਾਗ ਦਾ ਖੇਡ ਵਿੰਗ ਵੀ ਵੇਖਦੇ ਰਹੇ। ਇਨਾਂ 'ਤੇ ਕਈ ਸਵਾਲੀਆ ਚਿੰਨ ਵੀ ਲੱਗੇ ਹੋਏ ਹਨ। ਰੈਗੂਲਰ ਕੋਚਾਂ ਦੀ ਥਾਂ 'ਤੇ ਠੇਕੇ 'ਤੇ ਕੋਚ ਰੱਖਣ ਦੀ ਰਵਾਇਤ ਉਸ ਸਰਕਾਰ ਵੇਲੇ ਹੀ ਸ਼ੁਰੂ ਕੀਤੀ ਗਈ ਸੀ। ਖੇਡ ਵਿਭਾਗ ਨੂੰ ਨਿੱਜੀਕਰਨ ਵੱਲ ਧੱਕਣ ਦੀ ਪਰੰਪਰਾ ਉਸ ਵੇਲੇ ਹੀ ਸ਼ੁਰੂ ਹੋਈ ਸੀ। ਪਰ ਹੁਣ ਪੰਜਾਬ ਦੇ ਨਵੇਂ ਬਣੇ ਉਲੰਪੀਅਨ ਖੇਡ ਮੰਤਰੀ ਤੋਂ ਖਿਡਾਰੀਆਂ ਨੂੰ ਆਸ ਹੈ ਕਿ ਤਿੰਨ ਮਹੀਨੇ ਦੇ ਬਚਦੇ ਸਮੇਂ ਖੇਡ ਮੰਤਰੀ ਵਲੋਂ ਖਿਡਾਰੀਆਂ ਦੇ ਹਿਤਾਂ ਦੀ ਰਾਖੀ ਲਈ ਦਿਨ-ਰਾਤ ਇਕ ਕਰਕੇ ਪੰਜਾਬ ਨੂੰ ਖੇਡਾਂ ਦਾ ਸਰਤਾਜ ਬਣਾਉਣ ਲਈ ਜਨਵਰੀ 2022 ਵਿਚ ਹੋਣ ਵਾਲੀਆਂ ਖੇਲੋ ਇੰਡੀਆ ਖੇਡਾਂ ਵਿਚ ਪੰਜਾਬ ਖੁਸਿਆ ਹੋਇਆ ਵੱਕਾਰ ਬਹਾਲ ਕਰਨ ਲਈ ਯਤਨਸ਼ੀਲ ਹੋਣਗੇ ਤੇ ਨਾਲ ਹੀ ਪੰਜਾਬ ਦੇ ਖਿਡਾਰੀਆਂ ਦੀਆਂ ਸਮੱਸਿਆਵਾਂ ਜਿਵੇਂ ਕਿ ਖਿਡਾਰੀਆਂ ਦੀ ਇਨਾਮੀ ਰਾਸ਼ੀ ਜਲਦੀ ਜਾਰੀ ਕੀਤੀ ਜਾਵੇ, ਗਰੇਡੇਸ਼ਨ ਨੀਤੀ ਵਿਚ ਸੁਧਾਰ ਕੀਤਾ ਜਾਵੇ, ਖੇਡ ਨੌਕਰੀਆਂ ਦਾ ਕੋਟਾ ਪੂਰਾ ਕੀਤਾ ਜਾਵੇ, ਰੈਗੂਲਰ ਕੋਚਾਂ ਦੀ ਭਰਤੀ ਕੀਤੀ ਜਾਵੇ, ਰਿਹਾਇਸ਼ੀ ਤੇ ਗ਼ੈਰ-ਰਿਹਾਇਸ਼ੀ ਸੰਸਥਾਵਾਂ 'ਚ ਖਿਡਾਰੀਆਂ ਨੂੰ ਭਰਤੀ ਕਰਨ ਦਾ ਢੁਕਵਾਂ ਢਾਂਚਾ ਬਣਾਇਆ ਜਾਵੇ ਤੇ ਕਿਸੇ ਵੀ ਪ੍ਰਕਾਰ ਦੀ ਨਿੱਜੀ ਜ਼ਿੱਦਬਾਜ਼ੀ ਨੂੰ ਛੱਡ ਕੇ ਪੰਜਾਬ ਦੇ ਖਿਡਾਰੀਆਂ ਦੇ ਭਲੇ ਲਈ ਬਚਦੇ ਸਮੇਂ ਵਿਚ ਕੰਮ ਕਰਨ ਨੂੰ ਪਹਿਲ ਦਿੱਤੀ ਜਾਵੇ ਤਾਂ ਹੀ ਪੰਜਾਬ ਦੇਸ਼ ਦਾ ਫਿਰ ਤੋਂ ਖੇਡਾਂ 'ਚ ਸਰਤਾਜ ਬਣ ਸਕਦਾ ਹੈ।

## ਸੰਸਾਰ ਵਾਸਤੇ ਅ.ਫ.ਗਾਨ...

ਤਾਲਿਬਾਨ ਅਤਿਵਾਦੀ ਹਨ, ਇਸਲਾਮੀ ਕੱਟੜਤਾ ਦੇ ਧਾਰਨੀ ਪਰ ਅਫ਼ਗਾਨਿਸਤਾਨ ਵਿਚ ਕੁਝ ਲੋਕ ਇਨਾਂ ਨਾਲੋਂ ਵੀ ਕੱਟੜ ਹਨ। ਇਸਲਾਮੀ ਸਟੇਟ ਨਾਮ ਦੀ ਜਥੇਬੰਦੀ ਦਾ ਇਸਲਾਮ ਬਾਰੇ ਆਪਣਾ ਹੀ ਨਜ਼ਰੀਆ ਹੈ। ਉਹ ਤਾਲਿਬਾਨ ਨੂੰ ਨਹੀਂ ਮੰਨਦੇ ਤੇ ਇਨਾਂ ਵੱਲੋਂ ਅਮਰੀਕਾ ਨਾਲ ਕੀਤੀਆਂ ਮੀਟਿੰਗਾਂ ਤੇ ਸਮਝੌਤੇ ਉਨਾਂ ਨੂੰ ਪ੍ਰਵਾਨ ਨਹੀਂ। ਉਨਾਂ ਨੇ ਕਈ ਤਾਲਿਬਾਨ ਮਾਰੇ ਹਨ ਤੇ ਕਈ ਆਤਮ-ਘਾਤੀ ਬੰਬ ਧਮਾਕੇ ਕੀਤੇ ਹਨ। ਇਨਾਂ ਗੱਲਾਂ ਦਾ ਕੋਈ ਇਲਾਜ ਨਹੀਂ ਤੇ ਅਗਾਂਹ ਤਾਲਿਬਾਨ ਦੇ ਅੰਦਰ ਵੀ ਕਈ ਗਰੁੱਪ ਹਨ ਜੋ ਕੇਂਦਰੀ ਲੀਡਰਸ਼ਿਪ ਨੂੰ ਨਹੀਂ ਮੰਨਦੇ ਤੇ ਹਰ ਇਕ ਦੇ ਸਾਹਮਣੇ ਆਪਣੀ ਗੱਲ ਤੋਰਨ ਦਾ ਤਰੀਕਾ ਕਲਾਸ਼ਨੀਕੋਵ ਬੰਦੂਕਾਂ ਹੀ ਹਨ।

ਅਫ਼ਗਾਨਿਸਤਾਨ ਮੁਲਕ ਹੈ, ਯੂਐੱਨਓ ਦਾ ਮੈਂਬਰ ਹੈ ਤੇ ਦੁਨੀਆ ਦੇ ਬਹੁਤ ਮੁਲਕਾਂ ਵਿਚ ਇਸ ਦੇ ਸਫ਼ਾਰਤਖ਼ਾਨੇ ਹਨ। ਅੱਜ ਤਾਲਿਬਾਨ ਹਕੂਮਤ ਉਪਰ ਕਾਬਜ਼ ਹਨ। ਤਾਲਿਬਾਨ ਸ਼ਰੇਆਮ ਜਮਹੂਰੀਅਤ ਦੇ ਵਿਰੁੱਧ ਹਨ ਪਰ ਉਨਾਂ ਦੀ ਹਕੂਮਤ ਨੂੰ ਅਲੱਗ ਥਲੱਗ ਕਰਨਾ ਤੇ ਇਕ ਤਰਾਂ ਦਾ ਸਮਾਜਿਕ ਬਾਈਕਾਟ ਕਰਨਾ ਜਮਹੂਰੀਅਤ ਦੇ ਹੱਕ ਵਿਚ ਨਹੀਂ। ਅਸੂਲ ਮੁਤਾਬਕ ਮਾਨਤਾ ਮੁਲਕ ਨੂੰ ਹੁੰਦੀ ਹੈ, ਭਾਵੇਂ ਕਿਸੇ ਕਿਸਮ ਦੀ ਹਕੂਮਤ ਹੋਵੇ। ਤਾਲਿਬਾਨ ਹਕੂਮਤ ਨੂੰ ਇਸ ਗੱਲ ਕਰਕੇ ਮਾਨਤਾ ਤੋ ਇਨਕਾਰ ਕਰਨਾ ਕਿ ਧਾਰਮਿਕ ਘੱਟਗਿਣਤੀਆਂ ਨੂੰ ਅਜ਼ਾਦੀ ਨਹੀਂ, ਢੁਕਦਾ ਨਹੀਂ, ਅਜਿਹਾ ਦੁਨੀਆ ਦੇ ਬਹੁਤ ਮੁਲਕਾਂ ਵਿਚ ਹੈ ਤੇ ਸਾਡੇ ਸਾਹਮਣੇ ਚੀਨ ਹੈ ਜਿੱਥੇ ਧਾਰਮਿਕ ਘੱਟਗਿਣਤੀ ਤਾਂ ਕੀ, ਬਹੁਗਿਣਤੀ ਨੂੰ ਵੀ ਅਜ਼ਾਦੀ ਨਹੀਂ ਪਰ ਉਸ ਮੁਲਕ ਨੂੰ ਸਾਰੀ ਦੁਨੀਆ ਮਾਨਤਾ ਦਿੰਦੀ ਹੈ।

ਇਕ ਗੱਲ ਨੋਟ ਕਰਨ ਵਾਲੀ ਹੈ ਕਿ ਧਾਰਮਿਕ ਕੱਟੜਤਾ ਦੀ ਜਮਾਤ ਤਾਲਿਬਾਨ ਦਾ ਚੀਨ ਦੀ ਗੈਰ ਧਾਰਮਿਕ ਤੇ ਐਲਾਨੀਆਂ ਨਾਸਤਿਕ ਸਰਕਾਰ ਨਾਲ ਪੱਕਾ ਰਿਸ਼ਤਾ ਹੈ। ਅੱਜ ਇਸ ਖਿੱਤੇ ਦਾ ਸਭ ਤੋਂ ਸ਼ਕਤੀਸ਼ਾਲੀ ਮੁਲਕ ਚੀਨ ਤਾਲਿਬਾਨ ਦਾ ਸਭ ਤੋਂ ਨਜ਼ਦੀਕੀ ਭਾਈਵਾਲ ਹੈ। ਚੀਨ ਪਾਕਿਸਤਾਨ ਆਰਥਿਕ ਲਾਂਘੇ ਵਿਚ ਅਫ਼ਗਾਨਿਸਤਾਨ ਦੀ ਸ਼ਮੂਲੀਅਤ ਤੈਅ ਹੈ। ਇਸ ਹਾਲਾਤ ਵਿਚ ਭਾਰਤ ਦੀ ਸਰਕਾਰ ਵੱਲੋਂ ਤਾਲਿਬਾਨ ਸਰਕਾਰ ਪ੍ਰਤੀ ਨਫ਼ਰਤ ਤੇ ਦੂਰੀ ਦੀ ਨੀਤੀ, ਬੇਲੋੜੀ ਵਿਰੋਧੀ ਸ਼ਬਦਾਵਲੀ ਤੇ ਆਪਣਾ ਸਫ਼ਾਰਤਖ਼ਾਨਾ ਬੰਦ ਕਰਨਾ ਮੁਲਕ ਦੇ ਹਿਤ ਵਿਚ ਨਹੀਂ। ਘੱਟੋ-ਘੱਟ ਤਾਲਿਬਾਨ ਨਾਲ ਸਾਧਾਰਨ ਸੰਪਰਕ ਬਣਾਈ ਰੱਖਣਾ ਬਹੁਤ ਜ਼ਰੂਰੀ ਹੈ। ਸਪੱਸ਼ਟ ਜੱਗ ਚਰਚਾ ਹੈ ਕਿ ਚੀਨ ਤਾਲਿਬਾਨ ਨੂੰ ਡਿੱਗਣ ਨਹੀਂ ਦੇਵੇਗਾ। ਅਫ਼ਗਾਨਿਸਤਾਨ ਦੇ ਪਾਕਿਸਤਾਨ ਨਾਲ ਮਿਲਵਰਤਨ ਦਾ ਨਵਾਂ ਯੁੱਗ ਆ ਸਕਦਾ ਹੈ। ਨਾਲ ਹੀ ਰੂਸ ਤੇ ਗੁਆਂਢੀ ਸਾਬਕਾ ਸੋਵੀਅਤ ਰਿਪਬਲਿਕਾਂ ਆਪਣਾ ਸੰਭਵ ਹੱਦ ਤੱਕ ਦਾ ਮਿਲਵਰਤਨ ਬਣਾ ਕੇ ਰੱਖਣਗੀਆਂ। ਕਾਬੁਲ ਵਿਚ ਰੂਸੀ ਸਫ਼ਾਰਤਖ਼ਾਨਾ ਪੂਰੀ ਤਰਾਂ ਸਰਗਰਮ ਹੈ। ਉਸ ਰਾਹੀਂ ਭਾਰਤ ਆਪਣਾ ਪੈਰ ਧਰਾਵਾਂ ਬਣਾਉਣ ਦੀ ਕੋਸ਼ਿਸ਼ ਕਰ ਸਕਦਾ ਹੈ। ਅਮਲੀ ਤੌਰ 'ਤੇ ਭਾਰਤ ਦੀ ਸਰਹੱਦ ਅਫ਼ਗਾਨਿਸਤਾਨ ਨਾਲ ਨਹੀਂ ਜੁੜਦੀ ਪਰ ਇਹ ਮੁਲਕ ਗੈਰ ਗੁਆਂਢੀ ਵੀ ਨਹੀਂ, ਸਾਡੇ ਇਤਿਹਾਸਕ ਸਬੰਧ ਹਨ। ਖ਼ਤਰੇ ਵਾਲੀ ਗੱਲ ਇਹ ਹੈ ਕਿ ਤਾਲਿਬਾਨ ਜਾਂ ਅਫ਼ਗਾਨਿਸਤਾਨ ਨੂੰ ਅਲੱਗ ਥਲੱਗ ਕਰਦਾ ਭਾਰਤ ਖੁਦ ਅਲੱਗ ਥਲੱਗ ਪੈ ਸਕਦਾ ਹੈ ਤੇ ਇਕ ਹੱਦ ਤੱਕ ਪੈ ਵੀ ਚੁੱਕਾ ਹੈ।




jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

## ਨਿਹੰਗ ਆਗੂ ਨੇ ਖੇਤੀ...

ਸਾਡੇ ਨਾਲ ਰਹਿ ਕੇ ਜਾਂ ਕਿਸਾਨ ਅੰਦੋਲਨ ਵਿੱਚ ਰਹਿ ਕੇ ਜੇ ਉਸ ਨੇ ਅਜਿਹਾ ਕੁਝ ਕੀਤਾ ਹੋਇਆ ਤਾਂ ਦੋ-ਚਾਰ ਦਿਨਾਂ ਵਿੱਚ ਸਾਰੇ ਨਿਹੰਗ ਮੁਖੀਆਂ ਨੂੰ ਬੁਲਾ ਕੇ ਉਸ ਬਾਰੇ ਫ਼ੈਸਲਾ ਲਿਆ ਜਾਵੇਗਾ। ਪੰਥਕ ਮਰਿਆਦਾ ਮੁਤਾਬਕ ਕਾਰਵਾਈ ਕੀਤੀ ਜਾਵੇਗੀ।' ਨਿਹੰਗ ਮੁਖੀ ਨੇ ਕਿਹਾ ਕਿ ਬਾਬਾ ਅਮਨ ਸਿੰਘ ਵੱਲੋਂ ਉਨਾਂ ਨੂੰ ਦਸ ਲੱਖ ਰੁਪਏ ਦੇਣ ਤੇ ਸਿੰਘੂ ਤੋਂ ਜਾਣ ਦੀ ਕੀਤੀ ਪੇਸ਼ਕਸ਼ ਬਾਰੇ ਵੀ ਹੁਣ ਦੱਸਿਆ ਗਿਆ ਹੈ ਪਰ ਅਸਲੀ ਤੱਥ ਤਾਂ ਅਮਨ ਸਿੰਘ ਨੇ ਦੱਸਣੇ ਹਨ ਅਤੇ ਉਹ ਸਬੂਤਾਂ ਸਮੇਤ ਸਪੱਸ਼ਟੀਕਰਨ ਦੇਣਗੇ।

## ਪੰਜਾਬ ਦੀ ਖੇਤੀਬਾੜੀ ਨੂੰ...

ਡਾ. ਗਿਆਨ ਸਿੰਘ (ਲੇਖਕ), ਡਾ. ਸੁਰਿੰਦਰ ਸਿੰਘ, ਅਤੇ ਹਰਵਿੰਦਰ ਸਿੰਘ ਦੇ ਖੋਜ ਅਧਿਐਨ 'ਗਰਾਊਂਡਵਾਟਰ ਡਿਵੈਲਪਮੈਂਟ ਇਨ ਪੰਜਾਬ' ਤੋਂ ਸਾਹਮਣੇ ਆਇਆ ਹੈ ਕਿ ਪੰਜਾਬ ਦੇ ਜਿਨਾਂ ਖੇਤਰਾਂ ਵਿਚ ਕਣਕ-ਝੋਨੇ ਦੀਆਂ ਫ਼ਸਲਾਂ ਬੀਜੀਆਂ/ਲਾਈਆਂ ਜਾਂਦੀਆਂ ਹਨ, ਉੱਥੇ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤੱਕ ਹੇਠਾਂ ਗਿਆ ਹੈ। ਇਹ ਖੇਤਰ ਤਿੰਨ-ਚੌਥਾਈ ਤੋਂ ਵੱਧ ਹਨ। 1960-61 ਵਿਚ ਪੰਜਾਬ ਵਿਚ ਸਿਰਫ਼ 7445 ਟਿਊਬਵੈੱਲ ਸਨ ਅਤੇ ਝੋਨੇ ਦੀ ਲਵਾਈ ਕਾਰਨ ਇਨਾਂ ਦੀ ਗਿਣਤੀ ਹੁਣ 15 ਲੱਖ ਦੇ ਕਰੀਬ ਹੋ ਗਈ ਹੈ। ਧਰਤੀ ਹੇਠਲੇ ਪਾਣੀ ਦੇ ਲਗਾਤਾਰ ਹੇਠਾਂ ਜਾਣ ਕਾਰਨ ਮੋਨੋਬਲਾਕ ਮੋਟਰਾਂ ਕੰਮ ਛੱਡ ਗਈਆਂ ਅਤੇ ਸਬਮਰਸੀਬਲ ਮੋਟਰਾਂ ਲਾਉਣੀਆਂ ਪਈਆਂ। ਇਉਂ ਲਗਾਤਾਰ ਡੂੰਘੇ ਹੋ ਰਹੇ ਬੋਰਾਂ ਉੱਪਰ ਵਧ ਰਹੇ ਖ਼ਰਚ ਕਿਸਾਨਾਂ ਸਿਰ ਕਰਜ਼ੇ ਦਾ ਇਕ ਕਾਰਨ ਬਣ ਗਏ ਹਨ।

ਪੰਜਾਬ ਵਿਚ ਅਪਣਾਈ ਨਵੀਂ ਜੁਗਤ ਦੇ ਪੁਲੰਦੇ ਵਿਚੋਂ ਮਸ਼ੀਨਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਖੇਤੀ ਰੁਜ਼ਗਾਰ ਨੂੰ ਵੱਡੀ ਢਾਹ ਲਾਈ। ਇਸ ਦਾ ਮਾਰੂ ਅਸਰ ਖੇਤੀ ਖੇਤਰ ਉੱਪਰ ਨਿਰਭਰ ਸਾਰੇ ਵਰਗਾਂ ਉੱਤੇ ਹੋਇਆ ਪਰ ਇਸ ਦੀ ਵੱਡੀ ਮਾਰ ਸੀਮਾਂਤ, ਛੋਟੇ ਤੇ ਬੇਜ਼ਮੀਨੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਕਾਰੀਗਰਾਂ ਉੱਪਰ ਪਈ ਹੈ।

ਪੰਜਾਬ ਆਰਥਿਕਤਾ ਪੱਖੋਂ ਲੰਮੇ ਸਮੇਂ ਲਈ ਮੁਲਕ ਦਾ ਅੱਵਲ ਸੂਬਾ ਰਿਹਾ ਹੈ। ਸਰਕਾਰਾਂ, ਖ਼ਾਸਕਰ ਕੇਂਦਰ ਸਰਕਾਰ ਦੀਆਂ ਖੇਤੀ ਨੀਤੀਆਂ ਕਾਰਨ ਇਸ ਦਾ ਦਰਜਾ ਹੁਣ ਬਹੁਤ ਥੱਲੇ ਆ ਗਿਆ ਹੈ। ਪੰਜਾਬ ਦੇ ਨੌਜਵਾਨ ਰੁਜ਼ਗਾਰ ਦੀ ਅਣਹੋਂਦ ਅਤੇ ਪ੍ਰਾਪਤ ਰੁਜ਼ਗਾਰ ਨੀਵੇਂ ਮਿਆਰ ਦਾ ਹੋਣ ਕਾਰਨ ਵਿਦੇਸ਼ ਜਾ ਰਹੇ ਹਨ। ਅਜਿਹਾ ਵਰਤਾਰਾ ਪੰਜਾਬ ਨੂੰ ਬੌਧਿਕ ਅਤੇ ਪੂੰਜੀ ਹੂੰਝਿਆਂ ਦੇ ਨਾਲ਼ ਨਾਲ਼ ਜਨਸੰਖਿਅਕ ਲਾਭ ਅੰਸ਼ ਤੋਂ ਵਿਹੂਣਾ ਕਰ ਰਿਹਾ ਹੈ ਜਿਸ ਦੀ ਲੋਕ ਅੱਜਕਲ ਬਹੁਤ ਵੱਡੀ ਕੀਮਤ ਦੇ ਰਹੇ ਹਨ। ਇਹ ਵਰਤਾਰਾ ਆਉਣ ਵਾਲ਼ੇ ਸਮੇਂ ਵਿਚ ਹੋਰ ਸਮੱਸਿਆ/ਵਿਗਾੜ ਪੈਦਾ ਕਰੇਗਾ।

ਉੱਪਰਲੇ ਤੱਥਾਂ, ਉਨਾਂ ਦੇ ਵਿਸ਼ਲੇਸ਼ਣ ਅਤੇ ਕਿਸਾਨ ਸੰਘਰਸ਼ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਪੰਜਾਬ ਦੇ ਕਿਸਾਨ ਅਤੇ ਖੇਤੀਬਾੜੀ ਨਾਲ਼ ਸੰਬੰਧਿਤ ਹੋਰ ਵਰਗ ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਂਦੇ ਇਨਪੁੱਟਸ ਬਾਰੇ ਬਹੁਤ ਚੰਗੀ ਤਰਾਂ ਜਾਣੂ ਹਨ, ਇਸ ਲਈ ਉਨਾਂ ਨੂੰ ਜਾਗਰੂਕ ਕਰਨ ਅਤੇ ਸਿਖਲਾਈ ਦੇਣ ਬਾਰੇ ਨਸੀਹਤਾਂ ਕੋਈ ਵੀ ਅਰਥ ਨਹੀਂ ਰੱਖਦੀਆਂ ਹਨ। ਪੰਜਾਬ ਦੀ ਧਰਤੀ, ਹਵਾ, ਪਾਣੀ ਅਤੇ ਆਰਥਿਕਤਾ ਦੇ ਵਿਗਾੜਾਂ ਉੱਪਰ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਸਰਕਾਰਾਂ, ਖ਼ਾਸ ਕਰਕੇ ਕੇਂਦਰ ਸਰਕਾਰ, ਆਪਣਾ ਫਰਜ਼ ਨਿਭਾਉਣ ਤਾਂ ਕਿ ਮੁਲਕ ਦੀ ਅਨਾਜ ਸੁਰੱਖਿਆ ਖ਼ਤਰੇ ਵਿਚ ਨਾ ਪਵੇ।

## ਸੁਲਤਾਨ-ਉਲ-ਕੌਮ...

**ਨਵਾਬ ਕਪੂਰ ਸਿੰਘ ਬੁੱਢਾ ਦਲ ਦੇ ਜਥੇਦਾਰ ਅਤੇ ਸਮੁੱਚੇ ਦਲ ਖ਼ਾਲਸਾ ਦੇ ਮੋਹਰੀ ਸਨ।**

7 ਅਕਤੂਬਰ, 1753 ਅੱਸੂ ਸੁਦੀ 10 ਸੰਮਤ 1810 ਨੂੰ ਨਵਾਬ ਕਪੂਰ ਸਿੰਘ ਬੰਦੂਕ ਦੇ ਇਕ ਜ਼ਖ਼ਮ ਦੇ ਵਿਗੜ ਜਾਣ ਕਰਕੇ ਚਲਾਣਾ ਕਰ ਗਏ। ਉਨਾਂ ਨੇ ਇਕ ਦਿਨ ਪਹਿਲਾਂ 6 ਅਕਤੂਬਰ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ ਫੌਲਾਦੀ ਚੋਬ ਸ੍ਰ: ਜੱਸਾ ਸਿੰਘ ਆਹਲੂਵਾਲੀਏ ਨੂੰ ਸੌਂਪ ਦਿੱਤੀ ਅਤੇ ਖ਼ਾਲਸੇ ਦੀ ਸੇਵਾ ਕਰਨ ਲਈ ਬਚਨ ਕੀਤਾ। ਨਵਾਬ ਸਾਹਿਬ ਦੀ ਸਮਾਧ ਬਾਬਾ ਅਟਲ ਰਾਏ ਜੀ ਦੇ ਦੇਹੁਰੇ ਦੇ ਪੂਰਬੀ ਦਰਵਾਜ਼ੇ ਕੋਲ ਬਣਾਈ ਗਈ। ਡਾ. ਗੰਡਾ ਸਿੰਘ ਅਨੁਸਾਰ 1923 ਤੱਕ ਇਹ ਯਾਦਗਾਰ ਕਾਇਮ ਰਹੀ ਪਰ ਅਕਾਲੀ ਦਲ ਦੇ ਪ੍ਰਬੰਧ ਅਧੀਨ ਪ੍ਰਕਰਮਾ ਨੂੰ ਚੌੜੀ ਕਰਨ ਹਿੱਤ ਇਸ ਨੂੰ ਢਾਹ ਦਿੱਤਾ ਗਿਆ ਸੀ।

ਅਗਲੇ ਸਾਲ ਵਿਸਾਖੀ ਦੇ ਮੌਕੇ 10 ਅਪ੍ਰੈਲ 1754 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਰਬੱਤ ਖ਼ਾਲਸਾ ਦਾ ਦੀਵਾਨ ਸਜਾਇਆ ਗਿਆ। ਇਸ ਵਿਚ ਸਰਬਤ ਸੰਗਤ ਨੇ ਨਵਾਬ ਕਪੂਰ ਸਿੰਘ ਜੀ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਇਸ ਸਮੇਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਹਰ ਪੱਖੋਂ ਯੋਗ ਸਮਝਕੇ ਖ਼ਾਲਸੇ ਦਾ ਜਥੇਦਾਰ ਥਾਪਿਆ ਗਿਆ। ਡਾ. ਗੰਡਾ ਸਿੰਘ ਅਨੁਸਾਰ ਨਵਾਬ ਕਪੂਰ ਸਿੰਘ ਵਾਲਾ 'ਨਵਾਬ' ਦਾ ਖਿਤਾਬ ਵੀ ਉਨਾਂ ਨੂੰ ਦਿੱਤਾ ਗਿਆ। ਇਸ ਤਰਾਂ 10 ਅਪ੍ਰੈਲ, 1754 ਨੂੰ ਸਿੱਖ ਪੰਥ ਵਲੋਂ ਜੱਥੇਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦਲ ਖ਼ਾਲਸਾ ਦਾ ਪ੍ਰਮੁੱਖ ਥਾਪਿਆ ਗਿਆ।

ਇਸ ਤੋਂ ਬਾਅਦ ਜਸਪਤ ਰਾਇ, ਅਦੀਨਾ ਬੇਗ, ਨਾਸਰ ਅਲੀ ਖਾਂ ਆਦਿ ਮੁਗਲ ਹਾਕਮਾਂ ਨਾਲ ਕਈ ਜੰਗਾਂ ਕੀਤੀਆਂ। ਉਸਨੇ ਪੰਜਾਬ ਦੇ ਕਈ ਇਲਾਕਿਆਂ ਫਤਿਹਾਬਾਦ, ਜਗਰਾਉਂ, ਮੁੱਲਾਂ ਵਾਲਾ, ਮੱਖੂ, ਕੋਟ ਈਸੇ ਖਾਂ ਆਦਿ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ। 1760 ਈ: ਵਿਚ ਅਹਿਮਦ ਸ਼ਾਹ ਦੇ ਸੱਤਵੇਂ ਹਮਲੇ ਸਮੇਂ ਦੁਰਾਨੀ ਬਹੁਤ ਸਾਰੇ ਹਿੰਦੁਸਤਾਨੀ ਮਰਦ-ਔਰਤਾਂ, ਲੜਕੇ-ਲੜਕੀਆਂ ਨੂੰ ਬੰਦੀ ਬਣਾ ਕੇ ਕਾਬਲ ਲਿਜਾ ਰਹੇ ਸਨ। ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੇ ਗੋਇੰਦਵਾਲ ਤੋਂ ਬਿਆਸਾ ਟੱਪਦੇ ਹੋਏ ਦੁਰਾਨੀਆਂ ਨੂੰ ਜਾ ਦਬਾਇਆ ਅਤੇ ਉਨਾਂ ਦੇ ਕਬਜ਼ੇ ਵਿੱਚੋਂ 2200 ਹਿੰਦੂ ਨੌਜਵਾਨ ਲੜਕੀਆਂ ਨੂੰ ਛੁਡਵਾ ਕੇ ਘਰੋ-ਘਰੀ ਭਿਜਵਾ ਦਿੱਤਾ। ਇਸ ਪਰਉਪਕਾਰ ਨਾਲ ਉਨਾਂ ਦੇ ਜੱਸ ਵਿਚ ਬਹੁਤ ਵਾਧਾ ਹੋਇਆ। 1761 ਵਿਚ ਦਲ ਖ਼ਾਲਸਾ ਨਾਲ ਮਿਲਕੇ ਅਹਿਮਦਸ਼ਾਹ ਅਬਦਾਲੀ ਦੇ ਜਰਨੈਲ ਜਹਾਨ ਖ਼ਾਨ ਨੂੰ ਸ਼ਿਕਸਤ ਦਿੱਤੀ ਤੇ ਲਾਹੌਰ ਉਤੇ ਕਬਜ਼ਾ ਕਰ ਲਿਆ। ਦੁਰਾਨੀਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚੋਂ ਵੀ ਕੱਢ ਦਿਤਾ ਗਿਆ। ਪੰਥ ਵਲੋਂ ਉਨਾਂ ਨੂੰ ਸੁਲਤਾਨ-ਉਲ-ਕੌਮ ਦਾ ਖਿਤਾਬ ਦਿੱਤਾ ਗਿਆ। ਅੱਜ ਤੀਕ ਖ਼ਾਲਸਾ ਪੰਥ ਵਿਚ ਇਹ ਖਿਤਾਬ ਹਾਸਲ ਕਰਨ ਵਾਲਾ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਪਹਿਲਾ ਅਤੇ ਆਖਰੀ ਇਕੋ ਇਕ ਸਿੱਖ ਸਰਦਾਰ ਹੈ। 1762 ਵਿਚ ਜ਼ਿਲਾ ਸੰਗਰੂਰ ਦੇ ਪਿੰਡ ਰਹੀੜਾ (ਕੁਪ ਰਹੀੜਾ) ਕੁਤਬਾ ਬਾਹਮਣੀਆਂ ਅਤੇ ਗਹਿਲ ਤਿੰਨ ਸਥਾਨਾਂ ਉੱਤੇ ਖ਼ਾਲਸਾ ਦਲ ਦੀ ਅਹਿਮਦ ਸ਼ਾਹ ਅਬਦਾਲੀ ਨਾਲ ਭਾਰੀ ਜੰਗ ਹੋਈ। ਇਸ ਵਿਚ ਲਗਭਗ 30 ਹਜ਼ਾਰ ਸਿੰਘ ਸਿੰਘਣੀਆਂ ਅਤੇ ਬੱਚੇ ਸ਼ਹੀਦ ਹੋਏ ਸਨ। ਸ੍ਰ. ਜੱਸਾ ਸਿੰਘ ਆਹਲੂਵਾਲੀਆ ਉਸ ਸਮੇਂ ਦਲ ਖ਼ਾਲਸਾ ਦੀ ਅਗਵਾਈ ਕਰ ਰਹੇ ਸਨ। ਅਬਦਾਲੀ ਦੀਆਂ ਫ਼ੌਜਾਂ ਨਾਲ ਨਵਾਬ ਮਲੇਰਕੋਟਲਾ, ਸੂਬਾ ਸਰਹੰਦ ਨਵਾਬ ਰਾਏਕੋਟ ਅਤੇ ਲੁਧਿਆਣਾ ਤੋਂ ਫ਼ੌਜਾਂ ਜਾ ਸ਼ਾਮਲ ਹੋਈਆਂ। ਇਨਾਂ ਜਰਵਾਣਿਆਂ ਦੀਆਂ ਫ਼ੌਜਾਂ ਅਤੇ ਘੋੜਿਆਂ ਆਦਿ ਦੀ ਖਾਦ ਖੁਰਾਕ ਦਾ ਪ੍ਰਬੰਧ ਫੂਲਕੀਆ ਮਿਸਲ ਦੇ ਮੁਖੀ ਰਿਆਸਤ ਪਟਿਆਲਾ ਵਾਲਿਆਂ ਨੇ ਕੀਤਾ। ਗਹਿਗਚ ਦੀ ਲੜਾਈ ਦੌਰਾਨ ਸ੍ਰ. ਜੱਸਾ ਸਿੰਘ ਆਹਲੂਵਾਲੀਆ ਨੇ ਇਕ ਵਾਰੀ ਅਹਿਮਦਸ਼ਾਹ ਦੇ ਸਾਹਮਣੇ ਹੋ ਕੇ ਦੋ-ਦੋ ਹੱਥ ਕਰਨ ਲਈ ਵੰਗਾਰਿਆ, ਪਰ ਅਹਿਮਦਸ਼ਾਹ ਦਾ ਹੌਂਸਲਾ ਨਾ ਪਿਆ। ਇਸ ਜੰਗ ਵਿਚ ਸ੍ਰ. ਜੱਸਾ ਸਿੰਘ ਆਹਲੂਵਾਲੀਏ ਦੇ ਪਿੰਡੇ ਤੇ 64 ਜ਼ਖ਼ਮ ਲੱਗੇ ਸਨ ਪ੍ਰੰਤੂ ਜਿੱਤ ਖ਼ਾਲਸਾ ਪੰਥ ਦੀ ਹੋਈ ਅਤੇ ਜਰਵਾਣਿਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇੱਕੋ ਦਿਨ ਵਿਚ ਏਨਾ ਵੱਡਾ ਨੁਕਸਾਨ ਦੁਨੀਆ ਦੀ ਕਿਸੇ ਵੀ ਜੰਗ ਵਿਚ ਨਹੀਂ ਹੋਇਆ ਸਗੋਂ ਅਸਚਰਜਤਾ ਦੀ ਗੱਲ ਹੈ ਕਿ ਏਨੇ ਵੱਡੇ ਨੁਕਸਾਨ ਉਪਰੰਤ ਸ. ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਦਲ ਖ਼ਾਲਸਾ ਨੇ ਜਰਵਾਣਿਆਂ ਉਤੇ ਮੋੜਵਾਂ ਹਮਲਾ ਕਰ ਦਿੱਤਾ ਅਤੇ ਦੁਸ਼ਮਣ ਨੂੰ ਭਾਂਜ ਦਿਤੀ। ਇਹ ਮਿਸਾਲ ਦੁਨੀਆ ਦੇ ਜੰਗਾਂ ਯੁੱਧਾਂ ਦੇ ਇਤਿਹਾਸ ਵਿਚ ਆਪਣੇ ਆਪ ਵਿਚ ਬਿਲਕੁਲ ਨਿਵੇਕਲੀ ਹੈ। ਇਹ ਜੰਗ 5 ਫਰਵਰੀ, 1762 ਨੂੰ ਹੋਇਆ। ਇਸ ਨੂੰ ਸਿੱਖ ਇਤਿਹਾਸ ਵਿਚ ਵੱਡੇ ਘਲੂਘਾਰੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਦਲ ਖਾਲਸਾ ਨੇ ਜ: ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ 7 ਅਪ੍ਰੈਲ 1763 ਨੂੰ ਦਿੱਲੀ ਉਤੇ ਹਮਲਾ ਕੀਤਾ ਅਤੇ ਦਿੱਲੀ ਫ਼ਤਹਿ ਕੀਤੀ। 5 ਫਰਵਰੀ, 1762 ਨੂੰ ਵੱਡੇ ਘਲੂਘਾਰੇ ਵਿੱਚ ਇਤਨੇ ਵੱਡੇ ਜਾਨੀ ਅਤੇ ਮਾਲੀ ਨੁਕਸਾਨ ਤੋਂ ਬਾਅਦ 7 ਅਪ੍ਰੈਲ, 1763 ਨੂੰ ਦਿੱਲੀ ਨੂੰ ਫਤਹਿ ਕਰ ਲੈਣਾ। ਜੰਗਾਂ-ਯੁੱਧਾਂ ਦੇ ਇਤਿਹਾਸ ਵਿੱਚ ਇੱਕ ਬੜੀ ਹੀ ਅਸਚਰਜਤਾ ਵਾਲੀ ਗੱਲ ਸੀ। ਇਸ ਸਮੇਂ ਜ: ਜੱਸਾ ਸਿੰਘ ਰਾਮਗੜੀਆ ਅਤੇ ਜ: ਬਘੇਲ ਸਿੰਘ ਵੀ ਉਨਾਂ ਨਾਲ ਸ਼ਾਮਲ ਸਨ। ਸੰਨ 1764 ਵਿਚ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਸਰਹੰਦ ਫਤਹਿ ਕੀਤੀ ਅਤੇ ਸਾਹਿਬਜਾਦਿਆਂ ਦੇ ਸ਼ਹੀਦੀ ਸਥਾਨ ਉਤੇ ਗੁਰਦੁਆਰਾ ਸ੍ਰੀ ਫ਼ਤਹਿਗੜ ਸਾਹਿਬ ਦੀ ਉਸਾਰੀ ਕਰਵਾਈ। ਮੋਰਿੰਡਾ ਅਤੇ ਮਲੇਰਕੋਟਲਾ ਫਤਹਿ ਕਰਕੇ ਜਰਵਾਣਿਆਂ ਨੂੰ ਬੀਤੇ ਵਿੱਚ ਕੀਤੇ ਦੀ ਸਜਾ ਦੇਕੇ ਹਿਸਾਬ-ਕਿਤਾਬ ਚੁਕਤਾ ਕੀਤਾ। 1768 ਵਿਚ ਸ੍ਰ. ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਪੰਥਕ ਦਲਾਂ ਨੇ ਜਲਾਲਾਬਾਦ ਦੇ ਇਕ ਬ੍ਰਾਹਮਣ ਦੇ ਆਪਣੀ ਲੜਕੀ ਛੁਡਵਾਉਣ ਲਈ ਬੇਨਤੀ ਕਰਨ ਤੇ ਚੜਾਈ ਕੀਤੀ। ਜਲਾਲਾਬਾਦ ਦੇ ਜਰਵਾਣੇ ਨੂੰ ਸਜਾ ਦਿਤੀ ਅਤੇ ਬ੍ਰਾਹਮਣ ਦੀ ਲੜਕੀ ਮੁੜ ਉਸਦੇ ਮਾਪਿਆਂ ਨੂੰ ਲਿਆ ਦਿਤੀ। ਖਾਲਸਾ ਪੰਥ ਹਮੇਸ਼ਾ ਹੀ ਸਤਿਗੁਰ ਦੇ ਹੁਕਮ ਵਿਚ ਵਿਚਰਦਿਆਂ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ ਅਤੇ ਨਿਆਸਰਿਆਂ ਦਾ ਆਸਰਾ ਰਿਹਾ ਹੈ। ਇਹ ਖਾਲਸੇ ਦਾ ਵਿਲੱਖਣ ਕਿਰਦਾਰ ਹੈ। ਇਸ ਦੌਰਾਨ ਮੇਰਠ, ਅਲੀਗੜ ਆਦਿ ਨੂੰ ਅਧੀਨ ਕਰਕੇ ਸਿੰਘਾਂ ਨੇ ਦਿੱਲੀ ਉਤੇ ਮੁੜ ਕਬਜਾ ਕਰ ਲਿਆ। ਖਾਲਸਾ ਲਾਲ ਕਿਲੇ ਅੰਦਰ ਦਾਖਲ ਹੋ ਗਿਆ ਅਤੇ ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੂੰ ਸ਼ਾਹੀ ਤਖਤ ਤੇ ਬਿਠਾਇਆ ਗਿਆ। ਗਿਆਨੀ ਗਿਆਨ ਸਿੰਘ ਅਨੁਸਾਰ ਇਸੇ ਦਿਨ ਤੋਂ ਇਹ ਸਿੱਖਾਂ ਵਿੱਚ ਬਾਦਸ਼ਾਹ ਦੇ ਨਾਮ ਤੋਂ ਪ੍ਰਸਿੱਧ ਹੋ ਗਿਆ। ਇਸ ਸਮੇਂ ਉਨਾਂ ਦੇ ਸਾਹਮਣੇ ਪੰਥ ਦੀ ਤਰੱਕੀ ਦਿੱਲੀ ਦੇ ਤਖਤ ਨਾਲੋਂ ਵਧੇਰੇ ਮਹੱਤਵ ਰੱਖਦੀ ਸੀ। ਉਹ ਦਿੱਲੀ ਦੇ ਰਾਜ ਤੱਕ ਆਪਣੇ ਆਪ ਨੂੰ ਸੀਮਿਤ ਨਹੀਂ ਕਰਨਾ ਚਾਹੁੰਦੇ ਸਨ। ਦਿੱਲੀ ਦਾ ਤਖਤ ਉਨਾਂ ਦੀ ਸਖਸ਼ੀਅਤ ਦੇ ਯੋਗ ਵੀ ਨਹੀਂ ਸੀ। ਇਸ ਤਖਤ ਨੇ ਕਈ ਸਦੀਆਂ ਤੱਕ ਲੋਕਾਂ ਦਾ ਲਹੂ ਪੀਤਾ ਸੀ। ਹਿੰਦੁਸਤਾਨ ਦੀ ਪਰਜਾ ਦਾ ਕਤਲੇਆਮ ਕਰਵਾਇਆ ਸੀ। ਇਸ ਤਖਤ ਦੇ ਬਿਲਕੁਲ ਸਾਹਮਣੇ ਚਾਂਦਨੀ ਚੌਂਕ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਇਸ ਲਈ ਉਹ ਦਿੱਲੀ ਦੇ ਤਖਤ ਨੂੰ ਬਹੁਤ ਨਾਯਾਬ ਚੀਜ ਨਹੀਂ ਸੀ ਸਮਝਦਾ। ਉਹ ਸਿੱਖਾਂ ਦੇ ਦਿਲਾਂ ਦਾ ਬਾਦਸ਼ਾਹ ਸੀ। ਉਸ ਦੀਆਂ ਨਜਰਾਂ ਵਿਚ ਸਭ ਤੋਂ ਜ਼ਰੂਰੀ ਕੰਮ ਦਿੱਲੀ ਦੇ ਗੁਰ ਅਸਥਾਨਾਂ ਨੂੰ ਕਾਇਮ ਕਰਨਾ ਸੀ। ਇਨਾਂ ਅਸਥਾਨਾਂ ਦੀ ਖੋਜ ਕਰਨ ਅਤੇ ਯਾਦਗਾਰਾਂ ਬਣਾਉਣ ਦੀ ਜਿੰਮੇਵਾਰੀ ਸ੍ਰ. ਬਘੇਲ ਸਿੰਘ ਨੂੰ ਸੌਂਪੀ ਗਈ। ਉਹ ਇਸ ਕੰਮ ਲਈ ਕਈ ਮਹੀਨੇ ਦਿੱਲੀ ਵਿਚ ਰਹੇ ਅਤੇ ਬਾਕੀ ਖਾਲਸਾ ਦਲ ਦਿੱਲੀ ਤੋਂ ਅੱਗੇ ਚਲਾ ਗਿਆ। ਅਜਿਹੇ ਖਾਲਸੇ ਨੂੰ ਹੀ ਗੁਰੂ ਜੀ ਨੇ ਚੱਕਰਵਰਤੀ ਰਾਜ ਦਾ ਅਧਿਕਾਰੀ ਮੰਨਿਆ ਹੈ। ਜੱਸਾ ਸਿੰਘ ਆਹਲੂਵਾਲੀਏ ਦੀ ਹਸਤੀ ਪੰਥ 'ਚ ਇਕ ਮੁਖੀ ਦੀ ਸੀ। ਸਰਦਾਰ ਕਪੂਰ ਸਿੰਘ ਦੇ 1760 ਵਿੱਚ ਅਕਾਲ ਚਲਾਣੇ ਤੋਂ ਪਿਛੋਂ ਖਾਲਸਾ ਪੰਥ ਦੀ ਜਥੇਦਾਰੀ ਦੀ ਪੱਗ ਉਨਾਂ ਨੂੰ ਬੰਨਾਈ ਗਈ ਸੀ। ਇਸ ਨਾਲ ਉਨਾਂ ਤੇ ਸਾਰੇ ਪੰਥ ਦੀ ਜਿੰਮੇਵਾਰੀ ਆ ਪਈ ਸੀ। ਬਾਕੀ ਸਾਰੇ ਇਨਾਂ ਦਾ ਸਤਿਕਾਰ ਕਰਦੇ ਸਨ। ਸ੍ਰ. ਜੱਸਾ ਸਿੰਘ ਆਹਲੂਵਾਲੀਏ ਨੇ ਇੱਕ ਥਾਂ ਬੈਠ ਕੇ ਨਿੱਜੀ ਪੱਧਰ ਉਤੇ ਰਾਜ ਭਾਗ ਹੰਢਾਉਣ ਅਤੇ ਐਸ਼ ਕਰਨ ਨਾਲੋਂ ਪੰਥਕ ਹਿੱਤਾਂ ਵੱਲ ਆਪਣਾ ਧਿਆਨ ਵਧੇਰੇ ਦਿੱਤਾ। ਉਨਾਂ ਦੇ ਸਾਹਮਣੇ ਸਭ ਤੋਂ ਵੱਡਾ ਨਿਸ਼ਾਨਾ ਪੰਥ ਨੂੰ ਇਕਮੁਠ ਰੱਖਣਾ ਸੀ। ਇਸ ਲਈ ਆਪ ਖਾਲਸਾ ਜਥਿਆਂ ਨੂੰ ਨਾਲ ਲੈ ਕੇ ਜਾਲਮਾਂ ਦਾ ਟਾਕਰਾ ਤੇ ਵਿਰੋਧੀਆਂ ਦੀ ਸੋਧ ਕਰਦੇ ਸਨ। ਸ੍ਰ. ਜੱਸਾ ਸਿੰਘ ਆਹਲੂਵਾਲੀਆ ਸਿੱਖੀ ਆਦਰਸ਼ਾਂ ਦੀ ਪਾਲਣਾ ਕਰਨ ਵਾਲਾ ਸਹੀ ਰੂਪ ਵਿਚ ਖਾਲਸਾ ਸੀ। ਉਹ ਆਪ ਅੰਮ੍ਰਿਤ ਪ੍ਰਚਾਰ ਕਰਕੇ ਸਿੱਖ ਧਰਮ ਦੇ ਵਿਕਾਸ ਵਿੱਚ ਵੀ ਯਤਨਸ਼ੀਲ ਰਹਿੰਦੇ ਸਨ। ਮਹਾਰਾਜਾ ਅਮਰ ਸਿੰਘ ਪਟਿਆਲਾ ਸਮੇਤ ਅਨੇਕਾਂ ਵਿਅਕਤੀਆਂ ਨੇ ਉਨਾਂ ਦੇ ਹੱਥੋਂ ਅੰਮ੍ਰਿਤ ਛਕਿਆ ਸੀ। 1765 ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੁਬਾਰਾ ਬਣਾਈ ਗਈ। ਉਸ ਦਾ ਨੀਂਹ ਪੱਥਰ ਸ੍ਰ. ਜੱਸਾ ਸਿੰਘ ਆਹਲੂਵਾਲੀਆ ਦੇ ਹੱਥੋਂ ਹੀ ਰਖਵਾਇਆ ਗਿਆ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਵਿੱਚ ਸ੍ਰ. ਜੱਸਾ ਸਿੰਘ ਨੇ ਧਨ ਦੇ ਪੱਖੋਂ ਵੀ ਸਭ ਤੋਂ ਵੱਧ ਯੋਗਦਾਨ ਪਾਇਆ ਸੀ। ਇਸੇ ਸਮੇਂ ਇਨਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਵਿੱਚ ਕਟੜਾ ਅਤੇ ਆਹਲੂਵਾਲੀਆ ਵੀ ਵਸਾਇਆ ਸੀ।

ਸ. ਜੱਸਾ ਸਿੰਘ ਆਹਲੂਵਾਲੀਆ ਜਿੱਥੇ ਇੱਕ ਮਹਾਨ ਯੋਧਾ ਸੀ ਉਥੇ ਗੁਰਬਾਣੀ ਦਾ ਰਸੀਆ ਵੀ ਸੀ। ਇਸ ਤਰਾਂ ਉਹ ਧਰਮ ਤੇ ਰਾਜਨੀਤੀ ਵਿੱਚ ਨਿਪੁੰਨ ਸਿੰਘਤਵ ਦੇ ਜਜਬੇ ਨਾਲ ਸਰਸ਼ਾਰ ਖਾਲਸੇ ਦਾ ਆਦਰਸ਼ਕ ਰੂਪ ਸੀ। ਉਸਨੇ ਸ੍ਰੀ ਅੰਮ੍ਰਿਤਸਰ ਸਾਹਿਬ ਰਹਿ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਦੁਬਾਰਾ ਉਸਾਰੀ ਦਾ ਕੰਮ ਕਰਵਾਇਆ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਪਹਿਲੀ ਮੰਜ਼ਿਲ ਵੀ ਬਣਵਾਈ। ਉਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਯਾਦਾ ਮੁੜ ਬਹਾਲ ਕੀਤੀ ਤੇ ਪ੍ਰਬੰਧ ਵਿਚ ਸੁਧਾਰ ਵੀ ਕੀਤੇ। ਉਹਨਾਂ ਨੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਪ ਕੀਰਤਨ ਕੀਤਾ। ਉਨਾਂ ਨੇ ਨਵਾਬ ਕਪੂਰ ਸਿੰਘ ਦੀ ਬੜੀ ਸ਼ਰਧਾ ਤੇ ਸਤਿਕਾਰ ਦੀ ਭਾਵਨਾ ਨਾਲ ਸੇਵਾ ਕੀਤੀ ਸੀ। ਸ. ਕਪੂਰ ਸਿੰਘ ਦੀ ਨਿਮਰਤਾ ਤੇ ਤਿਆਗ ਦੇ ਗੁਣ ਵੀ ਉਨਾਂ ਵਿੱਚ ਪ੍ਰਵੇਸ਼ ਕਰ ਗਏ ਸਨ। ਉਸ ਨੇ ਆਪਣਾ ਜੀਵਨ ਸਿੱਖ ਪੰਥ ਦੀ ਸੇਵਾ ਵਿੱਚ ਹੀ ਗੁਜਾਰਿਆ। ਖਾਲਸੇ ਨਾਲ ਕਦੇ ਵੀ ਕਿਸੇ ਗੱਲ ਤੇ ਵਿਰੋਧ ਦੀ ਸਥਿਤੀ ਨਹੀਂ ਪੈਦਾ ਹੋਣ ਦਿੱਤੀ। ਉਨਾਂ ਨੇ ਕਦੇ ਵੀ ਮੁਗਲ ਹਕੂਮਤ ਦੀ ਮੁਥਾਜੀ ਨਹੀਂ ਕੀਤੀ। ਉਹ ਬਾਦਸ਼ਾਹੀ ਜਾਂ ਨਵਾਬੀ ਨੂੰ ਬਹੁਤ ਵੱਡੀ ਮਹੱਤਤਾ ਨਹੀਂ ਸੀ ਦਿੰਦੇ। ਇਹੋ ਕਾਰਨ ਹੈ ਕਿ ਦਿੱਲੀ ਦੇ ਤਖਤ ਤੇ ਬੈਠਣ ਦੇ ਬਾਵਜੂਦ ਉਨਾਂ ਨੇ ਦਿੱਲੀ ਤੇ ਹਕੂਮਤ ਕਰਨ ਦਾ ਯਤਨ ਨਹੀਂ ਕੀਤਾ। ਉਹ ਖਾਲਸਾ ਦਲਾਂ ਦੇ ਨਾਲ ਹੀ ਪਾਨੀਪਤ, ਕਰਨਾਲ ਦੇ ਇਲਾਕੇ ਦੀ ਸੋਧ ਵਿੱਚ ਹਿੱਸਾ ਲੈਣ ਚਲੇ ਗਏ।

1779 ਈ: ਵਿੱਚ ਬਹਾਦਰ ਸ਼ਾਹ ਦੇ ਸਲਾਹੀਏ ਅਬਦੁੱਲ ਅਹਿਦ ਨੇ ਸਿੱਖ ਮਹਾਰਾਜਿਆਂ ਤੋਂ ਨਜ਼ਰਾਨੇ ਲੈਣ ਲਈ ਉਨਾਂ ਤੇ ਚੜਾਈ ਕਰ ਦਿੱਤੀ। ਕਰੋੜੀਆਂ ਮਿਸਲ ਦਾ ਸਰਦਾਰ ਬਘੇਲ ਸਿੰਘ ਵੀ ਉਸਦੇ ਨਾਲ ਸੀ। 23 ਸਤੰਬਰ ਨੂੰ ਸ਼ਾਹੀ ਫੌਜ ਨੇ ਸਰਸਵਤੀ ਨਦੀ ਨੂੰ ਪਾਰ ਕਰਕੇ ਘੁੜਾਮ ਡੇਰੇ ਲਾ ਲਏ। ਇਸ ਦੀ ਖਬਰ ਜਦੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਲੱਗੀ, ਉਹ 15 ਹਜ਼ਾਰ ਫੌਜ ਲੈਕੇ ਪਟਿਆਲੇ ਪਹੁੰਚ ਗਏ। ਉਨਾਂ ਦੇ ਨਾਲ ਸ੍ਰ: ਤਾਰਾ ਸਿੰਘ ਅਤੇ ਸ੍ਰ: ਸੰਗਤ ਸਿੰਘ ਆਦਿ ਹੋਰ ਵੀ ਸਰਦਾਰ ਸਨ। ਉਨਾਂ ਦੇ ਆਉਣ ਨਾਲ ਹੀ ਅਬਦੁੱਲ ਅਹਿਦ ਖਾਂ ਗਰਕ ਗਿਆ। ਪਟਿਆਲੇ ਤੇ ਹਮਲਾ ਕਰਨ ਦਾ ਉਸਦਾ ਹੌਂਸਲਾ ਨਹੀਂ ਪਿਆ, ਸਗੋਂ ਉਸਨੂੰ ਆਪਣੀ ਸਲਾਮਤੀ ਦੀ ਚਿੰਤਾ ਵੱਢ-ਵੱਢ ਖਾਣ ਲੱਗੀ। ਉਹ ਛੇਤੀ ਤੋਂ ਛੇਤੀ ਸਹੀ-ਸਲਾਮਤ ਦਿੱਲੀ ਪਹੁੰਚਣ ਦਾ ਇੱਛੁਕ ਸੀ। ਸਰਦਾਰ ਬਘੇਲ ਸਿੰਘ ਨੇ ਉਸਨੂੰ ਸਲਾਹ ਦਿੱਤੀ ਕਿ ਸਾਰੇ ਸਿੱਖ ਸਰਦਾਰਾਂ ਤੋਂ ਲਏ ਨਜ਼ਰਾਨੇ ਵਾਪਸ ਮੋੜ ਦਿਓ ਤਾਂ ਹੀ ਉਹ ਸ਼ਾਂਤ ਹੋ ਸਕਣਗੇ। ਅਬਦੁੱਲ ਅਹਦ ਨੇ ਇਹ ਸਭ ਕੁੱਝ ਮੰਨ ਲਿਆ। ਨਜ਼ਰਾਨੇ ਮੋੜਨ ਤੋਂ ਇਲਾਵਾ ਖਾਲਸਾ ਦਲ ਦੇ ਸਰਦਾਰਾਂ ਨੂੰ ਸੱਤ ਲੱਖ ਰੁਪਿਆ ਭੇਟ ਕੀਤਾ। ਇਸ ਤਰਾਂ ਉਹ ਬਿਨਾਂ ਲੜੇ ਹਾਰ ਮੰਨ ਕੇ ਦਿੱਲੀ ਨੂੰ ਮੁੜ ਗਿਆ। ਇਹ ਦਿੱਲੀ ਦੀ ਮੁਗਲ ਹਕੂਮਤ ਨੂੰ ਇੱਕ ਲੱਕ ਤੋੜਵੀਂ ਹਾਰ ਸੀ।

ਸ੍ਰ. ਜੱਸਾ ਸਿੰਘ ਆਹਲੂਵਾਲੀਆ ਇਕ ਪ੍ਰਸਿੱਧ ਸਖਸ਼ੀਅਤ ਬਣ ਚੁੱਕਾ ਸੀ। ਉਸ ਦਾ ਤਹਿਤ ਦਿੱਲੀ ਤੋਂ ਮੁਲਤਾਨ ਤੱਕ ਮੰਨਿਆ ਜਾਂਦਾ ਸੀ। ਇਕ ਪਾਸੇ ਉਸਨੇ ਦਿੱਲੀ ਤੱਕ ਆਪਣਾ ਹੱਕ ਜਮਾ ਲਿਆ ਸੀ ਦੂਜੇ ਪਾਸੇ 1781 ਵਿੱਚ ਮੁਲਤਾਨ ਦਾ ਦੌਰਾ ਕਰਨ ਲਈ ਆਪਣੇ ਭਤੀਜੇ ਸਰਦਾਰ ਭਾਗ ਸਿੰਘ ਨੂੰ ਭੇਜਿਆ। ਮੁਲਤਾਨ ਪਹੁੰਚਣ ਤੇ ਉੱਥੋਂ ਦੇ ਹਾਕਮ ਨੇ ਸ੍ਰ. ਭਾਗ ਸਿੰਘ ਦੀ ਬਹੁਤ ਖਾਤਰ ਕੀਤੀ ਸੀ ਅਤੇ ਅਧੀਨਗੀ ਮੰਨ ਲਈ।

ਲਗਭਗ 60 ਸਾਲ ਪੰਥ ਦੀ ਅਣਥੱਕ ਸੇਵਾ ਕਰਨ ਉਪਰੰਤ ਇਹ ਮਹਾਨ ਜਰਨੈਲ 22 ਅਕਤੂਬਰ 1783 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਕਾਲ ਚਲਾਣਾ ਕਰ ਗਿਆ। ਸਿੱਖ ਕੌਮ ਉਸਨੂੰ ਆਪਣਾ ਬੇਤਾਜ ਬਾਦਸ਼ਾਹ ਮੰਨਦੀ ਸੀ ਪਰ ਉਸਨੇ ਅਖੀਰ ਸਮੇਂ ਤੱਕ ਆਪਣੇ ਆਪ ਨੂੰ ਪੰਥ ਦਾ ਸੇਵਕ ਹੀ ਬਣਿਆ ਰਹਿਣ ਵਿੱਚ ਹੀ ਮਾਣ ਮਹਿਸੂਸ ਕੀਤਾ। ਪੰਜਾਬ ਦੀ ਧਰਤੀ ਤੇ ਅੱਧੀ ਸਦੀ ਤੋਂ ਵੱਧ ਉਸ ਨੇ ਜੰਗਾਂ ਯੁੱਧਾਂ ਵਿੱਚ ਆਪਣਾ ਜੀਵਨ ਗੁਜਾਰਿਆ। ਆਪਣੀ ਬਹਾਦਰੀ, ਤਾਕਤ, ਅਕਲਮੰਦੀ ਤੇ ਗੁਰਸਿੱਖੀ ਜੀਵਨ ਨਾਲ ਉਸਨੇ ਮੁਲਤਾਨ ਤੋਂ ਯਮਨਾ ਤੱਕ ਸਿੱਖ ਪੰਥ ਦਾ ਨਾਂ ਰੋਸ਼ਨ ਕੀਤਾ। ਉਸ ਨੇ ਭਾਵੇਂ ਬਾਕਾਇਦਾ ਤੌਰ ਤੇ ਆਪਣਾ ਰਾਜ ਕਾਇਮ ਨਹੀਂ ਕੀਤਾ ਪਰ ਆਪਣੇ ਜੰਗਾਂ, ਯੁੱਧਾਂ ਤੇ ਜਿੱਤਾਂ ਨਾਲ ਉਸ ਨੇ ਸਿੱਖ ਰਾਜ ਦੀਆਂ ਹੱਦਾਂ ਕਾਇਮ ਕਰ ਦਿੱਤੀਆਂ ਸਨ।

ਇਸ ਤਰਾਂ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦਲ ਖਾਲਸਾ ਦਾ ਜਥੇਦਾਰ, ਪੂਰਨ ਗੁਰਸਿੱਖ, ਚੋਟੀ ਦਾ ਰਾਜਨੀਤੀਵਾਨ, ਸ਼ਕਤੀਸ਼ਾਲੀ ਯੋਧਾ, ਬੇਤਾਜ ਬਾਦਸ਼ਾਹ, ਸੁਲਤਾਨ-ਓਲ-ਕੌਮ ਅਤੇ ਸਿੱਖ ਰਾਜ ਦਾ ਉਸਰੱਈਆ ਤੇ ਪੰਥਕ ਪ੍ਰਚਾਰਕ ਹੋ ਨਿਬੜਿਆ। ਜਿੱਥੇ-ਜਿੱਥੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੇ ਕਦਮਾਂ ਦੇ ਨਿਸ਼ਾਨ ਸਨ ਉਥੇ ਤੱਕ ਸਿੱਖਾਂ ਦਾ ਰਾਜ ਸਥਾਪਤ ਹੋ ਗਿਆ ਸੀ। ਉਹ ਸਿੱਖ ਕੌਮ ਦੇ ਮਹਾਨ ਵਿਰਸੇ ਦਾ ਮਹੱਤਵਪੂਰਨ ਅੰਗ ਅਤੇ ਸਿੱਖ ਇਤਿਹਾਸ ਦਾ ਇਕ ਉਹ ਚਮਕਦਾ ਸਿਤਾਰਾ ਹੈ ਜਿਸ ਦੀ ਰੋਸ਼ਨੀ ਹਮੇਸ਼ਾ-ਹਮੇਸ਼ਾ ਹੀ ਸਾਡੀ ਜੁਆਨੀ ਨੂੰ ਉਤਸ਼ਾਹਿਤ ਅਤੇ ਸੇਧਤ ਕਰਦੀ ਰਹੇਗੀ।

## ਪੰਜਾਬ ਲਈ ਏਜੰਡਾ...

ਅਮੂਮਨ ਉਸੇ ਧਿਰ ਨੂੰ ਇਨਾਂ ਨੀਤੀਆਂ ਨੂੰ ਬਣਾਉਣ ਦਾ ਕੰਮ ਸੌਂਪ ਦਿੱਤਾ ਜਾਂਦਾ ਹੈ। ਇਸ ਨੂੰ ਇਸ ਤਰਾਂ ਸਮਝ ਸਕਦੇ ਹਾਂ ਕਿ ਕਿਸੇ ਕੰਪਨੀ ਵਿਚ ਸੀ.ਈ.ਓ. ਦੀ ਕੁਰਸੀ 'ਤੇ ਬਿਰਾਜਮਾਨ ਸ਼ਖ਼ਸ ਆਪਣੇ ਅਧੀਨ ਕਰਮਚਾਰੀਆਂ ਨੂੰ ਇਹ ਫ਼ਰਮਾਨ ਜਾਰੀ ਕਰ ਦੇਵੇ ਕਿ ਕੰਪਨੀ ਤੁਸੀਂ ਚਲਾਓ, ਦਸਤਖ਼ਤ ਮੇਰੇ ਕਰਵਾ ਲਿਆ ਕਰੋ। ਪਾਠਕ ਭਲੀ ਪ੍ਰਕਾਰ ਅੰਦਾਜ਼ਾ ਲਗਾ ਸਕਦਾ ਹੈ ਕਿ ਅਜਿਹੀ ਕੰਪਨੀ ਕਿੰਨੀ ਕੁ ਦੇਰ ਆਪਣੀ ਹੋਂਦ ਬਚਾ ਸਕੇਗੀ। ਬੱਸ, ਇਸ ਤੋਂ ਅਗਾਂਹ ਕੁਝ ਨਹੀਂ ਲਿਖਿਆ ਜਾਣਾ ਚਾਹੀਦਾ। ਦਿਲ ਵੱਡਾ ਕਰਕੇ ਆਵਾਜ਼ ਤਾਂ ਲਗਾ ਕੇ ਦੇਖੋ ਕਿ ਇਹ ਸਮੱਸਿਆ ਹੈ, ਆਓ, ਜੇ ਕਿਸੇ ਕੋਲ ਕੋਈ ਇਲਾਜ ਹੋਵੇ। ਇਸ ਧਰਤੀ ਦੀ ਖ਼ੁਸ਼ਹਾਲੀ ਲਈ ਕੁਝ ਵੀ ਕਰਨ ਦੀ ਇੱਛਾ ਰੱਖਣ ਵਾਲੇ ਲੋਕਾਂ ਦੀ ਵੀ ਕੋਈ ਕਮੀ ਨਹੀਂ ਹੈ ਇੱਥੇ।

## ਫ਼ਿਲਮ 'ਬਲੈਕ ਪ੍ਰਿੰਸ'...

ਸਿੰਘ ਨੂੰ ਪੰਜਾਬ ਤੋਂ ਬਾਹਰ ਕਰਨਾ ਪਵੇਗਾ। ਉਹ ਜਾਣ ਗਏ ਸਨ ਕਿ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕੇਵਲ ਇੱਕ ਰਾਜ ਹੀ ਨਹੀ ਸੀ ਬਲਕਿ ਸਿੱਖਾਂ ਦੀ ਜਿੰਦ ਜਾਨ ਅਤੇ ਉਨਾਂ ਦੀ ਅਣਖ ਗੈਰਤ ਦੇ ਨਾਲ ਨਾਲ ਉਨਾਂ ਦਾ ਧਾਰਮਕ ਅਕੀਦਾ ਵੀ ਇਸ ਰਾਜ ਨਾਲ ਜੁੜਿਆ ਹੋਇਆ ਸੀ। ਸਿੱਖ ਲੱਖਾਂ ਸ਼ਹੀਦੀਆਂ ਦੇ ਕੇ ਵੀ ਆਪਣੇ ਰਾਜ ਦੀ ਮੁੜ ਪ੍ਰਾਪਤੀ ਲਈ ਯਤਨ ਕਰਦੇ ਰਹਿਣਗੇ।

ਇਸ ਲਈ 1845 ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਕੈਦੀ ਬਣਾਕੇ ਸਾਊਥ ਹੈਂਪਟਨ ਵਿਖੇ ਲਿਆਂਦਾ ਗਿਆ। ਕੋਹੇਨੂਰ ਹੀਰੇ ਵਾਂਗ ਮਹਾਰਾਜਾ ਦਲੀਪ ਸਿੰਘ ਵੀ ਬ੍ਰਿਟਿਸ਼ ਰਾਜ ਲਈ ਇੱਕ ਲੁੱਟ ਦੀ ਨਿਸ਼ਾਨੀ ਸੀ। ਅੰਗਰੇਜ਼ਾਂ ਦੀ ਜਿੱਤ ਦਾ ਜਸ਼ਨ ਸੀ ਸਾਡਾ ਮਾਸੂਮ ਮਹਾਰਾਜਾ। ਉਹ ਰਾਜਸੀ ਬੰਧਕ ਅਤੇ ਸਰਕਾਰੀ ਕੈਦੀ ਸੀ।

ਉਸਦੀ ਸਿੱਖੀ ਅਤੇ ਰਾਜ ਕਰਨ ਦੇ ਸੁਪਨੇ ਨੂੰ ਖਤਮ ਕਰਨ ਦੇ ਮਨਸ਼ੇ ਨਾਲ ਹੀ ਅੰਗਰੇਜ਼ਾਂ ਨੇ ਉਸਨੂੰ ਸਰ ਜਾਹਨ ਅਤੇ ਲੇਡੀ ਲੌਗਿਨ ਦੀ ਨਿਗਰਾਨੀ ਹੇਠ ਭੇਜ ਦਿੱਤਾ ਜਿਨਾਂ ਨੂੰ ਉਹ ਆਪਣੇ ਮਾਤਾ ਪਿਤਾ ਹੀ ਸਮਝਦਾ ਸੀ। ਉਨਾਂ ਮਹਾਰਾਜਾ ਦਲੀਪ ਸਿੰਘ ਨੂੰ ਈਸਾਈਅਤ ਗ੍ਰਹਿਣ ਕਰਨ ਅਤੇ ਇੰਗਲੈਂਡ ਦੇ ਕੁਦਰਤੀ ਨਜ਼ਾਰਿਆਂ ਨਾਲ ਪਿਆਰ ਜਤਾਉਣ ਲਈ ਤਬਦੀਲ ਕਰ ਲਿਆ। ਮਾਸੂਮ ਮਹਾਰਾਜੇ ਕੋਲ ਹੋਰ ਕੋਈ ਰਾਹ ਨਹੀ ਸੀ, ਉਹ ਫਿਰ ਅੰਗਰੇਜ਼ਾਂ ਦੀ ਇੱਛਾ ਅਨੁਸਾਰ ਜੀਵਨ ਜੀਊਣ ਲਈ ਮਜਬੂਰ ਹੋਗਿਆ। ਉਸਦੀਆਂ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਵੀ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਵਾਪਸ ਨਾ ਜਾਣ ਦਿੱਤਾ ਗਿਆ। ਕਿਉਂਕਿ ਅੰਗਰੇਜ਼ ਹਕੂਮਤ ਇਹ ਮਹਿਸੂਸ ਕਰਦੀ ਸੀ ਕਿ ਲਹੌਰ ਦਰਬਾਰ ਨਾਲ ਸਿੱਖਾਂ ਦਾ ਰਿਸ਼ਤਾ ਇੱਕ ਧਾਰਮਕ ਰਿਸ਼ਤਾ ਬਣ ਗਿਆ ਹੋਇਆ ਹੈ ਅਤੇ ਸਿੱਖ ਰਾਜ ਦਾ ਖੁਸਣਾ ਉਨਾਂ ਦੇ ਧਾਰਮਿਕ ਅਕੀਦੇ ਨੂੰ ਹਰਜਾ ਪਹੁੰਚਾਉਣ ਵਾਂਗ ਲੱਗਿਆ ਹੈ। ਇਸ ਲਈ ਜਦੋਂ ਵੀ ਲਾਹੌਰ ਦਰਬਾਰ ਦਾ ਕੋਈ ਵਾਰਸ ਸਿੱਖ ਕੌਮ ਨੂੰ ਅਵਾਜ਼ ਮਾਰੇਗਾ ਤਾਂ ਪੂਰੇ ਭਾਰਤ ਵਿੱਚੋਂ ਸਿੱਖ ਉਸਦੀ ਅਵਾਜ਼ ਤੇ ਫੁੱਲ ਚੜਾਉਣ ਲਈ ਭੱਜੇ ਆਉਣਗੇ ਅਤੇ ਅੰਗਰੇਜ਼ ਰਾਜ ਦਾ ਅੰਤ ਕਰ ਦੇਣਗੇ।

ਬੇਸ਼ੱਕ ਮਹਾਰਾਜਾ ਦਲੀਪ ਸਿੰਘ ਕਿੰਨਾ ਵੀ ਅੰਗਰੇਜ਼ ਅਤੇ ਈਸਾਈ ਕਿਉਂ ਨਾ ਬਣ ਗਿਆ ਸੀ ਪਰ ਉਸਦੇ ਦਿਲ ਵਿੱਚ ਆਪਣੇ ਖੁੱਸੇ ਹੋਏ ਸਿੱਖ ਰਾਜ ਦੀ ਰੀਝ ਕਦੇ ਮੱਠੀ ਨਹੀਂ ਸੀ ਪਈ। ਇਤਿਹਾਸ ਨੇ ਉਸਨੂੰ ਜਿਸ ਕਿਸਮ ਦੀ ਜਿੰਦਗੀ ਸਾਹਮਣੇ ਲਿਆ ਖੜਾ ਸੀ ਉਸ ਵਿੱਚ ਰਹਿੰਦਿਆਂ ਮਹਾਰਾਜੇ ਨੇ ਉਹ ਸਭ ਕੁਝ ਕੀਤਾ ਜੋ ਉਹ ਕਰ ਸਕਦਾ ਸੀ। ਐਲਵੀਡੀਨ ਵਿਖੇ ਜਿੱਥੇ ਮਹਾਰਾਜਾ ਦਲੀਪ ਸਿੰਘ ਰਹਿੰਦਾ ਸੀ ਉਸਨੇ ਆਪਣੇ ਘਰ ਨੂੰ ਪੰਜਾਬੀ ਰੰਗ ਨੁਹਾਰ ਨਾਲ ਬਣਾਇਆ ਅਤੇ ਸਜਾਇਆ। ਸਫੌਕ ਵਿਖੇ ਉਹ ਆਪਣੇ ਪਿਤਾ ਦੇ ਰਾਜ ਦਰਬਾਰ ਵਾਂਗ ਦਰਬਾਰ ਲਾ ਕੇ ਰਹਿੰਦਾ ਸੀ। ਜਲਾਵਤਨੀ ਵਿੱਚ ਜਬਰੀ ਸੁਟੇ ਗਏ ਕਿਸੇ ਅਣਖ਼ੀ ਬੰਦੇ ਕੋਲ ਉਸ ਜਲਾਵਤਨੀ ਨੂੰ ਭੋਗਦਿਆਂ ਜੋ ਕੁਝ ਵੀ ਹੋ ਸਕਦਾ ਸੀ ਮਹਾਰਾਜਾ ਦਲੀਪ ਸਿੰਘ ਨੇ ਉਹ ਸਾਰੇ ਯਤਨ ਕੀਤੇ। ਆਖਰ 14 ਸਾਲ ਬਾਅਦ ਜਦੋਂ ਉਹ ਆਪਣੇ ਮਾਂ ਮਹਾਰਾਣੀ ਜਿੰਦ ਕੌਰ ਨੂੰ ਮਿਲੇ ਤਾਂ ਮਾਂ ਦੀ ਮਮਤਾਵਾਨ ਛੋਹ ਨੇ ਮਹਾਰਾਜਾ ਦਲੀਪ ਸਿੰਘ ਦਾ ਜੀਵਨ ਬਦਲ ਕੇ ਰੱਖ ਦਿੱਤਾ। ਮਾਂ ਦੀ ਇੱਕ ਛੋਹ ਨੇ ਉਸ ਵਿੱਚ ਫਿਰ ਸਿੱਖ ਰਾਜ ਨੂੰ ਪ੍ਰਾਪਤ ਕਰਨ ਦੀ ਚਿਣਗ ਜਗਾ ਦਿੱਤੀ। ਜਦੋਂ ਸਿੱਖਾਂ ਨੂੰ ਪਤਾ ਲੱਗਾ ਕਿ ਸਾਡੇ ਸਿੱਖ ਰਾਜ ਦਾ ਵਾਰਸ ਕਲਕੱਤੇ ਵਿੱਚ ਆਣ ਪਹੁੰਚਾ ਹੈ ਤਾਂ ਉਨਾਂ ਆਪੋ ਆਪਣੇ ਯਤਨਾਂ ਨਾਲ ਸਿੱਖ ਰਾਜ ਦੇ ਉਸ ਆਖਰੀ ਚਿਰਾਗ ਨੂੰ ਮਿਲਕੇ ਕੌਮੀ ਰਾਜ ਦੀ ਮੁੜ ਪ੍ਰਾਪਤੀ ਲਈ ਯਤਨ ਕਰਨ ਦਾ ਅਹਿਦ ਲਿਆ। ਮਹਾਰਾਜਾ ਦਲੀਪ ਸਿੰਘ ਦੀ ਹਾਜ਼ਰੀ ਨੇ ਹੀ ਸਿੱਖਾਂ ਦੀਆਂ ਰਗਾਂ ਵਿੱਚ ਰਾਜ ਦੀ ਚਿਣਗ ਪੈਦਾ ਕਰ ਦਿੱਤੀ। ਕਲਕੱਤੇ ਤੋਂ ਵਾਪਸ ਇੰਗਲੈਂਡ ਆ ਕੇ ਮਹਾਰਾਜਾ ਦਲੀਪ ਸਿੰਘ ਨੇ ਅੰਗਰੇਜ਼ਾਂ ਦੇ ਘੇਰੇ ਵਿੱਚ ਰਹਿੰਦਿਆਂ ਉਸ ਗੁਲਾਮੀ ਨੂੰ ਕੱਟਣ ਦੇ ਯਤਨ ਨਿਰੰਤਰ ਜਾਰੀ ਰੱਖੇ। ਪੰਜਾਬ ਵਿੱਚ ਆਪਣੇ ਵਿਸ਼ਵਾਸ਼ ਵਾਲੇ ਸਿੱਖ ਸਰਦਾਰਾਂ ਨੂੰ ਸੁਨੇਹੇ ਘੱਲ ਕੇ ਮਹਾਰਾਜਾ ਦਲੀਪ ਸਿੰਘ ਨੇ ਗੋਰਿਆਂ ਦਾ ਸਿੰਘਾਸਨ ਪਲਟ ਦੇਣ ਦੇ ਭਰਪੂਰ ਯਤਨ ਕੀਤੇ। ਨਿਰਸੰਦੇਹ ਮਹਾਰਾਜਾ ਦਲੀਪ ਸਿੰਘ ਨੇ ਇਤਿਹਾਸ ਦੀ ਉਹ ਘੜੀ ਪਲਟਣ ਦੇ ਯਤਨ ਕੀਤੇ,ਜਿਸ ਨੇ ਕਿਸੇ ਸਮੇਂ ਸਿੱਖ ਰਾਜ ਖੋਹ ਲਿਆ ਸੀ। ਉਸਦੇ ਮਨ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਉਹ ਭਵਿੱਖਬਾਣੀ ਹਮੇਸ਼ਾ ਪਨਪਦੀ ਰਹੀ ਕਿ ਸਿੱਖਾਂ ਦਾ ਰਾਜ ਬੁਲੰਦ ਹੋਵੇਗਾ।ਮਹਾਰਾਜਾ ਦਲੀਪ ਸਿੰਘ ਨੇ ਸਿੱਖ ਕੌਮ ਦੀਆਂ ਰਾਜ ਕਰਨ ਦੀਆਂ ਰੀਝਾਂ ਨੂੰ ਮੁੜ ਤੋਂ ਪ੍ਰਜਵੱਲਿਤ ਕੀਤਾ। ਇਨੀ ਦਿਨੀ ਸਿੱਖ ਕੌਮ ਦੇ ਉਸ ਦਰਵੇਸ਼ ਮਹਾਰਾਜੇ ਦੀ 125ਵੀਂ ਬਰਸੀ ਮਨਾਈ ਜਾ ਰਹੀ ਹੈ।

ਫਿਲਮ ਵਿਚ ਪੰਜਾਬੀ ਸੂਫੀ ਗਾਇਕ ਸਤਿੰਦਰ ਸਰਤਾਜ ਅਤੇ ਬਾਲੀਵੁੱਡ ਅਦਾਕਾਰਾ ਸ਼ਬਾਨਾ ਆਜ਼ਮੀ ਮੁੱਖ ਭੂਮਿਕਾਵਾਂ ਨਿਭਾਈਆਂ ਹਨ। ਇਸ ਫਿਲਮ ਵਿਚ ਸ਼ਬਾਨਾ ਆਜ਼ਮੀ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਦਾ ਖ਼ੂਬਸੂਰਤ ਰੋਲ ਨਿਭਾਇਆ ਹੈ।

ਅਮਰੀਕਾ ਦੇ ਲਾਸ ਏਂਜਲਸ ਵਿਚ ਰਹਿੰਦੇ ਕਵੀ ਰਾਜ ਇਸ ਫਿਲਮ ਦੇ ਨਿਰਦੇਸ਼ਕ ਹਨ। ਇਸ ਫਿਲਮ 'ਤੇ ਕਰੀਬ 5 ਮਿਲੀਅਨ ਡਾਲਰ ਤੋਂ ਵਧ ਖਰਚਾ ਆਇਆ ਹੈ।

ਪੰਜਾਬੀ ਗੀਤਾਂ ਨੂੰ ਸੂਫੀਆਨਾ ਅੰਦਾਜ਼ ਵਿਚ ਗਾਉਣ ਵਾਲੇ ਨਾਮਵਰ ਪੰਜਾਬੀ ਗਾਇਕ ਸਤਿੰਦਰ ਸਰਤਾਜ ਨੇ ਮਹਾਰਾਜਾ ਦਲੀਪ ਸਿੰਘ ਦਾ ਰੋਲ ਕੀਤਾ ਹੈ।

ਇਹ ਫਿਲਮ ਮਹਾਰਾਜਾ ਦਲੀਪ ਸਿੰਘ ਦੇ ਪਰਵਾਸੀ ਜੀਵਨ ਤੇ ਪੰਜਾਬ ਰਾਜ ਤੋਂ ਇਲਾਵਾ ਅੰਗਰੇਜ਼ੀ ਸਾਸ਼ਨ ਦੇ ਕਪਟ ਦੇ ਕਈ ਨਵੇਂ ਇਤਿਹਾਸਕ ਪਹਿਲੂਆਂ ਨੂੰ ਪੇਸ਼ ਕਰਦੀ ਹੈ। ਪੰਜਾਬ, ਖਾਸਕਰ ਸਿੱਖ ਹਲਕੇ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿੱਖ ਰਾਜ ਦੇ ਆਖਰੀ ਮਹਾਰਾਜੇ ਦਲੀਪ ਸਿੰਘ ਪ੍ਰਤੀ ਅਥਾਹ ਮੋਹ ਤੇ ਸਨੇਹ ਰੱਖਦੇ ਹਨ। ਇਹ ਫਿਲਮ ਪੰਜਾਬ ਦੇ ਇਤਿਹਾਸ ਦੀ ਅਹਿਮ ਪ੍ਰਾਪਤੀ ਹੈ।

## ਅਮਰੀਕੀ ਕਮਿਸ਼ਨ ਦੀ...

17 ਅਕਤੂਬਰ ਦੀ ਦੇਰ ਰਾਤ, ਭੀੜ ਨੇ ਬੰਗਲਾਦੇਸ਼ 'ਚ ਹਿੰਦੂਆਂ ਦੇ 66 ਘਰਾਂ ਨੂੰ ਅੱਗ ਲਗਾ ਦਿੱਤੀ। ਰਾਜਧਾਨੀ ਢਾਕਾ ਦੇ ਸ਼ਾਹਬਾਗ ਚੌਂਕ ਵਿਚ ਹਜ਼ਾਰਾਂ ਲੋਕਾਂ ਨੇ ਇਕੱਠੇ ਹੋ ਕੇ ਐਲਾਨਿਆ ਕਿ ਉਹ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਪਾੜਾ ਪਾਉਣ ਵਾਲੀਆਂ ਅਜਿਹੀਆਂ ਤਾਕਤਾਂ ਨੂੰ ਕਦੇ ਕਾਮਯਾਬ ਨਹੀਂ ਹੋਣ ਦੇਣਗੇ ।ਢਾਕਾ ਯੂਨੀਵਰਸਿਟੀ ਦੀ ਵਿਦਿਆਰਥਣ ਤੇ ਮੁਜ਼ਾਹਰਾਕਾਰੀਆਂ ਦੀ ਤਰਜਮਾਨ ਜਿਓਤੀ ਦੱਤਾ ਨੇ ਕਿਹਾ ਪ੍ਰੋਟੈੱਸਟ ਵਿਚ ਮੁਸਲਮ ਭਰਾ ਤੇ ਭੈਣਾਂ ਵੀ ਆਈਆਂ ਅਤੇ ਕਈਆਂ ਨੇ ਸਾਡੇ ਕਾਜ਼ ਦੀ ਹਮਾਇਤ ਕੀਤੀ। ਇਹੀ ਸੈਕੂਲਰ ਤੇ ਸਭ ਨੂੰ ਨਾਲ ਲੈ ਕੇ ਚੱਲਣ ਵਾਲੇ ਬੰਗਲਾਦੇਸ਼ ਦੀ ਖ਼ੂਬਸੂਰਤੀ ਹੈ। ਮੁਜ਼ਾਹਰਾਕਾਰੀਆਂ ਨੇ ਸਰਕਾਰ ਅੱਗੇ ਸੱਤ ਮੰਗਾਂ ਰੱਖੀਆਂ, ਜਿਨਾਂ ਵਿਚੋਂ ਪਹਿਲੀ ਇਹ ਹੈ ਕਿ ਹਿੰਦੂਆਂ ਦੇ ਮੰਦਰਾਂ, ਘਰਾਂ ਤੇ ਦੁਕਾਨਾਂ ਉਤੇ ਹਮਲਾ ਕਰਨ ਵਾਲਿਆਂ ਨੂੰ ਕਰੜੀ ਤੋਂ ਕਰੜੀ ਸਜਾ ਦਿੱਤੀ ਜਾਵੇ। ਮੁਜ਼ਾਹਰਾਕਾਰੀਆਂ ਨੇ 20 ਅਕਤੂਬਰ ਨੂੰ ਫਿਰ ਇਥੇ ਜੁੜਨ ਅਤੇ ਕੱਟੜਪੰਥੀਆਂ ਦੇ ਵਿਰੁੱਧ ਦੇਸ਼-ਭਰ ਵਿਚ ਮੁਹਿੰਮ ਚਲਾਉਣ ਦੇ ਫੈਸਲੇ ਲੈਣ ਦਾ ਐਲਾਨ ਕੀਤਾ ਹੈ ।ਸੈਕੂਲਰ ਬੰਗਲਾਦੇਸ਼ੀ ਇਨਾਂ ਫਿਰਕੂ ਹਮਲਿਆਂ ਤੋਂ ਕਿੰਨੇ ਦੁਖੀ ਹਨ, ਉਸ ਦਾ ਅੰਦਾਜ਼ਾ ਸਾਬਕਾ ਵਿਦੇਸ਼ ਸਕੱਤਰ ਸ਼ਮਸ਼ੇਰ ਮੋਬਿਨ ਚੌਧਰੀ ਦੇ ਇਸ ਬਿਆਨ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਹਮਲਿਆਂ ਦੀ ਹਰ ਪਾਸਿਓਂ ਨਿੰਦਾ ਹੋਣੀ ਚਾਹੀਦੀ ਹੈ ।ਇਸ ਤਰਾਂ ਦੀ ਅਗਜ਼ਨੀ ਤਾਂ 1992 ਵਿਚ ਬਾਬਰੀ ਮਸਜਿਦ ਢਾਹੁਣ ਤੋਂ ਬਾਅਦ ਵੀ ਨਹੀਂ ਦੇਖੀ ਗਈ । ਇਹ ਉਹ ਬੰਗਲਾਦੇਸ਼ ਨਹੀਂ, ਜਿਹੜਾ ਪਾਕਿਸਤਾਨ ਵਿਰੁੱਧ ਮੁਕਤੀ ਜੰਗ ਲੜਿਆ ਸੀ। ਮੈਂ ਸਮਾਵੇਸ਼ੀ ਤੇ ਅਫਿਰਕੂ ਬੰਗਲਾਦੇਸ਼ ਲਈ ਲੜਿਆ ਸੀ, ਜੇ ਅਜਿਹਾ ਨਾ ਹੋਇਆ ਤਾਂ ਮੇਰਾ ਮਕਸਦ ਹੀ ਹਾਰ ਜਾਵੇਗਾ ।

**ਹਰਿਆਣੇ ਵਿਚ ਸਿੱਖਾਂ ਵਿਰੁਧ ਨਫਰਤ**

ਜਿਥੇ ਬੰਗਲਾਦੇਸ਼ ਦੀਆਂ ਸੈਕੂਲਰ ਤਾਕਤਾਂ ਕੱਟੜਪੰਥੀਆਂ ਖਿਲਾਫ ਮੈਦਾਨ ਵਿਚ ਨਿੱਤਰੀਆਂ ਹਨ, ਉਥੇ ਆਸਟ੍ਰੇਲੀਆ ਵਿਚ ਸਿੱਖਾਂ 'ਤੇ ਹਮਲਿਆਂ ਲਈ ਛੇ ਮਹੀਨੇ ਜੇਲ ਵਿਚ ਬਿਤਾ ਕੇ ਸ਼ਨੀਵਾਰ ਡਿਪੋਰਟ ਹੋਏ ਹਰਿਆਣਾ ਦੇ 24 ਨੌਜਵਾਨ ਵਿਸ਼ਾਲ ਜੂਡ ਦਾ ਐਤਵਾਰ ਕਿਸੇ ਹੀਰੋ ਵਰਗਾ ਸਵਾਗਤ ਕੀਤਾ ਗਿਆ। ਉਸ ਨੂੰ ਡਿਪੋਰਟ ਕਰਨ ਵੇਲੇ ਆਸਟ੍ਰੇਲੀਆ ਦੇ ਬਹੁ-ਸਭਿਆਚਾਰ ਮੰਤਰੀ ਅਲੈਕਸ ਹਾਕ ਨੇ ਟਵੀਟ ਕੀਤਾ ਸੀ, ਮੈਂ ਭਾਈਚਾਰਿਆਂ ਦੇ ਆਗੂਆਂ ਦੀਆਂ ਵੱਖ-ਵੱਖ ਭਾਈਚਾਰਿਆਂ ਵਿਚਾਲੇ ਏਕਤਾ ਬਣਾਈ ਰੱਖਣ ਅਤੇ ਕੁਝ ਕੁ ਲੋਕਾਂ ਵੱਲੋਂ ਨਫਰਤ ਫੈਲਾਉਣ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਲਈ ਕੰਮ ਕਰਨ ਦਾ ਧੰਨਵਾਦੀ ਹਾਂ।

ਵਿਸ਼ਾਲ ਦੇ ਹੱਕ ਵਿਚ ਕੁਰੁਕਸ਼ੇਤਰ ਵਿਚ ਰੋਡ ਮਾਰਚ ਕੀਤਾ ਗਿਆ।ਉਹ ਕੌਮੀ ਝੰਡਾ ਚੁੱਕੀ ਖੁੱਲੀ ਜੀਪ ਵਿਚ ਸਵਾਰ ਸੀ। ਇਸ ਰੋਡ ਸ਼ੋਅ ਦੀ ਆਰ ਐੱਸ ਐੱਸ ਨਾਲ ਸਬੰਧਤ ਸਵਦੇਸ਼ੀ ਜਾਗਰਣ ਮੰਚ ਦੇ ਕਨਵੀਨਰ ਅਸ਼ਵਨੀ ਮਹਾਜਨ ਨੇ ਵੀਡੀਓ ਵੀ ਸ਼ੇਅਰ ਕੀਤੀ। ਆਸਟ੍ਰੇਲੀਆ ਵਿਚ ਭਾਰਤੀਆਂ ਵੱਲੋਂ ਕੱਢੀਆਂ ਜਾਂਦੀਆਂ ਅਖਬਾਰਾਂ ਨੇ ਦੱਸਿਆ ਸੀ ਕਿ ਜੂਡ ਨੂੰ ਸਿੱਖਾਂ 'ਤੇ ਗਿਣ-ਮਿਥ ਕੇ ਹਮਲੇ ਕਰਨ ਦੇ ਸਬੰਧ ਵਿਚ ਨਿਊ ਵੇਲਜ਼ ਪੁਲਿਸ ਨੇ ਅਪ੍ਰੈਲ ਵਿਚ ਗ੍ਰਿਫਤਾਰ ਕੀਤਾ ਸੀ । ਉਸ 'ਤੇ ਕਈ ਦੋਸ਼ ਆਇਦ ਕੀਤੇ ਗਏ, ਪਰ ਉਸ ਵੱਲੋਂ ਦੋਸ਼ ਮੰਨਣ ਦੀ ਸੌਦੇਬਾਜ਼ੀ ਵਿਚ 8 ਦੋਸ਼ ਡਰਾਪ ਕਰ ਦਿੱਤੇ ਗਏ ਤੇ ਤਿੰਨ ਵਿਚ ਉਸ ਨੂੰ 6 ਮਹੀਨਿਆਂ ਦੀ ਸਜ਼ਾ ਹੋਈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵਿਦੇਸ਼ ਮੰਤਰੀ ਐੱਸ ਜੈ ਸ਼ੰਕਰ ਨੂੰ ਜੂਨ ਵਿਚ ਬੇਨਤੀ ਕੀਤੀ ਸੀ ਕਿ ਉਹ ਜੂਡ ਨੂੰ ਛੁਡਾਉਣ ਲਈ ਦਖਲ ਦੇਣ। ਖੱਟਰ ਦਾ ਕਹਿਣਾ ਸੀ ਕਿ ਉਹ ਕੌਮ-ਵਿਰੋਧੀ ਤਾਕਤਾਂ ਦੀ ਸਾਜ਼ਿਸ਼ ਦਾ ਸ਼ਿਕਾਰ ਹੋਇਆ। ਇਕ ਪਾਸੇ ਬੰਗਲਾਦੇਸ਼ ਦੇ ਲੋਕ ਹਿੰਦੂ ਘੱਟ ਗਿਣਤੀ ਉਤੇ ਹਮਲਿਆਂ ਖਿਲਾਫ ਮੈਦਾਨ ਵਿਚ ਨਿੱਤਰੇ ਹਨ, ਦੂਜੇ ਪਾਸੇ ਹਰਿਆਣਾ ਵਿਚ ਉਸ ਨੌਜਵਾਨ ਨੂੰ ਹੀਰੋ ਬਣਾਇਆ ਜਾ ਰਿਹਾ ਹੈ, ਜਿਸ ਨੇ ਆਸਟ੍ਰੇਲੀਆ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ। ਅਸਲ ਵਿਚ ਭਾਰਤ ਵਿਖੇ ਮੁਸਲਮਾਨਾਂ ਵਿਰੁਧ ਭਗਵਿਆਂ ਵਲੋਂ ਜੋ ਨਫਰਤ ਫੈਲਾਈ ਜਾ ਰਹੀ ਹੈ ਉਸਦਾ ਨਤੀਜਾ ਬੰਗਲਾਦੇਸ਼ ਦੇਸ਼ ਦੀ ਹਿੰਸਾ ਹੋ।

## ਸਿੱਧੂ ਤੇ ਕੈਪਟਨ ਦਾ...

ਕੈਪਟਨ ਡੇਢ ਦਹਾਕੇ ਪੁਰਾਣੇ ਫ਼ਸਲੀ ਵਿਭਿੰਨਤਾ ਦੇ ਪ੍ਰੋਗਰਾਮ ਨੂੰ ਖੇਤੀ ਕਾਨੂੰਨਾਂ ਨਾਲ ਜੋੜ ਰਹੇ ਹਨ।ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਨੂੰ ਆਖਿਆ ਕਿ ਉਨਾਂ ਨੂੰ ਪੰਜਾਬ ਅਤੇ ਖੇਤੀ ਦੇ ਮੁੱਦਿਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਉਨਾਂ ਨੂੰ ਖੇਤੀ ਕਾਨੂੰਨਾਂ ਅਤੇ ਫ਼ਸਲੀ ਵਿਭਿੰਨਤਾ ਦਾ ਫ਼ਰਕ ਵੀ ਨਹੀਂ ਪਤਾ।ਕੈਪਟਨ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਤੇ ਨਿਸ਼ਾਨਾ ਸਾਧਦਿਆਂ ਆਖਿਆ ਕਿ ਉਹ ਪੰਜਾਬ ਦੀ ਅਗਵਾਈ ਕਰਨ ਦੇ ਸੁਪਨੇ ਦੇਖ ਰਹੇ ਹਨ ਅਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਇਹ ਭਿਆਨਕ ਹੋਵੇਗਾ।

## ਰੰਧਾਵਾ, ਕੈਪਟਨ ਤੇ ਸਿੱਧੂ...

ਉਨਾਂ ਕਿਹਾ ਕਿ ਪੰਜਾਬੀਆਂ ਦਾ ਸੁਭਾਅ ਹੈ ਕਿ ਉਹ ਕਿਸੇ ਦੀ ਧੌਂਸ ਨਹੀਂ ਮੰਨਦੇ ਤੇ ਆਪਣੀ ਜ਼ਿੰਦਗੀ ਆਪਣੇ ਅਸੂਲਾਂ ਨਾਲ ਜਿਊਂਦੇ ਹਨ, ਅਜਿਹੇ ਵਿਚ ਟਕਰਾਅ ਦੀ ਸਥਿਤੀ ਬਣ ਸਕਦੀ ਹੈ। ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੱਸਣ ਕਿ ਉਨਾਂ ਸਾਢੇ ਚਾਰ ਸਾਲ ਤੱਕ ਮੌੜ ਬੰਬ ਧਮਾਕੇ ਦੀ ਜਾਂਚ ਕਿਉਂ ਦੱਬੀ ਰੱਖੀ। ਉਸ ਵੇਲੇ ਗ੍ਰਹਿ ਵਿਭਾਗ ਵੀ ਉਨਾਂ ਕੋਲ ਹੀ ਸੀ।

## ਪੰਜਾਬ ਦੀ ਅਜੋਕੀ...

ਹੁਣ ਜਦੋਂ ਕੈਪਟਨ ਨੇ ਨਵੀਂ ਪਾਰਟੀ ਬਣਾ ਕੇ ਭਾਜਪਾ ਨਾਲ ਸੰਭਾਵਿਤ ਸਮਝੌਤੇ ਦਾ ਐਲਾਨ ਕਰ ਦਿੱਤਾ ਹੈ, ਤਾਂ ਇਹ ਵੀ ਸਪੱਸ਼ਟ ਹੈ ਕਿ ਜੇ ਕਿਸਾਨਾਂ ਦਾ ਕੇਂਦਰ ਸਰਕਾਰ ਨਾਲ ਸਮਝੌਤਾ ਹੋ ਜਾਂਦਾ ਹੈ ਤਾਂ ਸੁਖਦੇਵ ਸਿੰਘ ਢੀਂਡਸਾ ਅਤੇ ਰਵੀਇੰਦਰ ਸਿੰਘ ਦੀ ਅਗਵਾਈ ਵਾਲੇ ਗੁੱਟ ਵੀ ਇਸ ਗੱਠਜੋੜ ਦਾ ਹਿੱਸਾ ਬਣ ਸਕਦੇ ਹਨ। ਇਸ ਤਰਾਂ ਪੰਜਾਬ ਵਿਚ ਸਿੱਧੇ ਰੂਪ ਵਿਚ ਹਰ ਸੀਟ 'ਤੇ ਚੌਕੋਨੇ ਮੁਕਾਬਲੇ ਤਾਂ ਹੋਣਗੇ ਹੀ, ਪਰ ਜਿਥੇ ਕੋਈ ਚੰਗਾ ਆਜ਼ਾਦ ਉਮੀਦਵਾਰ ਹੋਵੇਗਾ, ਉਥੇ ੫ ਕੋਨੇ ਮੁਕਾਬਲੇ ਵੀ ਦਿਖਾਈ ਦੇਣਗੇ। ਉਂਜ ਹੈਰਾਨੀ ਵਾਲੀ ਗੱਲ ਹੈ ਕਿ ਕੈਪਟਨ ਦਾ ਮੁੱਖ ਨਿਸ਼ਾਨਾ ਨਵਜੋਤ ਸਿੰਘ ਸਿੱਧੂ ਅਤੇ ਕਾਂਗਰਸ ਨੂੰ ਹਰਾਉਣਾ ਹੈ, ਜਦੋਂ ਕਿ ਢੀਂਡਸਾ ਤੇ ਰਵੀਇੰਦਰ ਲਈ ਮੁੱਖ ਦੁਸ਼ਮਣ ਅਕਾਲੀ ਦਲ ਬਾਦਲ ਹੈ। ਪਰ ਇਨਾਂ ਵਿਰੋਧੀ ਨਿਸ਼ਾਨਿਆਂ ਵਾਲਿਆਂ ਦਾ ਗੱਠਜੋੜ ਹੋਣ 'ਤੇ ਕੀ ਹੋਵੇਗਾ, ਇਸ ਬਾਰੇ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਕੈਪਟਨ ਵਲੋਂ ਢੀਂਡਸਾ ਅਤੇ ਬ੍ਰਹਮਪੁਰਾ ਦਾ ਨਾਂਅ ਲੈ ਕੇ ਗੱਠਜੋੜ ਕਰਨ ਦੇ ਬਿਆਨ ਨੇ ਇਕ ਵਾਰ ਫਿਰ ਆਮ ਆਦਮੀ ਪਾਰਟੀ ਨੂੰ ਢੀਂਡਸਾ ਨਾਲ ਸਮਝੌਤੇ ਦੀ ਪਹਿਲ ਕਰਨ ਲਈ ਵੀ ਉਕਸਾ ਦਿੱਤਾ ਹੈ। ਪਰ ਅਸਲ ਵਿਚ ਕੀ ਹੋਵੇਗਾ ਅਜੇ ਕਿਸੇ ਨੂੰ ਨਹੀਂ ਪਤਾ।

ਜੇਕਰ ਕਿਸਾਨਾਂ ਤੇ ਕੇਂਦਰ ਵਿਚ ਸਮਝੌਤਾ ਹੋ ਜਾਂਦਾ ਹੈ ਤਾਂ ਭਾਜਪਾ ਸ਼ਾਇਦ ਅਛੂਤ ਵੀ ਨਹੀਂ ਰਹੇਗੀ ਤੇ ਭਾਜਪਾ ਨੂੰ ਵੀ ਪੰਜਾਬ ਵਿਚ ਪੈਰ ਲਾਉਣ ਲਈ ਕੁਝ ਨਵੇਂ ਸਿੱਖ ਚਿਹਰਿਆਂ ਦੀ ਲੋੜ ਮਹਿਸੂਸ ਹੋਵੇਗੀ।

**ਚੰਨੀ ਤੇ ਸਿੱਧੂ ਦੀ ਸਿਆਸਤ**

ਇਸ ਵੇਲੇ ਅੰਦਰਖਾਤੇ ਤੇ ਬਾਹਰ ਚੱਲ ਰਹੀ ਸਿੱਧੂ ਅਤੇ ਚੰਨੀ ਦੀ ਲੜਾਈ 'ਤੇ ਹਰ ਤਰਾਂ ਢੁਕਦਾ ਹੈ। ਸਿੱਧੂ ਨੇ ਭਾਵੇਂ ਸਿੱਧੇ ਤੌਰ 'ਤੇ ਦੋਸ਼ ਨਹੀਂ ਲਾਇਆ ਕਿ ਸਾਨੂੰ ਭਰੋਸਾ ਨਹੀਂ ਕਿ ਚੰਨੀ ਚੋਣਾਂ ਤੋਂ ਪਹਿਲਾਂ-ਪਹਿਲਾਂ ੧੮ ਨੁਕਾਤੀ, ੫ ਨੁਕਾਤੀ ਜਾਂ ਹੁਣ ਵਾਲੇ ੧੩ ਨੁਕਾਤੀ ਪ੍ਰੋਗਰਾਮਾਂ 'ਤੇ ਅਮਲ ਕਰਨਗੇ। ਪਰ ਜਿਸ ਤਰਾਂ ਦੇ ਹਾਲਾਤ ਦਿਖਾਈ ਦੇ ਰਹੇ ਹਨ, ਉਹ ਇਹੀ ਇਸ਼ਾਰਾ ਕਰਦੇ ਹਨ ਕਿ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਮੁਫ਼ਤ ਸਹੂਲਤਾਂ ਦੇ ਕੇ ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਬਾਦਲ ਦੇ ਵਾਅਦਿਆਂ ਦੀ ਫੂਕ ਕੱਢਣ ਦੀ ਰਣਨੀਤੀ 'ਤੇ ਤਾਂ ਚੱਲ ਰਹੇ ਹਨ ਪਰ ਉਨਾਂ ਦਾ ਸਿੱਧੂ ਦੇ ਮੁੱਦਿਆਂ ਜਾਂ ਪੰਜਾਬ ਵਿਜ਼ਨ 'ਤੇ ਚੱਲਣ ਦਾ ਕੋਈ ਇਰਾਦਾ ਨਹੀਂ। ਚਰਚਾ ਤਾਂ ਇਥੋਂ ਤੱਕ ਹੈ ਕਿ ਇਕ ਮੀਟਿੰਗ ਵਿਚ ਚੰਨੀ ਨੇ ਇਥੋਂ ਤੱਕ ਵੀ ਕਹਿ ਦਿੱਤਾ ਕਿ ਮੈਂ ਮੁੱਖ ਮੰਤਰੀਸ਼ਿਪ ਛੱਡ ਦਿੰਦਾ ਹਾਂ, ਤੁਸੀਂ ਆਪ ਕਰ ਲਵੋ ਜੋ ਹੁੰਦਾ ਹੈ। ਬੇਸ਼ੱਕ ਇਸ ਦੀ ਪੁਸ਼ਟੀ ਨਹੀਂ ਹੋਈ ਪਰ ਇਹ ਪ੍ਰਭਾਵ ਜ਼ਰੂਰ ਬਣ ਰਿਹਾ ਹੈ ਕਿ ਚੰਨੀ ਇਨਾਂ ਮੁੱਦਿਆਂ 'ਤੇ ਕੁਝ ਨਹੀਂ ਕਰਨਗੇ। ਕਿਉਂਕਿ ਅਜੇ ਤੱਕ ਸ਼ਰਾਬ ਜਾਂ ਰੇਤਾ ਲਈ ਕਾਰਪੋਰੇਸ਼ਨ ਬਣਾਉਣ ਵੱਲ ਕੋਈ ਕਦਮ ਨਹੀਂ ਪੁੱਟਿਆ ਗਿਆ। ਹੋਰ ਮਾਮਲਿਆਂ ਵਿਚ ਵੀ ਨਵੇਂ ਮੁੱਖ ਮੰਤਰੀ ਕੁਝ ਵਿਸ਼ੇਸ਼ ਕਰਦੇ ਨਜ਼ਰ ਨਹੀਂ ਆ ਰਹੇ। ਪਰ ਬਿਜਲੀ ਤੇ ਪਾਣੀ ਦੇ ਬਕਾਇਆਂ ਦੀ ਮੁਆਫ਼ੀ ਅਤੇ ਪੰਜਾਬ ਦਾ ਖਜ਼ਾਨਾ ਖਾਲੀ ਦੱਸਣ ਵਾਲੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਚੁੱਪੀ ਇਹ ਜ਼ਰੂਰ ਪ੍ਰਭਾਵ ਦੇ ਰਹੀ ਹੈ ਕਿ ਸਿੱਧੂ ਬੇਸ਼ੱਕ ਸੁਪਰ ਮੁੱਖ ਮੰਤਰੀ ਨਹੀਂ ਬਣ ਸਕੇ ਪਰ ਮਨਪ੍ਰੀਤ ਸਿੰਘ ਬਾਦਲ ਜ਼ਰੂਰ ਇਸ ਸਰਕਾਰ ਵਿਚ ਸਭ ਤੋਂ ਵੱਧ ਪ੍ਰਭਾਵਸ਼ਾਲੀ ਮੰਤਰੀ ਦੀ ਸਥਿਤੀ ਵਿਚ ਆ ਗਏ ਹਨ। ਇਸ ਤਰਾਂ ਮਹਿਸੂਸ ਹੋ ਰਿਹਾ ਹੈ ਕਿ ਕਾਂਗਰਸ ਨੂੰ ਚੋਣ ਪ੍ਰਚਾਰ ਲਈ ਸਿੱਧੂ ਤਾਂ ਚਾਹੀਦਾ ਹੈ ਪਰ ਉਸ ਦਾ ਏਜੰਡਾ ਨਹੀਂ। ਬੇਸ਼ੱਕ ਸਿੱਧੂ ਅਜੇ ਝੁਕੇ ਨਹੀਂ ਪਰ ਇਹ ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਨਵਜੋਤ ਸਿੰਘ ਸਿੱਧੂ, ਚੰਨੀ-ਬਾਦਲ ਜੋੜੀ ਦੇ ਮੁਕਾਬਲੇ ਹੌਲੀ-ਹੌਲੀ ਇਕੱਲੇ ਪੈਂਦੇ ਜਾ ਰਹੇ ਹਨ। ਕਿਉਂਕਿ ਉਨਾਂ ਦੀ ਆਪਣੇ ਸਾਥੀਆਂ ਨੂੰ ਵੀ ਵਿਸ਼ਵਾਸ ਵਿਚ ਨਾ ਲੈਣ ਦੀ ਆਦਤ ਹੌਲੀ-ਹੌਲੀ ਉਨਾਂ ਨੂੰ ਉਨਾਂ ਤੋਂ ਦੂਰ ਕਰਦੀ ਜਾ ਰਹੀ ਹੈ।

ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:
510-240-5949
Email:asrtimes@gmail.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





RANJIT SINGH
(Lic: 01922089)

**PROPERTY ADDRESS: 27022 RIVER ROADM, NEWMAN CA 95360.**

## RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**